**TAJ INSURANCE SERVICES**

*Local or Long Haul Trucking (48 States) *Personal or Commercial Lines *Standard or Non Satandard Market *Auto and Home package Available



To beat your rates, Visit or Call

**Gurdawar S. Mann Or Pal Rai**

37485 Fremont Blvd, #D, Fremont, CA 94536

Ph:(510)739-1700, Fax (510)740-3451

Gurdawar S. Mann

Lic#0F34231

Note:Also Income Tax filing Available

**Hardeep S.Rai** Attorney-at-Law

ਇੰਮੀਗਰੇਸ਼ਨ ਵਕੀਲ

▫ਨੌਂਵੀਂ ਸਰਕਟ ਕੋਰਟ ▫ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
▫ਇਮੀਗ੍ਰੇਸ਼ਨ ਕੋਰਟ ਦੇ ਕੇਸ ▫ਫੈਮਿਲੀ ਪਟੀਸ਼ਨਾਂ ▫ਲੇਬਰ ਦੇ ਕੇਸ
▫ਡਿਪੋਰਟੇਸ਼ਨ ਦੇ ਕੇਸ ▫ਅਮੈਰਿਕਨ ਅੰਬੈਸੀ ਦੇ ਕੇਸ ▫ਬੈਂਕਰਪਸੀ

SAN FRANCISCO
TEL: 415.693.9131
FAX: 415.693.9135

rai@hsrai.com
www.hsrai.com

SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ



**Kuldip Singh Dhariwal**
Attorney At Law

Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication | ਕੈਲੇਫੋਰਨੀਆ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 19, May 8, 2010 20451 N Plum Grove Rd. Palatine, IL 60074 Ph:847-359-0746, Fax:847-705-9388


## ਖੇਡ ਫੈਡਰੇਸ਼ਨਾਂ ਦੀ ਸਮਾਂ ਹੱਦ ਮਿਥਣ ਦਾ ਤਿੱਖਾ ਵਿਰੋਧ

**ਪੰਜਾਬ ਟਾਈਮਜ਼ ਬਿਊਰੋ**

**ਨਵੀਂ ਦਿੱਲੀ:** ਕੌਮੀ ਖੇਡ ਜਥੇਬੰਦੀਆਂ 'ਤੇ ਲੰਮੇ ਸਮੇਂ ਤੋਂ ਕਾਬਜ਼ ਸਿਆਸਤਦਾਨਾਂ, ਅਫਸਰਾਂ ਅਤੇ ਵਪਾਰੀਆਂ ਵਿਰੁੱਧ ਸ਼ਿਕੰਜਾ



*ਮਨੋਹਰ ਸਿੰਘ ਗਿੱਲ*

ਕੱਸਦਿਆਂ ਸਰਕਾਰ ਨੇ ਉਨ੍ਹਾਂ ਦੀ ਮਿਆਦ ਸੀਮਤ ਕਰਨ ਦਾ ਫੈਸਲਾ ਕੀਤਾ ਹੈ, ਜਿਸ ਦਾ ਇੰਡੀਅਨ ਉਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਕਲਮਾਡੀ ਅਤੇ ਹੋਰਨਾਂ ਨੇ ਤਿੱਖਾ ਵਿਰੋਧ ਕੀਤਾ ਹੈ।

ਖੇਡ ਮੰਤਰਾਲੇ ਨੇ ਸਿਆਸਤਦਾਨਾਂ, ਵਪਾਰੀਆਂ ਅਤੇ ਅਧਿਕਾਰੀਆਂ ਦਾ ਨੈਸ਼ਨਲ ਸਪੋਰਟਸ ਫੈਡਰੇਸ਼ਨਾਂ 'ਤੇ ਲੰਮੇ ਸਮੇਂ ਤੋਂ ਚੱਲਿਆ ਆ ਰਿਹਾ ਕਬਜ਼ਾ ਖਤਮ ਕਰਨ ਲਈ 1975 ਦੇ ਨਿਯਮ 'ਚ ਸੋਧ ਕੀਤੀ ਹੈ। ਸੋਧੇ ਨਿਯਮ ਅਨੁਸਾਰ ਸੁਰੇਸ਼ ਕਲਮਾਡੀ ਅਤੇ ਵਿਜੈ ਕੁਮਾਰ ਮਲਹੋਤਰਾ (ਤੀਰ ਅੰਦਾਜ਼ੀ), ਸੁਖਦੇਵ ਸਿੰਘ ਢੀਂਡਸਾ (ਸਾਈਕਲਿੰਗ), ਵੀ ਕੇ ਵਰਮਾ (ਬੈਡਮਿੰਟਨ), ਕੈਪਟਨ ਸਤੀਸ਼ ਸ਼ਰਮਾ (ਏਅਰ ਕਲੱਬ) ਅਤੇ ਬੀ ਐਸ ਆਦਿਤਯਨ ਆਪਣੇ ਮੌਜੂਦਾ ਅਹੁਦੇ ਦੀ ਮਿਆਦ ਖਤਮ ਹੋਣ ਮਗਰੋਂ ਦੁਬਾਰਾ ਚੋਣ ਨਹੀਂ ਲੜ ਸਕਣਗੇ।

ਖੇਡ ਮੰਤਰਾਲੇ ਦੇ ਫੈਸਲੇ ਨੂੰ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਅਤੇ ਸੁਰੇਸ਼ ਕਲਮਾਡੀ ਵਿਚਕਾਰ ਟਕਰਾਅ ਵਜੋਂ ਦੇਖਿਆ ਜਾ ਰਿਹਾ ਹੈ, ਜਿਹੜੇ 1996 ਤੋਂ ਇੰਡੀਅਨ ਉਲੰਪਿਕ ਐਸੋਸੀਏਸ਼ਨ 'ਤੇ ਕਾਬਜ਼ ਹਨ। ਮੰਤਰਾਲੇ ਅਨੁਸਾਰ ਉਸ ਨੇ ਉਲੰਪਿਕ ਐਸੋਸੀਏਸ਼ਨ ਸਮੇਤ ਕੌਮੀ ਖੇਡ ਫੈਡਰੇਸ਼ਨਾਂ 'ਚ ਪੇਸ਼ਵਰ ਪ੍ਰਬੰਧ, ਪਾਰਦਸ਼ਤਾ, ਜਵਾਬਦੇਹੀ ਅਤੇ ਜਮਹੂਰੀਅਤ ਲਿਆਉਣ ਲਈ ਮਿਆਦ ਸੰਬੰਧੀ ਧਾਰਾ 'ਚ ਸੋਧ ਦਾ ਫੈਸਲਾ ਕੀਤਾ ਹੈ।

ਇਸ ਫੈਸਲੇ ਦਾ ਵਿਰੋਧ ਕਰਦਿਆਂ ਭਾਰਤੀ ਉਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਰਾਸ਼ਟਰ ਮੰਡਲ ਖੇਡਾਂ ਦੀ ਆਯੋਜਨ ਕਮੇਟੀ ਦੇ ਮੁਖੀ ਸੁਰੇਸ਼ ਕਲਮਾਡੀ ਦੀ ਅਗਵਾਈ 'ਚ 3 ਮਈ ਨੂੰ ਖੇਡ ਫੈਡਰੇਸ਼ਨਾਂ ਅਤੇ ਅਧਿਕਾਰੀਆਂ ਨੇ ਖੇਡ ਮੰਤਰੀ ਵਲੋਂ ਖੇਡ ਫੈਡਰੇਸ਼ਨਾਂ ਦੀ ਨਕੇਲ ਕੱਸਣ ਦੀਆਂ ਕੋਸ਼ਿਸ਼ਾਂ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਇਸ ਮੁੱਦੇ 'ਤੇ 18 ਮਈ ਨੂੰ ਭਾਰਤੀ ਉਲੰਪਿਕ ਐਸੋਸੀਏਸ਼ਨ ਦੀ ਕਾਰਜਕਾਰਨੀ ਦੀ ਮੀਟਿੰਗ ਬੁਲਾਈ ਗਈ ਹੈ।

ਕਲਮਾਡੀ ਨੇ ਬੀਤੀ 3 ਮਈ ਨੂੰ ਐਸੋਸੀਏਸ਼ਨ ਦੇ ਅਧਿਕਾਰੀਆਂ ਦੀ ਜਲਦੀ 'ਚ ਬੁਲਾਈ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਫੈਡਰੇਸ਼ਨ ਨੂੰ ਸਭ ਤੋਂ ਵਧ ਹੈਰਾਨੀ ਇਸ ਸੋਧ ਦੇ ਸਮੇਂ ਨੂੰ ਲੈ ਕੇ ਹੈ, ਕਿਉਂਕਿ ਇਹ ਅਜਿਹੇ ਸਮੇਂ ਵਿਚ ਜਾਰੀ ਕੀਤੀ ਗਈ ਹੈ ਜਦ ਰਾਸ਼ਟਰ ਮੰਡਲ ਖੇਡਾਂ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਸ਼ੁਰੂ ਹੋਈ ਹੈ

*(ਬਾਕੀ ਸਫਾ 3 'ਤੇ)*

## ਕਾਸਬ ਮੁੰਬਈ ਹਮਲਿਆਂ ਲਈ ਦੋਸ਼ੀ ਕਰਾਰ

### ਸਜ਼ਾ-ਏ-ਮੌਤ ਦੀ ਸੰਭਾਵਨਾ, ਸਬੂਤਾਂ ਦੀ ਘਾਟ ਕਾਰਨ ਸਬਾਊਦੀਨ ਤੇ ਅੰਸਾਰੀ ਬਰੀ

**ਮੁੰਬਈ:** ਮੁੰਬਈ ਹਮਲਿਆਂ ਦੇ ਇਕੋ ਇਕ ਜ਼ਿੰਦਾ ਫੜੇ ਗਏ ਅਤਿਵਾਦੀ ਅਜ਼ਮਲ ਅਮਿਰ ਕਾਸਬ ਨੂੰ ਇਥੋਂ ਦੀ ਇਕ ਵਿਸ਼ੇਸ਼ ਅਦਾਲਤ ਨੇ ਦੋਸ਼ੀ ਕਰਾਰ ਦੇ ਦਿੱਤਾ ਹੈ। ਉਸ ਨੂੰ ਸਜ਼ਾ 4 ਮਈ ਨੂੰ ਸੁਣਾਈ ਜਾਣੀ ਸੀ ਪਰ ਬੀਤੀ 4 ਮਈ ਦੀ ਮੁੰਬਈ ਵਿਚਲੀ ਮੋਟਰਮੈਨਾਂ ਦੀ ਹੜਤਾਲ ਦਾ ਅਸਰ ਕਾਸਬ ਦੇ ਮੁਕੱਦਮੇ 'ਤੇ ਵੀ ਵੇਖਣ ਨੂੰ ਮਿਲਿਆ। ਮੋਟਰਮੈਨਾਂ ਦੀ ਹੜਤਾਲ ਕਾਰਨ ਅਦਾਲਤੀ ਮੁਲਾਜ਼ਮ ਸਮੇਂ ਸਿਰ ਅਦਾਲਤ ਵਿਚ ਨਾ ਪੁੱਜ ਸਕੇ, ਜਿਸ ਦੇ ਸਿੱਟੇ ਵਜੋਂ ਅਦਾਲਤ ਨੇ ਕਾਸਬ ਦੀ ਜ਼ਿੰਦਗੀ ਦਾ ਫ਼ੈਸਲਾ 6 ਮਈ ਨੂੰ ਕਰਨ ਦਾ ਹੁਕਮ ਸੁਣਾਇਆ ਹੈ।

ਇਸ ਤੋਂ ਪਹਿਲਾਂ 3-4 ਮਈ ਨੂੰ ਸੁਣਵਾਈ ਦੌਰਾਨ ਅਦਾਲਤ 'ਚ ਦੋਵੇਂ ਧਿਰਾਂ ਵਲੋਂ ਆਪੋ-ਆਪਣੇ ਮੁਵੱਕਲ ਦੇ ਹੱਕ 'ਚ ਜ਼ੋਰਦਾਰ ਦਲੀਲਾਂ ਦਿੱਤੀਆਂ ਗਈਆਂ। ਸੁਣਵਾਈ ਦੌਰਾਨ ਸਰਕਾਰੀ ਵਕੀਲ ਨੇ ਕਾਸਬ ਲਈ ਅਦਾਲਤ ਤੋਂ ਸਜ਼ਾ-ਏ-ਮੌਤ ਦੀ ਮੰਗ ਕੀਤੀ ਤੇ ਉਸ ਨੂੰ ਹੱਤਿਆਵਾਂ ਦੀ ਮਸ਼ੀਨ ਕਰਾਰ ਦਿੰਦਿਆਂ ਕਿਹਾ ਕਿ ਉਸ ਦੇ ਦਿਲ 'ਚ ਲੋਕਾਂ ਦੇ ਜੀਵਨ ਪ੍ਰਤੀ ਕੋਈ ਸਨਮਾਨ ਨਹੀਂ।

ਕਾਸਬ ਦੇ ਜੁਰਮ ਨੂੰ ਦੁਰਲੱਭ ਸ਼੍ਰੇਣੀ ਦਾ ਮੰਨਦਿਆਂ ਸਰਕਾਰੀ ਵਕੀਲ ਉਜਵਲ ਨਿੱਕਮ ਨੇ ਦਹਿਸ਼ਤਵਾਦ ਰੋਕੂ ਅਦਾਲਤ ਨੂੰ ਅਪੀਲ ਕੀਤੀ ਕਿ ਅਜਿਹੇ ਸ਼ੈਤਾਨ ਨੂੰ ਸਜ਼ਾ-ਏ-ਮੌਤ ਮਿਲਣੀ ਚਾਹੀਦੀ ਹੈ, ਕਿਉਂਕਿ ਉਹ ਸ਼ੈਤਾਨ ਦਾ ਇਕ ਏਜੰਟ ਹੈ। ਸ੍ਰੀ ਨਿੱਕਮ ਨੇ ਨਾਲ ਹੀ ਕਿਹਾ ਕਿ ਜੇਕਰ ਕਾਸਬ ਨੂੰ ਘੱਟ ਸਜ਼ਾ ਦਿੱਤੀ ਜਾਂਦੀ ਹੈ ਤਾਂ ਭਾਰਤ ਨੂੰ ਕੋਈ ਵੀ ਦਹਿਸ਼ਤਗਰਦ ਸਮੂਹ ਆਸਾਨੀ ਨਾਲ ਨਿਸ਼ਾਨਾ ਬਣਾ ਲਵੇਗਾ।

ਸੁਣਵਾਈ ਦੌਰਾਨ ਸ੍ਰੀ ਨਿੱਕਮ ਨੇ ਕਿਹਾ, "ਕਰੂਰਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਗਈਆਂ ਹਨ ਤੇ ਕਾਸਬ ਦੇ ਦਿਲ 'ਚ ਮਨੁੱਖੀ ਜੀਵਨ ਪ੍ਰਤੀ ਕੋਈ ਸਨਮਾਨ ਨਹੀਂ ਹੈ। ਉਹ ਇਕ ਹੱਤਿਆ ਮਸ਼ੀਨ ਹੈ ਅਤੇ ਅਜਿਹੀਆਂ



*ਕਾਸਬ*

ਮਸ਼ੀਨਾਂ ਦਾ ਨਿਰਮਾਣ ਪਾਕਿਸਤਾਨ 'ਚ ਹੁੰਦਾ ਹੈ।" ਕਾਸਬ ਲਈ ਸਜ਼ਾ-ਏ-ਮੌਤ ਦੀ ਮੰਗ ਕਰਦਿਆਂ ਸ੍ਰੀ ਨਿੱਕਮ ਨੇ ਕਿਹਾ, "ਕਾਸਬ ਨੇ ਜਿਊਂਦੇ ਰਹਿਣ ਦਾ ਅਧਿਕਾਰ ਖੋ ਦਿੱਤਾ ਹੈ। ਉਹ 72 ਲੋਕਾਂ ਨੂੰ ਮਾਰ ਕੇ ਵੀ ਖੁਸ਼ ਨਹੀਂ ਹੋਇਆ ਅਤੇ ਇਸ ਤੋਂ ਵੀ ਵਧ ਲੋਕਾਂ ਨੂੰ ਮਾਰਨਾ ਚਾਹੁੰਦਾ ਸੀ।" ਸਰਕਾਰੀ ਵਕੀਲ ਨੇ ਦਾਅਵਾ ਕੀਤਾ ਕਿ ਕਾਸਬ 26 ਨਵੰਬਰ 2008 ਨੂੰ ਛਤਰਪਤੀ ਸ਼ਿਵਾਜੀ ਟਰਮੀਨਲ ਤੇ ਹੋਰਨਾਂ ਥਾਵਾਂ 'ਤੇ ਮਰੇ ਲੋਕਾਂ ਨੂੰ ਵੇਖ ਕੇ ਖੁਸ਼ ਹੋ ਰਿਹਾ ਸੀ। ਉਨ੍ਹਾਂ ਨਾਲ ਹੀ ਕਿਹਾ ਕਿ ਕਾਸਬ ਨੂੰ ਆਪਣੇ ਕੀਤੇ 'ਤੇ ਕੋਈ ਪਛਤਾਵਾ ਨਹੀਂ ਹੈ ਅਤੇ ਉਸ ਨੇ ਖ਼ੁਦ ਇਕ ਵਾਰ ਕਿਹਾ ਸੀ ਕਿ ਉਹ ਭਵਿੱਖ 'ਚ ਵੀ ਆਤਮਘਾਤੀ ਹਮਲਾਵਰਾਂ ਨੂੰ ਪ੍ਰੇਰਿਤ ਕਰੇਗਾ। ਕਾਸਬ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੀ ਮੰਗ ਕਰਦਿਆਂ ਸ੍ਰੀ ਨਿੱਕਮ ਨੇ ਕਿਹਾ ਕਿ ਜੇਕਰ ਉਸ ਨੂੰ ਸਜ਼ਾ-ਏ-ਮੌਤ ਨਾ ਦਿੱਤੀ ਗਈ ਤਾਂ ਇਹ ਕਾਨੂੰਨ ਦਾ ਮਜ਼ਾਕ ਹੋਵੇਗਾ। ਇਸ ਮਾਮਲੇ 'ਚ ਸ੍ਰੀ ਨਿੱਕਮ ਨੇ ਸੁਪਰੀਮ ਕੋਰਟ ਦੇ 9 ਫ਼ੈਸਲਿਆਂ ਦਾ ਹਵਾਲਾ ਵੀ ਦਿੱਤਾ, ਜਿਨ੍ਹਾਂ ਵਿਚ ਉਨ੍ਹਾਂ ਕਿਹਾ ਕਿ ਇਹ ਮਾਮਲਾ ਦੁਰਲੱਭ ਸ਼੍ਰੇਣੀ 'ਚ ਆਉਂਦਾ ਅਤੇ ਅਜਿਹੇ ਮਾਮਲਿਆਂ 'ਚ ਸਜ਼ਾ-ਏ-ਮੌਤ ਬੇਹੱਦ ਜ਼ਰੂਰੀ ਹੈ।

ਯਾਦ ਰਹੇ ਬੀਤੀ 4 ਮਈ ਨੂੰ ਅਜ਼ਮਲ ਆਮਿਰ ਕਾਸਬ ਨੂੰ ਇਥੋਂ ਦੀ ਵਿਸ਼ੇਸ਼ ਅਦਾਲਤ ਨੇ ਦੋਸ਼ੀ ਠਹਿਰਾਇਆ ਹੈ। ਇਨ੍ਹਾਂ ਹਮਲਿਆਂ 'ਚ 166 ਵਿਅਕਤੀ ਮਾਰੇ ਗਏ ਸਨ। ਦੇਸ਼ ਦੀ ਆਰਥਿਕ ਰਾਜਧਾਨੀ ਵਜੋਂ ਮਸ਼ਹੂਰ ਮੁੰਬਈ ਸ਼ਹਿਰ 'ਚ ਕਹਿਰ ਢਾਹੁਣ ਦੇ 17 ਮਹੀਨਿਆਂ ਬਾਅਦ ਦਹਿਸ਼ਤਵਾਦ ਰੋਕੂ ਵਿਸ਼ੇਸ਼ ਅਦਾਲਤ ਦੇ ਜੱਜ ਐਮ ਐਲ ਟਹਿਲੀਆਨੀ ਨੇ ਕਾਸਬ ਨੂੰ ਉਸ 'ਤੇ ਲਗਾਏ ਸਾਰੇ 86 ਦੋਸ਼ਾਂ 'ਚ ਦੋਸ਼ੀ ਕਰਾਰ ਦਿੱਤਾ। ਪਾਕਿਸਤਾਨ ਦੇ ਫਰੀਦਕੋਟ ਨਿਵਾਸੀ ਕਾਸਬ ਨੂੰ ਹੁਣ ਇਸ ਅਪਰਾਧ ਲਈ ਸਜ਼ਾ-ਏ-ਮੌਤ ਹੋਣ ਦੀ ਸੰਭਾਵਨਾ ਹੈ ਜਿਸ ਦਾ ਫੈਸਲਾ ਇਸ ਰਿਪੋਰਟ ਦੇ ਛਪਣ ਤੋਂ ਪਹਿਲਾਂ ਹੋ ਚੁੱਕਾ ਹੋਵੇਗਾ।

ਸੁਣਵਾਈ ਦੌਰਾਨ ਅਦਾਲਤ ਨੇ ਹਮਲੇ ਦੇ ਦੋ ਕਥਿਤ ਭਾਰਤੀ ਸਾਜ਼ਿਸ਼ਕਾਰ ਸਬਾਊਦੀਨ ਅਹਿਮਦ ਅਤੇ ਫਹੀਮ ਅੰਸਾਰੀ ਨੂੰ ਸਾਰੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ

*(ਬਾਕੀ ਸਫਾ 6 'ਤੇ)*


Delo | Mobil Delvac

GILL EXPRESS

WASH, TIRE & REPAIR



CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO PILOT
RIPON @ HWY 99, EXIT JACK TONE @ JIMCO

ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS

TOLL FREE 1-866-FOR RAJA

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।

ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।

Wholesale and Retail

Raja Indian Cuisine & Bar
Ph: 510-264-9300
1275 W Winton Ave
Hayward, CA 94545

Ph: 510-489-9100
Fax:510-489-9111
31853 Alvrado Blvd
Union City, CA 94587

ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।

Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra




*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ

Manpreet S.Gahra
Attorney At Law

Berkeley Office
2161 Shattuck Ave. #304, Berkeley
Ph. 510-841-4582
Fax: 510-217-6847

Sacramento Office
Call For Appointments
Ph. 916-924-1617
Email:manpreet@gahralaw.com


ਰੈਸਟੋਰੈਂਟ, ਰਿਟੇਲ ਸਟੋਰ, ਸੈਲੂਨ ਅਤੇ ਹੋਰ ਬਿਜ਼ਨਸਾਂ ਲਈ
ਬਿਹਤਰੀਨ ਕੈਸ਼ ਰਜਿਸਟਰ
ਸਾਡਾ ਸਿਸਟਮ ਜਰਮਨੀ ਵਿੱਚ ਬਣਿਆ ਹੋਇਆ ਕਿਊਰੀਅਨ ਕੰਪਨੀ ਦਾ ਹੈ
QUORION POS SYSTEM: Q TOUCH 2, CONCERTO. www.quorion.de
For Convenience Store, Billiar Clube, Pizza Parlors Fine Dinning, Fast Food
Touch Screen
with linux
No Windows
No Fans
No Hard Drive to Crash
No Freezing
No Heating up
No Moving Parts
No Headaches
User Friendly
QUORION
INTERFACE WITH SCALE
BUILT IN CREDIT CARD READER
Think of Speed and Quality
Think of Made in Germany
www.posmb.us
Sharp ER A-450T for $399.00+Tax Factory Drop Ship
And with our DVRUNLIMITED COMPANY we offer DVR systems and integration of DVR to POS. Also we have just added POSMB PAYMENT SOLUTIONS for your CREDIT CARD, and DEBIT processing.
Free Training and 12 months of Free Technical Support for every Complete POS System.
ਕਾਲ ਕਰੋ: 916-216-4200 Arvinder Sandhu (Tony)
Designed by: QUIK SIGNS - 661-703-8795, 661-900-7357


Mary Beth
GARRISON
County Supervisor 2010
LEADERSHIP AT WORK.
ਕਰਨ ਕਾਊਂਟੀ ਦੇ ਡਿਸਟ੍ਰਿਕ 2 ਤੋਂ ਸੁਪਰਵਾਈਜ਼ਰ ਦੇ ਅਹੁਦੇ ਲਈ ਚੋਣ ਲੜ ਰਹੀ
ਮੈਰੀ ਬੈਥ ਗੈਰੀਸਨ
ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ
ਇਹ ਪ੍ਰਾਈਮਰੀ ਚੋਣ 8 ਜੂਨ 2010 ਨੂੰ ਹੋ ਰਹੀ ਹੈ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਦੋਸਤ ਜਾਂ ਰਿਸ਼ਤੇਦਾਰ ਡਿਸਟ੍ਰਿਕ 2 ਵਿੱਚ ਰਹਿ ਰਿਹਾ ਹੈ ਤਾਂ ਕਿਰਪਾ ਕਰਕੇ ਆਪਣਾ ਵੋਟ ਮੈਰੀ ਬੈਥ ਗੈਰੀਸਨ ਨੂੰ ਪਾਓ ਜੀ।
ਮੈਰੀ ਬੈਥ ਹੀ ਇਕ ਮਿਹਨਤੀ ਅਤੇ ਇਮਾਨਦਾਰ ਇਨਸਾਨ ਹਨ ਜੋ ਕਿ ਆਪ ਜੀ ਦੀ ਵੋਟ ਦੇ ਸਹੀ ਹੱਕਦਾਰ ਹਨ ਸੁਪਰਵਾਈਜ਼ਰ ਚੁਣੇ ਜਾਣ ਤੋਂ ਬਾਅਦ ਆਪ ਜੀ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ ਤੇ ਕਰਨਗੇ।
Elect Mary Beth Garrison
Kern County Supervisor - District 2
Become a Fan:
www.facebook.com/mbgarrison
E-mail : MGARRISON@bak.rr.com
Phone : (661) 703-2624
P.O. box 2020 Tehachapi CA 93561
For More Information please Call
Tom Webster
(661) 348-3378


INDIA CALL ਕਾਲ ਕਰਨ ਲਈ
ਵਧੀਆ ਅਤੇ ਭਰੋਸੇਮੰਦ ਸਰਵਿਸ
GT COMMUNICATION INC.
CRYSTAL CLEAR CONNECTIONS
100 ਘੰਟੇ ਸਿਰਫ 100 ਡਾਲਰ
ਵਿੱਚ ਬਿਨਾਂ ਕਿਸੇ ਪਿਨ ਤੋਂ ਗੱਲ ਕਰੋ
SAME RATES FOR :
England,Canada,Australia,New Zealand, Austria,Holland,Germany,France
NO CONNECTION FEE
NO MONTHLY FEE
NO MAINTENANCE FEE
NO HIDDEN CHARGES
ਹੋਰ ਜਾਣਕਾਰੀ ਲੈਣ ਲਈ ਕੈਲੀਫੋਰਨੀਆ ਦੀ ਕੰਪਨੀ ਨੂੰ ਟੋਲ ਫਰੀ ਨੰਬਰ 'ਤੇ ਕਾਲ ਕਰੋ
1-800-914-1013


Attention NRI's
The Crusaders in Academics & Life Skills
CT Public School
Pre Nry. to 10+2 (Affiliated to CBSE)
Greater Kailash, G.T. Road Bye Pass, Maqsudan, Jalandhar - 144 008
Teaching & Caring Together !
AIR CONDITIONED HOSTELS
Learning Centre
For Sessional & Educational Gap of the NRI Students
Skating
Horse Riding
Gym
PIVOTAL FEATURES
Personalized attention
Dedicated Teaching Faculty
Well equipped Labs for Maths, Science & Performing Arts
Hi-Tech Language Labs
Complimenting learning with co-scholastic activities
Regular Swimming and Skating classes
International Standards
100% Board Results
International tours & excursions
NRI Students pick up Indian Values
Visit and your search ends
Swimming Pool
ASSOCIATE CT INSTITUTIONS
Engineering Pharmacy Management & I.T. Education (B.Ed.) Polytechnic Hotel Management PGDM Bio Tech
S. Charanjit Singh 'Channi' Chairman, CT Group of Institutions
Mrs. Lakhvinder Kaur Principal, CTPS
+91-0181-5009553, 5009555, 5009568
+91-98149-20839, 98780-59093
www.ctpublicschool.com www.ctgroup.in
E-mail : ctps_school@yahoo.co.in
Its Worth A Visit !
ਜਲੰਧਰ (ਪੰਜਾਬ) ਵਿੱਚ ਅੰਤਰਰਾਸ਼ਟਰੀ ਪੱਧਰ ਦਾ ਭਾਰਤੀ ਕਦਰਾਂ ਕੀਮਤਾਂ ਵਾਲਾ ਨਵੇਕਲਾ ਸਕੂਲ
Printed by :Gracious - 98140-43872

# ਜ਼ਮੀਨ ਖਰੀਦਣ ਲਈ ਤਿਆਰ ਹਾਂ:ਭਾਈ ਖਾਲਸਾ

**ਫਰੀਮਾਂਟ (ਵਿਸ਼ੇਸ਼ ਪ੍ਰਤੀਨਿਧ):** ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਅਤੇ ਪੰਥਕ ਸਲੇਟ ਦੇ ਆਗੂ ਭਾਈ ਗੁਰਮੀਤ ਸਿੰਘ ਖਾਲਸਾ ਨੇ ਆਖਿਆ ਹੈ ਕਿ ਉਹ ਅਤੇ ਉਨ੍ਹਾਂ ਦੇ ਸਾਥੀ ਮਿਸ਼ਨ ਬੁਲੇਵਾਰਡ ਉਤੇ 2005-6 ਵਿਚ ਖਰੀਦੀ ਗਈ 100 ਏਕੜ ਜ਼ਮੀਨ ਖਰੀਦਣ ਲਈ ਤਿਆਰ ਹਨ ਬਸ਼ਰਤੇ ਕਿ ਮੌਜੂਦਾ ਸੁਪਰੀਮ ਕੌਂਸਲ, ਪ੍ਰਬੰਧਕ ਅਤੇ ਉਨ੍ਹਾਂ ਦਾ ਨੀਤੀਘਾੜਾ ਜਸਜੀਤ ਸਿੰਘ ਚੇਲਾ ਇਹ ਹਲਫਨਾਮਾ ਦੇਣ ਕਿ ਜੇ ਉਨ੍ਹਾਂ ਦਾ ਇਸ ਜ਼ਮੀਨ ਦੇ ਬੇਕਾਰ ਹੋਣ ਬਾਰੇ ਪ੍ਰਚਾਰ ਗਲਤ ਸਾਬਤ ਹੋਇਆ ਤਾਂ ਉਹ ਸੰਗਤ ਨੂੰ ਗੁਮਰਾਹ ਕਰਨ ਦੇ ਦੋਸ਼ ਵਿਚ ਸੰਗਤ ਵਲੋਂ ਲਾਈ ਸਜ਼ਾ ਭੁਗਤਣ ਲਈ ਤਿਆਰ ਹੋਣਗੇ।

ਭਾਈ ਗੁਰਮੀਤ ਸਿੰਘ ਬੇ-ਏਰੀਏ ਦੇ ਪੰਜਾਬੀ ਅਖਬਾਰ ਵਿਚ ਛਪੀ ਉਸ ਖਬਰ ਉਤੇ ਟਿਪਣੀ ਕਰ ਰਹੇ ਸਨ ਜਿਸ ਵਿਚ ਸੁਪਰੀਮ ਕੌਂਸਲ ਨੇ ਆਖਿਆ ਹੈ ਕਿ ਭਾਈ ਗੁਰਮੀਤ ਸਿੰਘ ਖਾਲਸਾ ਆਪਣੇ ਚੋਣ ਵਾਇਦੇ ਮੁਤਾਬਕ 100 ਏਕੜ ਜ਼ਮੀਨ ਖਰੀਦਣ ਲਈ ਸਾਡੇ ਨਾਲ ਸੰਪਰਕ ਕਰਨ ਤਾਂ ਜੋ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ। ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਭਾਈ ਖਾਲਸਾ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦੇ ਸਾਥੀ ਆਪਣੇ ਚੋਣ ਵਾਅਦੇ ਮੁਤਾਬਕ ਇਹ ਜ਼ਮੀਨ ਅਤੇ ਇਸ ਨਾਲ ਲਗਦਾ ਘਰ, ਜੋ ਕਿ ਇਸੇ ਜ਼ਮੀਨ ਕਰਕੇ ਖਰੀਦਿਆ ਗਿਆ ਸੀ, ਇਕ ਲੱਖ ਡਾਲਰ ਦੇ ਵਾਧੇ ਨਾਲ ਖਰੀਦਣ ਲਈ ਤਿਆਰ ਹਨ ਪਰ ਮੌਜੂਦਾ ਸੁਪਰੀਮ ਕੌਂਸਲ ਅਤੇ ਪ੍ਰਬੰਧਕ ਵੀ ਇਹ ਹਲਫਨਾਮਾ ਦੇਣ ਕਿ ਸਿਟੀ ਅਧਿਕਾਰੀਆਂ ਨੇ ਆਖਿਆ ਹੈ ਕਿ ਇਹ ਜ਼ਮੀਨ ਟੀ ਮਈਅਰ ਹੇਠ ਹੋਣ ਕਰ ਕੇ ਇਸ ਉਪਰ ਇਕ ਮੰਜਿਲਾ ਮਕਾਨ, ਖੇਡ ਮੈਦਾਨ ਜਾਂ ਪਾਰਕਿੰਗ ਅਤੇ ਫਿਊਨਰਲ ਹੋਮ ਵਗੈਰਾ ਕੁਝ ਨਹੀਂ ਬਣ ਸਕਦਾ। ਇਹ ਜ਼ਮੀਨ ਬਿਲਕੁਲ ਬੇਕਾਰ ਹੈ ਅਤੇ ਇਸ ਨਾਲ ਸੱਚਮੁਚ ਹੀ ਗੁਰੂਘਰ ਦਾ ਬਹੁਤ ਵਡਾ ਨੁਕਸਾਨ ਹੋਣ ਵਾਲਾ ਹੈ ਪਰ ਇਹ ਗੱਲਾਂ ਗਲਤ ਸਾਬਤ ਹੋਣ ਤੇ ਉਹ ਸੰਗਤ ਵਲੋਂ ਲਾਈ ਗਈ ਸਜ਼ਾ ਭੁਗਤਣ ਨੂੰ ਤਿਆਰ ਹਨ।



*ਭਾਈ ਗੁਰਮੀਤ ਸਿੰਘ ਖਾਲਸਾ*

ਮਾਰਚ ਮਹੀਨੇ ਹੋਈਆਂ ਸੁਪਰੀਮ ਕੌਂਸਲ ਚੋਣਾਂ ਵਿਰੁਧ ਅਦਾਲਤ ਵਿਚ ਕੀਤੇ ਗਏ ਕੇਸ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਕੇਸ ਲਈ ਖੁਦ ਪ੍ਰਬੰਧਕ ਜਿੰਮੇਵਾਰ ਹਨ, ਜਿਨ੍ਹਾਂ ਨੇ ਸਾਡੇ ਕਿਸੇ ਇਤਰਾਜ ਦੀ ਪ੍ਰਵਾਹ ਨਹੀਂ ਕੀਤੀ ਅਤੇ ਲਗਾਤਾਰ ਚੋਣ ਧਾਂਦਲੀਆਂ ਕਰਦੇ ਰਹੇ। ਇਨ੍ਹਾਂ ਸੱਜਣਾਂ ਨੇ ਸੰਗਤ ਦੇ ਅੱਖੀਂ ਘੱਟਾ ਪਾ ਕੇ ਚੋਣਾਂ ਜਿੱਤੀਆਂ ਹਨ, ਇਸ ਲਈ ਕੇਸ ਉਤੇ ਪੈਸਾ ਵੀ ਇਨ੍ਹਾਂ ਨੂੰ ਗੁਰੂਘਰ ਦੀ ਗੋਲਕ ਵਿਚੋਂ ਨਹੀਂ, ਆਪਣੀ ਜੇਬ ਵਿਚੋਂ ਲਾਉਣਾ ਚਾਹੀਦਾ ਹੈ। ਇਨ੍ਹਾਂ ਹੀ ਪ੍ਰਬੰਧਕਾਂ ਦੀ ਗੁਰੂਘਰ 'ਤੇ ਕਬਜ਼ਾ ਕਰੂ ਜਿਦ ਕਰ ਕੇ ਸੰਨ 2002 ਤੋਂ 2004 ਦਰਮਿਆਨ ਗੁਰੂਘਰ ਦਾ ਲੱਖਾਂ ਡਾਲਰ ਕੋਰਟ-ਕਚੱਹਿਰੀਆਂ ਅਤੇ ਰਿਸੀਵਰ ਦੇ ਲੇਖੇ ਲੱਗਾ। ਹੁਣ ਇਹ ਲੋਕ ਕਹਿ ਰਹੇ ਹਨ ਕਿ ਗੁਰੂਘਰ ਦਾ 60-70 ਹਜਾਰ ਡਾਲਰ ਕੇਸ ਤੇ ਖਰਚ ਆ ਜਾਵੇਗਾ ਅਤੇ 5 ਹਜਾਰ ਡਾਲਰ ਰਿਟੇਨਰ ਵੀ ਵਕੀਲ ਨੂੰ ਦੇ ਚੁਕੇ ਹਨ। ਉਨ੍ਹਾਂ ਜਾਨਣਾ ਚਾਹਿਆ ਕਿ ਅਸੀਂ ਆਪਣੀ ਜੇਬ ਵਿਚੋਂ ਪੈਸੇ ਖਰਚ ਕਰ ਰਹੇ ਹਾਂ ਤਾਂ ਫਿਰ ਆਪਣੀ ਧਾਂਦਲੀ ਕਰ ਕੇ ਹੋਏ ਕੇਸ ਨੂੰ ਲੜਨ ਲਈ ਇਹ ਲੋਕ ਆਪਣੀ ਜੇਬ ਵਿਚੋਂ ਖਰਚ ਕਿਉਂ ਨਹੀਂ ਕਰਦੇ? ਜੇ ਇਨ੍ਹਾਂ ਨੂੰ ਇਡਾ ਹੀ ਗੁਰੂਘਰ ਦਾ ਦਰਦ ਹੈ ਤਾਂ ਸਭ ਧਿਰਾਂ ਦੇ ਨੁਮਾਇੰਦੇ ਲੈ ਕੇ ਨਵੇਂ ਸਿਰਿਓਂ ਵੋਟਾਂ ਬਣਾਈਆਂ ਜਾਣ ਅਤੇ ਚੋਣਾਂ ਕਰਵਾਈਆਂ ਜਾਣ। ਦੁਧ ਦਾ ਦੁਧ ਅਤੇ ਪਾਣੀ ਦਾ ਪਾਣੀ ਨਿੱਤਰ ਆਵੇਗਾ।

ਆਪਣੀ ਗੱਲ ਜਾਰੀ ਰਖਦਿਆਂ ਭਾਈ ਗੁਰਮੀਤ ਸਿੰਘ ਖਾਲਸਾ ਨੇ ਕਿਹਾ ਕਿ ਅਸਲ ਵਿਚ ਸਿੱਖ ਯੂਥ ਆਫ ਅਮਰੀਕਾ ਦੇ ਇਸ ਚੇਲਾ-ਜੰਡੀ ਧੜੇ ਦਾ ਖਾਸਾ ਹੀ ਇਹੋ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਗੁਰੂਘਰ ਉਤੇ ਕਬਜ਼ਾ ਕਰੀ ਰਖਿਆ ਜਾਵੇ। ਇਹੋ ਕੁਝ ਇਨ੍ਹਾਂ ਦੇ ਸਾਥੀਆਂ ਨੇ ਨਿਊ ਜਰਸੀ ਵਿਚ ਗੁਰਦੁਆਰਾ ਗਲੈਨਰਾਕ ਵਿਚ ਕੀਤਾ ਹੈ ਅਤੇ ਇਹੋ ਕੁਝ ਹੀ ਯੂਬਾ ਸਿਟੀ ਦੇ ਗੁਰਦੁਆਰਾ ਟੈਰਾਬਿਊਨਾ ਵਿਚ। ਗਲੈਨਰਾਕ ਵਿਚ ਇਨ੍ਹਾਂ ਦੇ ਸਾਥੀ ਕੋਈ 13 ਸਾਲ ਕਾਬਜ਼ ਰਹੇ ਜਦੋਂਕਿ ਯੂਬਾ ਸਿਟੀ ਵਿਚ ਇਨ੍ਹਾਂ ਦੇ ਸਾਥੀਆਂ ਨੇ ਆਪੇ ਹੀ ਆਪਣੀ ਮਿਆਦ ਵਧਾ ਕੇ ਇਕ ਸਾਲ ਤੋਂ ਚਾਰ ਸਾਲ ਕਰ ਲਈ। ਇਹ ਗੱਲ ਚੇਤੇ ਕਰਾਉਣ ਦੀ ਲੋੜ ਨਹੀਂ ਕਿ ਗੁਰਦੁਆਰਾ ਫਰੀਮਾਂਟ 'ਤੇ ਇਹ ਧੜਾ 1996 ਤੋਂ 2004 ਤਕ ਧੱਕੇ ਨਾਲ ਕਾਬਜ਼ ਰਿਹਾ ਅਤੇ ਚੋਣਾਂ ਅਦਾਲਤ ਦੇ ਹੁਕਮਾਂ 'ਤੇ ਹੀ ਹੋ ਸਕੀਆਂ।

# ਖੇਡ ਫੈਡਰੇਸ਼ਨਾਂ ਦੀ ਸਮਾਂ ਹੱਦ ਮਿਥਣ ਦਾ ਤਿੱਖਾ ਵਿਰੋਧ

ਅਤੇ ਇਨ੍ਹਾਂ ਖੇਡਾਂ ਦੇ ਸਿਲਸਿਲੇ 'ਚ ਵਿਦੇਸ਼ੀ ਅਧਿਕਾਰੀ ਇਸ ਬੈਠਕ 'ਚ ਭਾਗ ਲੈਣ ਆਏ ਹੋਏ ਹਨ। ਰਾਸ਼ਟਰ ਮੰਡਲ ਖੇਡਾਂ ਕੇਵਲ 150 ਦਿਨ ਦੂਰ ਹਨ। ਸਰਕਾਰ ਦੇ ਇਸ ਕਦਮ ਦਾ ਜਵਾਬ ਦਿੱਤਾ ਜਾਵੇਗਾ ਅਤੇ ਅਸੀਂ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਦੇ ਨਿਯਮਾਂ ਤਹਿਤ ਆਪਣੀ ਹੋਂਦ ਬਚਾਉਣ ਲਈ ਕੁਝ ਵੀ ਕਰਾਂਗੇ। ਸੂਤਰਾਂ ਅਨੁਸਾਰ ਮੰਤਰਾਲੇ ਦੇ ਇਸ ਫੈਸਲੇ ਖਿਲਾਫ ਵਿਰੋਧ ਦੀਆਂ ਸੁਰਾਂ ਉਠਣ ਲੱਗੀਆਂ ਹਨ। ਭਾਰਤੀ ਤੀਰਅੰਦਾਜ਼ੀ ਐਸੋਸੀਏਸ਼ਨ ਦੇ ਪ੍ਰਧਾਨ ਮਲਹੋਤਰਾ ਨੇ ਇਸ ਨੂੰ ਗੈਰ-ਲੋਕਤੰਤਰਿਕ ਅਤੇ ਉਲੰਪਿਕ ਚਾਰਟਰ ਦੇ ਵਿਰੁਧ ਦੱਸਿਆ ਹੈ ਅਤੇ ਕਿਹਾ ਹੈ ਕਿ ਉਹ ਜਲਦ ਹੀ ਆਪਣੀ ਰਣਨੀਤੀ ਤੈਅ ਕਰਨਗੇ।

ਉਧਰ ਖੇਡ ਮੰਤਰਾਲੇ ਦਾ ਕਹਿਣਾ ਹੈ ਕਿ ਇੰਦਰਾ ਗਾਂਧੀ ਸਰਕਾਰ ਵਲੋਂ 1975 'ਚ ਬਣਾਏ ਗਏ ਨਿਯਮਾਂ 'ਚ ਕਿਹਾ ਗਿਆ ਸੀ ਕਿ ਪ੍ਰਧਾਨ ਅਤੇ ਸਕੱਤਰ ਲਗਾਤਾਰ ਦੋ ਵਾਰ ਤੋਂ ਵਧ ਚੋਣ ਨਹੀਂ ਲੜ ਸਕਣਗੇ ਅਤੇ ਉਨ੍ਹਾਂ ਦੀ ਇਕ ਮਿਆਦ 4 ਸਾਲ ਤੋਂ ਵਧ ਨਹੀਂ ਹੋਵੇਗੀ। ਮਗਰੋਂ ਨਿਯਮਾਂ 'ਚ ਸੋਧ ਕਰਕੇ ਇੰਡੀਆ ਉਲੰਪਿਕ ਐਸੋਸੀਏਸ਼ਨ ਸਮੇਤ ਕੌਮੀ ਖੇਡ ਫੈਡਰੇਸ਼ਨਾਂ ਦੀ ਮਿਆਦ ਵਧਾ ਕੇ 12 ਸਾਲ ਕਰ ਦਿੱਤੀ ਗਈ, ਜਦਕਿ ਸਕੱਤਰ ਅਤੇ ਖਜ਼ਾਨਚੀ ਦੇ ਮਾਮਲੇ 'ਚ ਪਹਿਲਾਂ ਵਾਲਾ ਫੈਸਲਾ ਹੀ ਬਰਕਰਾਰ ਰੱਖਿਆ ਗਿਆ।

ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਸਕੱਤਰ ਅਤੇ ਖਜ਼ਾਨਚੀ ਲਗਾਤਾਰ ਦੋ ਵਾਰ ਚੁਣੇ ਜਾਣ ਮਗਰੋਂ ਇਕ ਮਿਆਦ ਦੀ ਬਰੇਕ ਮਗਰੋਂ ਦੁਬਾਰਾ ਚੋਣ ਲੜਨ ਦੇ ਯੋਗ ਹੋਣਗੇ। ਮੰਤਰਾਲੇ ਅਨੁਸਾਰ ਇਹ ਸੰਗਠਨਾਂ ਦੇ ਅਹੁਦੇਦਾਰਾਂ ਦੀ ਰਿਟਾਇਰਮੈਂਟ ਉਮਰ ਹੱਦ 70 ਸਾਲ ਹੋਵੇਗੀ। ਜ਼ਿਕਰਯੋਗ ਹੈ ਕਿ ਜ਼ਿਆਦਾਤਰ ਖੇਡ ਫੈਡਰੇਸ਼ਨਾਂ ਤੇ ਸਿਆਸਤਦਾਨ ਕਬਜ਼ੇ ਜਮਾਈ ਬੈਠੇ ਹਨ, ਜਦਕਿ ਕੁਝ ਫੈਡਰੇਸ਼ਨਾਂ 'ਤੇ ਅਧਿਕਾਰੀ ਤੇ ਵੱਡੇ ਅਧਿਕਾਰੀ ਕਾਬਜ਼ ਹਨ। ਜ਼ਿਕਰਯੋਗ ਹੈ ਕਿ ਭਾਜਪਾ ਆਗੂ ਵਿਜੈ ਕੁਮਾਰ ਮਲਹੋਤਰਾ ਤਿੰਨ ਦਹਾਕਿਆਂ ਤੋਂ ਵਧ ਸਮੇਂ ਤੋਂ ਤੀਰ ਅੰਦਾਜ਼ੀ ਐਸੋਸੀਏਸ਼ਨ ਦੇ ਪ੍ਰਧਾਨ ਹਨ, ਜਦਕਿ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ 14 ਸਾਲ ਤੋਂ ਸਾਈਕਲਿੰਗ ਫੈਡਰੇਸ਼ਨ 'ਤੇ ਕਬਜ਼ਾ ਜਮਾਈ ਬੈਠੇ ਹਨ ਅਤੇ ਅਧਿਕਾਰੀ ਵੀ ਕੇ ਵਰਮਾ 12 ਸਾਲਾਂ ਤੋਂ ਬੈਡਮਿੰਟਨ ਐਸੋਸੀਏਸ਼ਨ ਆਫ ਇੰਡੀਆ 'ਤੇ ਕਾਬਜ਼ ਹਨ।

ਕਾਂਗਰਸੀ ਨੇਤਾ ਕੈਪਟਨ ਸਤੀਸ਼ ਸ਼ਰਮਾ 24 ਸਾਲਾਂ ਤੋਂ ਏਅਰੋ ਕਲੱਬ ਦੇ ਪ੍ਰਧਾਨ ਹਨ, ਜਦਕਿ ਬੀ ਐਸ ਆਦਿਤਯਨ 12 ਸਾਲਾਂ ਤੋਂ ਵਾਲੀਬਾਲ ਫੈਡਰੇਸ਼ਨ ਦੇ ਮੁਖੀ ਹਨ। ਤਕਰੀਬਨ ਇਕ ਦਹਾਕੇ ਤੋਂ ਖੇਡ ਫੈਡਰੇਸ਼ਨਾਂ 'ਤੇ ਕਾਬਜ਼ ਲੋਕਾਂ 'ਚ ਦਿਗਵਿਜੈ ਸਿੰਘ (ਸ਼ੂਟਿੰਗ), ਅਜੈ ਸਿੰਘ ਚੌਟਾਲਾ (ਟੇਬਲ ਟੈਨਿਸ), ਯਸ਼ਵੰਤ ਸਿਨ੍ਹਾ (ਟੈਨਿਸ), ਅਭੈ ਸਿੰਘ ਚੌਟਾਲਾ (ਬਾਕਸਿੰਗ), ਅਸ਼ੋਕ ਘੋਸ਼ (ਖੋ-ਖੋ), ਕੇ. ਐਨ. ਕਪੂਰ (ਸਵੀਮਿੰਗ) ਸ਼ਾਮਿਲ ਹਨ। ਮੰਤਰਾਲੇ ਦੇ ਖੇਡ ਫੈਡਰੇਸ਼ਨਾਂ ਦੀ ਮਿਆਦ ਸੀਮਤ ਕਰਨ ਦੇ ਪਹਿਲੇ ਯਤਨਾਂ ਦਾ ਤਿੱਖਾ ਵਿਰੋਧ ਹੋਇਆ ਅਤੇ ਉਨ੍ਹਾਂ ਨੇ ਇਸ ਨੂੰ ਉਲੰਪਿਕ ਚਾਰਟਰ ਤਹਿਤ ਦਿੱਤੀ ਗਈ ਮੁਖਤਿਆਰੀ ਦੀ ਉਲੰਘਣਾ ਦੱਸਿਆ, ਪਰ ਹੁਣ ਮੰਤਰਾਲੇ ਨੇ ਦਿੱਲੀ ਹਾਈ ਕੋਰਟ ਦੇ 2009 ਦੇ ਉਸ ਫੈਸਲੇ ਨੂੰ ਆਧਾਰ ਬਣਾਇਆ ਹੈ, ਜਿਸ 'ਚ ਕਿਹਾ ਗਿਆ ਹੈ ਕਿ ਸਮਾਂ-ਸੀਮਾ ਬਾਰੇ ਫੈਸਲਾ ਕੌਮਾਂਤਰੀ ਉਲੰਪਿਕ ਕਮੇਟੀ ਦੇ ਚਾਰਟਰ ਦੀ ਉਲੰਘਣਾ ਨਹੀਂ। ਮੰਤਰਾਲੇ ਨੇ ਕਿਹਾ ਕਿ ਸਾਰੀਆਂ ਖੇਡ ਫੈਡਰੇਸ਼ਨਾਂ ਦੀ ਮਾਂ ਕੌਮਾਂਤਰੀ ਉਲੰਪਿਕ ਐਸੋਸੀਏਸ਼ਨ 'ਚ ਮਿਆਦ ਬਾਰੇ ਸਪੱਸ਼ਟ ਵਿਵਸਥਾ ਹੈ ਅਤੇ 1999 'ਚ ਲਏ ਗਏ ਫੈਸਲੇ ਅਨੁਸਾਰ ਐਸੋਸੀਏਸ਼ਨ ਦਾ ਕੋਈ ਵੀ ਅਹੁਦੇਦਾਰ 70 ਸਾਲਾਂ ਤੋਂ ਵੱਧ ਉਮਰ ਦਾ ਨਹੀਂ ਹੋਵੇਗਾ, ਜਿਸ ਤੋਂ ਸਪੱਸ਼ਟ ਹੈ ਕਿ ਖੇਡ ਫੈਡਰੇਸ਼ਨਾਂ ਦਾ ਵਿਰੋਧ ਨਿਰਮੂਲ ਹੈ। ਮੰਤਰਾਲੇ ਵਲੋਂ ਸਾਫ ਕੀਤਾ ਗਿਆ ਹੈ ਕਿ ਸਾਰੀਆਂ ਫੈਡਰੇਸ਼ਨਾਂ 'ਚ ਉਸ ਦੇ ਫੈਸਲੇ ਨਵੀਂ ਚੋਣ ਦੇ ਸਮੇਂ ਤੋਂ ਅਮਲ 'ਚ ਆਉਣਗੇ ਅਤੇ ਮੌਜੂਦਾ ਖੇਡ ਫੈਡਰੇਸ਼ਨਾਂ 'ਚ ਸੇਵਾਵਾਂ ਨਿਭਾਅ ਰਹੇ ਅਹੁਦੇਦਾਰਾਂ 'ਤੇ ਇਹ ਫੈਸਲੇ ਅਗਲੀ ਚੋਣ ਵੇਲੇ ਤੋਂ ਲਾਗੂ ਹੋਣਗੇ। ਸੁਰੇਸ਼ ਕਲਮਾਡੀ ਅਤੇ ਹੋਰਾਂ ਦੇ ਪ੍ਰਤੀਕਰਮ ਦਾ ਜੁਆਬ ਦਿੰਦਿਆਂ ਕੇਂਦਰੀ ਖੇਡ ਮੰਤਰੀ ਸ੍ਰੀ ਐਮ ਐਸ ਗਿੱਲ ਨੇ ਕਿਹਾ ਕਿ ਖੇਡ ਮਹਾਂ ਸੰਘ ਅਸੀਮਤ ਸਮਾਂ ਚਾਹੁੰਦੇ ਹਨ, ਜਦਕਿ ਅਜਿਹਾ ਪ੍ਰਬੰਧ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ, "ਮੇਰਾ ਕਿਸੇ ਨਾਲ ਨਿੱਜੀ ਵਿਰੋਧ ਨਹੀਂ ਹੈ, ਸਗੋਂ ਮੈਂ ਤਾਂ ਆਪਣਾ ਫਰਜ਼ ਨਿਭਾਉਣ ਦਾ ਯਤਨ ਕਰ ਰਿਹਾ ਹਾਂ।"

*To Advertise with us*
*Call: 847-359-0746*
*Fax:847-705-9388*
*e-mail:punjabtimes1@sbcglobal.net*

**Are You Thinking Of**

- Rezoning/Use Permits For Vacant Lots
- Site Planning/Sub-Divisions/Parcel Maps Of Property
- Conceptual Plans And Renderings For Your Dreams
- Designing New Commercial Properties
- Remodeling Existing Businesses
- Designing Custom Homes And Farm Houses
- Residential Additions

*Consider Us*

**Continental Development Consultants, Inc**

(A team of experienced and qualified professionals)

Sukhjit 'Tony' Singh
702-287-0347
tony@continentaldc.com

Lee A Bigelow
702-526-2520
lee@continentaldc.com

Our team has successfully dealt with more than 20 Cities, 6 Counties, 9 Franchiser chains and various State/Federal departments in the states of California, Nevada & Arizona.

ਆਪਣੀ ਖਾਲੀ ਪਈ ਜ਼ਮੀਨ/ਜਾਇਦਾਦ ਨੂੰ ਸਿਰਦਰਦੀ ਨਾ ਸਮਝੋ, ਉਸਦੀ ਸੁਚੱਜੀ ਵਰਤੋਂ ਲਈ ਸਾਡੇ ਨਾਲ ਸੰਪਰਕ ਕਰੋ।

**Prem Indian Cuisine & Sweets**

503 N. Golden State Blvd., Turlock, CA 95380

Ph:209-667-6200 or 209-667-6205

Free Delivery Available

Lunch Buffet 10:30AM-3:PM | Dine in or Carry Out | Dinner Buffet 4PM-9PM

This Week Special-Buy 2 Buffet Dinner Get One Free*
*Offer ends 5.12.2010

ਤੁਸੀਂ ਇਥੋਂ ਤਾਜ਼ੀਆਂ ਮਿਠਾਈਆਂ ਹਰ ਵਕਤ ਲਿਜਾ ਸਕਦੇ ਹੋ। ਇਥੇ ਤੁਸੀਂ ਬੈਂਠ ਕੇ ਸਮੋਸੇ-ਛੋਲੇ, ਟਿੱਕੀ-ਛੋਲੇ, ਛੋਲੇ-ਭਠੂਰੇ ਅਤੇ ਗੋਲਗੱਪੇ ਦਾ ਅਨੰਦ ਮਾਣ ਸਕਦੇ ਹੋ





*Catering Available for Marriages, Birthday Parties and other Special Occasions.*

**Beautiful Banquet Area for Parties**

Open 7 Days a Week
10:30AM to 9PM

www.premindiancuisine.com

# ਵਿਕਰਮਜੀਤ ਸਿੰਘ ਨੂੰ ਢਾਈ ਸਾਲ ਕੈਦ ਤੇ 30 ਹਜ਼ਾਰ ਜ਼ੁਰਮਾਨਾ

**ਚੰਡੀਗੜ੍ਹ:** ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਦੇ ਜੱਜ ਦਰਸ਼ਨ ਸਿੰਘ ਨੇ ਬੀਤੀ 1 ਮਈ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਾਬਕਾ ਪ੍ਰਿੰਸੀਪਲ ਸਕੱਤਰ ਵਿਕਰਮਜੀਤ ਸਿੰਘ ਨੂੰ ਆਮਦਨ ਤੋਂ ਵਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਭ੍ਰਿਸ਼ਟਾਚਾਰ ਦਾ ਦੋਸ਼ੀ ਪਾਏ ਜਾਣ 'ਤੇ ਢਾਈ ਸਾਲ ਦੀ ਕੈਦ ਤੇ 30 ਹਜ਼ਾਰ ਰੁਪਏ ਜ਼ੁਰਮਾਨੇ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਵਿਕਰਮਜੀਤ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਹੁਣ ਉਹ ਸੀ ਬੀ ਆਈ ਦੇ ਫ਼ੈਸਲੇ ਖ਼ਿਲਾਫ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਅਪੀਲ ਦਾਇਰ ਕਰਨਗੇ। ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਬੀਤੀ 29 ਅਪ੍ਰੈਲ ਨੂੰ ਪੰਜਾਬ ਕੈਡਰ ਦੇ ਇਸ ਸੇਵਾਮੁਕਤ ਅਧਿਕਾਰੀ ਵਿਕਰਮਜੀਤ ਸਿੰਘ ਨੂੰ 24 ਲੱਖ 86 ਹਜ਼ਾਰ 500 ਰੁਪਏ ਦੀ ਆਮਦਨ ਤੋਂ ਵਧ ਜਾਇਦਾਦ ਰੱਖਣ ਦਾ ਦੋਸ਼ੀ ਕਰਾਰ ਦਿੱਤਾ ਸੀ।

ਸੀ ਬੀ ਆਈ ਨੇ 25 ਫਰਵਰੀ 1997 ਨੂੰ ਇਨ੍ਹਾਂ ਖ਼ਿਲਾਫ਼ ਆਮਦਨ ਤੋਂ ਵਧ ਜਾਇਦਾਦ ਬਣਾਉਣ ਤੇ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਕੇਸ ਦਰਜ ਕੀਤਾ ਸੀ, ਜਿਸ ਵਿਚ ਵਿਕਰਮਜੀਤ ਸਿੰਘ ਨੇ ਨਾਜਾਇਜ਼ ਤੌਰ 'ਤੇ ਕੋਠੀ ਅਤੇ ਕੁਝ ਸੈਕਟਰਾਂ ਦੇ ਐਸ ਸੀ ਓ ਖਰੀਦੇ ਦੱਸੇ ਜਾਂਦੇ ਹਨ। ਇਸ ਤੋਂ ਪੰਜ ਸਾਲ ਬਾਅਦ ਜਦੋਂ ਸੀ ਬੀ ਆਈ ਨੇ 25 ਜਨਵਰੀ 2002 ਨੂੰ ਅਦਾਲਤ ਵਿਚ ਚਲਾਨ ਪੇਸ਼ ਕੀਤਾ ਤਾਂ 52 ਲੱਖ ਰੁਪਏ ਦੀ ਜਾਇਦਾਦ ਆਮਦਨ ਤੋਂ ਵਧ ਪਾਈ ਗਈ। ਉਸ ਸਮੇਂ ਵਿਕਰਮਜੀਤ ਸਿੰਘ ਮੁੱਖ ਮੰਤਰੀ ਸ. ਬਾਦਲ ਦੇ ਪ੍ਰਿੰਸੀਪਲ ਸਕੱਤਰ ਸਨ ਅਤੇ 2006 ਵਿਚ ਮੁੱਖ ਸਕੱਤਰ ਦੇ ਅਹੁਦੇ ਤੋਂ ਸੇਵਾ ਮੁਕਤ ਹੋ ਗਏ ਸਨ। ਸੀ ਬੀ ਆਈ ਨੇ ਉਨ੍ਹਾਂ ਦੇ ਘਰ ਤੇ ਦਫ਼ਤਰ ਦੀ ਤਲਾਸ਼ੀ ਵੀ



**ਜੰਜੂਆ ਦੇ ਖਿਲਾਫ ਕੇਸ ਚਲਾਉਣ ਨੂੰ ਦਿੱਤੀ ਮਨਜ਼ੂਰੀ**

ਲਈ ਸੀ। ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੇ ਵਿਕਰਮਜੀਤ ਸਿੰਘ ਦੇ ਖ਼ਿਲਾਫ ਬਿਨਾਂ ਹਸਤਾਖਰਾਂ ਤੋਂ ਮਿਲੀ ਇਕ ਸ਼ਿਕਾਇਤ ਦੇ ਆਧਾਰ 'ਤੇ ਜਾਂਚ ਦੇ ਆਦੇਸ਼ ਦਿੱਤੇ ਸਨ। ਪਰ ਜਦੋਂ ਬਾਦਲ ਸਰਕਾਰ ਬਣੀ ਤਾਂ ਜਾਂਚ ਲਈ ਜਾਰੀ ਕੀਤਾ ਨੋਟੀਫਿਕੇਸ਼ਨ ਵਾਪਸ ਲੈ ਲਿਆ, ਪਰ ਅਦਾਲਤ ਨੇ ਇਨਕਾਰ ਕਰ ਦਿੱਤਾ। ਚਲਾਨ ਵਿਚ ਸੀ ਬੀ ਆਈ ਨੇ 1973 ਬੈਚ ਦੇ ਇਸ ਸਾਬਕਾ ਪ੍ਰਿੰਸੀਪਲ ਸਕੱਤਰ ਦੀ ਕੋਠੀ ਨੂੰ ਨਾਜਾਇਜ਼ ਜਾਇਦਾਦ ਵਿਚ ਸ਼ਾਮਲ ਨਹੀਂ ਕੀਤਾ, ਕਿਉਂਕਿ ਇਹ ਕੋਠੀ ਉਨ੍ਹਾਂ ਦੀ ਮਾਂ ਦੇ ਨਾਂ 'ਤੇ ਸੀ, ਜੋ ਮੋਰਿੰਡਾ ਸਾਲਵੈਂਟ ਪਲਾਂਟ ਦੀ ਮੈਨੇਜਿੰਗ ਡਾਇਰੈਕਟਰ ਸੀ। ਸੀ ਬੀ ਆਈ ਅਦਾਲਤ ਨੇ ਸਾਬਕਾ ਪ੍ਰਿੰਸੀਪਲ ਸਕੱਤਰ ਨੂੰ ਸਿਰਫ਼ 24,86,500 ਰੁਪਏ ਦੀ ਵਧ ਜਾਇਦਾਦ ਦਾ ਹੀ ਦੋਸ਼ੀ ਮੰਨਿਆ ਹੈ। ਵਿਕਰਮਜੀਤ ਸਿੰਘ ਦੀ ਗਿਣਤੀ ਬਾਦਲ ਦੇ ਖਾਸ ਵਿਅਕਤੀਆਂ ਵਿਚ ਹੁੰਦੀ ਸੀ, ਜਦੋਂ 1997 ਵਿਚ ਬਾਦਲ ਸਰਕਾਰ ਬਣੀ ਸੀ ਤਾਂ ਵਿਕਰਮਜੀਤ ਸਿੰਘ ਨੂੰ ਬਾਦਲ ਨੇ 12 ਫਰਵਰੀ, 1997 ਨੂੰ ਆਪਣਾ ਪ੍ਰਿੰਸੀਪਲ ਸਕੱਤਰ ਲਾਇਆ ਸੀ। ਆਈ ਏ ਐਸ ਬਣਨ ਤੋਂ ਪਹਿਲਾਂ ਵਿਕਰਮਜੀਤ ਸਿੰਘ ਭਾਰਤੀ ਸੈਨਾ ਵਿਚ ਕੈਪਟਨ ਸਨ।

**ਜੰਜੂਆ ਦੇ ਖਿਲਾਫ ਕੇਸ ਚਲਾਉਣ ਨੂੰ ਦਿੱਤੀ ਮਨਜ਼ੂਰੀ :** ਪੰਜਾਬ ਸਰਕਾਰ ਨੇ 1989 ਬੈਚ ਦੇ ਆਈ.ਏ.ਐਸ. ਅਧਿਕਾਰੀ ਵੀ.ਕੇ. ਜੰਜੂਆ ਦੇ ਖਿਲਾਫ ਵਿਜੀਲੈਂਸ ਬਿਊਰੋ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਕੇਸ ਚਲਾਉਣ ਦੀ ਮਨਜ਼ੂਰੀ ਪ੍ਰਦਾਨ ਕਰ ਦਿੱਤੀ ਹੈ। ਜੰਜੂਆ ਉਦਯੋਗ ਵਿਭਾਗ ਦੇ ਡਾਇਰੈਕਟਰ ਅਹੁਦੇ ਕਾਰਜਸ਼ੀਲ ਸਨ ਤੇ ਉਨ੍ਹਾਂ ਨੂੰ ਬੀਤੇ ਨਵੰਬਰ ਮਹੀਨੇ 'ਚ ਭ੍ਰਿਸ਼ਟਾਚਾਰ ਦੇ ਦੋਸ਼ 'ਚ ਇਕ ਉਦਯੋਗਪਤੀ ਆਰ.ਪੀ. ਮਿਸ਼ਰਾ ਦੀ ਸ਼ਿਕਾਇਤ 'ਤੇ ਵਿਜੀਲੈਂਸ ਬਿਊਰੋ ਨੇ ਰੰਗੇ ਹੱਥੀ ਰਿਸ਼ਵਤ ਲੈਂਦੇ ਗ੍ਰਿਫਤਾਰ ਕੀਤਾ ਸੀ ਜਿਸ ਦੇ ਬਾਅਦ ਉਹ ਕਾਫੀ ਦਿਨ ਪੁਲਸ ਰਿਮਾਂਡ 'ਤੇ ਰਹੇ ਸਨ ਤੇ ਬਾਅਦ ਵਿਚ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ। ਪਿੱਛੋਂ ਉਹ ਜ਼ਮਾਨਤ 'ਤੇ ਰਿਹਾਅ ਹੋ ਗਏ ਸਨ। ਵਿਜੀਲੈਂਸ ਵਲੋਂ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੇ ਬਾਅਦ ਮੁਅੱਤਲ ਕਰ ਦਿੱਤਾ ਗਿਆ ਸੀ ਤੇ ਉਹ ਅੱਜ ਕੱਲ੍ਹ ਮੁਅੱਤਲੀ 'ਤੇ ਚਲ ਰਹੇ ਹਨ। ਲੁਧਿਆਣਾ ਤੋਂ ਆਈ ਵਿਜੀਲੈਂਸ ਦੀ ਟੀਮ ਨੇ ਉਨ੍ਹਾਂ ਨੂੰ 2 ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਸੀ। ਉਨ੍ਹਾਂ ਦੀ ਗ੍ਰਿਫਤਾਰੀ ਦੇ ਬਾਅਦ ਵਿਜੀਲੈਂਸ ਨੇ ਜੰਜੂਆ ਦੇ ਖਿਲਾਫ ਕੇਸ ਚਲਾਉਣ ਦੀ ਸਰਕਾਰ ਤੋਂ ਮਨਜ਼ੂਰੀ ਮੰਗੀ ਸੀ। ਪਤਾ ਚੱਲਿਆ ਹੈ ਕਿ ਸਰਕਾਰ ਨੇ ਉਨ੍ਹਾਂ ਖਿਲਾਫ ਕੇਸ ਚਲਾਉਣ ਲਈ ਵਿਜੀਲੈਂਸ ਨੂੰ ਮਨਜ਼ੂਰੀ ਦੇ ਦਿੱਤੀ ਹੈ।

## ਨਿਸ਼ਾਨ ਸਾਹਿਬ ਦਾ ਸਥਾਨ ਬਦਲਣ 'ਤੇ ਗੁਰਦੁਆਰਾ-ਮੰਦਰ ਵਿਵਾਦ ਹੱਲ

**ਗੁਰਦਾਸਪੁਰ :** ਸ਼ਹਿਰ ਦੇ ਮੁੱਖ ਬਾਜ਼ਾਰ 'ਚ ਇਕ ਹੀ ਥਾਂ ਸਥਿਤ ਮੰਦਰ ਤੇ ਗੁਰਦੁਆਰੇ ਦਾ ਵਿਵਾਦ ਅੰਤ ਨੂੰ ਹੱਲ ਹੋ ਗਿਆ ਹੈ। ਨਿਸ਼ਾਨ ਸਾਹਿਬ ਨੂੰ ਵਿਵਾਦ ਵਾਲੀ ਜਗ੍ਹਾ ਤੋਂ ਹਟਾ ਕੇ ਦੂਜੀ ਥਾਂ ਲਗਾ ਦਿੱਤਾ ਗਿਆ ਹੈ ਜਿਸ ਕਾਰਨ ਹਿੰਦੂ ਸੰਗਠਨਾਂ ਨੇ ਜ਼ਿਲ੍ਹੇ ਦੇ ਬੰਦ ਦਾ ਸੱਦਾ ਵਾਪਸ ਲੈ ਲਿਆ ਹੈ। ਉਂਜ ਸ਼ਹਿਰ ਤੇ ਘਟਨਾ ਵਾਲੀ ਥਾਂ ਦੇਰ ਸ਼ਾਮ ਤਕ ਸਥਿਤੀ ਤਣਾਅ ਵਾਲੀ ਬਣੀ ਰਹੀ। ਹਿੰਦੂ ਸੰਗਠਨਾਂ ਵਲੋਂ ਦਿੱਤੇ ਗਏ ਬੰਦ ਦੇ ਸੱਦੇ ਕਾਰਨ ਬੀਤੀ 3 ਮਈ ਨੂੰ ਸਾਰਾ ਸ਼ਹਿਰ ਮੁਕੰਮਲ ਰੂਪ 'ਚ ਬੰਦ ਰਿਹਾ।

ਮਾਮਲਾ ਹੱਲ ਕਰਨ 'ਚ ਦੇਰ ਰਾਤ ਤੱਕ ਸੂਚਨਾ ਤੇ ਲੋਕ ਸੰਪਰਕ ਮੰਤਰੀ ਤੇ ਹਲਕਾ ਵਿਧਾਇਕ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਦੋਵਾਂ ਧਿਰਾਂ ਨਾਲ ਗੱਲਬਾਤ ਦੀ ਲੰਮੀ ਕਵਾਇਦ ਕਰਨੀ ਪਈ। ਜ਼ਿਕਰਯੋਗ ਹੈ ਕਿ ਗੁਰਦਾਸਪੁਰ ਸ਼ਹਿਰ ਦੇ ਮੁੱਖ ਬਾਜ਼ਾਰ 'ਚ ਇਕ ਹੀ ਥਾਂ ਉਤੇ ਗੁਰਦੁਆਰਾ ਅਤੇ ਮੰਦਰ ਬਣੇ ਹੋਏ ਹਨ। ਦੋਵਾਂ ਦਾ ਪ੍ਰਬੰਧ ਵੱਖ-ਵੱਖ ਟਰੱਸਟਾਂ ਵਲੋਂ ਚਲਾਇਆ ਜਾ ਰਿਹਾ ਹੈ ਪਰ ਬੀਤੇ ਦਿਨੀਂ ਗੁਰਦੁਆਰੇ ਅਤੇ ਮੰਦਰ ਸਮਰਥਕਾਂ ਵਿਚਾਲੇ ਨਿਸ਼ਾਨ ਸਾਹਿਬ ਲਾਉਣ ਨੂੰ ਲੈ ਕੇ ਟਕਰਾਅ ਪੈਦਾ ਹੋ ਗਿਆ ਸੀ।

ਇਸ ਦੌਰਾਨ ਪੁਲੀਸ ਵਲੋਂ ਮੰਦਰ ਸਮਰਥਕਾਂ ਉਤੇ ਕੀਤੇ ਲਾਠੀਚਾਰਜ ਅਤੇ ਛੱਡੇ ਹੰਝੂ ਗੈਸ ਦੇ ਗੋਲਿਆਂ ਕਾਰਨ ਇਕ ਧਿਰ ਅੰਦਰ ਰੋਸ ਫੈਲ ਗਿਆ ਸੀ। ਰੋਸ ਵਜੋਂ 3 ਮਈ ਨੂੰ ਉਨ੍ਹਾਂ ਵਲੋਂ ਸ਼ਹਿਰ ਬੰਦ ਦਾ ਸੱਦਾ ਦਿੱਤਾ ਹੋਇਆ ਸੀ। ਇਸ ਤੋਂ ਇਲਾਵਾ ਨਿਸ਼ਾਨ ਸਾਹਿਬ ਨੂੰ ਹਟਾਉਣ ਦੀ ਮੰਗ ਪੂਰੀ ਹੋਣ ਤਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਸੀ। ਮਾਮਲੇ ਨਾਲ ਨਜਿੱਠਣ ਲਈ ਸੂਚਨਾ ਤੇ ਲੋਕ ਸੰਪਰਕ ਮੰਤਰੀ ਸੇਵਾ ਸਿੰਘ ਸੇਖਵਾਂ, ਹਲਕਾ ਵਿਧਾਇਕ ਗੁਰਬਚਨ ਸਿੰਘ ਬੱਬੇਹਾਲੀ ਵਲੋਂ ਜ਼ਿਲ੍ਹੇ ਦੇ ਅਧਿਕਾਰੀਆਂ ਅਤੇ ਦੋਵਾਂ ਧਿਰਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ ਸੀ। ਜਾਣਕਾਰੀ ਅਨੁਸਾਰ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਨਿਸ਼ਾਨ ਸਾਹਿਬ ਨੂੰ ਇਸ ਜਗ੍ਹਾ ਤੋਂ ਹਟਾ ਕੇ ਦੂਜੀ ਜਗ੍ਹਾ ਉਤੇ ਲਗਾ ਦਿੱਤਾ ਜਾਵੇਗਾ। ਇਸ ਸਬੰਧ ਵਿਚ ਬਕਾਇਦਾ ਲਿਖਤੀ ਸਮਝੌਤਾ ਵੀ ਕਰ ਦਿੱਤਾ ਗਿਆ।

3 ਮਈ ਨੂੰ ਸਵੇਰੇ ਗੁਰਦੁਆਰਾ ਸਾਹਿਬ ਅੰਦਰ ਪਹਿਲਾਂ ਪੰਜ ਪਿਆਰਿਆਂ ਵਲੋਂ ਅਰਦਾਸ ਕੀਤੇ ਜਾਣ ਉਪਰੰਤ ਜਦੋਂ ਨਿਸ਼ਾਨ ਸਾਹਿਬ ਨੂੰ ਹਟਾਉਣ ਦਾ ਕੰਮ ਸ਼ੁਰੂ ਹੋਣ ਲੱਗਾ ਤਾਂ ਵਿਚੋਂ ਹੀ ਕਿਸੇ ਸ਼ਰਾਰਤੀ ਅਨਸਰ ਨੇ ਕੁਝ ਕਹਿ ਦਿੱਤਾ ਤੇ ਸਥਿਤੀ ਫਿਰ ਵਿਗੜ ਗਈ। ਕਿਸੇ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੂਰੇ ਸ਼ਹਿਰ ਨੂੰ ਪੁਲੀਸ ਛਾਉਣੀ ਵਿਚ ਬਦਲ ਦਿੱਤਾ ਗਿਆ। ਸ਼ਾਮ ਕਰੀਬ 5.30 ਮੁੜ ਹਿੰਦੂ ਸੰਗਠਨਾਂ ਦੀ ਅਗਵਾਈ ਹੇਠ ਲੋਕਾਂ ਨੇ ਸ਼ਹਿਰ ਦੇ ਹਨੂਮਾਨ ਚੌਕ ਵਿਖੇ ਇਕੱਠੇ ਹੋਣਾ ਸ਼ੁਰੂ ਕਰ ਦਿੱਤਾ ਤਾਂ ਪੁਲੀਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਥੋੜ੍ਹੀ ਦੇਰ ਬਾਅਦ ਹੀ ਐਸ.ਡੀ.ਐਮ. ਤੇ ਡੀ.ਐਸ.ਪੀ. ਵੀ ਪੁੱਜ ਗਏ, ਜਿਨ੍ਹਾਂ ਨੇ ਭਰੋਸਾ ਦਿੱਤਾ ਕਿ ਨਿਸ਼ਾਨ ਸਾਹਿਬ ਨੂੰ ਹਟਾਇਆ ਜਾ ਰਿਹਾ ਹੈ, ਜਿਸ ਤੋਂ ਬਾਅਦ ਸਥਿਤੀ ਕਾਬੂ ਹੇਠ ਆ ਗਈ।

## ਪੈਸੇ ਘੱਟ ਮਿਲਣ 'ਤੇ ਖੁਦਕੁਸ਼ੀ

**ਸ਼ਾਹਕੋਟ:** ਜ਼ਮੀਨ ਵੇਚਣ ਦੀ ਪੂਰੀ ਰਕਮ ਪ੍ਰਾਪਤ ਨਾ ਹੋਣ ਕਾਰਨ ਨਜ਼ਦੀਕੀ ਪਿੰਡ ਸਾਂਢਾਂਵਾਲ ਦੇ ਇਕ ਗਰੀਬ ਕਿਸਾਨ ਨੇ ਜ਼ਹਿਰੀਲੀ ਦਵਾਈ ਪੀ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ। ਮ੍ਰਿਤਕ ਵਲੋਂ ਲਿਖੇ ਹੋਏ ਆਤਮ ਹੱਤਿਆ ਨੋਟ ਦੀਆਂ ਫੋਟੋ ਸਟੇਟ ਕਾਪੀਆਂ ਪਰਿਵਾਰਕ ਮੈਂਬਰਾਂ ਵਲੋਂ ਪੱਤਰਕਾਰਾਂ ਨੂੰ ਦਿੱਤੀਆਂ ਗਈਆਂ। ਜਿਨ੍ਹਾਂ 4 ਵਿਅਕਤੀਆਂ ਉਪਰ ਮੌਤ ਲਈ ਜ਼ਿੰਮੇਵਾਰੀ ਦਾ ਦੋਸ਼ ਲਗਾਇਆ ਗਿਆ ਸੀ ਉਨ੍ਹਾਂ ਉਪਰ ਕੇਸ ਦਰਜ ਕਰ ਦਿੱਤਾ ਗਿਆ ਹੈ।

# ਡੇਰਾ ਸੱਚਾ ਸੌਦਾ 'ਚ ਮਚੀ ਭਗਦੜ, 5 ਔਰਤਾਂ ਦੀ ਮੌਤ

**ਸਿਰਸਾ :** ਡੇਰਾ ਸਿਰਸਾ ਦੇ ਹੈਡਕੁਆਰਟਰ 'ਚ 29 ਅਪ੍ਰੈਲ ਦੀ ਰਾਤ ਕਰੀਬ ਸਾਢੇ ਬਾਰਾਂ ਵਜੇ ਸਥਾਪਨਾ ਦਿਵਸ ਸੰਬੰਧੀ ਸਮਾਗਮਾਂ ਦੌਰਾਨ ਭਗਦੜ ਮੱਚਣ ਕਰਕੇ 5 ਔਰਤਾਂ ਦੀ ਮੌਤ ਹੋ ਗਈ। ਕਈ ਔਰਤਾਂ ਤੇ ਬੱਚਿਆਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਵੀ ਹੈ। ਡੇਰੇ ਦੇ ਬੁਲਾਰੇ ਨੇ ਇਸ ਘਟਨਾ ਲਈ ਤੇਜ਼ ਵਾਵਰੋਲੇ ਨੂੰ ਜ਼ਿੰਮੇਵਾਰ ਦੱਸਿਆ ਹੈ। ਹਰਿਆਣਾ ਸਰਕਾਰ ਅਤੇ ਡੇਰਾ ਸਿਰਸਾ ਵਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਇਸ ਘਟਨਾ 'ਤੇ ਦੁੱਖ ਪ੍ਰਗਟਾਇਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਡੇਰਾ ਸਿਰਸਾ ਦੇ ਹੈਡਕੁਆਰਟਰ 'ਤੇ ਬੀਤੀ 29 ਅਪ੍ਰੈਲ ਦੀ ਰਾਤ ਲਗਭਗ ਸਾਢੇ ਬਾਰਾਂ ਵਜੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਆਪਣੇ ਸ਼ਰਧਾਲੂਆਂ ਨੂੰ ਦਾਤਾਂ ਵਜੋਂ ਤੋਹਫੇ ਵੰਡ ਰਹੇ ਸਨ ਕਿ ਇਸੇ ਦੌਰਾਨ ਔਰਤਾਂ ਵਿਚ ਤੋਹਫੇ ਦੇਣ ਲਈ ਭਗਦੜ ਮੱਚ ਗਈ, ਜਿਸ ਕਰਕੇ 5 ਔਰਤ ਸ਼ਰਧਾਲੂ ਇਸ ਭਗਦੜ ਦੀ ਲਪੇਟ ਵਿਚ ਆ ਕੇ ਦਮ ਤੋੜ ਗਈਆਂ। 29 ਅਪ੍ਰੈਲ ਨੂੰ ਡੇਰੇ ਦਾ ਸਥਾਪਨਾ ਦਿਵਸ ਸੀ ਅਤੇ ਡੇਰੇ ਵਿਚ ਲੱਖਾਂ ਦੀ ਤਾਦਾਦ ਵਿਚ ਸ਼ਰਧਾਲੂ ਪਹੁੰਚੇ ਹੋਏ ਸਨ। ਇਹ ਵੀ ਇਤਫਾਕ ਹੈ ਕਿ ਜਾਮ-ਏ-ਹਿੰਸਾ ਛਕਾਉਣ ਦੀ ਤੀਸਰੀ ਵਰ੍ਹੇਗੰਢ ਵੀ ਇਸੇ ਦਿਨ ਸੀ। ਉਂਝ ਉਕਤ ਹਾਦਸੇ ਬਾਰੇ ਕਈ ਤਰ੍ਹਾਂ ਦੀਆਂ ਕਨਸੋਆਂ ਵੀ ਸੁਣਨ ਨੂੰ ਮਿਲ ਰਹੀਆਂ ਹਨ। ਜਾਣਕਾਰੀ ਅਨੁਸਾਰ ਪ੍ਰਬੰਧਕਾਂ ਨੇ ਕਥਿਤ ਤੌਰ 'ਤੇ ਡੇਰਾ ਮੁਖੀ ਦੀ ਇੱਛਾ ਅਨੁਸਾਰ ਡੇਰੇ ਅੰਦਰ ਦੋ ਅਜਿਹੇ ਵਿਸ਼ੇਸ਼ ਉਚੇ ਫੁਹਾਰੇ ਸਥਾਪਤ ਕੀਤੇ ਸਨ, ਜਿਨ੍ਹਾਂ ਤੋਂ ਸਮਾਗਮ ਦੀ ਸਮਾਪਤੀ ਉਪਰੰਤ ਗੁਲਾਬੀ ਰੰਗ ਦੀਆਂ ਬੁਛਾੜਾਂ ਦਾ ਛਿੜਕਾਅ ਹੋਣਾ ਸੀ। ਸ਼ਰਧਾਲੂਆਂ 'ਚ ਇਹ ਪ੍ਰਚਾਰ ਕੀਤਾ ਹੋਇਆ ਸੀ ਕਿ ਜਿਹੜੇ ਇਨ੍ਹਾਂ ਬੁਛਾੜਾਂ ਨਾਲ ਭਿੱਜਣਗੇ, ਉਹ ਪ੍ਰਮਾਤਮਾ ਨੂੰ ਪ੍ਰਾਪਤ ਕਰ ਲੈਣਗੇ। ਅੱਧੀ ਰਾਤ ਦੇ ਕਰੀਬ ਸਤਿਸੰਗ ਦੇ ਸਮਾਪਤ ਹੁੰਦਿਆਂ ਜਿਉਂ ਹੀ ਡੇਰਾ ਮੁਖੀ ਨੇ ਪਿਚਕਾਰੀ ਰੂਪੀ ਇਕ ਰਿਮੋਟ ਨਾਲ ਫੁਹਾਰਿਆਂ ਨੂੰ ਚਾਲੂ ਕੀਤਾ ਤਾਂ ਇਕ ਚੱਲ ਪਿਆ ਤੇ ਦੂਸਰੇ ਨੇ ਕੰਮ ਨਾ ਕੀਤਾ। ਸੂਤਰਾਂ ਅਨੁਸਾਰ ਇਸੇ ਵੇਲੇ ਡੇਰਾ ਮੁਖੀ ਨੇ ਮੰਚ ਉਪਰੋਂ ਤੋਹਫੇ ਸੁੱਟਣੇ ਸ਼ੁਰੂ ਕਰ ਦਿੱਤੇ ਤੇ ਦੂਜੇ ਪਾਸੇ ਪ੍ਰਮਾਤਮਾ ਨੂੰ ਪਾਉਣ ਦੇ ਇੱਛੁਕ ਮਰਦ ਤੇ ਔਰਤਾਂ ਵਿਚ ਫੁਹਾਰਿਆਂ ਦੇ ਛਿੜਕਾਅ ਲੈਣ ਵਾਸਤੇ ਆਪੋ-ਧਾਪੀ ਪੈ ਗਈ। ਭੀੜ ਇਸ ਕਦਰ ਬੇਕਾਬੂ ਹੋ ਗਈ ਕਿ ਉਨ੍ਹਾਂ ਨੇ ਇਕ ਦੂਜੇ ਨੂੰ ਲਤਾੜਨਾ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਇਹ ਵੀ ਕਿਹਾ ਜਾ ਰਿਹਾ ਹੈ ਕਿ ਕਿਸੇ ਨੇ ਅਫਵਾਹ ਫੈਲਾ ਦਿੱਤੀ ਕਿ ਡੇਰੇ ਵਿਚ ਸੱਪ ਹੈ, ਜਿਸ ਕਰਕੇ ਲੋਕਾਂ ਵਿਚ ਭਾਜੜ ਪੈ ਗਈ ਤੇ ਇਹ ਹਾਦਸਾ ਵਾਪਰ ਗਿਆ। ਹਾਦਸੇ ਦੇ ਮ੍ਰਿਤਕਾਂ ਦੀ ਸ਼ਨਾਖਤ ਵਿਮਲਾ ਦੇਵੀ ਪਤਨੀ ਗੋਬਿੰਦ ਰਾਮ ਵਾਸੀ ਬਠਿੰਡਾ, ਪ੍ਰਕਾਸ਼ੋ ਦੇਵੀ ਪਤਨੀ ਬੰਸੀ ਲਾਲ ਅਰੋੜਾ ਵਾਸੀ ਫਤਿਹਾਬਾਦ, ਕਮਲਾ ਰਾਣੀ ਪਤਨੀ ਸੁੰਦਰ ਲਾਲ ਵਾਸੀ ਬਠਿੰਡਾ, ਰੇਣੂ ਬਤੇਰੀ ਪਤਨੀ ਦੇਸ ਰਾਜ ਵਾਸੀ ਪਿੰਡ ਚਾਹੜਵਾਂ ਤੇ ਮੁਖਤਿਆਰ ਕੌਰ ਪਤਨੀ ਜੀਤ ਸਿੰਘ ਵਾਸੀ ਪਿੰਡ ਮਸੀਤਾਂ ਨੇੜੇ ਡੱਬਵਾਲੀ ਵਜੋਂ ਹੋਈ ਹੈ। ਮੰਨਿਆ ਜਾ ਰਿਹਾ ਹੈ ਕਿ ਹਾਦਸੇ ਦੇ ਜ਼ਖ਼ਮੀਆਂ ਦੀ ਅਸਲ ਗਿਣਤੀ ਡੇਰੇ ਵਲੋਂ ਦੱਸੀ ਜਾ ਰਹੀ ਗਿਣਤੀ ਤੋਂ ਕਾਫੀ ਜ਼ਿਆਦਾ ਹੈ, ਜਿਨ੍ਹਾਂ ਦਾ ਡੇਰੇ ਦੇ ਕੰਟਰੋਲ ਵਾਲੇ ਸ਼ਾਹ ਸਤਿਨਾਮ ਸਪੈਸ਼ਲਿਟੀ ਹਸਪਤਾਲ ਵਿਚ ਇਲਾਜ ਕਰਵਾਇਆ ਜਾ ਰਿਹਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਤੇ ਸੰਤ ਬਲਜੀਤ ਸਿੰਘ ਦਾਦੂਵਾਲ ਵਲੋਂ ਉਚ ਪੱਧਰੀ ਜਾਂਚ ਦੀ ਮੰਗ**

ਡੇਰੇ ਵਲੋਂ ਜਾਰੀ ਪ੍ਰੈਸ ਨੋਟ ਵਿਚ ਡੇਰੇ ਦੇ ਬੁਲਾਰੇ ਨੇ ਕਿਹਾ ਕਿ ਸਤਿਸੰਗ 10 ਵਜੇ ਸਮਾਪਤ ਹੋ ਗਿਆ ਸੀ ਤੇ ਕੁਝ ਪ੍ਰੇਮੀ ਸਮਾਗਮ ਪੰਡਾਲ ਵਿਚ ਬੈਠ ਕੇ ਲੰਗਰ ਛਕ ਰਹੇ ਸਨ ਤੇ ਕੁਝ ਲੋਕ ਆਪਣੇ ਘਰਾਂ ਨੂੰ ਜਾ ਰਹੇ ਸਨ। ਸਤਿਸੰਗ ਦੇ ਦੋ ਢਾਈ ਘੰਟੇ ਬਾਅਦ ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਪ੍ਰੇਮੀ ਡੇਰੇ ਦੇ ਬਾਹਰ ਮੇਨ ਰੋਡ 'ਤੇ ਆਪਣੇ ਵਾਹਨਾਂ ਵਲ ਜਾ ਰਹੇ ਸਨ। ਲਗਭਗ 12 ਵਜੇ ਹਨ੍ਹੇਰੀ ਆਈ ਤੇ ਇਸੇ ਦੌਰਾਨ ਬਾਹਰ ਸੜਕ 'ਤੇ ਜਾ ਰਹੀਆਂ ਔਰਤਾਂ ਵਿਚ ਭਗਦੜ ਮੱਚ ਗਈ, ਜਿਸ ਵਿਚ ਉਕਤ ਔਰਤਾਂ ਦੀ ਮੌਤ ਹੋ ਗਈ। ਉਨ੍ਹਾਂ ਡੇਰੇ ਵਿਚ ਤੋਹਫੇ ਵੰਡਣ ਦੀਆਂ ਖ਼ਬਰਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਕਿਹਾ ਕਿ 1948 ਤੋਂ ਲੈ ਕੇ ਹੁਣ ਤਕ ਡੇਰਾ ਸੱਚਾ ਸੌਦਾ ਵਿਚ 29 ਅਪ੍ਰੈਲ ਦੇ ਸਤਿਸੰਗ ਦੌਰਾਨ ਕਦੇ ਵੀ ਤੋਹਫੇ ਤੇ ਇਨਾਮ ਨਹੀਂ ਵੰਡੇ ਗਏ।

ਇਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਖਾਲਸਾ ਨੇ ਸਥਾਨਕ ਗੁਰਦੁਆਰਾ ਦਸਵੀਂ ਪਾਤਸ਼ਾਹੀ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਸਰਕਾਰ ਤੋਂ ਉਕਤ ਹਾਦਸੇ ਦੀ ਸੀ. ਬੀ. ਆਈ. ਜਾਂਚ ਦੀ ਮੰਗ ਕੀਤੀ ਹੈ ਜਦਕਿ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਇਸ ਹਾਦਸੇ ਲਈ ਡੇਰਾ ਮੁਖੀ ਨੂੰ ਜ਼ਿੰਮੇਵਾਰ ਕਰਾਰ ਦਿੰਦਿਆਂ ਸਰਕਾਰ ਤੋਂ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਜਦੋਂ ਜ਼ਿਲ੍ਹੇ ਦੇ ਉਚ ਅਧਿਕਾਰੀਆਂ ਤੋਂ ਮ੍ਰਿਤਕ ਔਰਤਾਂ ਦੀਆਂ ਜ਼ਿਲ੍ਹਾ ਹਸਪਤਾਲ 'ਚ ਪੋਸਟ ਮਾਰਟਮ ਲਈ ਲਿਆਂਦੀਆਂ ਲਾਸ਼ਾਂ ਦੇ ਗਿੱਲੀਆਂ ਹੋਣ ਸੰਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਲਈ ਸੋਚਣਾ ਹੈ, ਜਿਸ ਸੰਬੰਧੀ ਉਹ ਜਾਂਚ ਕਰਨਗੇ।

## ਅੰਤਰਰਾਸ਼ਟਰੀ ਗਦਰ ਸਮੂਹ ਦੀ ਮੀਟਿੰਗ 9 ਨੂੰ

**ਯੂਨੀਅਨ ਸਿਟੀ:** ਅੰਤਰਰਾਸ਼ਟਰੀ ਗਦਰ ਇਤਿਹਾਸਕ ਸਮੂਹ ਅਮਰੀਕਾ ਦੀ ਮਾਸਿਕ ਇਕੱਤਰਤਾ ਆਉਂਦੀ 9 ਮਈ ਨੂੰ ਯੂਨੀਅਨ ਸਿਟੀ ਲਾਇਬ੍ਰੇਰੀ ਵਿਚ ਬਾਅਦ ਦੁਪਹਿਰ 3 ਵਜੇ ਹੋਵੇਗੀ।

ਇਸ ਮੀਟਿੰਗ ਵਿਚ ਸਮੂਹ ਵਲੋਂ ਜੂਨ ਮਹੀਨੇ ਕਰਵਾਏ ਜਾ ਰਹੇ ਕੌਮਾਂਤਰੀ ਪੱਧਰ ਦੇ ਪ੍ਰੋਗਰਾਮ ਬਾਰੇ ਵਿਚਾਰ ਹੋਵੇਗੀ। ਹੋਰ ਜਾਣਕਾਰੀ ਫੋਨ 510-372-5061 ਤੋਂ ਲਈ ਜਾ ਸਕਦੀ ਹੈ।

# ਕਮਲ ਨਾਥ ਨੂੰ ਯੂ.ਕੇ. ਵਿਚ ਦਾਖਲ ਨਾ ਹੋਣ ਦਿੱਤਾ ਜਾਵੇ-ਸਿੱਖਸ ਫਾਰ ਜਸਟਿਸ

**ਨਿਊ ਯਾਰਕ:** ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਭਾਰਤੀ ਮੰਤਰੀ ਕਮਲ ਨਾਥ ਦੇ 12 ਮਈ ਨੂੰ ਇੰਗਲੈਂਡ ਪਹੁੰਚਣ 'ਤੇ ਉਸ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਹੈ। ਸੰਸਥਾ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਇਹ ਐਲਾਨ ਕਰਦਿਆਂ ਆਖਿਆ ਹੈ ਕਿ ਕਮਲ ਨਾਥ ਨੇ ਕਥਿਤ ਤੌਰ 'ਤੇ ਸਿੱਖਾਂ ਨੂੰ ਕਤਲ ਕਰਨ ਵਾਲੀ ਭੀੜ ਦੀ ਅਗਵਾਈ ਕੀਤੀ ਅਤੇ ਉਨ੍ਹਾਂ ਨੂੰ ਭੜਕਾਇਆ ਸੀ।

ਸ੍ਰੀ ਪੰਨੂ ਨੇ ਕਿਹਾ ਕਿ ਅਖਬਾਰ ਇੰਡੀਅਨ ਐਕਸਪ੍ਰੈਸ ਦੇ ਰਿਪੋਰਟਰ ਮਨੀਸ਼ ਸੰਜੇ ਸੂਰੀ ਅਨੁਸਾਰ ਕਮਲ ਨਾਥ ਨੂੰ ਗੁਰਦੁਆਰਾ ਰਕਾਬ ਗੰਜ ਦੇ ਬਾਹਰ ਜਮ੍ਹਾ ਭੀੜ ਵਲੋਂ ਕਾਬੂ ਕਰ ਲਿਆ ਗਿਆ ਸੀ। ਕਮਲ ਨਾਥ ਖਿਲਾਫ ਪ੍ਰਸਿੱਧ ਪੱਤਰਕਾਰ ਸ੍ਰੀ ਸੰਜੇ ਸੂਰੀ ਨੇ ਸਪੱਸ਼ਟ ਐਫੀਡੇਵਿਟ ਦਿੱਤਾ ਸੀ, ਜਿਸ ਵਿਚ ਕਮਲਨਾਥ ਖਿਲਾਫ ਸਿੱਖਾਂ ਉਪਰ ਹਮਲੇ ਕਰਵਾਉਣ ਦਾ ਸਪੱਸ਼ਟ ਦੋਸ਼ ਲਾਇਆ ਗਿਆ ਸੀ। ਗੁਰਦੁਆਰਾ ਰਕਾਬ ਗੰਜ ਦੇ ਉਸ ਸਮੇਂ ਮੈਨੇਜਰ ਸ. ਮੁਖਤਿਆਰ ਸਿੰਘ ਜੋ ਕਿ ਇਸ ਕਤਲੇਆਮ ਦੇ ਗਵਾਹ ਹਨ, ਨੇ ਨਾਨਾਵਤੀ ਕਮਿਸ਼ਨ ਸਾਹਮਣੇ ਇਹ ਕਿਹਾ ਸੀ ਕਿ ਉਸ ਨੇ ਕਮਲ ਨਾਥ ਨੂੰ ਸਿੱਖਾਂ ਨੂੰ ਕਤਲ ਕਰਨ ਵਾਲੀ ਭੀੜ ਦੀ ਅਗਵਾਈ ਕਰਦੇ ਦੇਖਿਆ ਸੀ।

ਲੰਘੀ 6 ਅਪਰੈਲ ਨੂੰ ਸਿੱਖਸ ਆਫ ਜਸਟਿਸ ਨੇ ਇਥੋਂ ਦੀ ਇੱਕ ਅਦਾਲਤ ਵਿਚ ਕਮਲ ਨਾਥ ਖਿਲਾਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਵਿਚ ਪਟੀਸ਼ਨ ਦਾਇਰ ਕੀਤੀ ਸੀ।

ਸ੍ਰੀ ਪੰਨੂ ਨੇ ਯੂ.ਕੇ. ਵਸਦੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਯੂ.ਕੇ. ਸਰਕਾਰ ਉਪਰ ਕਮਲ ਨਾਥ ਦੇ ਯੂ.ਕੇ. ਵਿਚ ਦਾਖਲ ਹੋਣ 'ਤੇ ਪਾਬੰਦੀ ਲਗਵਾਉਣ ਲਈ ਦਬਾਓ ਪਾਉਣ।


# ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



## ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

# ਪੰਜਾਬ ’ਚ ਗਰਮੀ ਵਧੀ, ਪੀਣ ਵਾਲੇ ਪਾਣੀ ਦਾ ਵਿਆਪਕ ਸੰਕਟ ਪਸਰਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੀਣ ਵਾਲੇ ਪਾਣੀ ਦੀ ਪਾਈਪਾਂ ਰਾਹੀਂ ਸਪਲਾਈ ਜਲਦ ਹੀ ਇਤਿਹਾਸ ਦਾ ਹਿੱਸਾ ਬਣ ਜਾਵੇਗੀ। ਪਾਣੀ ਦੇ ਖਪਤਕਾਰਾਂ ਨੂੰ ਆਪਣੇ ਪਾਣੀ ਦਾ ਕੋਟਾ ਜਾਂ ਤਾਂ ਆਰ.ਓ. ਕੇਂਦਰਾਂ ਤੋਂ ਲਿਆਉਣਾ ਪਿਆ ਕਰੇਗਾ ਜਾਂ ਫਿਰ ਵਧ ਪੈਸੇ ਦੇ ਕੇ ਇਹੀ ਪਾਣੀ ਘਰ ਮੰਗਵਾਉਣਾ ਪਵੇਗਾ, ਪਰ ਪਾਣੀ ਦਾ ਇਹ ਕੋਟਾ ਖਪਤਕਾਰ ਦੀਆਂ ਪੀਣ ਅਤੇ ਖਾਣਾ ਪਕਾਉਣ ਦੀਆਂ ਜ਼ਰੂਰਤਾਂ ਹੀ ਪੂਰੀਆਂ ਕਰ ਸਕੇਗਾ।

ਕੌਮੀ ਜਨਤਕ ਸਿਹਤ ਸੰਗਠਨ ਨੇ ਭਾਵੇਂ ਖਪਤਕਾਰ ਲਈ 150 ਲਿਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਪਾਣੀ ਦੀ ਸਿਫਾਰਸ਼ ਕੀਤੀ ਹੈ, ਪਰ ਪੰਜਾਬ ਪੀਣ ਵਾਲੇ ਪਾਣੀ ਦਾ ਹਰ ਰੋਜ਼ ਦਾ ਪ੍ਰਤੀ ਵਿਅਕਤੀ ਕੋਟਾ 40 ਤੋਂ 70 ਲਿਟਰ ਤੱਕ ਵਧਾਉਣ ਦੇ ਯਤਨ ਕਰ ਰਿਹਾ ਹੈ। ਪੰਜਾਬ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਸਕੱਤਰ ਪਰਮਜੀਤ ਸਿੰਘ ਔਜਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਨਬਾਰਡ ਨੂੰ ਸੂਬੇ ਵਿਚ ਹੋਰ 596 ਆਰ.ਓ. ਕੇਂਦਰ ਸਥਾਪਤ ਕਰਨ ਲਈ ਕਿਹਾ ਹੈ ਜਿਸ ‘ਤੇ 64 ਕਰੋੜ ਰੁਪਏ ਲਾਗਤ ਆਵੇਗੀ। ਉਨ੍ਹਾਂ ਕਿਹਾ ਕਿ ਮਨਜ਼ੂਰੀ ਮਿਲਦੇ ਹੀ ਇਨ੍ਹਾਂ ਕੇਂਦਰਾਂ ਨੂੰ ਇਸੇ ਸਾਲ ਚਾਲੂ ਕਰ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਸੂਬੇ ਦੇ ਦੱਖਣੀ ਹਿੱਸੇ ਵਿਚਲਾ ਪਾਣੀ ਫਲੋਰਾਈਡਜ਼ ਕਾਰਨ ਦੂਸ਼ਿਤ ਹੈ। ਇਸੇ ਤਰ੍ਹਾਂ ਮਾਝਾ ਖੇਤਰ ਵਿਚ ਪੀਣ ਯੋਗ ਚੰਗਾ ਪਾਣੀ 300 ਤੋਂ 400 ਫੁੱਟ ਦੀ ਡੂੰਘਾਈ ‘ਤੇ ਮਿਲਦਾ ਹੈ। ਪੰਜਾਬ ਵਿਚ 100 ਫੁੱਟ ਤੋਂ ਘੱਟ ਡੂੰਘੇ ਨਲਕਿਆਂ ਦਾ ਪਾਣੀ ਵੀ ਪੀਣ ਯੋਗ ਨਹੀਂ ਹੈ।

ਚੰਡੀਗੜ੍ਹ ਵਿਚ ਪਾਣੀ ਦੀ ਸਪਲਾਈ ਧਰਤੀ ਹੇਠਲੇ ਪਾਣੀ ਅਤੇ ਭਾਖੜਾ ਨਹਿਰ ਤੋਂ ਹਾਸਲ ਪਾਣੀ ਦੀ ਕੀਤੀ ਜਾਂਦੀ ਹੈ। ਚੰਡੀਗੜ੍ਹ ਵਿਚ ਪ੍ਰਤੀ ਵਿਅਕਤੀ ਪ੍ਰਤੀ ਦਿਨ ਪੀਣ ਵਾਲੇ ਪਾਣੀ ਦੀ ਖਪਤ 330 ਲਿਟਰ ਹੈ ਜੋ ਕੌਮੀ ਔਸਤ 150 ਲਿਟਰ ਤੋਂ ਕਿਤੇ ਵਧ ਹੈ, ਪਰ ਇਥੇ ਸ਼ਹਿਰ ਵਿਚ ਵੀ ਗੰਦਾ ਪਾਣੀ (ਮਿੱਟੀ ਵਾਲਾ) ਸਪਲਾਈ ਹੋਣ ਦੀਆਂ ਸ਼ਿਕਾਇਤਾਂ ਆਮ ਹਨ। ਚੰਡੀਗੜ੍ਹ ਪਾਣੀ ਨਸ਼ਟ ਕਰਨ ਵਿਚ ਵੀ ਮੋਹਰੀ ਹੈ ਇਥੇ ਇਹ ਔਸਤ 26 ਫੀਸਦੀ ਹੈ।

ਪੰਜਾਬ ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਜਲੰਧਰ ਵਿਚ ਉਜਾਗਰ ਹੋਈ। ਇਥੇ ਟਿਊਬਵੈੱਲ ਤੋਂ ਪਾਣੀ ਦੀ ਸਪਲਾਈ ਫੇਲ੍ਹ ਹੋਣ ਕਾਰਨ ਨਗਰ ਕੌਂਸਲ ਨੂੰ ਪਾਣੀ ਦੇ ਟੈਂਕਰ ਲੋੜਵੰਦਾਂ ਤੱਕ ਭੇਜਣੇ ਪਏ। ਪਾਣੀ ਲਈ ਵੱਡੀਆਂ-ਵੱਡੀਆਂ ਲਾਈਨਾਂ ਲੱਗ ਗਈਆਂ। ਕਈ ਥਾਈਂ ਰੇਤਲਾ ਪਾਣੀ ਸਪਲਾਈ ਹੋਇਆ। ਇਸੇ ਤਰ੍ਹਾਂ ਬਠਿੰਡਾ ਜ਼ਿਲ੍ਹੇ ਵਿਚ ਪਾਣੀ ਦੀ ਸਮੱਸਿਆ ਹਰ ਸਾਲ ਗਰਮੀਆਂ ਵਿਚ ਸਿਖਰ ‘ਤੇ ਹੁੰਦੀ ਹੈ। ਮਸਾਂ ਸਵੇਰੇ ਸ਼ਾਮ ਦੋ-ਦੋ ਘੰਟੇ ਸਪਲਾਈ ਆਉਂਦੀ ਹੈ। ਲੋਕਾਂ ਨੂੰ ਆਰ.ਓ. ਕੇਂਦਰਾਂ ਤੋਂ ਖੁਦ ਪਾਣੀ ਲਿਆਉਣਾ ਪੈਂਦਾ ਹੈ ਜੋ ਮੁੱਲ ਵਿਕਦਾ ਹੈ। ਸ਼ਹਿਰ ਵਿਚ ਕਈ ਪ੍ਰਾਈਵੇਟ ਸਪਲਾਇਰ ਠੰਢਾ ਪਾਣੀ ਵੀ ਮੁਹੱਈਆ ਕਰਵਾਉਂਦੇ ਹਨ। ਨਗਰ ਕੌਂਸਲ ਵੀ ਦਾਅਵਾ ਕਰਦੀ ਹੈ ਕਿ ਲੋੜਵੰਦ ਖੇਤਰਾਂ ਵਿਚ ਪਾਣੀ ਟੈਂਕਰਾਂ ਰਾਹੀਂ ਭੇਜਿਆ ਜਾਂਦਾ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਨਗਰ ਨਿਗਮ ਦਾ ਕਹਿਣਾ ਹੈ ਕਿ ਸ਼ਹਿਰ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ 80 ਫੁੱਟ ਡੂੰਘਾ ਚਲਾ ਗਿਆ ਹੈ। ਇਨ੍ਹਾਂ ਥਾਵਾਂ ‘ਤੇ 20 ਸਾਲ ਪਹਿਲਾਂ 20 ਤੋਂ 30 ਫੁੱਟ ਦੀ ਡੂੰਘਾਈ ‘ਤੇ ਪਾਣੀ ਮਿਲ ਜਾਂਦਾ ਸੀ। ਸ਼ਹਿਰ ਵਿਚ ਇਸ ਵਕਤ 301 ਟਿਊਬਵੈੱਲ ਹਨ ਜਦਕਿ 50 ਹੋਰ ਲਗਾਉਣ ਦੀ ਯੋਜਨਾ ਹੈ। ਪਰ ਪਟਿਆਲਾ ਵਿਚ ਸਥਿਤੀ ਕੁਝ ਬਿਹਤਰ ਲੱਗਦੀ ਹੈ। ਇਥੇ 7-8 ਘੰਟੇ ਪਾਣੀ ਦੀ ਸਪਲਾਈ ਹੁੰਦੀ ਹੈ, ਪਰ ਪਾਣੀ ਦਾ ਪ੍ਰੈਸ਼ਰ ਕਮਜ਼ੋਰ ਹੁੰਦਾ ਹੈ ਤਾਂ ਵੀ ਸ਼ਹਿਰ ਵਿਚ ਕਈ ਥਾਈਂ ਪਾਣੀ ਲਈ ਲਾਈਨਾਂ ਵੀ ਲੱਗਦੀਆਂ ਹਨ।

ਰੂਪ ਨਗਰ ਅਤੇ ਖਰੜ ਵਿਚ ਪਾਣੀ ਦੀ ਸਪਲਾਈ ਲੋੜ ਅਨੁਸਾਰ ਹੈ, ਪਰ ਆਉਂਦੇ ਹਫਤਿਆਂ ਤੱਕ ਇਥੇ ਵੀ ਸਥਿਤੀ ਬਦਤਰ ਹੋ ਜਾਵੇਗੀ। ਰੂਪ ਨਗਰ ਦੇ ਕਾਰਜਕਾਰੀ ਅਧਿਕਾਰੀ ਐਸ.ਐਸ. ਸਿੱਧੂ ਨੇ ਦਾਅਵਾ ਕੀਤੀ ਕਿ ਪਾਣੀ ਦੀ ਸ਼ਤ ਪ੍ਰਤੀਸ਼ਤ ਸਪਲਾਈ ਦਿੱਤੀ ਜਾ ਰਹੀ ਹੈ, ਪਰ ਸ਼ਹਿਰ ਦੀ ਕਈ ਉੱਚੀਆਂ ਥਾਵਾਂ ‘ਤੇ ਪਾਣੀ ਦੀ ਘਾਟ ਸਾਫ ਦਿਖਾਈ ਦਿੰਦੀ ਹੈ। ਨਗਰ ਕੌਂਸਲ ਸਰਹਿੰਦ ਨਹਿਰ ਵਿਚੋਂ ਪਾਣੀ ਲੈਂਦੀ ਹੈ ਜੋ ਸ਼ਹਿਰ ਵਾਸੀਆਂ ਨੂੰ ਭੇਜਿਆ ਜਾਂਦਾ ਹੈ। ਪਰ ਕਦੇ ਕਦੇ ਪਾਣੀ ਲੈਣ ਵਾਲਾ ਸਾਈਫਨ ਧੋਖਾ ਦੇ ਜਾਂਦਾ ਹੈ ਤੇ ਸਥਿਤੀ ਬਦਤਰ ਬਣ ਜਾਂਦੀ ਹੈ। ਰੂਪਨਗਰ ਜ਼ਿਲ੍ਹੇ ਵਿਚ ਪੈਂਦੇ ਆਨੰਦਪੁਰ ਸਾਹਿਬ ਦੇ ਚੰਗਰ ਇਲਾਕੇ ਵਿਚ ਪਾਣੀ ਦੀ ਬਹੁਤ ਘਾਟ ਹੈ। ਸਿੰਜਾਈ ਲਈ ਪਾਣੀ ਤਾਂ ਮਿਲਦਾ ਹੀ ਨਹੀਂ। ਗੁਰਦਾਸਪੁਰ ਜ਼ਿਲ੍ਹਾ ਭਾਵੇਂ ਦਰਿਆਵਾਂ ਦੇ ਪਾਣੀ ਨਾਲ ਘਿਰਿਆ ਹੋਵੇ, ਪਰ ਪਾਣੀ ਦੀ ਕਿੱਲਤ ਇਥੇ ਵੀ ਮੌਜੂਦ ਹੈ। ਸ਼ਹਿਰ ਵਿਚ 12 ਟਿਊਬਵੈੱਲ ਹਨ, ਪਰ ਪਾਣੀ ਪੂਰਾ ਨਹੀਂ ਪੈਂਦਾ। ਲੋਕੀਂ ਚਾਹੁੰਦੇ ਹਨ ਕਿ ਆਰ.ਓ. ਪਲਾਂਟ ਸਥਾਪਤ ਹੋਣ। ਨਗਰ ਕੌਂਸਲ ਹੋਰ ਟਿਊਬਵੈੱਲ ਲਗਾਉਣ ਬਾਰੇ ਸੋਚ ਰਹੀ ਹੈ। ਇਸੇ ਤਰ੍ਹਾਂ ਪੀਣ ਵਾਲੇ ਪਾਣੀ ਦੀ ਪਠਾਨਕੋਟ ਵਿਚ ਵੀ ਭਾਰੀ ਕਿੱਲਤ ਹੈ। ਸ਼ਹਿਰ ਦੇ ਵਾਰਡ ਨੰਬਰ 8, 9, 10, 18, 19, 26 ਅਤੇ 32 ਵਿਚ ਪਾਣੀ ਦੀ ਕਾਫੀ ਘਾਟ ਹੈ। ਮਾੜੇ ਪਾਣੀ ਦੀ ਸਪਲਾਈ ਕਾਰਨ ਕਈ ਸਾਲ ਪਹਿਲਾਂ ਸ਼ਹਿਰ ਵਿਚ ਪੀਲੀਆ ਫੈਲ ਗਿਆ ਸੀ।

ਰਾਜਪੁਰਾ, ਬਨੂੜ ਅਤੇ ਮੰਡੀ ਗੋਬਿੰਦਗੜ੍ਹ ਵਿਚ ਵੀ ਪਾਣੀ ਲਈ ਲੋਕਾਂ ਦੀਆਂ ਲਾਈਨਾਂ ਲੱਗਦੀਆਂ ਹਨ। ਲੋਕੀਂ ਗੰਦਾ ਪਾਣੀ ਪੀ ਕੇ ਬਿਮਾਰ ਹੋ ਰਹੇ ਹਨ। ਮੰਡੀ ਗੋਬਿੰਦਗੜ੍ਹ ਵਿਚ 21 ਟਿਊਬਵੈੱਲ ਹਨ ਜੋ ਆਪਸ ਵਿਚ ਜੁੜੇ ਹੋਏ ਹਨ ਤਾਂ ਕਿ ਨਿਰਵਿਘਨ ਸਪਲਾਈ ਹੋ ਸਕੇ। ਪਰ ਲੋਕੀਂ ਗੰਦੇ ਪਾਣੀ ਦੀਆਂ ਸ਼ਿਕਾਇਤਾਂ ਕਰਦੇ ਰਹਿੰਦੇ ਹਨ। ਪਾਣੀ ਦੀ ਘਾਟ ਦਾ ਮਸਲਾ ਨਗਰ ਕੌਂਸਲ ਦੀ ਮੀਟਿੰਗ ਵਿਚ ਛਾਇਆ ਰਿਹਾ। 6-7 ਦਿਨ ਲੋਕਾਂ ਨੂੰ ਪਾਣੀ ਹੀ ਨਹੀਂ ਮਿਲਿਆ। ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਵਾਹਨ ਮਾਲਕ ਗੱਡੀਆਂ ਧੋਣ ‘ਤੇ ਕਾਫੀ ਪਾਣੀ ਨਸ਼ਟ ਕਰਦੇ ਹਨ । ਪਾਣੀ ਦੀ ਸਪਲਾਈ ਸਵੇਰੇ-ਸ਼ਾਮ ਚਾਰ ਚਾਰ ਘੰਟੇ ਆਉਂਦੀ ਹੈ ਜੇ ਬਿਜਲੀ ਦਾ ਕੱਟ ਨਾ ਹੋਵੇ।

ਗਰਮੀ ਦੇ ਪ੍ਰਕੋਪ ਅਤੇ ਜਲਵਾਯੂ ਦੀ ਖੁਸ਼ਕ ਮਿਜਾਜ਼ੀ ਕਾਰਨ ਧਰਤੀ ਦਾ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ, ਜਿਸ ਨਾਲ ਟਿਊਬਵੈਲ, ਨਲਕੇ, ਖੂਹ ਅਤੇ ਬਾਉਲੀਆਂ ਸੁੱਕਣ ਦੇ ਕਿਨਾਰੇ ਪਹੁੰਚ ਗਈਆਂ ਹਨ। ਪਾਣੀ ਲਈ ਤਰਸਦੇ ਲੋਕਾਂ ਲਈ ਸਰਕਾਰੀ ਤੌਰ ‘ਤੇ ਕੋਈ ਠੋਸ ਨੀਤੀ ਨਾ ਬਣਨ ਕਾਰਨ ਆਉਣ ਵਾਲੇ ਦਿਨਾਂ ਵਿਚ ਸਥਿਤੀ ਹੋਰ ਭਿਆਨਕ ਹੋਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਮਾਹਿਰਾਂ ਦੀਆਂ ਰਿਪੋਰਟਾਂ ਮੁਤਾਬਕ ਪ੍ਰਤੀ ਵਿਅਕਤੀ ਹਰ ਰੋਜ਼ 100 ਤੋਂ 150 ਲਿਟਰ ਪਾਣੀ ਦੀ ਵਰਤੋਂ ਕਰਦਾ ਹੈ। 55 ਸਾਲ ਪਹਿਲਾਂ ਜਿੱਥੇ ਹਰ ਵਿਅਕਤੀ ਲਈ ਸਿਰਫ਼ 5177 ਕਿਊਸਕ ਮੀਟਰ ਸਾਫ਼ ਪਾਣੀ ਉਪਲਬਧ ਸੀ, ਉਥੇ ਹੁਣ ਸਿਰਫ਼ 1889 ਕਿਊਸਕ ਮੀਟਰ ਹੀ ਸਾਫ਼ ਪਾਣੀ ਉਪਲਬਧ ਹੋ ਰਿਹਾ ਹੈ। ਪੰਜਾਬ ਵਿਚ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਇਸ ਮਾਤਰਾ ਤੋਂ ਵੀ ਘੱਟ ਸਾਫ਼ ਪਾਣੀ ਉਪਲਬਧ ਹੋ ਰਿਹਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਰਿਪੋਰਟ ਮੁਤਾਬਕ ਪੰਜਾਬ ਦੇ ਬਹੁਤੇ ਜ਼ਿਲ੍ਹਿਆਂ ਦੀ ਸਥਿਤੀ ਚਿੰਤਾਜਨਕ ਹੈ। ਵਿਸ਼ਵ ਸਿਹਤ ਸੰਗਠਨ ਦੁਆਰਾ ਨਿਰਧਾਰਤ ਮਾਪਦੰਡਾਂ ਮੁਤਾਬਕ ਜਿਸ ਪਾਣੀ ਦੀ ਟੀ ਡੀ ਐਸ (ਟੋਟਲ ਡਿਜਾਲਵ ਸਾਲਿਡ) 100 ਦੇ ਲਗਭਗ ਜਾਂ ਇਸ ਤੋਂ ਘੱਟ ਹੋਵੇ, ਉਹੀ ਪਾਣੀ ਪੀਣ ਦੇ ਯੋਗ ਹੁੰਦਾ ਹੈ। ਪੰਜਾਬ ਦੇ ਬਹੁਤੇ ਜ਼ਿਲ੍ਹਿਆਂ ਵਿਚ ਇਹ ਟੀ ਡੀ ਐਸ ਔਸਤਨ 165 ਚੱਲ ਰਹੀ ਹੈ, ਕਈ ਜ਼ਿਲ੍ਹਿਆਂ ਵਿਚ ਜਿੱਥੇ ਪਾਣੀ ਦੀਆਂ ਪਾਈਪਾਂ ਦੀ ਲੀਕੇਜ਼ ਹੋ ਰਹੀ ਹੈ, ਉਥੇ ਇਹ ਟੀ ਡੀ ਐਸ 165 ਤੋਂ ਵੀ ਜ਼ਿਆਦਾ ਹੈ। ਮੌਸਮ ਦਾ ਪਾਰਾ ਅਸਮਾਨ ਛੋਹਣ ਕਾਰਨ ਸਭ ਤੋਂ ਬੁਰੀ ਸਥਿਤੀ ਕੰਢੀ ਖੇਤਰ ਦੀ ਹੈ, ਜਿੱਥੇ ਚਸ਼ਮੇ, ਬਾਊਲੀਆਂ ਤੇ ਖੂਹਾਂ ਦੇ ਸੁੱਕਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਸ਼ੂਆਂ ਨੂੰ ਪਾਣੀ ਪਿਲਾਉਣਾ ਵੀ ਦੁਸ਼ਵਾਰ ਹੁੰਦਾ ਜਾ ਰਿਹਾ ਹੈ। ਮੱਟੀ, ਡੂੰਘ, ਕੋਟ, ਭਾਦਨ, ਖਰਾਸਾ, ਅਵਾਂ, ਚੋਬਾਰਾ, ਦੁਨੇਰਾ ਸਾਹਿਤ ਸ਼ਾਹਪੁਰ ਕੰਢੀ ਅਤੇ ਧਾਰ ਕਲਾਂ ਬਲਾਕ ਦੇ ਦਰਜਨਾਂ ਅਜਿਹੇ ਪਿੰਡ ਹਨ, ਜਿੱਥੇ ਪਾਣੀ ਦੀ ਸਮੱਸਿਆ ਨਾਲ ਲੋਕ ਜੂਝ ਰਹੇ ਹਨ। ਇਸੇ ਤਰ੍ਹਾਂ ਜਸਵਾਲੀ, ਝਾਖੋਲਾੜੀ, ਦਨਵਾਲ, ਘਰੋਟਾ, ਨਾਜੋਚੱਕ ਸਹਿਤ ਦਰਜਨਾਂ ਅਜਿਹੇ ਪਿੰਡ ਹਨ, ਜਿੱਥੇ ਨਲਕਿਆਂ ਦਾ ਪਾਣੀ ਹੇਠਾਂ ਜਾਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਰਾਵੀ ਪ੍ਰਾਜੈਕਟਾਂ ਬਾਰੇ ਕੇਂਦਰ ਤੇ ਪੰਜਾਬ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਲੰਘੀ 30 ਅਪ੍ਰੈਲ ਨੂੰ ਹਰਿਆਣਾ ਵਲੋਂ ਦਰਿਆ ਰਾਵੀ ਦੇ ਬਹੁਤ ਸਾਰੇ ਪ੍ਰਾਜੈਕਟਾਂ ਦੇ ਪ੍ਰਬੰਧਕੀ ਕੰਮਾਂ ਦੀ ਭਾਖੜਾ ਪ੍ਰਬੰਧਕੀ ਬੋਰਡ ਨੂੰ ਤਬਦੀਲੀ ਬਾਰੇ ਦਾਇਰ ਪਟੀਸ਼ਨ ’ਤੇ ਕੋਈ ਵੀ ਫੈਸਲਾ ਸੁਣਾਉਣ ਤੋਂ ਇਨਕਾਰ ਕਰ ਦਿੱਤਾ।

ਚੀਫ ਜਸਟਿਸ ਸ੍ਰੀ ਕੇ. ਜੀ. ਬਾਲਾਕ੍ਰਿਸ਼ਨਨ, ਜਸਟਿਸ ਦੀਪਕ ਵਰਮਾ ਅਤੇ ਜਸਟਿਸ ਐਚ. ਐਨ. ਗੋਖਲੇ ’ਤੇ ਆਧਾਰਤ ਸੁਪਰੀਮ ਕੋਰਟ ਦੇ ਬੈਂਚ ਨੇ ਇਹ ਫੈਸਲਾ ਦਿੱਤਾ। ਬੈਂਚ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਉਨ੍ਹਾਂ ਨੂੰ ਹਰਿਆਣਾ ਵਲੋਂ ਦਾਇਰ ਕੀਤੀ ਗਈ ਪਟੀਸ਼ਨ ’ਤੇ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਨ ਲਈ ਕਿਹਾ ਜਿਸ ਵਿਚ ਕਿਹਾ ਗਿਆ ਹੈ ਕਿ ਦਰਿਆ ਰਾਵੀ ‘ਤੇ ਪ੍ਰਾਜੈਕਟਾਂ ਲਈ ਰਾਜ ਸਰਕਾਰ ਨੂੰ ਕੇਂਦਰ ਵਲੋਂ ਦੰਡ ਬੰਦ ਹੋਣੇ ਚਾਹੀਦੇ ਹਨ। ਹਰਿਆਣਾ ਨੇ ਆਪਣੀ ਪਟੀਸ਼ਨ ਵਿਚ ਸੁਪਰੀਮ ਕੋਰਟ ਤੋਂ ਇਹ ਵੀ ਮੰਗ ਕੀਤੀ ਕਿ ਉਹ ਆਨੰਦਪੁਰ ਸਾਹਿਬ, ਮੁਕੇਰੀਆਂ, ਥੀਨ ਡੈਮ, ਯੂ. ਬੀ. ਡੀ. ਸੀ., ਸਟੇਜ-2 ਅਤੇ ਸ਼ਾਹਪੁਰ ਕੰਡੀ ਹਾਈਡਲ ਪਾਵਰ ਪ੍ਰਾਜੈਕਟਾਂ ਤੋਂ ਪੈਦਾ ਹੁੰਦੀ ਬਿਜਲੀ ਦੇ ਨਿਸ਼ਚਿਤ ਹਿੱਸੇ ਬਾਰੇ ਐਲਾਨਨਾਮਾ ਜਾਰੀ ਕਰੇ। ਹਰਿਆਣਾ ਨੇ ਕਿਹਾ ਕਿ ਸਤਲੁਜ, ਰਾਵੀ, ਬਿਆਸ ਦਾ ਲਾਭ ਕੇਵਲ ਪੰਜਾਬ ਨੂੰ ਹੀ ਨਹੀਂ ਮਿਲਣਾ ਚਾਹੀਦਾ ਅਤੇ ਹਰਿਆਣਾ ਵੀ ਇਨ੍ਹਾਂ ਤਿੰਨਾਂ ਦੇ ਪਾਣੀ ਤੋਂ ਪੈਦਾ ਹੁੰਦੀ ਬਿਜਲੀ ‘ਤੇ ਕਾਨੂੰਨੀ ਹੱਕ ਰੱਖਦਾ ਹੈ। ਇਸ ਲਈ ਤਿੰਨਾਂ ਦਰਿਆਵਾਂ ‘ਤੇ ਹੋ ਰਿਹਾ ਕੰਮ ਭਾਖੜਾ, ਬਿਆਸ ਪ੍ਰਬੰਧਕੀ ਬੋਰਡ ਦੁਆਰਾ ਹੋਵੇ।

# ਹਿਮਾਚਲ ਦੀ ਸਨਅਤ ਨੇ ਪੰਜਾਬ ਦੇ ਜਲ ਸਰੋਤਾਂ ਦਾ ਨਾਸ਼ ਕੀਤਾ

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਦੇ ਪੰਜਾਬ ਨਾਲ ਲਗਦੇ ਬਹੁਤ ਸਾਰੇ ਇਲਾਕੇ ਦਾ ਵੱਡੀ ਪੱਧਰ ’ਤੇ ਸਨਅਤੀਕਰਨ ਹੋਇਆ ਹੈ। ਇਨ੍ਹਾਂ ਸਨਅਤਾਂ ਦੀ ਭਰਮਾਰ ਹੋਣ ਦੇ ਕਾਰਨ ਸੂਬਾ ਸਰਕਾਰ ਤੇ ਕੇਂਦਰੀ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਟੈਕਸ ਛੋਟਾਂ ਦੇ ਨਾਲ-ਨਾਲ ਹਿਮਾਚਲ ’ਚ ਬਿਜਲੀ ਦੀ ਬਿਹਤਰ ਸਥਿਤੀ ਹੈ। ਪੰਜਾਬ ਤੋਂ ਬਹੁਤ ਸਾਰੀ ਸਨਅਤ ਉਜੜ ਕੇ ਹਿਮਾਚਲ ’ਚ ਚਲੀ ਗਈ ਹੈ। ਇਨ੍ਹਾਂ ਕਾਰਖਾਨਿਆਂ ‘ਚ ਬਹੁਤ ਸਾਰੀਆਂ ਇਕਾਈਆਂ ਦਵਾਈਆਂ ਤੇ ਹੋਰ ਕੈਮੀਕਲ ਬਣਾਉਂਦੀਆਂ ਹਨ। ਇਸ ਤੋਂ ਬਿਨਾਂ ਹੋਰ ਵੀ ਬਹੁਤ ਕੁਝ ਇਨ੍ਹਾਂ ਫੈਕਟਰੀਆਂ ‘ਚ ਬਣਾਇਆ ਜਾ ਰਿਹਾ ਹੈ ਜੋ ਵੱਡੀ ਪੱਧਰ ‘ਤੇ ਪ੍ਰਦੂਸ਼ਣ ਦਾ ਕਾਰਨ ਬਣ ਰਿਹਾ ਹੈ।

ਹਿਮਾਚਲ ਤੋਂ ਨਿਕਲਣ ਵਾਲੇ ਬਹੁਤ ਸਾਰੇ ਦਰਿਆ ਤੇ ਨਦੀਆਂ ਨਾਲੇ ਪੰਜਾਬ ਵਿਚੋਂ ਹੀ ਵਹਿੰਦੇ ਹਨ। ਜਿਹੜੀਆਂ ਸਨਅਤੀ ਇਕਾਈਆਂ ਇਸ ਪਹਾੜੀ ਰਾਜ ‘ਚ ਲੱਗੀਆਂ ਹਨ ਉਨ੍ਹਾਂ ਦਾ ਮਣਾ ਮੂੰਹੀ ਪ੍ਰਦੂਸ਼ਣ ਪੰਜਾਬ ‘ਚ ਆਉਣ ਵਾਲੇ ਦਰਿਆਵਾਂ ਤੇ ਨਦੀਆਂ ਨਾਲਿਆਂ ‘ਚ ਸੁੱਟਿਆ ਜਾ ਰਿਹਾ ਹੈ। ਦੇਸ਼ ਦੇ ਕਈ ਅਖ਼ਬਾਰ ਹਿਮਾਚਲ ਦੇ ਸਨਅਤਕਾਰਾਂ ਵਲੋਂ ਫੈਲਾਏ ਜਾ ਰਹੇ ਇਸ ਪ੍ਰਦੂਸ਼ਣ ਬਾਰੇ ਟਿੱਪਣੀਆਂ ਕਰ ਚੁੱਕੇ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਹਿਮਾਚਲ ਤੋਂ ਆਉਣ ਵਾਲੇ ਗੰਦੇ ਪਾਣੀ ਦੇ ਸੈਂਪਲਾਂ ਦੇ ਵਿਗਿਆਨਕ ਟੈਸਟ ਕੀਤੇ ਹਨ। ਇਸ ਪਾਣੀ ‘ਚ ਵੱਡੀ ਪੱਧਰ ‘ਤੇ ਦੂਸ਼ਿਤ ਪਦਾਰਥ ਪਾਏ ਗਏ ਹਨ। ਸੰਖੀਆ, ਸਿੱਕਾ, ਪਾਰਾ, ਐਲੂਮੀਨੀਅਮ ਦੇ ਤੱਤਾਂ ਦੇ ਨਾਲ-ਨਾਲ ਹੋਰ ਵੀ ਬੜੇ ਖ਼ਤਰਨਾਕ ਜ਼ਹਿਰੀਲੇ ਕੈਮੀਕਲ, ਜਿਨ੍ਹਾਂ ‘ਚ ਕਈ ਕਿਸਮ ਦੇ ਤੇਜ਼ਾਬ ਤੇ ਦਵਾਈਆਂ ਆਦਿ ਦੀ ਰਹਿੰਦ-ਖੂੰਹਦ ਹੁੰਦੀ ਹੈ, ਪੰਜਾਬ ਦੇ ਪਾਣੀ ਦੇ ਇਨ੍ਹਾਂ ਸਰੋਤਾਂ ‘ਚ ਸੁੱਟੇ ਜਾ ਰਹੇ ਹਨ। ਹਿਮਾਚਲ ਪ੍ਰਦੂਸ਼ਣ ਕੰਟਰੋਲ ਬੋਰਡ ਇਸ ਪਾਣੀ ਨੂੰ ਟਰੀਟ ਕਰਵਾਉਣ ਲਈ ਕੋਈ ਜ਼ੋਰ ਨਹੀਂ ਪਾਉਂਦਾ। ਸਗੋਂ ਉਸ ਦੇ ਅਧਿਕਾਰੀ ਝੂਠ ਹੀ ਇਹ ਦਾਅਵਾ ਕਰ ਰਹੇ ਹਨ ਕਿ ਹਿਮਾਚਲ ਤੋਂ ਤਾਂ ਕੋਈ ਦੂਸ਼ਿਤ ਤੱਤ ਪੰਜਾਬ ਦੇ ਨਦੀਆਂ ਨਾਲਿਆਂ ‘ਚ ਸੁੱਟੇ ਹੀ ਨਹੀਂ ਜਾ ਰਹੇ। ਅਖ਼ਬਾਰਾਂ ‘ਚ ਸਨਅਤੀ ਜ਼ਹਿਰੀਲਾ ਪਾਣੀ ਲਿਆਉਣ ਵਾਲੀਆਂ ਪਾਈਪਾਂ ਦੀਆਂ ਫੋਟੋਆਂ ਛਪ ਰਹੀਆਂ ਹਨ। ਕਾਲਾ ਦੂਸ਼ਿਤ ਪਾਣੀ ਸਰਸਾ ਤੇ ਹੋਰ ਨਦੀਆਂ ‘ਚ ਵਹਿੰਦਾ ਸ਼ਰ੍ਹੇਆਮ ਵੇਖਿਆ ਜਾ ਸਕਦਾ ਹੈ। ਪੰਜਾਬ ਦੇ ਇਨ੍ਹਾਂ ਨਦੀਆਂ-ਨਾਲਿਆਂ ਕੰਢੇ ਵਸੇ ਪਿੰਡਾਂ ਦੇ ਲੋਕਾਂ ‘ਚ ਵੱਡੀ ਪੱਧਰ ‘ਤੇ ਚਮੜੀ ਦੀਆਂ ਬਿਮਾਰੀਆਂ ਫੈਲ ਰਹੀਆਂ ਹਨ। ਇਸ ਤੋਂ ਕੈਂਸਰ ਦਾ ਪ੍ਰਕੋਪ ਵੀ ਕਾਫ਼ੀ ਵਧ ਗਿਆ ਹੈ। ਪਸ਼ੂਆਂ ਦੇ ਦੁੱਧ ‘ਚ ਵੀ ਇਹ ਖ਼ਤਰਨਾਕ ਤੱਤ ਪਾਏ ਜਾ ਰਹੇ ਹਨ। ਸਾਇਬੇਰੀਆ ਤੋਂ ਸਰਦੀਆਂ ‘ਚ ਆਉਣ ਵਾਲੇ ਪ੍ਰਵਾਸੀ ਪੰਛੀਆਂ ਦੀ ਆਮਦ ‘ਚ ਭਾਰੀ ਕਮੀ ਪਾਈ ਜਾ ਰਹੀ ਹੈ। ਪੰਜਾਬ ‘ਚ ਸਤਲੁਜ ਤੇ ਬਿਆਸ ਦੇ ਪਾਣੀ ਦਾ ਰੰਗ ਹਿਮਾਚਲ ਦੇ ਦੂਸ਼ਿਤ ਪਾਣੀ ਕਾਰਨ ਬਦਲ ਗਿਆ ਹੈ। ਪਸ਼ੂ ਅਕਸਰ ਇਹ ਦੂਸ਼ਿਤ ਪਾਣੀ ਪੀ ਲੈਂਦੇ ਹਨ ਤੇ ਉਨ੍ਹਾਂ ਨੂੰ ਵੀ ਬਹੁਤ ਸਾਰੀਆਂ ਬਿਮਾਰੀਆਂ ਲੱਗ ਗਈਆਂ ਹਨ। ਜਿਨ੍ਹਾਂ ਫ਼ਸਲਾਂ ਨੂੰ ਦਰਿਆਵਾਂ ਦਾ ਪਾਣੀ ਲੱਗਦਾ ਹੈ ਉਨ੍ਹਾਂ ਦੀ ਤਾਸੀਰ ਵੀ ਬਦਲ ਰਹੀ ਹੈ। ਪਰ ਫ਼ਿਰ ਵੀ ਹਿਮਾਚਲ ਦੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਬੜੇ ਅਨੈਤਿਕ ਢੰਗ ਨਾਲ ਹਿਮਾਚਲ ਦੀਆਂ ਪ੍ਰਦੂਸ਼ਣ ਫੈਲਾਉਣ ਵਾਲੀਆਂ ਸਨਅਤਾਂ ਨੂੰ ਕਲੀਨ ਚਿੱਟ ਦੇ ਰਹੇ ਹਨ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਤੇ ਪੰਜਾਬ ਸਰਕਾਰ ਨੇ ਹਿਮਾਚਲ ਸਰਕਾਰ ਨੂੰ ਇਸ ਸਾਰੇ ਖਤਰਨਾਕ ਵਰਤਾਰੇ ਬਾਰੇ ਕਈ ਵਾਰ ਲਿਖਿਆ ਹੈ। ਪਰ ਹਿਮਾਚਲ ਸਰਕਾਰ ਇਸ ਠੋਸ ਸੱਚਾਈ ਨੂੰ ਵੀ ਮੰਨਣ ਨੂੰ ਤਿਆਰ ਨਹੀਂ। ਪੰਜਾਬ ਸਰਕਾਰ ਨੂੰ ਹੁਣ ਤੱਕ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਕੋਲ ਹਿਮਾਚਲ ਸਰਕਾਰ ਦੇ ਗਲਤ ਵਿਵਹਾਰ ਬਾਰੇ ਲਿਖਣਾ ਚਾਹੀਦਾ ਸੀ। ਪੰਜਾਬ ‘ਚ ਇਸ ਵੇਲੇ ਅਕਾਲੀ-ਭਾਜਪਾ ਸਰਕਾਰ ਸੱਤਾ ਭੋਗ ਰਹੀ ਹੈ। ਹਿਮਾਚਲ ‘ਚ ਵੀ ਭਾਜਪਾ ਦਾ ਰਾਜ ਹੈ। ਇਤਫ਼ਾਕ ਨਾਲ ਪੰਜਾਬ ਦੇ ਸਨਅਤ ਮੰਤਰੀ ਭਾਜਪਾ ਦੇ ਹੀ ਲੀਡਰ ਹਨ। ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਹਿਮਾਚਲ ਦੇ ਸਨਅਤ ਮੰਤਰੀ ਨੂੰ ਇਸ ਬਾਰੇ ਲਿਖਦੇ ਤੇ ਉਸ ਨਾਲ ਮੁਲਾਕਾਤ ਕਰਕੇ ਇਸ ਪ੍ਰਦੂਸ਼ਣ ਨੂੰ ਬੰਦ ਕਰਵਾਉਂਦੇ। ਹਿਮਾਚਲ ਦੇ ਮੁੱਖ ਮੰਤਰੀ ਦਾ ਸਬੰਧ ਵੀ ਜਲੰਧਰ ਸ਼ਹਿਰ ਨਾਲ ਰਿਹਾ ਹੈ ਤੇ ਅਜੇ ਵੀ ਹੈ। ਪੰਜਾਬ ਦੇ ਮੁੱਖ ਮੰਤਰੀ ਤੇ ਸਨਅਤ ਮੰਤਰੀ ਆਪਣਾ ਸਿਆਸੀ ਰਸੂਖ ਵਰਤ ਕੇ ਹਿਮਾਚਲ ਸਰਕਾਰ ‘ਤੇ ਦਬਾਅ ਬਣਾ ਸਕਦੇ ਸਨ ਕਿ ਉਹ ਪੰਜਾਬ ਦੇ ਜਲ ਸਰੋਤਾਂ ਨੂੰ ਦੂਸ਼ਿਤ ਕਰਨਾ ਬੰਦ ਕਰੇ। ਪਰ ਅਕਾਲੀ-ਭਾਜਪਾ ਲੀਡਰਸ਼ਿਪ ਨੇ ਇਸ ਮਹੱਤਵਪੂਰਨ ਮਾਮਲੇ ਬਾਰੇ ਰਿਵਾਇਤੀ ਚਿੱਠੀਆਂ ਤੋਂ ਅਗਾਂਹ ਕੋਈ ਕਾਰਵਾਈ ਨਹੀਂ ਕੀਤੀ।




**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 80 ਡਾਲਰ, ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤ ਤੇ ਪਾਕਿਸਤਾਨ ਜੋਟੀ ਪਾਉਣ ਲਈ ਮਜ਼ਬੂਰ

**ਜਸਵੀਰ ਸਿੰਘ ਸ਼ੀਰੀ**

ਪਿਛਲੇ ਹਫਤੇ ਕੁ ਭਰ ਦੇ ਸਮੇਂ ਵਿਚ ਹੀ ਭਾਰਤ-ਪਾਕਿਸਤਾਨ ਵਿਚ ਖਾਸ ਕਰਕੇ ਅਤੇ ਦੱਖਣ ਏਸ਼ੀਆ ਵਿਚ ਆਮ ਕਰਕੇ, ਕੁਝ ਮਹੱਤਵਪੂਰਨ ਰਾਜਨੀਤਕ ਸਰਗਰਮੀਆਂ ਵਾਪਰੀਆਂ ਹਨ। ਇਕ ਪਾਸੇ ਤਾਂ ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਜਿਹੇ ਮੁਲਕਾਂ ਵਲੋਂ ਭਾਰਤ ਸਰਕਾਰ ਨੂੰ ਉਸਦੀ ਰਾਜਧਾਨੀ ਸਮੇਤ ਵੱਡੇ ਸ਼ਹਿਰਾਂ ਵਿਚ ਅਤਿਵਾਦੀ ਹਮਲਿਆਂ ਦੀਆਂ ਚੇਤਾਵਨੀਆਂ ਦਿੱਤੀਆਂ ਗਈਆਂ ਹਨ ਅਤੇ ਦੂਜੇ ਪਾਸੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਗੱਲਬਾਤ ਦਾ ਸਿਲਸਿਲਾ ਮੁੜ ਤੋਂ ਰਾਹ ਪੈਂਦਾ ਵਿਖਾਈ ਦੇ ਰਿਹਾ ਹੈ। ਇਸ ਦੇ ਨਾਲ ਹੀ ਜੰਮੂ-ਕਸ਼ਮੀਰ ਵਿਚੋਂ ਅਤਿਵਾਦੀ ਹਮਲਿਆਂ ਸਬੰਧੀ ਅਫਵਾਹਾਂ ਫੈਲਾਉਣ ਵਾਲੇ ਇਕ ਵਿਅਕਤੀ ਦੀ ਗ੍ਰਿਫ਼ਤਾਰੀ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਉਧਰ ਭਾਰਤੀ ਡਿਪਲੋਮੈਟ ਮਾਧੁਰੀ ਗੁਪਤਾ ਦੇ ਜਸੂਸੀ ਕਾਂਡ ਨੇ ਭਾਰਤ ਦੇ ਸਿਆਸੀ ਐਲੀਟ ਨੂੰ ਫਿਕਰਾਂ ਵਿਚ ਪਾਇਆ ਹੋਇਆ ਹੈ। ਮੁੰਬਈ ਹਮਲਿਆਂ ਵਿਚ ਗ੍ਰਿਫ਼ਤਾਰ ਇਸਲਾਮਿਕ ਅਤਿਵਾਦੀ ਅਜ਼ਮਲ ਆਮਿਰ ਕਾਸਬ ਨੂੰ ਸਜ਼ਾ ਸਬੰਧੀ ਫੈਸਲਾ ਵੀ ਸਾਹਮਣੇ ਆ ਚੁੱਕਾ ਹੈ।

ਸਾਰੀ ਸਥਿਤੀ ਉਪਰ ਨਜ਼ਰ ਰੱਖਣ ਵਾਲੀਆਂ ਧਿਰਾਂ ਆਖ ਰਹੀਆਂ ਹਨ ਕਿ ਅਮਰੀਕਾ ਅਤੇ ਉਸਦੇ ਜੋਟੀਦਾਰ ਪੱਛਮੀ ਮੁਲਕ ਮੌਜੂਦਾ ਸਥਿਤੀ ਉਪਰ ਕਿਸੇ ਵੀ ਤਰ੍ਹਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਵਾਲੀ ਹਾਲਤ ਨਹੀਂ ਚਾਹੁੰਦੇ, ਭਾਵੇਂ ਦੋਹਾਂ ਮੁਲਕਾਂ ਦੀ ਆਪਸੀ ਮਸਲਿਆਂ 'ਤੇ ਅੜੀ ਇਨ੍ਹਾਂ ਨੂੰ ਟਕਰਾ ਵਲ ਧੱਕ ਰਹੀ ਹੈ। ਇਸ ਕਿਸਮ ਦੀਆਂ ਖ਼ਬਰਾਂ ਵੀ ਹਨ ਕਿ ਪਾਕਿਸਤਾਨ ਨੇ ਭਾਰਤ-ਪਾਕਿਸਤਾਨ ਸਰਹੱਦ ਤੋਂ ਇਕ ਲੱਖ ਦੇ ਕਰੀਬ ਫੌਜੀ ਹਟਾ ਕੇ ਆਪਣੇ ਅਫਗਾਨਿਸਤਾਨ ਦੀ ਸਰਹੱਦ ਨਾਲ ਲੱਗਦੇ ਗੜਬੜਗ੍ਰਸਤ ਇਲਾਕਿਆਂ ਵਿਚ ਤਾਇਨਾਤ ਕਰ ਦਿੱਤੇ ਹਨ।

ਨਵੀਂ ਸਥਿਤੀ ਵਿਚ ਅਮਰੀਕਾ, ਭਾਰਤ ਅਤੇ ਪਾਕਿਸਤਾਨੀ ਪ੍ਰਸ਼ਾਸਨ ਦੀ ਖ਼ੁਦ ਵੀ, ਸਭ ਤੋਂ ਵੱਡੀ ਸਿਰਦਰਦੀ ਅਲਕਾਇਦਾ ਅਤੇ ਤਾਲਿਬਾਨੀ ਖਾੜਕੂਆਂ ਨਾਲ ਨਜਿੱਠਣ ਦੀ ਹੈ। ਇਨ੍ਹਾਂ ਮੁਲਕਾਂ ਦੀ ਇਹ ਲੋੜ ਬੀਤੇ ਦਿਨੀਂ ਹੋਏ ਸਾਰਕ ਸੰਮੇਲਨ ਵਿਚ ਵੀ ਵਿਖਾਈ ਦਿੱਤੀ। ਇਥੇ ਇਕੱਠੇ ਹੋਏ ਭੂਟਾਨ, ਬੰਗਲਾਦੇਸ਼, ਪਾਕਿਸਤਾਨ, ਅਫਗਾਨਿਸਤਾਨ, ਨੇਪਾਲ, ਸ੍ਰੀਲੰਕਾ ਤੇ ਮਾਲਦੀਵ ਜਿਹੇ ਮੁਲਕਾਂ ਦੇ ਨੇਤਾਵਾਂ ਨੇ ਉਂਜ ਇਹ ਤੱਥ ਨੋਟ ਕੀਤਾ ਕਿ ਸਾਰਕ ਮੁਲਕਾਂ ਵਿਚਾਲੇ ਜਿੰਨੀ ਸਾਂਝ ਅਤੇ ਸਹਿਯੋਗ ਹੋ ਸਕਦਾ ਸੀ, ਉਹ ਹੋ ਨਹੀਂ ਸਕਿਆ। ਇਸ ਦਾ ਪ੍ਰਮੁਖ ਕਾਰਨ ਅਸਲ ਵਿਚ ਭਾਰਤ ਅਤੇ ਪਾਕਿਸਤਾਨ ਦੀ ਆਪਸੀ ਦੁਸ਼ਮਣੀ ਹੀ ਹੈ। ਇਸ ਦੁਸ਼ਮਣੀ ਦੇ ਹੱਲ ਲਈ ਭਾਰਤ ਹਮੇਸ਼ਾ ਅਤਿਵਾਦ ਦੇ ਖਾਤਮੇ ਦੀ ਮੰਗ ਕਰਦਾ ਰਿਹਾ ਹੈ ਅਤੇ ਪਾਕਿਸਤਾਨ ਕਸ਼ਮੀਰ ਦੇ ਮਸਲੇ ਨੂੰ ਸੁਲਝਾਉਣ ਦੀ ਮੰਗ ਕਰਦਾ ਰਿਹਾ ਹੈ। ਫਿਰ ਵੀ ਇਹ ਹਾਂ-ਪੱਖੀ ਗੱਲ ਹੀ ਕਹੀ ਜਾਵੇਗੀ ਕਿ ਭੂਟਾਨ ਵਿਚ ਥਿੰਪੂ ਵਿਖੇ ਹੋਏ 16ਵੇਂ ਸਾਰਕ ਸਿਖਰ ਸੰਮੇਲਨ ਵਿਚ ਦੋਹਾਂ ਮੁਲਕਾਂ ਦੇ ਆਗੂਆਂ ਨੇ ਆਪਸੀ ਗੱਲਬਾਤ ਅੱਗੇ ਤੋਰਨ ਲਈ ਅਹਿਦ ਕੀਤਾ। ਇਸ ਸੰਮੇਲਨ ਦੌਰਾਨ ਡਾ. ਮਨਮੋਹਨ ਸਿੰਘ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੂੰ ਬੜੇ ਨਿੱਘੇ ਮਾਹੌਲ ਵਿਚ ਮਿਲੇ ਅਤੇ ਸਾਰਥਕ ਕਿਸਮ ਦੀ ਗੱਲਬਾਤ ਕੀਤੀ। ਦੋਹਾਂ ਨੇ ਆਪਸੀ ਗੱਲਬਾਤ ਦੀ ਬਹਾਲੀ ਨੂੰ ਤਰਜ਼ੀਹ ਦਿੱਤੀ।

ਇਥੇ ਜ਼ਿਕਰਯੋਗ ਹੈ ਕਿ 16 ਜੁਲਾਈ, 2009 ਦੀ ਮਿਸਰ ਵਿਚ ਹੋਈ ਗੱਲਬਾਤ ਤੋਂ ਪਿਛੋਂ ਡਾ. ਮਨਮੋਹਨ ਸਿੰਘ ਅਤੇ ਗਿਲਾਨੀ ਵਿਚਕਾਰ ਇਹ ਦੂਜੀ ਮੁਲਾਕਾਤ ਸੀ। ਅਲ ਸ਼ੇਖ ਵਾਲੀ ਮੁਲਾਕਾਤ ਤੋਂ ਪਿਛੋਂ ਕਾਫੀ ਵਿਵਾਦ ਖੜ੍ਹਾ ਹੋ ਗਿਆ ਸੀ ਕਿਉਂਕਿ ਪਾਕਿਸਤਾਨ ਨੇ ਮੁੰਬਈ ਹਮਲਿਆਂ ਨੂੰ ਗੱਲਬਾਤ ਵਿਚੋਂ ਬਾਹਰ ਰੱਖਣ ਦੀ ਕੋਸ਼ਿਸ਼ ਕੀਤੀ ਸੀ ਅਤੇ ਬਲੋਚਿਸਤਾਨ ਵਿਚ ਫੈਲੇ ਅਤਿਵਾਦ ਨੂੰ ਗੱਲਬਾਤ ਦਾ ਹਿੱਸਾ ਬਣਾਉਣ ਦੀ ਯਤਨ ਕੀਤਾ ਸੀ। ਭਾਰਤ ਦੇ ਵਿਦੇਸ਼ ਸਕੱਤਰ ਨਿਰੂਪਮਾ ਰਾਓ ਅਨੁਸਾਰ ਦੋਹਾਂ ਆਗੂਆਂ ਵਿਚਾਲੇ ਖੁੱਲ੍ਹੇ ਮਾਹੌਲ ਵਿਚ ਗੱਲਬਾਤ ਹੋਈ। ਇਸ ਦੌਰਾਨ ਵਿਦੇਸ਼ ਮੰਤਰੀਆਂ ਅਤੇ ਵਿਦੇਸ਼ ਸਕੱਤਰਾਂ ਦੇ ਪੱਧਰ ਦੀ ਗੱਲਬਾਤ ਮੁੜ ਤੋਂ ਸ਼ੁਰੂ ਕਰਨ ਦਾ ਫੈਸਲਾ ਵੀ ਕੀਤਾ ਗਿਆ।

ਉਧਰ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ੍ਰੀ ਸ਼ਾਹ ਮੁਹੰਮਦ ਕੁਰੈਸ਼ੀ ਨੇ ਵੀ ਇਹ ਨੋਟ ਕੀਤਾ ਹੈ ਕਿ ਜਲਦੀ ਹੀ ਭਾਰਤ ਦੇ ਵਿਦੇਸ਼ ਮੰਤਰੀਆਂ ਦੇ ਪੱਧਰ ਦੀ ਗੱਲਬਾਤ ਹੋਵੇਗੀ। ਇਥੇ ਜ਼ਿਕਰਯੋਗ ਹੈ ਕਿ 26 ਜੂਨ ਨੂੰ ਪਾਕਿਸਤਾਨ ਵਿਚ ਸਾਰਕ ਦੇਸ਼ਾਂ ਦੇ ਗ੍ਰਹਿ ਮੰਤਰੀਆਂ ਦਾ ਸੰਮੇਲਨ ਹੋ ਰਿਹਾ ਹੈ। ਇਸ ਸੰਮੇਲਨ ਦੌਰਾਨ ਦੋਹਾਂ ਦੇਸ਼ਾਂ ਦੇ ਗ੍ਰਹਿ ਮੰਤਰੀਆਂ ਵਿਚਕਾਰ ਗੱਲਬਾਤ ਹੋਣ ਦੀ ਵੀ ਸੰਭਾਵਨਾ ਹੈ। ਉਂਜ ਪਾਕਿਸਤਾਨ ਦੇ ਆਗੂਆਂ ਨੇ ਡਾ. ਮਨਮੋਹਨ ਸਿੰਘ ਨੂੰ ਵੀ ਪਾਕਿਸਤਾਨ ਦੇ ਦੌਰੇ 'ਤੇ ਆਉਣ ਦਾ ਸੱਦਾ ਦਿੱਤਾ ਹੈ।

ਸਾਰਕ ਸੰਮੇਲਨ ਵਿਚ ਡਾ. ਮਨਮੋਹਨ ਸਿੰਘ ਵਲੋਂ ਦਿੱਤੇ ਗਏ ਭਾਸ਼ਨ ਵਿਚ ਵੀ ਉਨ੍ਹਾਂ ਨੇ ਕੁਝ ਮਹੱਤਵਪੂਰਨ ਗੱਲਾਂ ਕਹੀਆਂ ਹਨ। ਉਨ੍ਹਾਂ ਇਸ ਖੇਤਰ ਦੇ ਮੁਲਕਾਂ ਵਿਚਾਲੇ ਆਰਥਿਕ ਪਾੜੇ ਨੂੰ ਖ਼ਤਮ ਕਰਨ ਉਪਰ ਵਿਸ਼ੇਸ਼ ਰੂਪ ਵਿਚ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਆਰਥਿਕ ਅਸੰਤੁਲਨ ਹੀ ਅਸਲ ਵਿਚ ਅਸ਼ਾਂਤੀ ਦਾ ਕਾਰਨ ਹੈ। ਯਾਦ ਰਹੇ, ਸਾਰਕ ਮੁਲਕਾਂ ਦੇ ਸਿਖਰ ਸੰਮੇਲਨ ਵਿਚ ਭੂਟਾਨ, ਬੰਗਲਾਦੇਸ਼, ਪਾਕਿਸਤਾਨ, ਅਫਗਾਨਿਸਤਾਨ, ਨੇਪਾਲ, ਸ੍ਰੀਲੰਕਾ ਅਤੇ ਮਾਲਦੀਵ ਜਿਹੇ ਮੁਲਕ ਆਉਂਦੇ ਹਨ। ਮਨਮੋਹਨ ਸਿੰਘ ਨੇ ਕਿਹਾ ਕਿ ਖੇਤਰੀ ਅਸੰਤੁਲਨ ਨੂੰ ਖ਼ਤਮ ਕਰਨ ਲਈ ਇਨ੍ਹਾਂ ਮੁਲਕਾਂ ਵਿਚਕਾਰ ਆਰਥਿਕ ਅਤੇ ਕਾਰੋਬਾਰੀ ਆਵਾਜਾਈ ਵਧਾਉਣੀ ਬੇਹੱਦ ਜ਼ਰੂਰੀ ਹੈ। ਇਸੇ ਸੰਦਰਭ ਵਿਚ ਉਨ੍ਹਾਂ ਕਿਹਾ ਕਿ ਪੂਰਬੀ ਅਤੇ ਦੱਖਣ-ਪੂਰਬੀ ਏਸ਼ੀਆ ਦੇ ਮੁਕਾਬਲੇ ਦੱਖਣ ਏਸ਼ੀਆ ਦੇ ਮੁਲਕਾਂ ਵਿਚ ਆਪਸੀ ਵਪਾਰ ਬਹੁਤ ਥੋੜ੍ਹਾ ਹੈ।

# ਕਾਸਬ ਮੁੰਬਈ ਹਮਲਿਆਂ ਲਈ ਦੋਸ਼ੀ ਕਰਾਰ

ਮੁਦੱਈ ਧਿਰ ਉਨ੍ਹਾਂ ਵਿਰੁਧ ਭਰੋਸੇਯੋਗ ਸਬੂਤ ਪੇਸ਼ ਨਹੀਂ ਕਰ ਸਕੀ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਲਸ਼ਕਰ ਦੇ ਬਾਨੀ ਹਾਫਿਜ਼ ਸਈਅਦ, ਜਕੀ-ਉਰ-ਰਹਿਮਾਨ ਲਖਵੀ ਤੇ ਅਬੂ ਹਮਜ਼ਾ ਸਮੇਤ 20 ਲੋੜੀਂਦੇ ਦੋਸ਼ੀਆਂ ਦਾ ਮੁੰਬਈ ਹਮਲਿਆਂ 'ਚ ਹੱਥ ਸੀ।

ਸੁਣਵਾਈ ਦੌਰਾਨ ਜਸਟਿਸ ਟਹਿਲੀਆਨੀ ਨੇ ਕਾਸਬ ਨੂੰ ਹਿੰਦੀ 'ਚ ਕਿਹਾ ਕਿ ਭਾਰਤ ਖ਼ਿਲਾਫ਼ ਯੁੱਧ ਛੇੜਨ ਸਬੰਧੀ ਉਸ 'ਤੇ ਲਗਾਏ ਗਏ ਦੋਸ਼ ਸਹੀ ਪਾਏ ਗਏ ਹਨ। ਇਸ ਦੇ ਨਾਲ ਹੀ ਕਾਸਬ ਨੂੰ ਨਿੱਜੀ ਤੌਰ 'ਤੇ ਸੀ ਐਸ ਈ ਤੇ ਕਾਮਾ ਹਸਪਤਾਲ 'ਚ ਮਾਸੂਮ ਲੋਕਾਂ ਦੇ ਕਤਲ ਦਾ ਦੋਸ਼ੀ ਠਹਿਰਾਉਂਦਿਆਂ ਅਦਾਲਤ ਨੇ ਉਸ ਨੂੰ ਕਈ ਹੋਰ ਥਾਵਾਂ 'ਤੇ ਹਮਲੇ ਕਰਨ ਤੇ ਹੱਤਿਆਵਾਂ ਲਈ ਉਕਸਾਉਣ ਦਾ ਦੋਸ਼ੀ ਵੀ ਦੱਸਿਆ। ਕਾਸਬ ਨੂੰ ਹਥਿਆਰ ਕਾਨੂੰਨ, ਗ਼ੈਰ ਕਾਨੂੰਨੀ ਗਤੀਵਿਧੀ ਰੋਕੂ ਕਾਨੂੰਨ, ਵਿਸਫੋਟਕ ਕਾਨੂੰਨ, ਰੇਲਵੇ ਕਾਨੂੰਨ ਤੇ ਹੋਰ ਕਈ ਕਾਨੂੰਨਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ, ਪਰ ਉਸ ਦੇ ਖ਼ਿਲਾਫ਼ ਲਗਾਏ ਗਏ ਧੋਖਾਧੜੀ ਵਰਗੇ ਛੋਟੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਗਿਆ ਹੈ।

ਜਸਟਿਸ ਟਹਿਲੀਆਨੀ ਨੇ ਕਿਹਾ ਕਿ 26/11 ਦੀ ਕਾਰਵਾਈ ਹੱਤਿਆ ਦੀ ਮਾਮੂਲੀ ਕਾਰਵਾਈ ਨਹੀਂ ਸੀ, ਸਗੋਂ ਇਹ ਤਾਂ ਦੇਸ਼ ਨਾਲ ਯੁੱਧ ਛੇੜਨ ਦੀ ਸਾਜ਼ਿਸ਼ ਦਾ ਇਕ ਹਿੱਸਾ ਸੀ। ਜਸਟਿਸ ਟਹਿਲੀਆਨੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਹਮਲੇ ਦੌਰਾਨ ਕਾਸਬ ਦੇ ਪਾਕਿਸਤਾਨੀ ਆਕਾ ਉਸ ਨੂੰ ਲਗਾਤਾਰ ਨਿਰਦੇਸ਼ ਦੇ ਕੇ ਅੰਤ ਤੱਕ ਲੜਨ ਲਈ ਕਹਿ ਰਹੇ ਸਨ। ਇਸ ਦੇ ਨਾਲ ਹੀ ਪਾਕਿਸਤਾਨ ਵਲੋਂ ਉਸ ਨੂੰ ਜਿਊਂਦਾ ਨਾ ਫੜੇ ਜਾਣ ਦੀਆਂ ਹਦਾਇਤਾਂ ਵੀ ਦਿੱਤੀਆਂ ਜਾ ਰਹੀਆਂ ਸਨ। ਇਸੇ ਤਰ੍ਹਾਂ ਇਸ ਹਮਲੇ 'ਚ ਸਾਜ਼ਿਸ਼ਕਾਰ ਦੱਸੇ ਗਏ ਦੋ ਭਾਰਤੀਆਂ-ਸਬਾਊਦੀਨ ਤੇ ਅੰਸਾਰੀ ਨੂੰ ਬਰੀ ਕੀਤੇ ਜਾਣਾ ਮੁਦੱਈ ਧਿਰ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਮੁਦੱਈ ਧਿਰ ਨੇ ਦਾਅਵਾ ਕੀਤਾ ਸੀ ਕਿ ਅੰਸਾਰੀ ਨੇ ਦਹਿਸ਼ਤਗਰਦਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਥਾਵਾਂ ਦਾ ਨਕਸ਼ਾ ਤਿਆਰ ਕਰਕੇ ਦਿੱਤਾ ਸੀ ਅਤੇ ਇਹ ਨਕਸ਼ਾ ਨੇਪਾਲ 'ਚ ਸਬਾਊਦੀਨ ਅਹਿਮਦ ਹਵਾਲੇ ਕਰ ਦਿੱਤਾ ਗਿਆ ਸੀ। ਆਪਣੀ ਦਲੀਲ ਨੂੰ ਪੁਖ਼ਤਾ ਕਰਨ ਲਈ ਮੁਦੱਈ ਧਿਰ ਨੇ ਨੂਰਦੀਨ ਨਾਂ ਦੇ ਇਕ ਵਿਅਕਤੀ ਨੂੰ ਗਵਾਹ ਵਜੋਂ ਪੇਸ਼ ਕੀਤਾ ਸੀ। ਨੂਰਦੀਨ ਨੇ ਗਵਾਹੀ ਦੌਰਾਨ ਕਿਹਾ ਸੀ ਕਿ ਉਸ ਦੇ ਸਾਹਮਣੇ ਹੀ ਇਹ ਨਕਸ਼ਾ ਅੰਸਾਰੀ ਨੇ ਸਬਾਊਦੀਨ ਨੂੰ ਸੌਂਪਿਆ ਸੀ। ਬਾਅਦ 'ਚ ਇਸੇ ਤਰ੍ਹਾਂ ਦਾ ਇਕ ਨਕਸ਼ਾ ਅੱਬੂ ਇਸਮਾਇਲ ਨਾਂ ਦੇ ਦਹਿਸ਼ਤਗਰਦ ਤੋਂ ਬਰਾਮਦ ਹੋਇਆ ਪਰ ਮੁਦੱਈ ਧਿਰ ਦੀਆਂ ਇਹ ਦਲੀਲਾਂ ਅਦਾਲਤ 'ਚ ਉਸ ਵੇਲੇ ਬੇਬੁਨਿਆਦ ਸਾਬਤ ਹੋਈਆਂ, ਜਦੋਂ ਉਹ ਨੂਰਦੀਨ ਦੇ ਨੇਪਾਲ ਜਾਣ ਬਾਰੇ ਕੋਈ ਠੋਸ ਸਬੂਤ ਨਾ ਦੇ ਸਕੀ। ਇਸ ਦੇ ਨਾਲ ਹੀ ਜੋ ਨਕਸ਼ਾ ਬਰਾਮਦ ਕੀਤਾ ਗਿਆ ਸੀ, ਉਹ ਬਿਲਕੁੱਲ ਸਾਫ਼ ਸੀ, ਜਦਕਿ ਇਹ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਦਹਿਸ਼ਤਗਰਦ ਅੱਬੂ ਇਸਮਾਇਲ ਤੋਂ ਬਰਾਮਦ ਹੋਣ ਕਾਰਨ ਖ਼ੂਨ ਜਾਂ ਮਿੱਟੀ ਨਾਲ ਲਿੱਬੜਿਆ ਹੋਣਾ ਚਾਹੀਦਾ ਸੀ। ਇਸ ਤੋਂ ਇਲਾਵਾ ਅਦਾਲਤ ਨੇ ਇਹ ਵੀ ਕਿਹਾ ਕਿ ਇਹ ਨਕਸ਼ਾ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਸੀ ਤੇ ਦਹਿਸ਼ਤਗਰਦਾਂ ਨੇ ਹਮਲੇ ਨੂੰ ਅੰਜਾਮ ਦੇਣ ਲਈ ਕਈ ਆਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਹੈ।

ਸਰਕਾਰੀ ਵਕੀਲ ਨੇ ਸੁਣਵਾਈ ਦੌਰਾਨ ਆਪਣੀ ਜਾਂਚ ਦੇ ਪੱਖ 'ਚ 1691 ਦਸਤਾਵੇਜ਼ ਅਤੇ 1015 ਵਸਤੂਆਂ ਪੇਸ਼ ਕੀਤੀਆਂ। ਮੁਦੱਈ ਧਿਰ ਨੇ ਇਹ ਵੀ ਸਾਬਤ ਕਰਨ ਦਾ ਯਤਨ ਕੀਤਾ ਕਿ ਲਸ਼ਕਰ ਨੇ ਇਨ੍ਹਾਂ ਹਮਲਿਆਂ ਨੂੰ ਅੰਜਾਮ ਦੇਣ ਲਈ ਪਾਕਿਸਤਾਨ ਦੇ ਸੁਰੱਖਿਆ ਤੰਤਰ ਦੀ ਵਰਤੋਂ ਕੀਤੀ ਸੀ। ਸੁਣਵਾਈ ਦੌਰਾਨ ਸਫੈਦ ਰੰਗ ਦਾ ਕੁੜਤਾ ਪਜ਼ਾਮਾ ਪਾਏ ਕਾਸਬ ਚੁੱਪ-ਚਾਪ ਖੜ੍ਹਾ ਰਿਹਾ।

## ਪਾਕਿ ਨੂੰ ਸੰਦੇਸ਼ ਹੈ ਕਾਸਬ ਦਾ ਫ਼ੈਸਲਾ:ਚਿਦੰਬਰਮ

**ਮੁੰਬਈ:** ਅਜ਼ਮਲ ਆਮਿਰ ਕਾਸਬ ਨੂੰ ਦੋਸ਼ੀ ਠਹਿਰਾਉਣ ਅਤੇ ਉਸ ਦੇ ਦੋ ਸਾਥੀਆਂ ਨੂੰ ਬਰੀ ਕੀਤੇ ਜਾਣ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਾਰਤ 'ਚ ਕਾਨੂੰਨ ਦਾ ਸਾਸ਼ਨ ਹੈ ਅਤੇ ਇਹ ਪਾਕਿਸਤਾਨ ਨੂੰ ਵੀ ਇਕ ਸੰਦੇਸ਼ ਹੈ, ਜਿੱਥੋਂ ਲਗਾਤਾਰ ਦਹਿਸ਼ਤਗਰਦੀ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ।

ਇਹ ਟਿੱਪਣੀ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਕਾਸਬ ਸਬੰਧੀ ਫ਼ੈਸਲਾ ਆਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤੀ। ਸ੍ਰੀ ਚਿਦੰਬਰਮ ਨੇ ਅਦਾਲਤੀ ਫੈਸਲੇ 'ਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਕਿਹਾ ਕਿ ਇਹ ਇਕ ਖੁੱਲ੍ਹਾ ਮੁਕੱਦਮਾ ਹੈ, ਜੋ ਕਾਨੂੰਨ ਅਨੁਸਾਰ ਚੱਲਿਆ ਅਤੇ ਇਸ ਮਾਮਲੇ 'ਚ ਦੋਸ਼ੀਆਂ ਨੂੰ ਆਪਣਾ ਬਚਾਅ ਕਰਨ ਦਾ ਵੀ ਪੂਰਾ ਮੌਕਾ ਦਿੱਤਾ ਗਿਆ ਹੈ।

## ਸਬਾਊਦੀਨ ਤੇ ਅੰਸਾਰੀ ਵਿਰੁਧ ਮੁੜ ਅਪੀਲ ਕਰਾਂਗੇ -ਸਰਕਾਰੀ ਵਕੀਲ

**ਮੁੰਬਈ:** ਮੁੰਬਈ ਹਮਲੇ 'ਚ ਕਾਸਬ ਨੂੰ ਦੋਸ਼ੀ ਤੇ ਸਬਾਊਦੀਨ ਅਹਿਮਦ ਅਤੇ ਫਹੀਮ ਅੰਸਾਰੀ ਨੂੰ ਬਰੀ ਕੀਤੇ ਜਾਣ 'ਤੇ ਟਿੱਪਣੀ ਕਰਦਿਆਂ ਮਾਮਲੇ ਦੀ ਪੈਰਵਾਈ ਕਰ ਰਹੇ ਸਰਕਾਰੀ ਵਕੀਲ ਉਜਵਲ ਨਿੱਕਮ ਨੇ ਕਿਹਾ ਕਿ ਉਹ 2 ਭਾਰਤੀ ਦੋਸ਼ੀਆਂ ਨੂੰ ਬਰੀ ਕੀਤੇ ਜਾਣ ਖ਼ਿਲਾਫ਼ ਉਚ ਅਦਾਲਤ 'ਚ ਅਪੀਲ ਕਰਨਗੇ।

ਉਨ੍ਹਾਂ ਦਾਅਵਾ ਕੀਤਾ ਕਿ ਮੁਦੱਈ ਧਿਰ ਨੇ ਤਿੰਨੇ ਦੋਸ਼ੀਆਂ ਖ਼ਿਲਾਫ਼ ਪੁਖਤਾ ਸਬੂਤ ਦਿੱਤੇ ਸਨ ਤੇ ਉਮੀਦ ਪ੍ਰਗਟਾਈ ਕਿ ਜਿਨ੍ਹਾਂ ਸਬੂਤਾਂ ਨੂੰ ਆਧਾਰ ਬਣਾ ਕੇ ਅੰਸਾਰੀ ਤੇ ਅਹਿਮਦ ਨੂੰ ਬਰੀ ਕੀਤਾ ਗਿਆ ਹੈ, ਉਨ੍ਹਾਂ ਸਬੂਤਾਂ ਨੂੰ ਹੀ ਉਚ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਾਸਬ ਵਿਰੁਧ ਆਇਆ ਫ਼ੈਸਲਾ ਇਕ ਤਰ੍ਹਾਂ ਨਾਲ ਨਿਰਦੋਸ਼ ਲੋਕਾਂ ਦੀ ਜਿੱਤ ਹੈ।

# ਸਿਰ ਫਿਰੇ ਚੀਨੀ ਡਾਕਟਰ ਹੱਥੋਂ ਭਾਰਤੀ ਡਾਕਟਰ ਹਲਾਕ

**ਨਿਊ ਯਾਰਕ:** ਕੁਨੈਕਟੀਕਟ ਸਟੇਟ ਦੇ ਬਰੈਨਫੋਰਡ ਕਸਬੇ ਵਿਚ ਚੀਨੀ ਮੂਲ ਦੇ ਇਕ ਡਾਕਟਰ ਲਿਸ਼ਾਨ ਵੈਂਗ ਨੇ ਭਾਰਤੀ ਮੂਲ ਦੇ ਇਕ ਡਾਕਟਰ ਵਜਿੰਦਰਪਾਲ ਤੂਰ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। 44 ਸਾਲਾ ਵੈਂਗ ਨੂੰ ਇਹ ਸ਼ੱਕ ਸੀ ਕਿ ਦੋ ਸਾਲ ਪਹਿਲਾਂ ਇਥੋਂ ਦੇ ਕਿੰਗਜ਼ ਬਰੁਕ ਜੁਇਸ ਮੈਡੀਕਲ ਸੈਂਟਰ ਵਿਚੋਂ ਉਸ ਨੂੰ ਨੌਕਰੀ ਤੋਂ ਡਾਕਟਰ ਵਜਿੰਦਰਪਾਲ ਤੂਰ ਨੇ ਕਢਵਾਇਆ ਸੀ। ਵੈਂਗ ਨੇ ਅਦਾਲਤ ਵਿਚ ਮੁਕੱਦਮਾ ਵੀ ਕੀਤਾ ਅਤੇ ਇੰਟਰਨੈਟ 'ਤੇ ਵੀ ਇਹ ਦਾਅਵਾ ਕੀਤਾ ਕਿ ਹਸਪਤਾਲ ਵਿਚ ਭਾਰਤੀ ਮੂਲ ਦੇ ਡਾਕਟਰ ਚੀਨੀ ਮੂਲ ਦੇ ਡਾਕਟਰਾਂ ਨਾਲ ਵਿਤਕਰਾ ਕਰਦੇ ਸਨ ਅਤੇ ਉਸ ਨੂੰ ਪਸੰਦ ਨਹੀਂ ਸਨ ਕਰਦੇ। ਲੰਘੀ 26 ਅਪਰੈਲ ਨੂੰ ਉਸ ਦਾ ਗੁੱਸਾ ਇੰਨਾ ਵਸੋਂ ਬਾਹਰ ਹੋ ਗਿਆ ਕਿ ਉਸ ਨੇ ਇਕ ਕਾਂਡੋ ਵਿਚ ਰਹਿੰਦੇ ਡਾ. ਤੂਰ ਨੂੰ ਉਦੋਂ ਗੋਲੀਆਂ ਮਾਰ ਦਿੱਤੀਆਂ ਜਦੋਂ ਉਹ ਅਜੇ ਘਰੋਂ ਕੰਮ 'ਤੇ ਜਾਣ ਲਈ ਨਿਕਲਿਆ ਹੀ ਸੀ। ਡਾ. ਤੂਰ ਯੇਲ ਯੂਨੀਵਰਸਿਟੀ ਹਸਪਤਾਲ ਵਿਚ ਫੈਲੋ ਸੀ।

ਡਾ. ਤੂਰ ਦੀ ਪੰਜ ਮਹੀਨਿਆਂ ਦੀ ਗਰਭਵਤੀ ਪਤਨੀ ਪ੍ਰਣੀਤਾ ਸਿੱਧੂ ਨੇ ਅਜੇ ਆਪਣੇ ਪਤੀ ਨੂੰ ਵਿਦਾ ਕੀਤਾ ਹੀ ਸੀ ਕਿ ਉਸ ਨੂੰ ਗੋਲੀਆਂ ਦੀ ਆਵਾਜ਼ ਸੁਣੀ। ਗੋਲੀਆਂ ਦੀ ਆਵਾਜ਼ ਸੁਣ ਕੇ ਜਦੋਂ ਉਹ ਬਾਹਰ ਆਈ ਤਾਂ ਹਮਲਾਵਰ ਨੇ ਉਸ ਉਤੇ ਵੀ ਗੋਲੀ ਚਲਾਈ ਪਰ ਉਹ ਬਚ ਗਈ ਅਤੇ ਉਸ ਨੇ ਕਾਰ ਪਿਛੇ ਲੁਕ ਕੇ ਆਪਣੀ ਜਾਨ ਬਚਾਈ। ਇਸ ਪਿਛੋਂ ਹਮਲਾਵਰ ਕਾਰ ਵਿਚ ਫਰਾਰ ਹੋ ਗਿਆ। ਡਾ. ਤੂਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਦਾ ਸਾਢੇ ਤਿੰਨ ਸਾਲ ਦਾ ਇਕ ਪੁੱਤਰ ਹੈ।

ਇਕ ਗਵਾਂਢੀ ਨੇ ਝੱਟ ਪੁਲਿਸ ਨੂੰ ਇਤਲਾਹ ਕਰ ਦਿੱਤੀ ਜਿਸ 'ਤੇ ਪੁਲਿਸ ਨੇ ਵੈਂਗ ਨੂੰ ਇਕ ਮੀਲ ਦੇ ਘੇਰੇ ਵਿਚ ਹੀ ਗ੍ਰਿਫਤਾਰ ਕਰ ਲਿਆ। ਡਾ. ਵੈਂਗ ਹੁਣ ਜੇਲ੍ਹ ਵਿਚ ਹੈ ਅਤੇ ਉਸ ਦੀ ਜ਼ਮਾਨਤ ਦੋ ਮਿਲੀਅਨ ਡਾਲਰ ਰੱਖੀ ਗਈ ਹੈ। ਪੁਲਿਸ ਅਨੁਸਾਰ ਵੈਂਗ ਕੋਲੋਂ ਦੋ ਡਾਕਟਰਾਂ ਦੇ ਅਤੇ-ਪਤੇ ਵੀ ਮਿਲੇ ਹਨ ਜੋ ਉਸ ਦੇ ਨਿਸ਼ਾਨੇ 'ਤੇ ਸਨ।

ਪਰਿਵਾਰ ਨਾਲ ਸੰਪਰਕ ਫੋਨ 203-208-1301 ਉਤੇ ਕੀਤਾ ਜਾ ਸਕਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ 'ਚ ਬਹਾਲੀ ਪਿਛੋਂ ਪੰਜਾਬ 'ਚ ਵਿਆਹ ਵਰਗਾ ਮਾਹੌਲ**

-ਬਰਾਤ ਪਾਕਿਸਤਾਨ ਜਾਊਗੀ ਕਿ ਦੁਲਹਨ ਪਹਿਲਾਂ ਵਾਂਗ ਆਪੇ ਆਊਗੀ?

***ਬਾਦਲਕਿਆਂ ਨੂੰ ਫਤਹਿ ਦਿਵਸ ਮਨਾਉਣ ਦਾ ਕੋਈ ਇਖਲਾਕੀ ਅਧਿਕਾਰ ਨਹੀਂ-ਖਾਲੜਾ ਮਿਸ਼ਨ**

-ਕਿਉਂ ਨਹੀਂ? ਬਾਪ ਮੁੱਖ ਮੰਤਰੀ, ਪੁੱਤ ਉਪ ਮੁੱਖ ਮੰਤਰੀ, ਨੂੰਹ ਐਮ ਪੀ, ਜਵਾਈ ਤੇ ਭਜੀਤਾ ਮੰਤਰੀ। ਹਾਕਮ ਤਾਂ ਭਾਵੇਂ ਰੋਜ਼ ਮਨਾ ਲੈਣ।

***ਵਿਦੇਸ਼ਾਂ ਵਿਚ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਏ ਨੂੰ ਪੰਜਾਬ ਸਰਕਾਰ ਵਲੋਂ ਇਸ਼ਤਿਹਾਰ ਦਿੱਤੇ ਜਾਇਆ ਕਰਨਗੇ-ਸੇਵਾ ਸਿੰਘ ਸੇਖਵਾਂ**

-ਆਪਣੇ ਹੱਕ 'ਚ ਭੁਗਤਾਉਣ ਲਈ?

***ਬੀਬੀ ਭੱਠਲ ਫੇਰ ਤੋਂ ਬਣੀ ਕੈਪਟਨ ਅਮਰਿੰਦਰ ਦੀ ਭੈਣ**

-ਯਾਨਿ ਭੱਠਲ ਅਮਰਿੰਦਰ ਦੀ ਪਾਰਟ-ਟਾਈਮ ਭੈਣ ਐ!

***ਵਰਲਡ ਕਬੱਡੀ ਕੱਪ ਸੁਖਬੀਰ ਦੀ ਵੱਡੀ ਪ੍ਰਾਪਤੀ**

-ਲੀਡਰਾਂ ਨੇ ਤਾਂ ਕੰਮ ਹੀ ਉਹ ਕਰਨਾ ਹੁੰਦੈ ਜਿਹਦੇ 'ਚ ਉਨ੍ਹਾਂ ਨੂੰ ਕੁਝ ਪ੍ਰਾਪਤ ਹੋਵੇ, ਲੋਕ ਭਾਵੇਂ ਬੇਰੁਜ਼ਗਾਰ ਹੋਏ ਧੱਕੇ ਖਾਈ ਜਾਣ।

***ਅਕਾਲੀ ਦਲ (ਪੰਚ ਪ੍ਰਧਾਨੀ) ਵਲੋਂ ਲੁੱਟ ਅਤੇ ਜ਼ਬਰ ਵਿਰੁਧ ਚੱਲ ਰਹੀ ਮਾਓਵਾਦੀ ਲਹਿਰ ਦਾ ਸਮਰਥਨ**

-ਸਮਰਥਨ ਤਾਂ ਸਿੰਘ ਗੱਦਾਰੀਆਂ ਦੇ ਵੇਲੇ ਤੋਂ ਈ ਕਰਦੇ ਆਉਂਦੇ ਐ, ਪਰ ਸਰਕਾਰੀ ਐਨਕਾਂ 'ਚੋਂ ਵੇਖਿਆਂ ਤਾਂ ਸਿੰਘ ਅਤਿਵਾਦ ਤੇ ਵੱਖਵਾਦੀ ਈ ਨਜ਼ਰ ਆਉਂਦੈ।

***ਬਾਪੂ ਕੋਲੋਂ ਮਿਲੀ ਸਰਦਾਰੀ-ਇੰਦਰਜੀਤ ਨਿੱਕੂ ਦਾ ਗੀਤ**

-ਆਪਾਂ ਕਿਹੜਾ ਸਾਂਭੀ ਐ, ਰਗੜ ਕੇ ਠੋਡੀ ਨਾਲ ਲਾ ਲਈ ਐ।

# ਵੱਡੇ ਅਧਿਕਾਰੀਆਂ ਦੇ ਹੁਕਮ ਵੀ ਨਹੀਂ ਸੁਣਦੀ ਪੰਜਾਬ ਪੁਲਿਸ

**ਮਾਨਸਾ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਪੁਲਿਸ ਵਿਭਾਗ 'ਚ ਸੁਧਾਰਾਂ ਦੇ ਕੀਤੇ ਜਾ ਰਹੇ ਵੱਡੇ-ਵੱਡੇ ਦਾਅਦਿਆਂ ਦੀ ਉਸ ਸਮੇਂ ਫੂਕ ਨਿਕਲੀ ਜਾਪਦੀ ਹੈ, ਜਦੋਂ ਪੁਲਿਸ ਵਿਭਾਗ 'ਚ ਤਾਇਨਾਤ ਅਫ਼ਸਰ ਡੀ ਜੀ ਪੀ ਅਤੇ ਏ ਡੀ ਜੀ ਪੀ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦੇ ਹੋਏ, ਉਨ੍ਹਾਂ ਵਲੋਂ ਮੰਗੀਆਂ ਜਾਂਚ ਰਿਪੋਰਟਾਂ ਨੂੰ ਕਈ-ਕਈ ਮਹੀਨੇ ਠੰਢੇ ਬਸਤੇ 'ਚ ਦਬਾ ਕੇ ਰੱਖਦੇ ਹਨ। ਇਸ ਕਾਰਨ ਪੀੜਤਾਂ ਨੂੰ ਇਨਸਾਫ਼ ਮਿਲਣ ਦੀ ਬਜਾਏ ਖੱਜਲ-ਖੁਆਰ ਹੋਣਾ ਪੈਂਦਾ ਹੈ। ਡੀ ਜੀ ਪੀ ਕੋਲ ਰੋਜ਼ਾਨਾ ਪੁਲਿਸ ਹੈਡਕੁਆਰਟਰ 'ਚ 100 ਦੇ ਕਰੀਬ ਸ਼ਿਕਾਇਤਕਰਤਾ ਆਪਣੀ ਫਰਿਆਦ ਲੈ ਕੇ ਆਉਂਦੇ ਹਨ, ਇਨ੍ਹਾਂ ਵਿਚ ਜ਼ਿਆਦਾਤਰ ਉਹੀ ਪੀੜਤ ਹੁੰਦੇ ਹਨ, ਜਿਨ੍ਹਾਂ ਦੀ ਹੇਠਲੇ ਪੱਧਰ 'ਤੇ ਕੋਈ ਸੁਣਵਾਈ ਨਹੀਂ ਹੋਈ ਹੁੰਦੀ।

ਉਧਰ ਜਦੋਂ ਪੁਲਿਸ ਮੁਖੀ ਪੀ ਐਸ ਗਿੱਲ ਇਨ੍ਹਾਂ ਨਾਲ ਸਬੰਧਤ ਮਾਮਲਿਆਂ ਵਿਚ ਜਾਂਚ ਕਰਨ ਦੇ ਹੇਠਲੇ ਅਫ਼ਸਰਾਂ ਨੂੰ ਹੁਕਮ ਦਿੰਦੇ ਹਨ ਤਾਂ ਲਗਭਗ ਕਈ-ਕਈ ਮਹੀਨਿਆਂ ਤੱਕ ਜਾਂਚ ਰਿਪੋਰਟਾਂ ਵਾਪਸ ਡੀ ਜੀ ਪੀ ਦਫ਼ਤਰ ਨਹੀਂ ਪਹੁੰਚਦੀਆਂ ਅਤੇ ਜਦੋਂ ਪਹੁੰਚਦੀਆਂ ਹਨ ਤਾਂ ਸਿਰਫ਼ ਕਾਗਜ਼ੀ ਫਾਈਲਾਂ ਬਣ ਕੇ ਰਹਿ ਜਾਂਦੀਆਂ ਹਨ। ਡੀ ਜੀ ਪੀ ਦਫ਼ਤਰ ਦੇ ਉਚ ਪੱਧਰੀ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅਨੇਕਾਂ ਹੀ ਸ਼ਿਕਾਇਤਾਂ ਤੇ ਮਾਮਲਿਆਂ ਦੀ ਜਾਂਚ ਲਈ ਰੋਜ਼ ਜ਼ਿਲ੍ਹਿਆਂ ਦੇ ਐਸ ਐਸ ਪੀਜ਼, ਆਈ ਜੀ ਜ਼ੋਨਾਂ ਅਤੇ ਆਈ ਜੀ (ਹੈਡ ਕੁਆਰਟਰ) ਨੂੰ ਲਿਖਿਆ ਜਾਂਦਾ ਹੈ ਤੇ ਘੱਟੋ-ਘੱਟ ਇੱਕ ਹਫ਼ਤੇ 'ਚ ਜਾਂਚ ਰਿਪੋਰਟ ਭੇਜਣ ਦੀਆਂ ਹਦਾਇਤਾਂ ਕੀਤੀਆਂ ਜਾਂਦੀਆਂ ਹਨ, ਪ੍ਰੰਤੂ ਇਹ ਰਿਪੋਰਟਾਂ ਕਈ-ਕਈ ਮਹੀਨਿਆਂ ਤੱਕ ਵਾਪਸ ਨਹੀਂ ਮੁੜਦੀਆਂ। ਸੂਤਰਾਂ ਦਾ ਕਹਿਣਾ ਹੈ ਕਿ ਇਸ ਸਬੰਧੀ ਡੀ ਜੀ ਪੀ ਪੀ.ਐਸ ਗਿੱਲ ਕਈ ਵਾਰੀ ਹਫ਼ਤਾਵਾਰੀ ਅਤੇ ਮਹੀਨਾਵਾਰੀ ਹੋਣ ਵਾਲੀਆਂ ਪੁਲਿਸ ਮੀਟਿੰਗਾਂ 'ਚ ਵੀ ਆਖ ਚੁੱਕੇ ਹਨ ਕਿ ਸਬੰਧਤ ਮਾਮਲਿਆਂ 'ਤੇ ਤੁਰੰਤ ਕਾਰਵਾਈ ਕਰਕੇ ਰਿਪੋਰਟਾਂ ਹੈਡਕੁਆਰਟਰ ਭੇਜੀਆਂ ਜਾਣ। ਉਧਰ ਦੂਜੇ ਪਾਸੇ ਏ ਡੀ ਜੀ ਪੀ (ਲਾਅ ਐਂਡ ਆਰਡਰ) ਦੀਆਂ ਹਦਾਇਤਾਂ ਨੂੰ ਵੀ ਹੇਠਲੇ ਪੁਲਿਸ ਅਧਿਕਾਰੀ ਟਿੱਚ ਹੀ ਜਾਣਦੇ ਹਨ ਅਤੇ ਉਨ੍ਹਾਂ ਦੇ ਹੁਕਮਾਂ 'ਤੇ ਤੁਰੰਤ ਕਾਰਵਾਈ ਕਰਨ ਦੀ ਬਜਾਏ ਫਾਈਲਾਂ ਨੂੰ ਠੰਢੇ ਬਸਤੇ ਵਿਚ ਦੱਬ ਕੇ ਰੱਖ ਦਿੰਦੇ ਹਨ ਅਤੇ ਏ ਡੀ ਜੀ ਪੀ ਵਲੋਂ ਕਈ ਵਾਰ ਰਿਮਾਈਂਡਰ ਭੇਜੇ ਜਾਣ 'ਤੇ ਵੀ ਕਾਰਵਾਈ ਨਹੀਂ ਹੁੰਦੀ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਦੀ ਇੱਕ ਤਾਜ਼ਾ ਮਿਸਾਲ ਬੀਤੇ ਦਿਨੀਂ ਇੱਕ ਪੁਲਿਸ ਮੁਲਾਜ਼ਮ ਵਲੋਂ ਲੋਕਾਂ ਨਾਲ ਕੁੱਟਮਾਰ ਕਰਨ ਦੇ ਮਾਮਲੇ ਨਾਲ ਸਬੰਧਤ ਹੈ, ਜਿਸ ਦੀ ਕਈ ਗਲਤ ਮਾਮਲਿਆਂ 'ਚ ਕਥਿਤ ਤੌਰ 'ਤੇ ਸ਼ਾਮੂਲੀਅਤ ਪਾਏ ਜਾਣ ਤੋਂ ਬਾਅਦ ਏ ਡੀ ਜੀ ਪੀ ਜੇ.ਪੀ. ਵਿਰਦੀ ਨੇ ਸਖ਼ਤ ਕਾਰਵਾਈ ਦੇ ਹੁਕਮ ਦਿੱਤੇ। ਸ੍ਰੀ ਵਿਰਦੀ ਨੇ ਆਈ ਜੀ (ਹੈਡ ਕੁਆਰਟਰ) ਪਰਾਗ ਜੈਨ ਨੂੰ 18.3.2010 ਨੂੰ ਇੱਕ ਡੀ ਓ ਨੋਟ ਨੰਬਰ 2496 ਲਿਖ ਕੇ ਹਦਾਇਤ ਕੀਤੀ ਕਿ ਦੋਸ਼ੀ ਪੁਲਿਸ ਮੁਲਾਜ਼ਮ ਨੂੰ ਤੁਰੰਤ ਤਬਦੀਲ ਕਰਕੇ ਉਸ ਦੀ ਰਿਪੋਰਟ ਭੇਜੀ ਜਾਵੇ। ਪ੍ਰੰਤੂ ਡੇਢ ਮਹੀਨਾ ਬੀਤ ਜਾਣ ਤੋਂ ਬਾਅਦ ਵੀ ਏ ਡੀ ਜੀ ਪੀ ਦੇ ਹੁਕਮਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਉਸ ਤੋਂ ਬਾਅਦ ਸ੍ਰੀ ਵਿਰਦੀ ਨੇ ਮਾਨਸਾ ਤੇ ਬਠਿੰਡਾ ਪੁਲਿਸ ਦੇ ਐਸ ਐਸ ਪੀਜ਼ ਤੋਂ ਇੱਕ ਹੋਰ ਮਾਮਲੇ 'ਚ ਜਾਂਚ ਰਿਪੋਰਟ ਮੰਗੀ। ਪ੍ਰੰਤੂ ਹਫ਼ਤਾ ਬੀਤ ਜਾਣ ਤੱਕ ਉਹ ਜਾਂਚ ਰਿਪੋਰਟਾਂ ਫਾਈਲਾਂ 'ਚ ਹੀ ਦਬ ਕੇ ਰਹਿ ਗਈ।

ਇਸੇ ਤਰ੍ਹਾਂ ਸੂਤਰਾਂ ਅਨੁਸਾਰ ਡੀ ਜੀ ਪੀ ਸ੍ਰੀ ਗਿੱਲ ਨੇ ਮਾਨਸਾ ਦੇ ਐਸ ਐਸ ਪੀ ਤੋਂ ਇੱਕ ਪੁਲਿਸ ਮੁਲਾਜ਼ਮ ਦੇ ਮਾਮਲੇ 'ਚ ਇੱਕ ਹਫ਼ਤੇ ਦੇ ਅੰਦਰ-ਅੰਦਰ ਜਾਂਚ ਰਿਪੋਰਟ ਮੰਗੀ ਸੀ, ਪ੍ਰੰਤੂ 3 ਮਹੀਨੇ ਬੀਤ ਜਾਣ ਤੱਕ ਉਹ ਰਿਪੋਰਟ ਵੀ ਡੀ ਜੀ ਪੀ ਨੂੰ ਨਹੀਂ ਭੇਜੀ ਗਈ ਅਤੇ ਪੀੜਤ ਇਨਸਾਫ਼ ਲਈ ਠੋਕਰਾਂ ਖਾ ਰਹੇ ਹਨ। ਇਸ ਸਬੰਧ ਵਿਚ ਜਦੋਂ ਏ ਡੀ ਜੀ ਪੀ (ਲਾਅ ਐਂਡ ਆਰਡਰ) ਜੇ ਪੀ ਵਿਰਦੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਦੋਸ਼ੀ ਪੁਲਿਸ ਮੁਲਾਜ਼ਮ ਨੂੰ ਬਠਿੰਡਾ ਰੇਂਜ ਤੋਂ ਬਾਰਡਰ ਰੇਂਜ ਤਬਦੀਲ ਕਰਨ ਅਤੇ ਗ੍ਰਿਫ਼ਤਾਰ ਕਰਕੇ ਕੇਸ ਦਰਜ ਕਰਨ ਦੇ ਹੁਕਮ ਕੀਤੇ ਹੋਇਆਂ ਨੂੰ ਇੱਕ ਮਹੀਨੇ ਤੋਂ ਜ਼ਿਆਦਾ ਦਾ ਸਮਾਂ ਹੋ ਗਿਆ ਹੈ। ਉਨ੍ਹਾਂ ਮੰਨਿਆ ਕਿ ਆਈ ਜੀ ਹੈਡਕੁਆਰਟਰ ਅਤੇ ਇਸ ਦੇ ਪ੍ਰਬੰਧਕੀ ਵਿੰਗ ਦੀ ਸੁਸਤ ਰਫ਼ਤਾਰ ਕਾਰਨ ਕਾਰਵਾਈ 'ਚ ਦੇਰੀ ਹੋਈ ਹੈ ਅਤੇ ਇਸ ਦੀ ਉਹ ਜਾਂਚ ਕਰਾਉਣਗੇ ਅਤੇ ਦੋਸ਼ੀ ਪਾਏ ਗਏ ਅਤੇ ਹੁਕਮ ਨਾ ਮੰਨਣ ਵਾਲੇ ਮੁਲਾਜ਼ਮਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਸੂਤਰਾਂ ਦਾ ਕਹਿਣਾ ਹੈ ਕਿ ਪੁਲਿਸ 'ਚ ਬਦਲੀਆਂ ਰੁਕਵਾਉਣ ਅਤੇ ਵੱਖ-ਵੱਖ ਮਾਮਲਿਆਂ ਦੀਆਂ ਜਾਂਚ ਰਿਪੋਰਟਾਂ ਦਬਾਉਣ ਵਿਚ ਵੱਡੇ ਪੱਧਰ 'ਤੇ ਪੈਸੇ ਦਾ ਬੋਲਬਾਲਾ ਚੱਲਦਾ ਹੈ।

## ਪੰਜਾਬ 'ਚ ਨਕਸਲੀਆਂ ਦੇ ਪੋਸਟਰ ਲੱਗਣ ਲੱਗੇ

**ਫਿਰੋਜ਼ਪੁਰ:** ਸਰਹੱਦੀ ਜ਼ਿਲ੍ਹੇ ਵਿਚ ਨਕਸਲੀਆਂ ਵਲੋਂ ਲਹਿਰ ਨੂੰ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਫਿਰੋਜ਼ਪੁਰ ਅਤੇ ਜ਼ੀਰਾ ਬਲਾਕ ਦੇ ਕੁਝ ਪਿੰਡਾਂ ਵਿਚ ਨਕਸਲੀਆਂ ਵਲੋਂ ਕੰਧਾਂ 'ਤੇ ਪੋਸਟਰ ਚਿਪਕਾ ਕੇ ਲੋਕਾਂ ਨੂੰ ਇਸ ਲਹਿਰ ਨਾਲ ਜੁੜਨ ਲਈ ਦਬਾਅ ਪਾਇਆ ਜਾ ਰਿਹਾ ਹੈ। ਇਸ ਮਾਮਲੇ ਸਬੰਧੀ ਜ਼ੀਰਾ ਪੁਲੀਸ ਵਲੋਂ ਕੁਝ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ ਪਰ ਸੂਤਰਾਂ ਮੁਤਾਬਕ ਪੋਸਟਰ ਲਗਾਉਣ ਵਾਲੇ ਕੁਝ ਵਿਅਕਤੀਆਂ ਦੀ ਗ੍ਰਿਫਤਾਰੀ ਪੁਲੀਸ ਵਲੋਂ ਕੀਤੀ ਗਈ ਹੈ।

ਗੌਰਤਲਬ ਹੈ ਕਿ ਪਿਛਲੇ ਕੁਝ ਸਮੇਂ ਤੋਂ ਨਕਸਲੀਆਂ ਵਲੋਂ ਸਰਹੱਦ ਨਾਲ ਲਗਦੇ ਪਿੰਡਾਂ ਵਿਚ ਨੌਜਵਾਨਾਂ ਨੂੰ ਨਕਸਲਵਾਦੀ ਲਹਿਰ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਫਿਰੋਜ਼ਪੁਰ ਪੁਲੀਸ ਵਲੋਂ ਹਰਨੇਕ ਸਿਘ ਨਾਂਅ ਦੇ ਅਜਿਹੀ ਨਕਸਲੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਇਸ ਲਹਿਰ ਨਾਲ ਜੁੜੇ ਲੋਕਾਂ ਦੀ ਗ੍ਰਿਫਤਾਰੀ ਨੇ ਸੂਬੇ ਵਿਚ ਨਕਸਲਵਾਦੀ ਲਹਿਰ ਦਾ ਆਗਾਜ਼ ਦਾ ਖੁਲਾਸਾ ਕੀਤਾ ਹੈ। ਇਸ ਤੋਂ ਬਾਅਦ ਹਰਕਤ ਵਿਚ ਆਈ ਸੂਬੇ ਦੀ ਪੁਲੀਸ ਅਤੇ ਖੁਫੀਆ ਵਿਭਾਗ ਵਲੋਂ ਇਸ ਲਹਿਰ ਵਿਚ ਸ਼ਾਮਿਲ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਸ਼ਤਿਹਾਰਾਂ 'ਚ ਲੋਕਾਂ ਨੂੰ ਲਹਿਰ ਨਾਲ ਜੁੜਨ ਦੇ ਨਾਲ-ਨਾਲ ਪੈਸੇ ਪੱਖੋਂ ਸਹਿਯੋਗ ਦੇਣ ਲਈ ਵੀ ਕਿਹਾ ਗਿਆ ਹੈ।

ਜ਼ੀਰਾ-ਉਤਰੀ ਪੂਰਬੀ ਰਾਜਾਂ ਵਿਚ ਦਹਿਸ਼ਤ ਫੈਲਾਉਣ ਉਪਰੰਤ ਨਕਸਲੀਆਂ ਵਲੋਂ ਪੰਜਾਬ ਵਿਚ ਪੈਰ ਪਸਾਰਨ ਲਈ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਜਿਸ ਤਹਿਤ ਉਨ੍ਹਾਂ ਵਲੋਂ ਦਾਣਾ ਮੰਡੀ ਜ਼ੀਰਾ ਵਿਖੇ ਇਸ਼ਤਿਹਾਰ ਲਗਾਏ ਜਾਣ ਦਾ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪੁਲਸ ਵਲੋਂ ਇਸ ਸਬੰਧੀ ਅਣਪਛਾਤੇ ਲੋਕਾਂ ਵਿਰੁਧ ਮਾਮਲਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ। ਪੁਲੀਸ ਵਲੋਂ ਮਾਮਲੇ ਨੂੰ ਗੁਪਤ ਰੱਖਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਫਿਰ ਵੀ ਇਲਾਕੇ ਵਿਚ ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ ਹੈ ਸੂਤਰਾਂ ਦਾ ਕਹਿਣਾ ਹੈ ਕਿ ਨਕਸਲੀਆਂ ਵਲੋਂ ਆਪਣੀਆਂ ਕਾਰਵਾਈਆਂ ਸ਼ੁਰੂ ਕਰਨ ਲਈ ਫੰਡ ਇਕੱਤਰ ਕਰਨ ਲਈ ਕੁਝ ਲੋਕਾਂ ਨੂੰ ਚਿੱਠੀਆਂ ਵੀ ਭੇਜੀਆਂ ਗਈਆਂ ਹਨ ਪਰ ਕੋਈ ਵੀ ਇਸ ਸਬੰਧੀ ਮੂੰਹ ਖੋਲ੍ਹਣ ਨੂੰ ਤਿਆਰ ਨਹੀਂ ਹੈ, ਜਿਨ੍ਹਾਂ ਲੋਕਾਂ ਨੇ ਇਹ ਇਸ਼ਤਿਹਾਰ ਦੇਖੇ ਹਨ ਉਨ੍ਹਾਂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਇਸ਼ਤਿਹਾਰ ਵਿਚ ਲਾਲ ਸਲਾਮ ਤੇ ਨਕਸਲਵਾਦ ਜ਼ਿੰਦਾਬਾਦ ਤੋਂ ਇਲਾਵਾ ਲੋਕਾਂ ਨੂੰ ਇਸ ਲਹਿਰ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ। ਜਦ ਇਸ ਸਬੰਧੀ ਡੀ.ਐਸ.ਪੀ. ਜ਼ੀਰਾ ਵਜ਼ੀਰ ਸਿੰਘ ਖਹਿਰਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਇਸ ਮਾਮਲੇ ਸਬੰਧੀ ਕੇਸ ਦਰਜ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Rana
Cell:916-502-7733

4585 Pell Dr. Secramento CA, 95838



Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public

e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਕਸ਼ਮੀਰ ਦੀ ਸਿੱਖ ਸੰਗਤ ਦੋ ਧੜਿਆਂ ’ਚ ਵੰਡੀ ਗਈ

**ਜੰਮੂ :** ਬਾਬਾ ਬੰਦਾ ਸਿੰਘ ਬਹਾਦਰ ਦੀ ਤੀਜੀ ਸ਼ਤਾਬਦੀ ਮੌਕੇ 14 ਮਈ ਨੂੰ ਸਰਹਿੰਦ (ਫਤਹਿਗੜ੍ਹ ਸਾਹਿਬ) ਵਿਖੇ ਮਨਾਏ ਜਾ ਰਹੇ ‘ਸਰਹਿੰਦ ਫਤਿਹ ਦਿਵਸ’ ਦੇ ਸਬੰਧ ‘ਚ ਰਿਆਸਤ ਜੰਮੂ ਅਤੇ ਕਸ਼ਮੀਰ ਦੀ ਸਿੱਖ ਸੰਗਤ ਦੋ ਧੜਿਆਂ ਵਿਚ ਵੰਡੀ ਗਈ ਹੈ। ਗੁਰਦੁਆਰਾ ਡਿਗਿਆਣਾ ਆਸ਼ਰਮ ਵਿਖੇ ਹੋਈ ਇਕ ਬੈਠਕ ਵਿਚ ਇਹ ਫੈਸਲਾ ਲਿਆ ਗਿਆ ਕਿ ਜੰਮੂ ਅਤੇ ਕਸ਼ਮੀਰ ਦੀਆਂ ਸੰਗਤਾਂ ਬਾਬਾ ਬੰਦਾ ਸਿੰਘ ਬਹਾਦਰ ਦਾ ‘ਸਰਹਿੰਦ ਫਤਿਹ ਦਿਵਸ’ ਜੰਮੂ ਡਿਵੀਜ਼ਨ ਵਿਚ ਹੀ ਮਨਾਉਣਗੀਆਂ।

ਸਟੇਟ ਗੁਰਦੁਆਰਾ ਬੋਰਡ ਦੇ ਪ੍ਰਧਾਨ ਤਰਲੋਚਨ ਸਿੰਘ ਵਜ਼ੀਰ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਲੀਕੇ ਪ੍ਰੋਗਰਾਮ ਉਪਰ ਅਮਲ ਕਰਦੇ ਹੋਏ ਰਿਆਸਤ ਦੀਆਂ ਜ਼ਿਲ੍ਹਾ ਗੁਰਦੁਆਰਾ ਕਮੇਟੀਆਂ ਨੇ ਇਕਜੁੱਟ ਹੋ ਕੇ ਇਸ ਦਿਹਾੜੇ ਨੂੰ ਮਨਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ 11 ਮਈ ਨੂੰ ਸਵੇਰੇ ਰਾਜੌਰੀ ਤੋਂ ਇਕ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਚਲ ਕੇ ਰਾਤ ਨੂੰ ਜੰਮੂ ਵਿਖੇ ਵਿਸ਼ਰਾਮ ਕਰੇਗਾ ਅਤੇ 12 ਤਰੀਕ ਨੂੰ ਸਵੇਰੇ ਰਿਆਸਤ ਦੇ ਮੁਖ ਮੰਤਰੀ ਉਮਰ ਅਬਦੁੱਲਾ ਇਸ ਨਗਰ ਕੀਰਤਨ ਨੂੰ ਕੇਸਰੀ ਝੰਡੀ ਦਿਖਾ ਕੇ ਅੰਮ੍ਰਿਤਸਰ ਲਈ ਰਵਾਨਾ ਕਰਨਗੇ। ਜੰਮੂ ਤੋਂ ਚੱਲ ਕੇ ਇਹ ਰਾਤ ਨੂੰ ਅੰਮ੍ਰਿਤਸਰ ਪਹੁੰਚੇਗਾ। ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਰਾਤ ਨੂੰ ਅੰਮ੍ਰਿਤਸਰ ਵਿਸ਼ਰਾਮ ਕਰਨ ਮਗਰੋਂ 13 ਮਈ ਨੂੰ ਸਰਹਿੰਦ ਜਾਵੇਗਾ ਅਤੇ ਉਥੇ 14 ਮਈ ਨੂੰ ਮਨਾਏ ਜਾ ਰਹੇ ਪ੍ਰੋਗਰਾਮ ਵਿਚ ਸ਼ਾਮਿਲ ਹੋਵੇਗਾ। ਵਜ਼ੀਰ ਨੇ ਦੱਸਿਆ ਕਿ ਇਸ ਨਗਰ ਕੀਰਤਨ ਵਿਚ 200 ਤੋਂ ਵਧ ਬੱਸਾਂ ਦਾ ਕਾਫਲਾ ਹੋਵੇਗਾ। ਇਸ ਤੋਂ ਇਲਾਵਾ ਸੰਗਤਾਂ ਆਪਣੇ ਨਿੱਜੀ ਵਾਹਨ ਵੀ ਲੈ ਕੇ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਣਗੀਆਂ। ਉਨ੍ਹਾਂ ਰਿਆਸਤ ਦੀ ਸਮੂਹ ਸੰਗਤ ਨੂੰ ਬੇਨਤੀ ਕਰਦੇ ਹੋਏ ਕਿਹਾ ਕਿ ਆਪਸੀ ਭੇਦਭਾਵ ਤੋਂ ਉਪਰ ਉੱਠ ਕੇ ਸੰਗਤਾਂ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ‘ਸਰਹਿੰਦ ਫਤਹਿ ਦਿਵਸ’ ਮੌਕੇ ਨਗਰ ਕੀਰਤਨ ਵਿਚ ਸ਼ਾਮਲ ਹੋਣ।

ਇਤਿਹਾਸਕ ਜਾਣਕਾਰੀ ਅਨੁਸਾਰ 1710 ਈਸਵੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਸਰਹਿੰਦ ਦਾ ਮੋਰਚਾ ਫਤਿਹ ਕਰਕੇ ਖ਼ਾਲਸਾ ਰਾਜ ਦੀ ਨੀਂਹ ਰੱਖੀ ਗਈ ਸੀ। ਸਿੱਖ ਜਗਤ ਲਈ ਇਸ ਇਤਿਹਾਸਕ ਤੇ ਬੇਮਿਸਾਲ ਘਟਨਾ ਦੇ 300 ਸਾਲ ਪੂਰੇ ਹੋਣ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਫਤਿਹਗੜ੍ਹ ਸਾਹਿਬ ਤੱਕ 4000 ਕਿਲੋਮੀਟਰ ਲੰਮਾ ‘ਸਰਹਿੰਦ ਫਤਿਹ ਤ੍ਰੈਸ਼ਤਾਬਦੀ ਮਾਰਚ’ ਕੱਢਿਆ ਜਾ ਰਿਹਾ ਹੈ ਪ੍ਰੰਤੂ ਜਿਸ ਚੱਪੜ ਚਿੜੀ ਦੀ ਜੰਗ ਨੇ ਖ਼ਾਲਸਾ ਰਾਜ ਦਾ ਮੁੱਢ ਬੰਨ੍ਹਿਆ ਸੀ, ਉਸ ਦੇ ਮਹਾਂਨਾਇਕ ਨੂੰ ਵਿਸਾਰ ਦਿੱਤਾ ਗਿਆ ਹੈ। ਇਸ ਜੰਗ ਦਾ ਮਹਾਂਨਾਇਕ ਸੀ ਭਾਈ ਫਤਿਹ ਸਿੰਘ, ਜਿਸ ਨੇ ਸੂਬਾ ਸਰਹਿੰਦ ਵਜ਼ੀਰ ਖਾਂ ਨੂੰ ਕਤਲ ਕਰਕੇ ਇਤਿਹਾਸਕ ਜੰਗ ਜਿੱਤੀ ਅਤੇ ਖਾਲਸਾ ਰਾਜ ਦੇ ਮੁੱਢ ’ਚ ਸਮਾਣੇ ਦੇ ਪਹਿਲੇ ਗਵਰਨਰ ਨਿਯੁਕਤ ਹੋਏ। ਭਾਈ ਫਤਿਹ ਸਿੰਘ ਸਿੱਖਾਂ ਦੇ ਚੌਥੇ ਗੁਰੂ ਰਾਮ ਦਾਸ ਜੀ ਦੇ ਪੈਰੋਕਾਰ ਅਤੇ ਭਾਈ ਭਗਤੂ ਦੇ ਪੜਪੋਤੇ ਸਨ। ਭਾਈ ਭਗਤੂ ਜੀ ਦੇ ਪੋਤਰੇ ਸੰਤ ਦਾਸ ਦੇ ਪੰਜ ਪੁੱਤਰ ਰਾਮ ਸਿੰਘ, ਫਤਿਹ ਸਿੰਘ, ਤਖ਼ਤੂ, ਬਖਤੂ ਅਤੇ ਸੰਗੂ ਸਿੰਘ ਸਨ। ਇਤਿਹਾਸਕ ਪੁਸਤਕ ‘ਦੌਰਾ ਸਾਖੀ’ ਮੁਤਾਬਕ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਭ ਤੋਂ ਪਹਿਲਾਂ ਅੰਮ੍ਰਿਤ ਭਾਈ ਫਤਿਹ ਸਿੰਘ ਨੂੰ ਛਕਾਇਆ ਸੀ। ਉਪਰੰਤ ਗੁਰੂ ਗੋਬਿੰਦ ਸਿੰਘ ਜੀ ਭਾਈ ਫਤਿਹ ਸਿੰਘ ਨਾਲ ਉਨ੍ਹਾਂ ਦੇ ਗ੍ਰਹਿ ਚੱਕ ਫਤਿਹ ਸਿੰਘ ਵਾਲਾ ਵਿਖੇ ਆਏ, ਜਿੱਥੇ ਉਹ ਸੱਤ ਦਿਨਾਂ ਤੱਕ ਰਹੇ।

ਇਹ ਪਿੰਡ ਜ਼ਿਲ੍ਹਾ ਬਠਿੰਡਾ ਦੀ ਭੁੱਚੋ ਮੰਡੀ ਤੋਂ 4 ਕੁ ਕਿਲੋਮੀਟਰ ਦੱਖਣ ਵਲ ਸਥਿਤ ਹੈ, ਜਿਸ ਜਗ੍ਹਾ ਗੁਰੂ ਸਾਹਿਬ ਠਹਿਰੇ ਸਨ, ਉਥੇ ਸ਼੍ਰੋਮਣੀ ਕਮੇਟੀ ਅਧੀਨ ਇਤਿਹਾਸਕ ਗੁਰਦੁਆਰਾ ਸਾਹਿਬ ਮੌਜੂਦ ਹੈ। ਗੁਰੂ ਸਾਹਿਬ ਨੇ ਭਾਈ ਫਤਿਹ ਸਿੰਘ ਨੂੰ ਹੀ ਦਮਦਮਾ ਸਾਹਿਬ ਦੀ ਪਹਿਲੀ ਸੇਵਾ ਸੌਂਪੀ ਸੀ। ਮੁਗਲਾਂ ਨਾਲ ਜੰਗ ਸਮੇਂ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਦੇ ਸਮੇਂ ਪੰਜ ਚਿੱਠੀਆਂ ਦਿੱਤੀਆਂ ਸਨ ਤਾਂ ਉਨ੍ਹਾਂ ‘ਚੋਂ ਇਕ ਚਿੱਠੀ ਭਾਈ ਫਤਿਹ ਸਿੰਘ ਨੂੰ ਮਿਲੀ ਸੀ। ਭਾਈ ਫਤਿਹ ਸਿੰਘ ਫੌਜ ਇਕੱਠੀ ਕਰਕੇ ਬੰਦਾ ਸਿੰਘ ਬਹਾਦਰ ਨੂੰ ਸਮਾਣਾ ਵਿਖੇ ਜਾ ਮਿਲੇ। ਸਮਾਣੇ ਦੀ ਜੰਗ ਜਿੱਤਣ ਤੋਂ ਬਾਅਦ ਭਾਈ ਫਤਿਹ ਸਿੰਘ ਨੂੰ ਸਮਾਣੇ ਦਾ ਫੌਜਦਾਰ ਬਣਾ ਦਿੱਤਾ ਗਿਆ। ਖਾਲਸੇ ਨੇ ਉਥੋਂ ਸਢੌਰਾ ਤੇ ਫਿਰ ਬਨੂੜ ਫਤਿਹ ਕੀਤੀ। ਉਪਰੰਤ ਮੁਗਲਾਂ ਤੇ ਖ਼ਾਲਸੇ ਦਰਮਿਆਨ ਵੱਡੀ ਜੰਗ ਛੱਤਬੀੜ ਵਿਖੇ ਹੋਈ। ਮੁਗਲਾਂ ਦੀ ਅਗਵਾਈ ਕਰ ਰਹੇ ਸੂਬਾ ਸਰਹਿੰਦ ਵਜ਼ੀਰ ਖਾਂ ਨੇ ਬਾਜ ਸਿੰਘ ਨੂੰ ਜ਼ਖ਼ਮੀ ਕਰ ਦਿੱਤਾ, ਜਿਸ ਉਪਰੰਤ ਭਾਈ ਫਤਿਹ ਸਿੰਘ ਅੱਗੇ ਆਏ ਅਤੇ ਉਨ੍ਹਾਂ ਵਜ਼ੀਰ ਖਾਂ ਦੀ ਗਰਦਨ ‘ਤੇ ਸ਼ਮਸ਼ੀਰ ਦਾ ਜ਼ੋਰਦਾਰ ਵਾਰ ਕਰਕੇ ਉਸ ਨੂੰ ਪਾਰ ਬੁਲਾ ਦਿੱਤਾ। ਸਰਹਿੰਦ ਫਤਿਹ ਦੇ ਨਾਲ ਹੀ ਭਾਈ ਫਤਿਹ ਸਿੰਘ ਨੂੰ ਖ਼ਾਲਸਾ ਰਾਜ ਦਾ ਸਮਾਣੇ ਦਾ ਪਹਿਲਾ ਗਵਰਨਰ ਬਣਾਇਆ ਗਿਆ। ਇਸ ਤਰ੍ਹਾਂ ਭਾਈ ਫਤਿਹ ਸਿੰਘ ਚਪੜ ਚਿੜੀ ਦੀ ਇਸ ਇਤਿਹਾਸਕ ਜੰਗ ਦੇ ਮਹਾਂਨਾਇਕ ਹੋ ਨਿੱਬੜੇ। ਭਾਈ ਫਤਿਹ ਸਿੰਘ ਨੇ ਹੀ ਜ਼ਿਲ੍ਹਾ ਬਠਿੰਡਾ ਦਾ ਭੁੱਚੋ ਮੰਡੀ ਨੇੜਲਾ ਪਿੰਡ ਚੱਕ ਫਤਿਹ ਸਿੰਘ ਵਾਲਾ ਵਸਾਇਆ ਸੀ। ਨਾਲ ਹੀ ਪਿੰਡ ਚੱਕ ਰਾਮ ਸਿੰਘ ਵਾਲਾ ਅਤੇ ਚੱਕ ਬਖ਼ਤੂ ਵੀ ਸਥਿਤ ਹੈ। ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਸਹੁਰਾ ਪਰਿਵਾਰ ਭਾਈ ਫਤਿਹ ਸਿੰਘ ਦੇ ਵਾਰਸਾਂ ਵਿਚੋਂ ਹੀ ਹੈ। ਭਾਈ ਫਤਿਹ ਸਿੰਘ ਦੀ ਪੀੜ੍ਹੀ ਦੇ ਗਿਆਰਵੇਂ ਵਾਰਸ ਅਤੇ ਸੁਰਿੰਦਰ ਕੌਰ ਬਾਦਲ ਦੇ ਚਚੇਰੇ ਭਰਾ ਕਰਤਾਰ ਸਿੰਘ ਲਾਲੀ ਨੇ ਪੰਜਾਬੀ ਯੂਨੀਵਰਸਿਟੀ ਦੇ ਰਿਕਾਰਡ ‘ਚੋਂ ਲਏ ਤੱਥ ਇਸ ਸਬੰਧੀ ਪੱਤਰਕਾਰਾਂ ਕੋਲ ਪੇਸ਼ ਕੀਤੇ।


## ਸ਼੍ਰੋਮਣੀ ਅਕਾਲੀ ਦਲ ਸੁਤੰਤਰ ਦਾ ਐਲਾਨ-11 ਮੈਂਬਰੀ ਕਮੇਟੀ ਕਾਇਮ

**ਪਟਿਆਲਾ:** ਪਟਿਆਲਾ ਵਿਖੇ ਬੀਤੀ 28 ਅਪ੍ਰੈਲ ਨੂੰ ਅਕਾਲੀ ਆਗੂਆਂ ਨੇ ਸਰਬ-ਸੰਮਤੀ ਨਾਲ ਪਰਮਜੀਤ ਸਿੰਘ ਸਹੌਲੀ ਨੂੰ ਅਕਾਲੀ ਦਲ ਸੁਤੰਤਰ ਦਾ ਕੌਮੀ ਪ੍ਰਧਾਨ ਚੁਣ ਲਿਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ. ਸਹੌਲੀ ਯੂਥ ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਸਨ।

ਇਸ ਮੌਕੇ ਅਕਾਲੀ ਦਲ ਸੁਤੰਤਰ ਦੀ 11 ਮੈਂਬਰੀ ਪ੍ਰੀਜ਼ੀਡੀਅਮ ਦਾ ਵੀ ਐਲਾਨ ਕੀਤਾ ਗਿਆ, ਜਿਸ ਵਿਚ ਜ਼ਿਲ੍ਹਾ ਪਟਿਆਲਾ ਤੋਂ ਸੁਰਜੀਤ ਸਿੰਘ ਬਾਬਰਪੁਰ, ਦਲਵੀਰ ਸਿੰਘ ਜੋਸਨ, ਰਾਜਿੰਦਰ ਸਿੰਘ ਸੋਹਲ ਐਡਵੋਕੇਟ, ਫਤਿਹਗੜ੍ਹ ਸਾਹਿਬ ਤੋਂ ਜਸਵੀਰ ਸਿੰਘ ਜਖਵਾਲੀ, ਮਹਿੰਦਰ ਸਿੰਘ ਅੰਬੇਮਾਜਰਾ, ਸੰਗਰੂਰ ਤੋਂ ਭੁਪਿੰਦਰ ਸਿੰਘ ਭੋਲਾ ਅਮਰਗੜ੍ਹ, ਮਾਨਸਾ ਤੋਂ ਗੁਰਨੈਬ ਸਿੰਘ ਭਾਈ ਦੇਸਾ, ਅੰਮ੍ਰਿਤਸਰ ਤੋਂ ਪਰਮਜੀਤ ਸਿੰਘ ਰੇਖੋ, ਪ੍ਰਦੀਪ ਸਿੰਘ ਈਸਾਪੁਰ ਅਤੇ ਤਰਨਤਾਰਨ ਤੋਂ ਗਿਆਨੀ ਹਰਚਰਨ ਸਿੰਘ ਛੱਜਲਵੱਡੀ ਨੂੰ ਸ਼ਾਮਿਲ ਕੀਤਾ ਗਿਆ।

## ਜਥੇਦਾਰ ਟੌਹੜਾ ਦੀ ਪਟੀਸ਼ਨ 26 ਵਰ੍ਹਿਆਂ ਬਾਅਦ ਰੱਦ

**ਚੰਡੀਗੜ੍ਹ :** ਸਿੱਖ ਸਿਆਸਤ ਦਾ ਥੰਮ੍ਹ ਰਹੇ ਮਰਹੂਮ



ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਇਕ ਪਟੀਸ਼ਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 26 ਵਰ੍ਹਿਆਂ ਬਾਅਦ ਰੱਦ ਕਰ ਦਿੱਤੀ। ਕਰੀਬ 27 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਜਥੇਦਾਰ ਟੌਹੜਾ ਵਲੋਂ ‘ਅਤਿਵਾਦ ਪ੍ਰਭਾਵਤ ਇਲਾਕਾ (ਵਿਸ਼ੇਸ਼ ਅਦਾਲਤ) ਕਾਨੂੰਨ’ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 26 ਸਾਲ ਪਹਿਲਾਂ ਪਾਈ ਗਈ ਸੀ। ਇਹ ਪਟੀਸ਼ਨ 29 ਅਪ੍ਰੈਲ ਨੂੰ ਚੀਫ ਜਸਟਿਸ ਮੁਕੁਲ ਮੁਦਗਲ, ਜਸਟਿਸ ਅਲੋਕ ਸਿੰਘ ਦੇ ਅਧਾਰਤ 5 ਮੈਂਬਰੀ ਬੈਂਚ ਕੋਲ ਸੁਣਵਾਈ ਲਈ ਆਈ। ਹਾਈਕੋਰਟ ਨੇ ਇਸ ਪਟੀਸ਼ਨ ਨੂੰ ਇਹ ਕਹਿੰਦਿਆਂ ਰੱਦ ਕਰ ਦਿੱਤਾ ਕਿ ਮੌਜੂਦਾ ਸਮੇਂ ‘ਚ ਇਹ ਕਾਨੂੰਨ ਲਾਗੂ ਨਹੀਂ ਰਿਹਾ ਇਸ ਲਈ ਪਟੀਸ਼ਨ ਦੀ ਕੋਈ ਤੁਕ ਨਹੀਂ ਰਹਿ ਜਾਂਦੀ। ਜਥੇਦਾਰ ਟੌਹੜਾ ਤੇ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਇਹ ਪਟੀਸ਼ਨ 1984 ‘ਚ ਉਸ ਵੇਲੇ ਪਾਈ ਸੀ ਜਦੋਂ ਉਹ ‘ਕੌਮੀ ਸੁਰੱਖਿਆ ਕਾਨੂੰਨ’ ਤਹਿਤ ਜੋਧਪੁਰ ਜੇਲ੍ਹ ‘ਚ ਨਜ਼ਰਬੰਦ ਸਨ। ਇਨ੍ਹਾਂ ਤੋਂ ਇਲਾਵਾ ਹੋਰ ਅਕਾਲੀ ਆਗੂਆਂ ਨੇ ਵੀ ਪਟੀਸ਼ਨਾਂ ਪਾਈਆਂ ਸਨ ਜਿਨ੍ਹਾਂ ਸਾਰੀਆਂ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ। ਟੌਹੜਾ ਨੇ ਇਸ ਕਾਨੂੰਨ ਨੂੰ ਇਸ ਆਧਾਰ ‘ਤੇ ਚੁਣੌਤੀ ਦਿੱਤੀ ਸੀ ਕਿ ਇਹ ਆਰਟੀਕਲ 14, 19 ਤੇ 21 ਦੇ ਵਿਰੁਧ ਹੈ। ਉਨ੍ਹਾਂ ਕਿਹਾ ਸੀ ਕਿ ਕਾਨੂੰਨ ‘ਚ ‘ਅਤਿਵਾਦ’ ਸ਼ਬਦ ਅਸਪਸ਼ਟ ਹੈ ਤੇ ਜੇਕਰ ਉਨ੍ਹਾਂ ਖਿਲਾਫ ਮਾਮਲਾ ਜੋਧਪੁਰ ‘ਚ ਚਲਾਇਆ ਗਿਆ ਤਾਂ ਉਹ ਆਪਣੇ ਕਾਨੂੰਨੀ ਸਲਾਹਕਾਰ ਨਾਲ ਮਾਮਲੇ ਨੂੰ ਵਿਚਾਰਨ ਦਾ ਲਾਭ ਨਹੀਂ ਲੈ ਸਕਣਗੇ। ਜ਼ਿਕਰਯੋਗ ਹੈ ਕਿ ਜਥੇਦਾਰ ਟੌਹੜਾ ਖਿਲਾਫ ਕਤਲ, ਇਰਾਦਾ ਕਤਲ, ਆਰਮਜ਼ ਐਕਟ ਤੇ ਵਿਸਫੋਟਕ ਸਮੱਗਰੀ ਐਕਟ ਤਹਿਤ ਕਈ ਮਾਮਲੇ ਦਰਜ ਕੀਤੇ ਗਏ ਸਨ। ਇਥੇ ਇਹ ਵੀ ਦੱਸਣਯੋਗ ਹੈ ਕਿ ਜਥੇਦਾਰ ਟੌਹੜਾ ਦੀ 31 ਮਾਰਚ 2004 ਨੂੰ ਦਿਲ ਦਾ ਦੌਰਾ ਪੈਣ ਕਾਰਨ ਦਿੱਲੀ ਵਿਖੇ ਮੌਤ ਹੋ ਗਈ ਸੀ। ਦਿਲਚਸਪ ਗੱਲ ਇਹ ਹੈ ਕਿ 26 ਸਾਲ ਪਹਿਲਾਂ ਪਾਈ ਪਟੀਸ਼ਨ ਉਨ੍ਹਾਂ ਦੀ ਮੌਤ ਤੋਂ 6 ਵਰ੍ਹਿਆਂ ਬਾਅਦ ਰੱਦ ਕੀਤੀ ਗਈ ਹੈ।


Fast Food Resturant on Sale

*Gross Sale, ½ Million *Good Franchise

*Good Location in Mall *Make a good offer

Contact Info.:(408)-623-7420 Sukh Banwait

LIQUOR STORE ON SALE

1.2 Million Net Sale

Lotto & Lottery profit ; 35 to 40 thousand yearly

*Good Location *22 Years in Business *No Competition

Make a good offer, Paper Work provided

Contact Info.:(408)-623-7420 Sukh Banwait

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ

*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ

*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ

*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

Business For Sale

ਟਰੱਕ ਰਿਪੇਅਰ ਸ਼ਾਪ ਅਤੇ ਟਰੱਕ ਵਾਸ਼ ਵਿਕਾਊ ਹੈ



ਇੰਡੀਆਨਾ ’ਚ ਹਾਈਵੇਅ 70 ਉਤੇ ਬਹੁਤ ਵਡੀ ਫੈਸਿਲਟੀ

ਨੈਟ ਆਮਦਨੀ $25000 ਮਹੀਨਾ

Asking Price $225,000

ਹੋਰ ਜਾਣਕਾਰੀ ਲਈ ਸੰਪਰਕ ਕਰੋ ਜਸਵੀਰ ਸਿੰਘ

ਫੋਨ: 916-470-5520

# ਸਤਲੁਜ ਯਮਨਾ ਲਿੰਕ ਨਹਿਰ ਦੇ ਮੁਲਾਜ਼ਮ ਕਰੋੜਾਂ 'ਚ ਪੈਂਦੇ

**ਚੰਡੀਗੜ੍ਹ:** ਪੰਜਾਬ ਸਰਕਾਰ ਪਿਛਲੇ ਦੋ ਦਹਾਕਿਆਂ ਤੋਂ ਸੁੱਕੀ ਪਈ, ਖੰਡਰ ਹੋ ਚੁੱਕੀ ਅਤੇ ਵਿਵਾਦਾਂ ਵਿਚ ਘਿਰੀ ਸਤਲੁਜ ਯਮਨਾ ਲਿੰਕ ਨਹਿਰ (ਐਸ.ਵਾਈ.ਐਲ.) ਪ੍ਰਾਜੈਕਟ ਦੇ ਸੈਂਕੜੇ ਮੁਲਾਜ਼ਮਾਂ ਤੇ ਅਧਿਕਾਰੀਆਂ ਦੀਆਂ ਤਨਖਾਹਾਂ ਉਪਰ ਹਰੇਕ ਵਰ੍ਹੇ ਕਰੋੜਾਂ ਰੁਪਏ ਖਰਚ ਰਹੀ ਹੈ। ਸਾਲ 2008-09 ਦੌਰਾਨ ਹੀ ਮੁਲਾਜ਼ਮਾਂ ਦੀਆਂ ਤਨਖਾਹਾਂ ਉੱਪਰ 33.88 ਕਰੋੜ ਰੁਪਏ ਖਰਚ ਹੋਏ ਹਨ। ਇਹ ਖਰਚੇ ਕਿਸੇ ਉਸਾਰੀ ਕੰਮਾਂ ਵਿਚ ਜੁਟੇ ਸਟਾਫ ਦੇ ਨਹੀਂ ਸਗੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਬਿੱਲ ਬਣਾਉਣ ਵਾਲੇ ਕਲੈਰੀਕਲ ਅਮਲੇ, ਡਿਜ਼ਾਇਨ ਦੇ ਕੀਤੇ ਗਏ ਕੰਮਾਂ ਦੀਆਂ ਡਰਾਇੰਗਾਂ ਆਦਿ ਦੀ ਸੰਭਾਲ ਕਰ ਰਹੇ ਟੈਕਨੀਕਲ ਸਟਾਫ ਅਤੇ ਵੱਖ-ਵੱਖ ਅਦਾਲਤਾਂ ਵਿਚ ਚਲ ਰਹੇ ਕੇਸਾਂ ਦੀ ਪੈਰਵਾਈ ਕਰਨ ਵਾਲੇ ਸਟਾਫ ਦੀਆਂ ਤਨਖਾਹਾਂ ਉਪਰ ਖਰਚ ਕੀਤੇ ਜਾ ਰਹੇ ਹਨ।

ਇਸ ਤੋਂ ਇਲਾਵਾ ਸਰਕਾਰ ਇਸ ਖੰਡਰ ਪਈ ਨਹਿਰ ਦੇ ਠੇਕੇਦਾਰਾਂ ਵਲੋਂ ਠੋਕੇ ਮੁਆਵਜ਼ੇ ਦੇ ਕਈ ਕੇਸਾਂ ਵਿਚ ਵੀ ਪਿਛਲੇ ਦੋ ਦਹਾਕਿਆਂ ਤੋਂ ਕਰੋੜਾਂ ਰੁਪਏ ਰਿਲੀਜ਼ ਕਰ ਚੁੱਕੀ ਹੈ। ਐਸ.ਵਾਈ.ਐਲ. ਪ੍ਰਾਜੈਕਟ ਦੇ ਪ੍ਰਾਈਵੇਟ ਇਮਾਰਤਾਂ ਵਿਚ ਚਲਦੇ ਦਫਤਰਾਂ ਦੇ ਕਿਰਾਇਆਂ, ਦਫਤਰੀ ਫੋਨਾਂ, ਬਿਜਲੀ ਤੇ ਪਾਣੀ ਦੇ ਬਿੱਲਾਂ, ਸਰਕਾਰੀ ਗੱਡੀਆਂ ਦੇ ਤੇਲ ਤੇ ਮੇਨਟੀਨੈਂਸ ਅਤੇ ਅਧਿਕਾਰੀਆਂ/ਮੁਲਾਜ਼ਮਾਂ ਦੇ ਟੀ.ਏ. ਤੇ ਡੀ.ਏ. ਦੇ ਬਿੱਲਾਂ ਦੇ ਖਰਚਿਆਂ ਦੇ ਖਾਤੇ ਵੱਖਰੇ ਹਨ। ਚੇਤੇ ਕਰਵਾਇਆ ਜਾਂਦਾ ਹੈ ਕਿ ਅੱਜ ਤੋਂ 20 ਸਾਲ ਪਹਿਲਾਂ ਸਾਲ 1990 'ਚ ਖਾੜਕੂਆਂ ਵਲੋਂ ਇਥੇ ਸੈਕਟਰ-26 ਸਥਿਤ ਐਸ.ਵਾਈ. ਐਲ. ਦੇ ਮੁੱਖ ਦਫਤਰ ਦੀ ਪਹਿਲੀ ਮੰਜ਼ਿਲ 'ਤੇ ਪ੍ਰਾਜੈਕਟ ਦੇ ਇਕ ਮੁੱਖ ਇੰਜਨੀਅਰ ਨੂੰ ਦਿਨ-ਦਿਹਾੜੇ ਗੋਲੀਆਂ ਨਾਲ ਉਡਾਉਣ ਤੋਂ ਬਾਅਦ ਇਸ ਪ੍ਰਾਜੈਕਟ ਦਾ ਕੰਮ ਠੱਪ ਪਿਆ ਹੈ। ਮੁੱਖ ਇੰਜਨੀਅਰ ਦੀ ਹੱਤਿਆ ਮਗਰੋਂ ਇਸ ਪ੍ਰਾਜੈਕਟ 'ਤੇ ਤਾਇਨਾਤ ਸਮੂਹ ਮੁਲਾਜ਼ਮਾਂ, ਅਧਿਕਾਰੀਆਂ ਅਤੇ ਇੰਜਨੀਅਰਾਂ ਨੇ ਫੀਲਡ ਵਿਚ ਨਹਿਰ ਦੀ ਉਸਾਰੀ ਦਾ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਨ੍ਹਾਂ 20 ਸਾਲਾਂ ਦੌਰਾਨ ਜਿੱਥੇ ਇਸ ਨਹਿਰ 'ਤੇ ਇਕ ਇੱਟ ਵੀ ਨਹੀਂ ਲੱਗੀ, ਉਥੇ ਇਹ ਪ੍ਰਾਜੈਕਟ ਅੰਤਰਰਾਜੀ ਪੱਧਰ 'ਤੇ ਕਾਨੂੰਨੀ ਤੇ ਸਿਆਸੀ ਉਲਝਣਾਂ ਵਿਚ ਫਸਣ ਕਾਰਨ ਠੱਪ ਪਿਆ ਹੈ। ਇਸ ਪ੍ਰਾਜੈਕਟ ਬਾਬਤ ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਤਹਿਤ ਹਾਸਲ ਕੀਤੀ ਜਾਣਕਾਰੀ ਅਨੁਸਾਰ ਸਾਲ 2009-2010 ਦੌਰਾਨ ਇਸ ਪ੍ਰਾਜੈਕਟ ਉਪਰ 1088 ਮੁਲਾਜ਼ਮ ਅਤੇ ਅਧਿਕਾਰੀ ਤਾਇਨਾਤ ਸਨ ਅਤੇ ਸਾਲ 2008-09 ਦੌਰਾਨ ਇਸ ਪ੍ਰਾਜੈਕਟ ਉਪਰ ਤਾਇਨਾਤ ਸਟਾਫ ਦੀਆਂ ਤਨਖਾਹਾਂ ਉੱਪਰ 33.88 ਕਰੋੜ ਰੁਪਏ ਖਰਚ ਹੋਏ ਹਨ। ਜਾਣਕਾਰ ਹਲਕਿਆਂ ਅਨੁਸਾਰ ਕਿਸੇ ਵੇਲੇ ਇਸ ਠੱਪ ਪਏ ਪ੍ਰਾਜੈਕਟ ਉਪਰ ਤਾਇਨਾਤ ਮੁਲਾਜ਼ਮ ਦੀ ਗਿਣਤੀ ਉਪਰ ਦਿੱਤੀ ਗਿਣਤੀ ਤੋਂ ਢਾਈ ਗੁਣਾ ਸੀ ਤੇ ਤਨਖਾਹਾਂ ਦੇ ਖਰਚੇ ਵੀ ਇਸ ਅੰਕੜੇ ਤੋਂ ਦੁਗਣੇ ਸਨ।

ਇਹ ਖੂਹ-ਖਾਤੇ ਪਏ ਪ੍ਰਾਜੈਕਟ ਉਪਰ ਪਹਿਲੀ ਮਾਰਚ 2009 ਦੇ ਅੰਕੜਿਆਂ ਅਨੁਸਾਰ ਇਕ ਮੁੱਖ ਇੰਜੀਨੀਅਰ 5 ਨਿਗਰਾਨ ਇੰਜਨੀਅਰ/ਡਾਇਰੈਕਟਰ, 19 ਕਾਰਜਕਾਰੀ ਇੰਜਨੀਅਰ/ਖੋਜ ਅਫਸਰ, ਇਕ-ਇਕ ਭੂਮੀ ਗ੍ਰਹਿਣ ਅਫਸਰ, ਏ.ਸੀ.ਐਫ.ਏ., ਸੁਪਰਡੈਂਟ ਗਰੇਡ-1, ਸਰਕਲ ਹੈਡ ਡਰਾਫਟਸਮੈਨ ਐਲ.ਓ. ਤੇ ਪੀ.ਏ., 16 ਐਸ.ਡੀ.ਓ./ਏ.ਆਰ.ਓ., ਦੋ ਐਸ.ਓ., 11 ਡਿਵੀਜ਼ਨਲ ਹੈਡ ਡਰਾਫਟਸਮੈਨ, 7 ਜ਼ਿਲ੍ਹਾਦਾਰ, 2 ਨਾਇਬ ਤਹਿਸੀਲਦਾਰ, 21 ਸੁਪਰਡੈਂਟ ਗਰੇਡ-2, 76 ਸੀਨੀਅਰ ਸਹਾਇਕ, 87 ਡਰਾਫਟਸਮੈਨ, 8 ਰਿਸਰਚ ਅਸਿਸਟੈਂਟ, 118 ਜੂਨੀਅਰ ਇੰਜਨੀਅਰ, 14 ਡਿਵੀਜ਼ਨਲ ਅਕਾਊਂਟੈਂਟ, 194 ਜੂਨੀਅਰ ਸਹਾਇਕ/ਕਲਰਕ, 37 ਡਰਾਫਟਸਮੈਨ, 7 ਸਟੈਨੋ ਟਾਈਪਿਸਟ, 8 ਡਰਾਈਵਰ, 272 ਦਰਜਾ-4 ਮੁਲਾਜ਼ਮ, 38 ਐਸ.ਸੀ.ਸੀ., 36 ਸਿਲਟ ਅਬਜ਼ਰਵਰ, 67 ਸਹਾਇਕ ਤੇ ਸੀਨੀਅਰ ਲੈਬਾਰਟਰੀ ਅਟੈਂਡੈਂਟ ਅਤੇ 38 ਰੀਡਰ, ਪਟਵਾਰੀ, ਦਫਤਰੀ, ਜ਼ਮਾਦਾਰ ਤੇ ਹੈਲਪਰ ਤਾਇਨਾਤ ਹਨ।

# ਕਾਂਗਰਸੀ ਦੀ ਗ੍ਰਿਫਤਾਰੀ ਤੋਂ ਪ੍ਰਸ਼ਾਸਨ ਪਿੱਛੇ ਹਟਿਆ

**ਟਾਂਡਾ:** ਬੀਤੇ ਦਿਨੀਂ ਟਾਂਡਾ ਵਿਖੇ ਰੇਲਵੇ ਫਲਾਈਓਵਰ ਦਾ ਉਦਘਾਟਨ ਹਲਕਾ ਟਾਂਡਾ ਦੇ ਵਿਧਾਇਕ ਸੰਗਤ ਸਿੰਘ ਗਿਲਜੀਆਂ ਨੇ ਆਪਣੇ ਸੈਂਕੜੇ ਸਾਥੀਆਂ ਨੂੰ ਨਾਲ ਲੈ ਕੇ ਕਰ ਦਿੱਤਾ ਸੀ, ਜਿਸ ਦਾ ਉਦਘਾਟਨ ਅਕਾਲੀ ਸਰਕਾਰ ਦੇ ਕਿੱਸੇ ਵੱਡੇ ਲੀਡਰ ਨੇ ਕਰਨਾ ਸੀ। ਇਸ ਉਦਘਾਟਨ ਨੂੰ ਲੈ ਕੇ ਥਾਣਾ ਟਾਂਡਾ ਵਿਖੇ ਵਿਧਾਇਕ ਸੰਗਤ ਸਿੰਘ ਗਿਲਜੀਆਂ ਤੇ ਉਸ ਦੇ 150 ਸਾਥੀਆਂ ਦੇ ਖਿਲਾਫ ਲੋਕ ਨਿਰਮਾਣ ਵਿਭਾਗ ਦੇ ਐੱਸ.ਡੀ.ਓ. ਪਵਨ ਕੁਮਾਰ ਦੇ ਬਿਆਨਾਂ ਦੇ ਆਧਾਰ 'ਤੇ ਪਰਚਾ ਦਰਜ ਕੀਤਾ ਗਿਆ ਸੀ, ਜਿਸ ਦੇ ਰੋਸ ਵਜੋਂ ਵਿਧਾਇਕ ਸੰਗਤ ਸਿੰਘ ਗਿਲਜੀਆਂ ਨੇ ਥਾਣਾ ਟਾਂਡਾ ਵਿਖੇ 28 ਅਪ੍ਰੈਲ ਨੂੰ ਆਪਣੇ ਸਾਥੀਆਂ ਸਮੇਤ ਪੁੱਜ ਕੇ ਗ੍ਰਿਫਤਾਰੀਆਂ ਦੇਣੀਆਂ ਸਨ। ਇਸ ਸੰਬੰਧੀ ਕਾਂਗਰਸ ਦਫਤਰ ਟਾਂਡਾ ਵਿਖੇ ਰੈਲੀ ਕੀਤੀ ਗਈ। ਰੈਲੀ 'ਚ ਸਾਬਕਾ ਕੈਬਨਿਟ ਮੰਤਰੀ ਰਮੇਸ਼ ਚੰਦਰ ਡੋਗਰਾ, ਪਵਨ ਕੁਮਾਰ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ, ਲਵ ਕੁਮਾਰ ਗੋਲਡੀ ਵਿਧਾਇਕ, ਡਾ. ਕੁਲਦੀਪ ਨੰਦਾ ਜਨਰਲ ਸਕੱਤਰ ਪੰਜਾਬ ਕਾਂਗਰਸ, ਰਜਨੀਸ਼ ਕੁਮਾਰ ਬੱਬੀ ਤੇ ਹਜ਼ਾਰਾਂ ਦੀ ਗਿਣਤੀ ਵਿਚ ਕਾਂਗਰਸੀ ਵਰਕਰ ਹਾਜ਼ਰ ਹੋਏ। ਇਸ ਦੇ ਮੱਦੇਨਜ਼ਰ ਪ੍ਰਸ਼ਾਸਨ ਪਹਿਲਾਂ ਹੀ ਮੁਸਤੈਦ ਦਿਖਾਈ ਦਿੱਤਾ। ਕਿਉਂਕਿ ਟਾਂਡਾ ਸ਼ਹਿਰ ਪੁਲਸ ਛਾਉਣੀ ਵਿਚ ਤਬਦੀਲ ਹੋਇਆ ਜਾਪ ਰਿਹਾ ਸੀ। ਰੈਲੀ ਵਾਲੀ ਜਗ੍ਹਾ 'ਤੇ ਪੁਲ ਦੇ ਆਲੇ ਦੁਆਲੇ ਭਾਰੀ ਪੁਲਸ ਫੋਰਸ ਤਾਇਨਾਤ ਸੀ। ਪ੍ਰਸ਼ਾਸਨ ਨੂੰ ਇਸ ਸਥਿਤੀ ਨੂੰ ਸੰਭਾਲਣ ਲਈ ਹੁਸ਼ਿਆਰਪੁਰ, ਜਲੰਧਰ ਤੇ ਕਪੂਰਥਲਾ ਦੀ ਪੁਲਸ ਦਾ ਸਹਾਰਾ ਲੈਣਾ ਪਿਆ।

ਕਾਂਗਰਸੀ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਰਮੇਸ਼ ਚੰਦਰ ਡੋਗਰਾ ਨੇ ਕਿਹਾ ਕਿ ਗਿਲਜੀਆਂ ਲੋਕਾਂ ਦਾ ਚੁਣਿਆ ਹੋਇਆ ਨੁਮਾਇੰਦਾ ਹੈ। ਉਨ੍ਹਾਂ ਨੇ ਇਸ ਪੁਲ ਨੂੰ ਬਣਾਉਣ 'ਚ ਅਹਿਮ ਯੋਗਦਾਨ ਪਾਇਆ ਸੀ ਇਸ ਲਈ ਉਨ੍ਹਾਂ ਨੇ ਇਸ ਕੰਪਲੀਟ ਹੋਏ ਪੁਲ ਦਾ ਉਦਘਾਟਨ ਕਰਕੇ ਕੋਈ ਗਲਤ ਕੰਮ ਨਹੀਂ ਕੀਤਾ। ਇਸ ਮੌਕੇ ਪਵਨ ਕੁਮਾਰ ਕਾਦੀਆ ਨੇ ਕਿਹਾ ਕਿ ਅਸੀਂ ਸੰਗਤ ਸਿੰਘ ਗਿਲਜੀਆਂ ਨਾਲ ਚੱਟਾਨ ਵਾਂਗ ਖੜ੍ਹੇ ਹਾਂ। ਉਨ੍ਹਾਂ ਕਿਹਾ ਕਿ ਜਾਂ ਪੁਲ ਦੀ ਦੀਵਾਰ ਖੋਲ੍ਹ ਦਿਓ ਜਾਂ ਜੇਲ੍ਹ ਦਾ ਦਰਵਾਜ਼ਾ ਖੋਲ੍ਹ ਦਿਓ। ਸੰਗਤ ਸਿੰਘ ਗਿਲਜੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਾਦਲ ਸਾਹਿਬ ਤੇ ਉਸ ਦੇ ਪੁੱਤਰ ਕੋਲ ਤਾਂ ਉਦਘਾਟਨ ਕਰਨ ਦਾ ਸਮਾਂ ਨਹੀਂ ਹੈ।

ਟਾਂਡਾ ਸ਼ਹਿਰ ਦੇ ਲੋਕਾਂ ਦੀ ਟ੍ਰੈਫਿਕ ਦੀ ਇਹ ਮੁੱਖ ਸਮੱਸਿਆ ਹੈ ਸੋ ਉਨ੍ਹਾਂ ਨੇ ਲੋਕਾਂ ਦੇ ਲਾਂਘੇ ਲਈ ਇਸ ਨੂੰ ਖੋਲ ਦਿੱਤਾ। ਪ੍ਰਸ਼ਾਸ਼ਨ ਵਲੋਂ ਹਾਲਾਤ ਨਾਜ਼ੁਕ ਦੇਖਦਿਆਂ ਹੋਇਆਂ ਐੱਸ.ਡੀ.ਐੱਮ. ਦਸੂਹਾ ਮੁਹੰਮਦ ਤਈਅਬ, ਐੱਸ.ਪੀ. ਹੈਡਕੁਆਰਟਰ ਸੁਖਵਿੰਦਰ ਸਿੰਘ, ਡੀ.ਐਸ.ਪੀ. ਦਸੂਹਾ ਬਲਜੀਤ ਸਿੰਘ ਤੇ ਪੁਲਸ ਦੇ ਹੋਰ ਅਧਿਕਾਰੀ ਰੈਲੀ ਵਾਲੀ ਜਗ੍ਹਾ 'ਤੇ ਪੁੱਜੇ ਤੇ ਸੰਗਤ ਸਿੰਘ ਤੇ ਉਸ ਦੇ ਸਾਥੀਆਂ ਤੋਂ ਮੈਮੋਰੰਡਮ ਪ੍ਰਾਪਤ ਕਰ ਲਿਆ, ਜਿਸ ਵਿਚ ਪੁਲ ਨੂੰ ਜਲਦੀ ਚਾਲੂ ਕਰਨ ਦੀ ਮੰਗ ਕੀਤੀ ਗਈ।

## Matrimonials



Ramgarhia Sikh family looking for Medico/ Engineer/ professionally qualified, under 35, issueless match from US/Canada for their Dentist (D.D.S) daughter, 31, 5'-5", PR Canada, divorced/ issueless.Contact:Email: match2k@gmail.com

Jat Sikh parents from Midwest seek suitable match for their US born, handsome, clean shaven, 26, 6'-1" Engineer son, manager in a large national corporation. Please contact: sikh5family@gmail.com

US citizen or green card holder Jatt Sikh match for US citizen girl, 25, 5'-4", Master's in accounting, working with state government. Boy on work visa can also be considered. Contact-bains1956@yahoo.com

Match for 27, 5'-2" Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data-Hsingh2222@gmail.com

Handsome Sikh, well settled, educated, divorcee issueless Punjabi Sikh gentleman, 48, 5'-10" seeks well settled, educated US citizen/visitor life partner age 40-50 with no kids, no liability. Call: 516-503-6718


MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Emirates
Asiana Airlines
KOREAN AIR
SINGAPORE AIRLINES CATHAY PACIFIC Lufthansa CHINA AIRLINES
We Also Offer Notary Service

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

Visit us on the web:
punjabtimesusa.com

NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Start Your Nursing Career Today!
Full Time
Part Time
Day & Evening

12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Choose which is right for you...
Your career is a call away. Call today!
www.ncpcollegeofnursing.com
Peninsula Campus
257 Longford Drive #5
So. San Francisco, CA 94080
1.800.339.5145
East Bay Campus
21615 Hesperian Blvd, Ste A
Hayward, CA 94541
1.800.611.4054

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰੀ ਵਲੋਂ ਮਨਜ਼ੂਰੀ ਹੈ।

# ਸੁਖਬੀਰ ਸਿੰਘ ਬਾਦਲ ਵਲੋਂ ਪੰਜਾਬੀ ਭਾਸ਼ਾ ਨਾਲ ਜੁੜਨ ਦਾ ਸੱਦਾ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 49ਵੇਂ ਸਥਾਪਨਾ ਦਿਵਸ ਮੌਕੇ ਪ੍ਰਮੁੱਖ ਪੰਜਾਬੀਆਂ ਵਲੋਂ ਪੰਜਾਬੀ ਭਾਸ਼ਾ ਨੂੰ ਸੰਚਾਰ ਦੀ ਮੁੱਖ ਭਾਸ਼ਾ ਵਜੋਂ ਅਪਣਾਏ ਜਾਣ ਅਤੇ ਸਮੂਹ ਪੰਜਾਬੀ ਬੋਲਦੇ ਖੇਤਰਾਂ ਨੂੰ ਭੁਗੋਲਿਕ ਤੌਰ 'ਤੇ ਇਕੱਠੇ ਕਰਨ ਲਈ ਸਾਂਝੇ ਯਤਨ ਕਰਨ ਦੇ ਦਿੱਤੇ ਗਏ ਸੱਦੇ ਨਾਲ ਤੀਸਰੀ ਸਰਬ ਭਾਰਤੀ ਪੰਜਾਬੀ ਕਾਨਫਰੰਸ ਦਾ ਸ਼ਾਨਦਾਰ ਆਗਾਜ਼ ਹੋਇਆ।

ਕਾਨਫਰੰਸ ਦਾ ਉਦਘਾਟਨ ਕਰਦਿਆਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਮੂਹ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਪੜ੍ਹਨ ਅਤੇ ਬੋਲਣ ਲਈ ਉਤਸ਼ਾਹਿਤ ਕਰਨ ਤਾਂ ਕਿ ਸਾਡੀ ਮਾਂ ਭਾਸ਼ਾ ਕਦੇ ਲੁਪਤ ਨਾ ਹੋਵੇ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਭਾਸ਼ਾ ਬਚਾਉਣ ਲਈ ਪੰਜਾਬੀ ਵਿਚ ਹੀ ਸੋਚਣਾ, ਪੜ੍ਹਨਾ, ਬੋਲਣਾ ਹੀ ਨਹੀਂ ਚਾਹੀਦਾ ਬਲਕਿ ਵਿਸ਼ਵ ਦੇ ਹਰ ਕੋਨੇ ਅੰਦਰ ਇਸ ਦੇ ਪ੍ਰਚਾਰ ਤੇ ਪਸਾਰ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਮੁੱਢ ਤੋਂ ਹੀ ਪੰਜਾਬੀ ਭਾਸ਼ਾ ਦਾ ਮੁਦੱਈ ਰਿਹਾ ਹੈ ਅਤੇ ਇਸ ਵਲੋਂ ਪੰਜਾਬੀ ਬੋਲਦੇ ਖੇਤਰਾਂ ਨੂੰ ਇਕੱਠੇ ਕਰਨ ਲਈ ਵੱਖ-ਵੱਖ ਸਮਿਆਂ 'ਤੇ ਕਈ ਮੋਰਚੇ ਵੀ ਲਾਏ ਗਏ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਹਾਲ ਹੀ ਵਿਚ ਰਾਜ ਅੰਦਰ ਦਫਤਰੀ ਕੰਮ ਕਾਜ਼ ਪੰਜਾਬੀ ਭਾਸ਼ਾ ਵਿਚ ਕਰਨਾ ਲਾਜ਼ਮੀ ਬਣਾਉਣ ਲਈ ਇੱਕ ਕਾਨੂੰਨ ਬਣਾਇਆ ਹੈ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਤੱਕ ਵੀ ਉਥੋਂ ਦੇ ਦਫਤਰਾਂ ਅੰਦਰ ਪੰਜਾਬੀ ਦਾ ਬਣਦਾ ਸਤਿਕਾਰ ਦਿਵਾਉਣ ਲਈ ਪਹੁੰਚ ਕੀਤੀ ਗਈ ਹੈ ਅਤੇ ਉਹ ਪੂਰਨ ਆਸਵੰਦ ਹਨ ਕਿ ਚੰਡੀਗੜ੍ਹ ਦੇ ਦਫਤਰਾਂ ਅੰਦਰ ਵੀ ਪੰਜਾਬੀ ਦਾ ਖੁੱਸਿਆ ਵਕਾਰ ਬਹਾਲ ਹੋਵੇਗਾ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਵਲੋਂ ਰਾਜ ਅੰਦਰ ਪੰਜਾਬੀ ਦੇ ਪ੍ਰੋਤਸਾਹਨ ਲਈ ਕਈ ਕਦਮ ਉਠਾਏ ਜਾ ਚੁੱਕੇ ਹਨ ਅਤੇ ਪੰਜਾਬ ਸਰਕਾਰ ਛੇਤੀ ਹੀ ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਦੀਆਂ ਸਰਕਾਰਾਂ ਨਾਲ ਵੀ ਰਾਬਤਾ ਕਾਇਮ ਕਰਕੇ ਉਨ੍ਹਾਂ ਰਾਜਾਂ ਅੰਦਰ ਪੰਜਾਬੀ ਨੂੰ ਬਣਦਾ ਮਾਣ ਸਤਿਕਾਰ ਦਿਵਾਉਣ ਲਈ ਯਤਨ ਕਰੇਗੀ। ਵਿਸ਼ਵ ਭਰ ਅੰਦਰ ਪੰਜਾਬੀ ਦੇ ਪ੍ਰੋਤਸਾਹਨ ਲਈ ਆਪਣੀ ਦ੍ਰਿੜਤਾ ਨੂੰ ਦੁਹਰਾਉਂਦਿਆਂ ਸ੍ਰ. ਬਾਦਲ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਸ਼੍ਰੀ ਸਟੀਫਨ ਹਾਰਪਰ ਦੀ ਅੰਮ੍ਰਿਤਸਰ ਫੇਰੀ ਦੌਰਾਨ ਉਹਨਾਂ ਉਥੇ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਕਮੀ ਦੇ ਮੱਦੇ ਨਜ਼ਰ ਪੰਜਾਬ ਤੋਂ ਅਧਿਆਪਕ ਭੇਜੇ ਜਾਣ ਦੀ ਪੇਸ਼ਕਸ ਕੀਤੀ ਸੀ। ਉਹਨਾਂ ਕਿਹਾ ਕਿ ਇਹ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਸੰਸਦ ਅੰਦਰ 9 ਪੰਜਾਬੀ ਸੰਸਦ ਮੈਂਬਰ ਹਨ ਅਤੇ ਉਥੇ ਪੰਜਾਬੀ ਨੂੰ ਵੱਡੇ ਪੱਧਰ 'ਤੇ ਪ੍ਰਚਾਰਿਆ ਅਤੇ ਪਸਾਰਿਆ ਜਾ ਰਿਹਾ ਹੈ। ਸਾਈਬਰ ਯੁੱਗ ਨਾਲ ਕਦਮ ਮਿਲਾ ਕੇ ਚੱਲਣ ਲਈ ਪੰਜਾਬੀ ਭਾਸ਼ਾ ਨੂੰ ਤਕਨੀਕੀ ਤੌਰ 'ਤੇ ਵੀ ਵਿਕਸਤ ਕਰਨ ਦਾ ਸੱਦਾ ਦਿੰਦਿਆਂ ਸ੍ਰ. ਬਾਦਲ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਇਸ ਭਾਸ਼ਾ ਨੂੰ ਵੈਬ/ਇੰਟਰਨੈਟ ਨਾਲ ਪੂਰੀ ਤਰ੍ਹਾਂ ਇਕਸੁਰ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਗੂਗਲ ਅਤੇ ਯਾਹੂ ਦੀ ਤਰਜ਼ 'ਤੇ ਪੰਜਾਬੀ ਭਾਸ਼ਾ ਵਿਚ ਵੀ ਇੰਟਰਨੈਟ ਦੀ ਵਰਤੋਂ ਨੂੰ ਆਮ ਅਤੇ ਸੁਖਾਲਾ ਬਣਾਉਣ ਲਈ ਪੰਜਾਬੀ ਵਿਚ "ਇੱਕ ਸਰਚ ਇੰਜਨ" ਵਿਕਸਤ ਕਰਨਾ ਚਾਹੀਦਾ ਹੈ ਕਿਉਂਕਿ ਅਜਿਹਾ ਕਰਕੇ ਹੀ ਅਸੀਂ ਪੰਜਾਬੀ ਨੌਜਵਾਨਾਂ ਨੂੰ ਉਹਨਾਂ ਦੀ ਮਾਂ ਭਾਸ਼ਾ ਦੀ ਵਰਤੋਂ ਵਲ ਪ੍ਰੇਰ ਸਕਾਂਗੇ। ਉਹਨਾਂ ਕਿਹਾ ਕਿ ਇਸ ਦਿਸ਼ਾ ਵਿਚ ਪੰਜਾਬੀ ਯੂਨੀਵਰਸਿਟੀ ਦੀ ਅਹਿਮ ਭੂਮਿਕਾ ਅਤੇ ਜਿੰਮੇਵਾਰੀ ਹੈ ਅਤੇ ਉਹ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਵਿਚ ਮਹਾਨ ਯੋਗਦਾਨ ਤੋਂ ਭਲੀ ਭਾਂਤ ਜਾਣੂ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬੀ ਯੂਨੀਵਰਸਿਟੀ ਨੂੰ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰੋਤਸਾਹਨ ਲਈ ਹਰ ਲੋੜੀਂਦੀ ਸਹਾਇਤਾ ਅਤੇ ਸਹਿਯੋਗ ਦੇਵੇਗੀ। ਪ੍ਰਸਿੱਧ ਕਾਲਮ ਨਵੀਸ ਸ਼੍ਰੀ ਕੁਲਦੀਪ ਨਈਅਰ ਨੇ ਸਮੂਹ ਪੰਜਾਬੀ ਬੋਲਦੇ ਖੇਤਰਾਂ ਨੂੰ ਇਕੱਠੇ ਕਰਕੇ ਇੱਕ ਮਹਾਂ ਪੰਜਾਬ ਬਣਾਉਣ ਲਈ ਸਾਂਝੇ ਯਤਨ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਗੈਰ ਪੰਜਾਬੀ ਬੋਲਦੇ ਇਲਾਕਿਆਂ ਅੰਦਰ ਪੰਜਾਬੀ ਭਾਸ਼ਾ ਦੇ ਪ੍ਰੋਤਸਾਹਨ 'ਤੇ ਧਿਆਨ ਦਿੱਤੇ ਜਾਣ ਦੀ ਵੀ ਲੋੜ ਹੈ। ਪ੍ਰਸਿੱਧ ਪੰਜਾਬੀ ਸ਼ਾਇਰ ਸ੍ਰ. ਸੁਰਜੀਤ ਪਾਤਰ ਨੇ ਆਪਣੀ ਇੱਕ ਕਵਿਤਾ ਜਰੀਏ ਪੰਜਾਬੀ ਭਾਸ਼ਾ ਨੂੰ ਤੁਰੰਤ ਬਚਾਏ ਜਾਣ ਦੀ ਵਕਾਲਤ ਕੀਤੀ। ਪ੍ਰਸਿੱਧ ਲੇਖਿਕਾ ਡਾ. ਦਲੀਪ ਕੌਰ ਟਿਵਾਣਾ ਨੇ ਵੀ ਪੰਜਾਬੀ ਭਾਸ਼ਾ ਦੇ ਪ੍ਰੋਤਸਾਹਨ ਲਈ ਸੰਜੀਦਾ ਯਤਨ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਅਜੀਤ ਗਰੁੱਪ ਆਫ ਪੇਪਰਜ਼ ਦੇ ਕਾਰਜਕਾਰੀ ਸੰਪਾਦਕ ਸ਼੍ਰੀ ਸਤਨਾਮ ਸਿੰਘ ਮਾਣਕ ਨੇ ਅਜੋਕੇ ਦੌਰ ਵਿਚ ਪੰਜਾਬੀ ਬੋਲੀ ਅਤੇ ਸਭਿਆਚਾਰ ਲਈ ਚੁਣੌਤੀਆਂ ਅਤੇ ਸੰਭਾਵਨਾਵਾਂ ਵਿਸ਼ੇ 'ਤੇ ਕੂੰਜੀਵਤ ਭਾਸ਼ਣ ਪੜਿਆ। ਇਸ ਮੌਕੇ ਯੂਨੀਵਰਸਿਟੀ ਵਲੋਂ ਕਈ ਦਹਾਕਿਆਂ ਤੋਂ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰ ਰਹੇ ਪੰਜਾਬੀ ਗਾਇਕੀ ਦੇ ਬਾਬਾ ਬੋਹੜ ਗੁਰਦਾਸ ਮਾਨ, ਵਾਤਾਵਰਣ ਦੀ ਸੰਭਾਲ ਦੇ ਖੇਤਰ ਵਿਚ ਅਹਿਮ ਯੋਗਦਾਨ ਪਾ ਰਹੇ ਬਾਬਾ ਬਲਵੀਰ ਸਿੰਘ ਸੀਚੇਵਾਲ, ਪ੍ਰਸਿੱਧ ਕਮੈਂਟੇਟਰ ਸ਼੍ਰੀ ਜਸਦੇਵ ਸਿੰਘ, ਪ੍ਰਸਿੱਧ ਸ਼ਾਇਰ ਸ਼੍ਰੀ ਸੁਰਜੀਤ ਪਾਤਰ, ਫਿਲਮ ਨਿਰਦੇਸ਼ਕ ਸ਼੍ਰੀ ਮਨਮੋਹਨ ਸਿੰਘ, ਲੋਕ ਗਾਇਕਾ ਸ਼੍ਰੀਮਤੀ ਗੁਰਮੀਤ ਬਾਵਾ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਚਾਰ ਵਿਚ ਅਹਿਮ ਯੋਗਦਾਨ ਪਾ ਰਹੇ ਦਾਦਾ ਲਕਸ਼ਮਣ ਚੇਲਾ ਰਾਮ ਨੂੰ ਉਪ ਮੁੱਖ ਮੰਤਰੀ ਸ੍ਰ. ਸੁਖਬੀਰ ਸਿੰਘ ਬਾਦਲ ਹੱਥੋਂ ਸਨਮਾਨਿਤ ਕਰਵਾਇਆ ਗਿਆ। ਇਸ ਮੌਕੇ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾ ਰਹੀ ਪੰਜਾਬੀ ਪ੍ਰਮੋਸ਼ਨ ਫੋਰਮ ਦਿੱਲੀ ਦੇ ਪ੍ਰਬੰਧਕਾਂ ਨੂੰ ਵੀ ਵਿਸ਼ੇਸ ਰੂਪ ਵਿਚ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਪ ਮੁੱਖ ਮੰਤਰੀ ਨੇ ਯੂਨੀਵਰਸਿਟੀ ਵਲੋਂ ਵਿਕਸਤ ਕੀਤੀ ਗਈ ਆਨ ਲਾਈਨ ਅੰਗਰੇਜੀ-ਪੰਜਾਬੀ ਡਿਕਸ਼ਨਰੀ ਤੋਂ ਇਲਾਵਾ ਕਈ ਅਹਿਮ ਪੁਸਤਕਾਂ ਵੀ ਜਾਰੀ ਕੀਤੀਆਂ। ਇਸ ਮੌਕੇ ਬੋਲਦਿਆਂ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਕਿਹਾ ਕਿ ਪੰਜਾਬੀ ਵਿਸ਼ਵ ਦੀਆਂ ਮਹਾਨ ਭਾਸ਼ਾਵਾਂ ਵਿਚੋਂ ਇੱਕ ਹੈ ਅਤੇ 12 ਕਰੋੜ ਲੋਕਾਂ ਵਲੋਂ ਇਹ ਭਾਸ਼ਾ ਬੋਲੀ ਜਾਣ ਕਾਰਨ ਇਸ ਨੂੰ ਵਿਸ਼ਵ ਵਿਚ 12ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੋਣ ਦਾ ਰੁਤਬਾ ਹਾਸਲ ਹੈ। ਉਹਨਾਂ ਕਿਹਾ ਕਿ ਇਸ ਭਾਸ਼ਾ ਨੂੰ ਬੋਲਣ ਵਾਲੇ ਲੋਕ ਵਿਸ਼ਵ ਦੇ ਕਰੀਬ 150 ਮੁਲਕਾਂ ਅੰਦਰ ਮੌਜੂਦ ਹਨ। ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਤੋਂ ਬਾਅਦ ਪੰਜਾਬੀ ਬੋਲਣ ਵਾਲਿਆਂ ਦੀ ਵੱਡੀ ਗਿਣਤੀ ਕੈਨੇਡਾ, ਇੰਗਲੈਂਡ, ਮਲੇਸ਼ੀਆ ਅਤੇ ਸਿੰਘਾਪੁਰ ਆਦਿ ਮੁਲਕਾਂ ਵਿਚ ਹੈ। ਇਸ ਮੌਕੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਅਜੈਬ ਸਿੰਘ ਮੁਖਮੈਲਪੁਰ ਅਤੇ ਹਰਿੰਦਰਪਾਲ ਸਿੰਘ ਹੈਰੀ ਮਾਨ ਮੌਜੂਦ ਸਨ।

## ਵਿਦੇਸ਼ੀ ਸੰਗਤ ਵਲੋਂ ਪੰਗਤ ਵਿਚ ਲੰਗਰ ਨੂੰ ਤਰਜੀਹ

**ਅੰਮ੍ਰਿਤਸਰ :** ਕਿਸੇ ਵੇਲੇ ਵੱਡੇ ਵਿਵਾਦ ਦਾ ਮੁੱਦਾ ਬਣੇ ਲੰਗਰ ਸਬੰਧੀ ਹੁਕਮਾਨਾਮੇ ਨੂੰ ਹੁਣ ਲੰਮੇ ਵਕਫੇ ਉਪਰੰਤ ਵੱਖ-ਵੱਖ ਮੁਲਕਾਂ ਦੇ ਗੁਰਦੁਆਰਿਆਂ ਵਿਚ ਲਾਗੂ ਕਰਨਾ ਆਰੰਭ ਕਰ ਦਿੱਤਾ ਗਿਆ ਹੈ, ਜਿਸ ਤਹਿਤ ਗੁਰਦੁਆਰਿਆਂ ਦੇ ਲੰਗਰ ਘਰਾਂ ਵਿਚ ਰੱਖੀਆਂ ਕੁਰਸੀਆਂ ਹਟਾਈਆਂ ਜਾ ਰਹੀਆਂ ਹਨ। ਇਥੇ ਦੱਸਣਯੋਗ ਹੈ ਕਿ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਵਲੋਂ ਆਪਣੇ ਕਾਰਜਕਾਲ ਸਮੇਂ ਲੰਗਰ ਸਬੰਧੀ ਇਕ ਹੁਕਮਨਾਮਾ ਜਾਰੀ ਕੀਤਾ ਗਿਆ ਸੀ, ਜਿਸ ਵਿਚ ਖਾਸ ਕਰਕੇ ਵਿਦੇਸ਼ੀ ਸੰਗਤਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਗੁਰਮਰਿਆਦਾ ਅਨੁਸਾਰ ਪੰਗਤ ਵਿਚ ਬੈਠ ਕੇ ਹੀ ਲੰਗਰ ਛਕਿਆ ਜਾਵੇ। ਇਸੇ ਤਰ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਹਦਾਇਤ ਕੀਤੀ ਗਈ ਸੀ ਕਿ ਗੁਰਦੁਆਰਿਆਂ ਦੇ ਲੰਗਰ ਘਰਾਂ 'ਚ ਰੱਖੀਆਂ ਕੁਰਸੀਆਂ ਹਟਾ ਦੇਣ। ਇਸ ਹੁਕਮਨਾਮੇ ਦਾ ਉਸ ਵੇਲੇ ਖਾਸ ਕਰਕੇ ਕੈਨੇਡਾ ਦੇ ਗੁਰਦੁਆਰਿਆਂ ਵਿਚ ਵੱਡਾ ਵਿਰੋਧ ਹੋਇਆ ਸੀ। ਇਸ ਮਾਮਲੇ ਨੂੰ ਲੈ ਕੇ ਹੁਕਮਨਾਮੇ ਦੀ ਹਾਮੀ ਅਤੇ ਵਿਰੋਧੀ ਦੋ ਧਿਰਾਂ ਬਣ ਗਈਆਂ ਸਨ ਅਤੇ ਦੋਵਾਂ ਧਿਰਾਂ ਵਿਚਾਲੇ ਕਈ ਥਾਈਂ ਹੱਥੋਪਾਈ ਵੀ ਹੋਈ ਸੀ। ਪਰ ਹੁਣ ਸਥਿਤੀ ਵਿਚ ਬਦਲਾਅ ਆਉਣਾ ਸ਼ੁਰੂ ਹੋ ਗਿਆ ਹੈ।

ਕੈਨੇਡਾ ਅਤੇ ਅਮਰੀਕਾ ਦੇ ਕਈ ਗੁਰਦੁਆਰਿਆਂ ਦੇ ਲੰਗਰ ਘਰਾਂ ਵਿਚੋਂ ਕੁਰਸੀਆਂ ਹਟਾ ਦਿੱਤੀਆਂ ਗਈਆਂ ਹਨ। ਇਸ ਸੰਬੰਧੀ ਗੱਲਬਾਤ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਅਮਰੀਕਾ ਦੇ ਸੈਕਰਾਮੈਂਟੋ ਸ਼ਹਿਰ ਅਤੇ ਯੂਬਾ ਸਿਟੀ ਦੇ ਗੁਰਦੁਆਰਿਆਂ ਦੇ ਲੰਗਰ ਘਰਾਂ ਵਿਚੋਂ ਪ੍ਰਬੰਧਕਾਂ ਨੇ ਕੁਰਸੀਆਂ ਹਟਾ ਦਿੱਤੀਆਂ ਹਨ। ਜਥੇਦਾਰ ਗਿਆਨੀ ਗੁਰਬਚਨ ਸਿੰਘ ਹਾਲ ਹੀ ਵਿਚ ਅਮਰੀਕਾ ਦੌਰੇ ਤੋ ਵਾਪਸ ਪਰਤੇ ਹਨ। ਉਹ ਉਥੇ ਸੈਕਰਾਮੈਂਟੋ ਵਿਖੇ ਗੁਰਦੁਆਰੇ ਦੇ ਨਵੇਂ ਬਣਾਏ ਲੰਗਰ ਘਰ ਦੀ ਆਰੰਭਤਾ ਲਈ ਗਏ ਸਨ।

## ਤਿਹਾੜ ਜੇਲ 'ਚ ਬੰਦ ਦਇਆ ਸਿੰਘ ਲਾਹੌਰੀਆ ਬਰੀ

**ਰੂਪਨਗਰ:** ਤਿਹਾੜ ਜੇਲ੍ਹ ਵਿਚ ਬੰਦ ਕਥਿਤ ਖਾੜਕੂ ਦਇਆ ਸਿੰਘ ਲਾਹੌਰੀਆ 3 ਮਈ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿਤਾ ਗਿਆ ਜਦਕਿ ਬੱਬਰ ਖ਼ਾਲਸਾ ਨਾਲ ਸਬੰਧਤ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚੋਂ ਤਿੰਨ ਵਿਰੁਧ ਪੁਲਿਸ ਨੇ ਚਲਾਨ ਪੇਸ਼ ਕਰ ਦਿਤਾ। ਪੁਲਿਸ ਨੇ ਬੱਬਰ ਖ਼ਾਲਸਾ ਦੇ ਅੱਧੀ ਦਰਜਨ ਕਾਰਕੁਨਾਂ ਨੂੰ ਮੁੱਖ ਨਿਆਂਇਕ ਮੈਜਿਸਟਰੇਟ ਸ੍ਰੀ ਏ.ਪੀ. ਸੂਦ ਦੀ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 17 ਮਈ ਨੂੰ ਰੱਖੀ ਹੈ ਜਦਕਿ ਤਿਹਾੜ ਜੇਲ ਵਿਚ ਬੰਦ ਦਇਆ ਸਿੰਘ ਲਾਹੌਰੀਆ ਵਿਰੁਧ ਭਰੋਸੇਯੋਗ ਸਬੂਤ ਨਾ ਹੋਣ ਕਾਰਨ ਉਸ ਨੂੰ ਇਸ ਮਾਮਲੇ ਵਿਚੋਂ ਬਰੀ ਕਰ ਦਿਤਾ। ਪੁਲਿਸ ਨੇ ਤਿੰਨ ਕਾਰਕੁਨਾਂ ਸ. ਬਲਜੀਤ ਸਿੰਘ ਭਾਊ, ਸ. ਹਰਮਿੰਦਰ ਸਿੰਘ ਚੈੜੀਆਂ ਅਤੇ ਸ. ਬਲਵਿੰਦਰ ਸਿੰਘ ਡੇਕਵਾਲਾ ਵਿਰੁਧ ਅਦਾਲਤ ਵਿਚ ਚਲਾਨ ਪੇਸ਼ ਕੀਤਾ ਹੈ।

ਡੀ.ਐਸ.ਪੀ. ਭੁਪਿੰਦਰ ਸਿੰਘ ਥਿੰਦ ਨੇ ਕਿਹਾ ਕਿ ਪੁਲਿਸ ਕੋਲ ਦਇਆ ਸਿੰਘ ਲਾਹੌਰੀਆ ਵਿਰੁਧ ਪੁਖਤਾ ਸਬੂਤ ਨਹੀਂ ਸਨ ਜਿਸ ਕਾਰਨ ਉਸ ਨੂੰ ਇਸ ਮਾਮਲੇ ਵਿਚੋਂ ਬਰੀ ਕੀਤਾ ਜਾਵੇ।

## ਇਕ ਚਪੜਾਸੀ ਪੜ੍ਹਾ ਰਿਹੈ ਮਿਡਲ ਸਕੂਲ 'ਚ

**ਖੇਮਕਰਨ:** ਭਾਰਤ-ਪਾਕਿ ਸਰਹੱਦ ਦੇ ਬਿਲਕੁਲ ਨਜ਼ਦੀਕ ਪੈਂਦੇ ਪਿੰਡ ਮਸਤਗੜ੍ਹ ਵਿਚ ਸਰਕਾਰੀ ਮਿਡਲ ਸਕੂਲ ਦੀ ਇਮਾਰਤ ਹੈ। ਇਸ ਸਕੂਲ ਵਿਚ ਕਰੀਬ 40 ਬੱਚੇ 6,7,8ਵੀਂ ਕਲਾਸ ਦੀ ਸਿੱਖਿਆ ਪ੍ਰਾਪਤ ਕਰਨ ਲਈ ਆਉਂਦੇ ਹਨ। ਪਰ ਇਨ੍ਹਾਂ ਬੱਚਿਆਂ ਨੂੰ ਪੜਾਉਣ ਵਾਲਾ ਕੋਈ ਵੀ ਨਹੀਂ ਹੈ। ਅਧਿਆਪਕ ਨਾ ਹੋਣ ਕਰਕੇ ਸਕੂਲ ਦਾ ਸੇਵਾਦਾਰ ਕਿਸ਼ੋਰ ਕੁਮਾਰ ਹੀ ਇਨ੍ਹਾਂ ਬੱਚਿਆਂ ਨੂੰ ਪੜਾਉਣ ਲਈ ਮਜਬੂਰ ਹੈ ਕਿਸ਼ੋਰ ਕੁਮਾਰ ਇਨ੍ਹਾਂ ਬੱਚਿਆਂ ਨੂੰ ਪੰਜਾਬੀ, ਹਿੰਦੀ ਤੇ ਪੜਾ ਸਕਦਾ ਹੈ ਪਰ ਅੰਗਰੇਜ਼ੀ ਤੇ ਹਿਸਾਬ ਵਿਚ ਉਸ ਦੇ ਵੀ ਹੱਥ ਖੜ੍ਹੇ ਹਨ।

## ਪੰਜਾਬ ਦੇ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗਾ

**ਫਿਰੋਜ਼ਪੁਰ :** ਮਰਦਮਸ਼ੁਮਾਰੀ ਦੇ ਪਹਿਲੇ ਪੜਾਅ ਲਈ ਪੰਜਾਬ ਸਰਕਾਰ ਨੇ ਆਪਣੇ 50 ਹਜ਼ਾਰ ਅਧਿਆਪਕਾਂ ਨੂੰ ਸਕੂਲਾਂ ਤੋਂ ਵਿਹਲੇ ਕਰਕੇ 1 ਮਈ ਤੋਂ ਲੈ ਕੇ 15 ਮਈ ਤੱਕ ਮਕਾਨਾਂ ਦੀ ਸੂਚੀ ਅਤੇ ਆਬਾਦੀ ਦੀ ਗਿਣਤੀ ਲਈ ਤੋਰ ਦਿੱਤਾ ਹੈ। ਸਿੱਖਿਆ ਵਿਭਾਗ ਕੋਲ ਡਿਊਟੀ 'ਤੇ ਲੱਗੇ ਅਧਿਆਪਕਾਂ ਦਾ ਪੂਰਾ ਬਿਊਰਾ ਉਪਲਬਧ ਨਹੀਂ ਹੈ, ਪਰ ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿਚ 12400 ਪੰਚਾਇਤਾਂ ਅਤੇ ਛੋਟੀਆਂ- ਵੱਡੀਆਂ ਢਾਣੀਆਂ ਪਾ ਕੇ ਇਹ ਗਿਣਤੀ 15000 ਨੂੰ ਪਹੁੰਚਦੀ ਹੈ। ਸਬ ਡਵੀਜ਼ਨ ਅਤੇ ਜ਼ਿਲ੍ਹਿਆਂ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਹਰ ਪਿੰਡ ਲਈ 3 ਤੋਂ 4 ਗਿਣਤੀਕਾਰ ਲਗਾਏ ਗਏ ਹਨ ਅਤੇ 300 ਛੋਟੇ-ਵੱਡੇ ਸ਼ਹਿਰਾਂ ਅੰਦਰ 50 ਤੋਂ ਲੈ ਕੇ 200 ਗਿਣਤੀਕਾਰ ਲਗਾਏ ਗਏ ਹਨ। 8 ਤੋਂ 10 ਗਿਣਤੀਕਾਰਾਂ ਮਗਰ ਇਕ ਸੁਪਰਵਾਈਜ਼ਰ ਲਗਾਇਆ ਗਿਆ ਹੈ ਜਦਕਿ ਇਸ ਤੋਂ ਪਹਿਲਾਂ ਹਰ ਬਲਾਕ ਅੰਦਰ 8-10 ਦੇ ਕਰੀਬ ਮਾਸਟਰ ਟਰੇਨਰ ਲਗਾਏ ਗਏ ਸਨ। ਮਰਦਮਸ਼ੁਮਾਰੀ ਦੇ ਪਹਿਲੇ ਪੜਾਅ ਲਈ ਲਗਭਗ 70 ਹਜ਼ਾਰ ਕਰਮਚਾਰੀਆਂ ਦੀ ਡਿਊਟੀ ਲਗਾਈ ਗਈ ਹੈ, ਜਿਨ੍ਹਾਂ ਵਿਚ 80 ਪ੍ਰਤੀਸ਼ਤ ਤੋਂ ਵਧ ਅਧਿਆਪਕ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਅਧੀਨ 14000 ਪ੍ਰਾਇਮਰੀ, 2560 ਮਿਡਲ, 1800 ਹਾਈ ਅਤੇ 1400 ਸੈਕੰਡਰੀ ਸਕੂਲ ਆਉਂਦੇ ਨੇ, ਜਿਨ੍ਹਾਂ ਵਿਚ ਪਹਿਲੀ ਜਮਾਤ ਤੋਂ ਲੈ ਕੇ 12ਵੀਂ ਤੱਕ ਕਰੀਬ 35 ਲੱਖ ਵਿਦਿਆਰਥੀ ਵਿੱਦਿਆ ਪ੍ਰਾਪਤ ਕਰ ਰਹੇ ਹਨ।

ਸਰਕਾਰੀ ਸਕੂਲਾਂ ਵਿਚ 1 ਅਪ੍ਰੈਲ ਤੋਂ ਦਾਖ਼ਲੇ ਸ਼ੁਰੂ ਹਨ ਪਰ 15 ਅਪ੍ਰੈਲ ਤੋਂ ਹੀ ਮਰਦਮਸ਼ੁਮਾਰੀ ਲਈ ਸ਼ੁਰੂ ਹੋਇਆ ਟਰੇਨਿੰਗ ਦਾ ਸਿਲਸਿਲਾ ਦਾਖ਼ਲਿਆਂ ਦੇ ਰਾਹ ਵਿਚ ਵੱਡਾ ਰੋੜਾ ਬਣ ਗਿਆ ਹੈ। ਇਸ ਮਾਮਲੇ ਦਾ ਦਿਲਚਸਪ ਪਹਿਲੂ ਇਹ ਵੀ ਹੈ ਕਿ ਅਧਿਆਪਕਾਂ ਨੂੰ ਸਿਰਫ਼ ਮਰਦਮਸ਼ੁਮਾਰੀ 'ਤੇ ਹੀ ਨਹੀਂ ਤੋਰਿਆ ਗਿਆ, ਸਗੋਂ 10 ਹਜ਼ਾਰ ਅਧਿਆਪਕਾਂ ਨੂੰ ਰਾਜ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿਚ ਵੋਟਾਂ ਦੀ ਸੁਧਾਈ 'ਤੇ ਵੀ ਲਗਾਇਆ ਗਿਆ ਹੈ।


ਸਿੱਖਿਆ ਵਿਭਾਗ ਵਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਅੰਦਰ ਹੁਣ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਜਾ ਚੁੱਕੀ ਹੈ ਅਤੇ ਇਸ ਪ੍ਰਣਾਲੀ ਤਹਿਤ ਕਿਉਂਕਿ ਸਤੰਬਰ ਮਹੀਨੇ ਤੱਕ 40 ਪ੍ਰਤੀਸ਼ਤ ਸਿਲੇਬਸ ਖਤਮ ਕਰਕੇ ਪਹਿਲੇ ਸਮੈਸਟਰ ਦੀ ਪ੍ਰੀਖਿਆ ਲਈ ਜਾਣੀ ਹੈ, ਇਸ ਲਈ 26 ਅਪ੍ਰੈਲ ਤੋਂ ਬਾਅਦ 9ਵੀਂ ਤੋਂ 12ਵੀਂ ਦੇ ਦਾਖ਼ਲੇ ਬੰਦ ਕੀਤੇ ਜਾ ਰਹੇ ਹਨ। ਸਿੱਖਿਆ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅਧਿਆਪਕਾਂ ਨੂੰ ਮਰਦਮਸ਼ੁਮਾਰੀ ਅਤੇ ਵੋਟਾਂ ਦੀ ਸੁਧਾਈ ਦੇ ਕੰਮ 'ਤੇ ਲਗਾਉਣ ਨਾਲ 40 ਪ੍ਰਤੀਸ਼ਤ ਦਾਖ਼ਲਾ ਵੀ ਪਛੜ ਗਿਆ ਹੈ ਅਤੇ ਸਤੰਬਰ ਤੱਕ 40 ਪ੍ਰਤੀਸ਼ਤ ਸਿਲੇਬਸ ਕਿਸੇ ਵੀ ਕੀਮਤ 'ਤੇ ਪੂਰਾ ਨਹੀਂ ਕਰਾਇਆ ਜਾ ਸਕਦਾ। ਸੂਤਰਾਂ ਅਨੁਸਾਰ ਅਧਿਆਪਕਾਂ ਦੀ ਮੰਗ 'ਤੇ ਸਕੂਲਾਂ ਵਿਚ 1 ਮਈ ਤੋਂ 15 ਜੂਨ ਤੱਕ ਗਰਮੀ ਦੀਆਂ ਛੁੱਟੀਆਂ ਕੀਤੀਆਂ ਜਾ ਰਹੀਆਂ ਹਨ ਪਰ ਇਥੇ ਵਿਸ਼ੇਸ਼ ਤੌਰ 'ਤੇ ਦੱਸਣਾ ਬਣਦਾ ਹੈ ਕਿ ਮਰਦਮਸ਼ੁਮਾਰੀ ਦਾ ਦੂਜਾ ਅਹਿਮ ਪੜਾਅ ਜਨਵਰੀ- ਫਰਵਰੀ 2011 ਤੱਕ ਚੱਲਣਾ ਹੈ ਅਤੇ ਸਰਕਾਰ ਕੋਲ ਇਸ ਲਈ ਕੋਈ ਬਦਲਵਾਂ ਪ੍ਰਬੰਧ ਵੀ ਨਹੀਂ ਹੈ। ਸਰਕਾਰੀ ਅਧਿਆਪਕਾਂ ਨੂੰ ਸਕੂਲਾਂ ਵਿਚੋਂ ਕੱਢਣ ਦਾ ਸਿੱਧਾ ਫਾਇਦਾ ਨਿੱਜੀ ਸਕੂਲ ਮਾਲਕਾਂ ਨੂੰ ਮਿਲ ਰਿਹਾ ਹੈ ਅਤੇ ਉਹ ਆਪਣੇ ਸਕੂਲਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਵਧਾਉਣ ਵਿਚ ਪੂਰੀ ਤਰ੍ਹਾਂ ਸਫ਼ਲ ਨਜ਼ਰ ਆ ਰਹੇ ਹਨ। ਲੱਖਾਂ ਮਾਪੇ ਅਤੇ ਅਧਿਆਪਕ ਚਿੰਤਾ ਵਿਚ ਡੁੱਬ ਗਏ ਹਨ ਕਿ ਚਲੋ ਮਈ-ਜੂਨ ਦੀ ਘਾਟ ਤਾਂ ਅਧਿਆਪਕ ਪੂਰੀ ਕਰ ਲੈਣਗੇ, ਪਰ ਜਨਵਰੀ-ਫਰਵਰੀ ਵਿਚ ਪੜ੍ਹਾਈ ਦੀ ਘਾਟ ਪੂਰੀ ਨਹੀਂ ਹੋ ਸਕੇਗੀ।

ਭਾਵੇਂ ਰਾਜ ਦੀ ਸਿੱਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ ਵਲੋਂ ਵਾਰ-ਵਾਰ ਕੇਂਦਰ ਸਰਕਾਰ ਨੂੰ ਬੇਨਤੀ ਕਰਨ ਦੇ ਬਿਆਨ ਆ ਰਹੇ ਹਨ ਕਿ ਅਧਿਆਪਕਾਂ ਦੀਆਂ ਡਿਊਟੀਆਂ ਮਰਦਮਸ਼ੁਮਾਰੀ 'ਤੇ ਨਾ ਲਾਈਆਂ ਜਾਣ, ਪਰ ਹਕੀਕਤ ਇਹ ਹੈ ਕਿ ਗਲ ਪਿਆ ਢੋਲ ਆਖਰ ਅਧਿਆਪਕਾਂ ਨੂੰ ਹੀ ਵਜਾਉਣਾ ਪਵੇਗਾ। ਪੰਜਾਬ ਸਰਕਾਰ ਵਲੋਂ ਅਧਿਆਪਕਾਂ ਦੀਆਂ ਗੈਰ ਵਿੱਦਿਅਕ ਕੰਮਾਂ ਲਈ ਡਿਊਟੀਆਂ ਦੇ ਵਿਰੋਧ ਵਿਚ ਡਟਣ ਵਾਲੇ ਜਰਨੈਲ ਕ੍ਰਿਸ਼ਨ ਕੁਮਾਰ ਡਾਇਰੈਕਟਰ ਜਨਰਲ ਵੀ ਹੁਣ ਕੇਂਦਰ ਦੇ ਇਸ ਕੰਮ ਅੱਗੇ ਬੇਵਸ ਨਜ਼ਰ ਆ ਰਹੇ ਹਨ। ਇਸ ਸਥਿਤੀ 'ਚ 30-35 ਲੱਖ ਨਿਰਦੋਸ਼ ਵਿਦਿਆਰਥੀ ਪੂਰੀ ਤਰ੍ਹਾਂ ਸੰਕਟ ਵਿਚ ਫਸ ਗਏ ਹਨ।


Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

RAJ SINGH
Cell:510-452-7370

Notary Free

MISSIONPEAK

RAJ SINGH
M.A., M.Ed Retd. Principal
Realtor & Financial Adviser
Lic#01776459 & OG22467

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

46560 Fremont Blvd.,
Suite #111 Fremont, CA 94538
singhrajpaul@yahoo.com

## ਲੰਡਨ 'ਚ 'ਮੇਡ ਇਨ ਪੰਜਾਬ' ਸ਼ੋਅ ਕਰਾਉਣ ਦਾ ਫੈਸਲਾ

**ਅੰਮ੍ਰਿਤਸਰ:** ਪੰਜਾਬ ਨੂੰ ਵਿਕਾਸ ਦੀ ਲੀਹ 'ਤੇ ਲਿਆਉਣ ਲਈ ਹਰ ਸੰਭਵ ਸਹਿਯੋਗ ਦੇ ਰਹੀ ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀ (ਸੀ.ਆਈ.ਆਈ.) ਵਲੋਂ ਪੰਜਾਬ ਦੇ ਉਤਪਾਦਾਂ ਨੂੰ ਵਿਦੇਸ਼ੀ ਧਰਤੀ 'ਤੇ ਵੇਚਣ ਦੇ ਮੰਤਵ ਨਾਲ ਜੁਲਾਈ ਮਹੀਨੇ ਵਿਚ ਲੰਦਨ ਵਿਖੇ 'ਮੇਡ ਇਨ ਪੰਜਾਬ' ਸ਼ੋਅ ਕਰਵਾਉਣ ਦਾ ਫੈਸਲਾ ਕੀਤਾ ਹੈ।

ਇਹ ਜਾਣਕਾਰੀ ਸੀ.ਆਈ.ਆਈ. ਪੰਜਾਬ ਦੇ ਚੇਅਰਮੈਨ ਗੁਨਬੀਰ ਸਿੰਘ ਨੇ ਦਿੱਤੀ। ਉਨ੍ਹਾਂ ਨੇ ਇਸ ਮਹੀਨੇ ਜਥੇਬੰਦੀ ਦੇ ਇਸ ਅਹਿਮ ਅਹੁਦੇ 'ਤੇ ਇਕ ਵਰ੍ਹਾ ਪੂਰਾ ਕੀਤਾ ਹੈ। ਅਗਲੇ ਵਰ੍ਹੇ ਕੀਤੇ ਜਾਣ ਵਾਲੇ ਕੰਮ ਅਤੇ ਬੀਤੇ ਵਰ੍ਹੇ ਵਿਚ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਦਿਆਂ ਗੁਨਬੀਰ ਸਿੰਘ ਨੇ ਦੱਸਿਆ ਕਿ ਜਥੇਬੰਦੀ ਵਲੋਂ ਹਾਲ ਹੀ ਵਿਚ ਚੰਡੀਗੜ੍ਹ ਵਿਖੇ 'ਮੇਡ ਇਨ ਪਾਕਿਸਤਾਨ' ਪ੍ਰਦਰਸ਼ਨੀ ਲਾਈ ਗਈ ਸੀ, ਜਿਸ ਰਾਹੀਂ ਦੋਹਾਂ ਮੁਲਕਾਂ ਦੇ ਵਪਾਰੀਆਂ ਨੂੰ ਇਕ-ਦੂਜੇ ਨਾਲ ਵਸਤਾਂ ਦਾ ਆਦਾਨ-ਪ੍ਰਦਾਨ ਕਰਨ ਦਾ ਮੌਕਾ ਮਿਲਿਆ ਸੀ। ਹੁਣ ਇਸੇ ਤਰਜ਼ 'ਤੇ ਜੁਲਾਈ ਵਿਚ ਲੰਦਨ ਵਿਖੇ 'ਮੇਡ ਇਨ ਪੰਜਾਬ' ਸ਼ੋਅ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਪੰਜਾਬ ਦੇ ਉਤਪਾਦਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ। ਇਸ ਨਾਲ ਯੂ.ਕੇ. ਦੇ ਵਪਾਰੀਆਂ ਨੂੰ ਇਕ-ਦੂਜੇ ਨਾਲ ਵਸਤਾਂ ਦਾ ਆਦਾਨ-ਪ੍ਰਦਾਨ ਕਰਨ ਦਾ ਮੌਕਾ ਮਿਲਿਆ ਸੀ। ਹੁਣ ਇਸੇ ਤਰਜ਼ 'ਤੇ ਜੁਲਾਈ ਵਿਚ ਲੰਦਨ ਵਿਖੇ 'ਮੇਡ ਇਨ ਪੰਜਾਬ' ਸ਼ੋਅ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਪੰਜਾਬ ਦੇ ਉਤਪਾਦਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ। ਇਸ ਨਾਲ ਯੂ.ਕੇ. ਦੇ ਵਪਾਰੀਆਂ ਨਾਲ ਵੀ ਰਾਬਤਾ ਕਾਇਮ ਹੋਵੇਗਾ ਅਤੇ ਭਵਿੱਖ ਵਿਚ ਦੁਵੱਲੇ ਵਪਾਰ ਦੀਆਂ ਹੋਰ ਸੰਭਾਵਨਾਵਾਂ ਬਣਨਗੀਆਂ। ਇਸ ਵਰ੍ਹੇ ਵਿਚ ਜਥੇਬੰਦੀ ਵਲੋਂ ਵਿਦਿਆ ਦੇ ਪਸਾਰ, ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਜਾਗਰੂਕਤ, ਨਸ਼ਿਆਂ 'ਚ ਗ੍ਰਸਤ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਉਪਰਾਲਾ ਅਤੇ ਉਨ੍ਹਾਂ ਲਈ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਦਾ ਯਤਨ ਕਰਨ ਵਲ ਧਿਆਨ ਕੇਂਦਰਿਤ ਕੀਤਾ ਜਾਵੇਗਾ। ਪ੍ਰਾਪਤੀਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ 2004 ਵਿਚ ਉੱਤਰੀ ਭਾਰਤ ਵਿਚ ਪਹਿਲੀ ਵਾਰ ਅੰਮ੍ਰਿਤਸਰ ਵਿਖੇ ਜਥੇਬੰਦੀ ਦੀ ਜ਼ੋਨਲ ਕੌਂਸਲ ਕਾਇਮ ਹੋਈ ਸੀ ਅਤੇ ਇਸ ਤੋਂ ਬਾਅਦ ਜਲੰਧਰ ਅਤੇ ਲੁਧਿਆਣਾ ਵਿਖੇ ਵੀ ਜਨਰਲ ਕੌਂਸਲ ਕਾਇਮ ਹੋ ਚੁੱਕੀ ਹੈ।

ਪੰਜਾਬ ਇਕਾਈ ਦੇ ਚੇਅਰਮੈਨ ਦਾ ਅਹੁਦਾ ਸੰਭਾਲਣ ਉਪਰੰਤ ਗੁਨਬੀਰ ਸਿੰਘ ਵਲੋਂ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਪੰਜਾਬ ਨੂੰ ਵਿਕਾਸ ਦੀ ਲੀਹ 'ਤੇ ਲਿਆਉਣ ਲਈ ਸਰਕਾਰ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਯਤਨ ਕੀਤਾ ਗਿਆ।

# ਕਹਾਣੀ ਸੰਗ੍ਰਹਿ 'ਰੇਸ, ਕਲਾਸ ਤੇ ਜੰਗ' ਰਿਲੀਜ਼


**ਚੰਡੀਗੜ੍ਹ:** ਪ੍ਰੋ. ਹਰਭਜਨ ਸਿੰਘ ਦੇ ਨਵ-ਪ੍ਰਕਾਸ਼ਿਤ ਕਹਾਣੀ-ਸੰਗ੍ਰਹਿ 'ਰੇਸ, ਕਲਾਸ ਤੇ ਜੰਗ' ਦਾ ਰਿਲੀਜ਼-ਸਮਾਗਮ ਬੀਤੇ ਦਿਨੀਂ ਇਥੇ ਪੰਜਾਬ ਕਲਾ ਭਵਨ ਵਿਚ ਪੰਜਾਬੀ ਲੇਖਕ ਸਭਾ, ਰਾਈਟਰਜ਼ ਕਲੱਬ ਅਤੇ ਸਾਹਿਤ ਚਿੰਤਨ ਚੰਡੀਗੜ੍ਹ ਦੇ ਸਾਂਝੇ ਸਹਿਯੋਗ ਨਾਲ ਕਰਵਾਇਆ ਗਿਆ ਜਿਸ ਵਿਚ ਦੋ ਖੋਜ ਪੇਪਰ ਪੜ੍ਹੇ ਗਏ ਅਤੇ ਭਰਵੀਂ ਵਿਚਾਰ-ਚਰਚਾ ਹੋਈ। ਪਹਿਲਾ ਪੇਪਰ ਡਾ. ਰਾਜਿੰਦਰ ਪਾਲ ਬਰਾੜ ਨੇ 'ਰੇਸ, ਕਲਾਸ ਤੇ ਜੰਗ: ਨਵੇਂ ਸੰਸਾਰ ਸ਼ੋਸ਼ਣਕਾਰੀ ਪ੍ਰਬੰਧ ਦੀ ਬਿਰਤਾਂਤਕਾਰੀ' ਪੇਸ਼ ਕੀਤਾ ਅਤੇ ਦੂਜਾ ਪੇਪਰ ਡਾ. ਲਾਭ ਸਿੰਘ ਖੀਵਾ ਨੇ 'ਉਤਰ-ਪ੍ਰਗਤੀਵਾਦੀ ਗਲਪੀ ਪ੍ਰਵਚਨ: ਰੇਸ, ਕਲਾਸ ਤੇ ਜੰਗ' ਪੇਸ਼ ਕੀਤਾ।

ਡਾ. ਰਾਜਿੰਦਰ ਪਾਲ ਬਰਾੜ ਨੇ 'ਰੇਸ, ਕਲਾਸ ਤੇ ਜੰਗ' ਦੇ ਸਿਰਜਣਾਤਮਕ ਪੱਖਾਂ ਬਾਰੇ ਬੋਲਦਿਆਂ ਕਿਹਾ ਕਿ ਇਹ ਪੁਸਤਕ ਵਰਤਮਾਨ ਵਿਸ਼ਵ ਸਥਿਤੀ, ਮਾਨਵੀ ਕਦਰਾਂ-ਕੀਮਤਾਂ ਅਤੇ ਅਮਰੀਕੀ ਪੂੰਜੀਵਾਦੀ ਸਿਸਟਮ ਦੀਆਂ ਉਨ੍ਹਾਂ ਕਾਰਗੁਜ਼ਾਰੀਆਂ ਦੁਆਲੇ ਘੁੰਮਦੇ ਵਿਸ਼ਿਆਂ ਨਾਲ ਸਬੰਧਿਤ ਹੈ, ਜਿਸ ਦਾ ਪ੍ਰਭਾਵ ਇਸ ਸਮੇਂ ਪੂਰੇ ਵਿਸ਼ਵ ਦੇ ਲੋਕਾਂ ਅਤੇ ਸਾਹਿਤ ਉਪਰ ਪੈ ਰਿਹਾ ਹੈ। ਉਨ੍ਹਾਂ ਨੇ ਹਰੇਕ ਕਹਾਣੀ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਦਿਆਂ ਪ੍ਰੋ. ਹਰਭਜਨ ਸਿੰਘ ਦੀ ਲੋਕ-ਪਖੀ ਅਤੇ ਕ੍ਰਾਂਤੀਕਾਰੀ ਲੇਖਕ ਕਹਿ ਕੇ ਭਰਪੂਰ ਸ਼ਲਾਘਾ ਕੀਤੀ ਅਤੇ ਸਮਾਜਿਕ ਸਰੋਕਾਰਾਂ ਨੂੰ ਪ੍ਰਣਾਈਆਂ ਇਨ੍ਹਾਂ ਕਹਾਣੀਆਂ ਨੂੰ ਪਾਠਕ ਦੀ ਚੇਤਨਾ ਵਿਚ ਵਿਕਾਸ ਕਰਨ ਵਾਲੀਆਂ ਕਲਾ-ਕ੍ਰਿਤਾਂ ਕਿਹਾ।

ਡਾ. ਲਾਭ ਸਿੰਘ ਖੀਵਾ ਨੇ ਆਪਣੇ ਪੇਪਰ ਵਿਚ ਕਿਹਾ ਕਿ ਸਾਰੀਆਂ ਕਹਾਣੀਆਂ ਦਾ ਘਟਨਾ ਸਥਲ ਅਮਰੀਕਾ ਹੈ ਤੇ ਕਥਾਨਕ ਪਰਵਾਸੀ ਜੀਵਨ ਤੇ ਅਮਰੀਕੀ ਸਮਾਜ ਦੇ ਮਾਨਵ-ਵਿਰੋਧੀ ਜਟਿਲ ਵਰਤਾਰਿਆਂ ਉਤੇ ਉਸਾਰੇ ਹੋਏ ਹਨ। ਉਨ੍ਹਾਂ ਨੇ ਕਿਹਾ, ਇਹ ਸਾਰੀਆਂ ਕਹਾਣੀਆਂ ਸਮਾਜਿਕ ਦਾਬਿਆਂ, ਆਰਥਿਕ ਲੁੱਟ-ਖਸੁੱਟ ਅਤੇ ਨਿਹੱਕੀਆਂ ਜੰਗਾਂ ਵਿਰੁੱਧ ਲੋਕਾਂ ਨੂੰ ਚੇਤੰਨ ਕਰਨ ਦਾ ਸੁਚੇਤ ਕਾਰਜ ਕਰਦੀਆਂ ਹਨ ਅਤੇ ਪੰਜਾਬੀ ਸਾਹਿਤ ਦਾ ਮਾਣਯੋਗ ਹਾਸਲ ਹਨ।

ਇਨ੍ਹਾਂ ਪੇਪਰਾਂ ਉਪਰ ਬਹਿਸ ਦੀ ਸ਼ੁਰੂਆਤ ਕਰਦਿਆਂ ਡਾ. ਬਲਦੇਵ ਧਾਲੀਵਾਲ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪ੍ਰੋ. ਹਰਭਜਨ ਸਿੰਘ ਕੋਲ ਲੋਕ-ਅੰਦੋਲਨ ਵਿਚ ਸ਼ਿਰਕਤ ਦਾ ਲੰਮਾ ਤਜਰਬਾ ਹੈ, ਜਿਸ ਕਾਰਨ ਉਸ ਦਾ ਵਿਚਾਰਧਾਰਕ ਪਰਿਪੇਖ ਪ੍ਰਗਤੀਵਾਦੀ ਹੈ। ਉਸਦੇ ਰਚੇ ਸਮੁਚੇ ਸਾਹਿਤ ਵਿਚ ਰਾਜਨੀਤਕ ਸੁਰ ਪ੍ਰਬਲ ਰਹਿੰਦੀ ਹੈ ਪਰ ਇਸਦੇ ਬਾਵਜੂਦ ਉਹਦੀਆਂ ਇਹ ਕਹਾਣੀਆਂ ਸਾਡੇ ਪਰਵਾਸੀ ਪੰਜਾਬੀ ਸਾਹਿਤ ਦਾ ਇਕ ਉਤਮ ਨਮੂਨਾ ਹੈ, ਜੋ ਵਿਕਰਾਲ ਅਮਰੀਕਨ ਸਿਸਟਮ ਦੀਆਂ ਗਲਤ ਨੀਤੀਆਂ ਨੂੰ ਆਪਣਾ ਨਿਸ਼ਾਨਾ ਬਣਾਉਂਦੀਆਂ ਹਨ। ਇਸ ਤੋਂ ਬਾਅਦ ਭੱਖਵੀਂ ਬਹਿਸ ਵਿਚ ਡਾ. ਮਾਨ ਸਿੰਘ ਢੀਂਡਸਾ, ਡਾ. ਲਕਸ਼ਮੀ ਨਰਾਇਣ ਭੀਖੀ, ਅਜਮੇਰ ਸਿੱਧੂ, ਪ੍ਰੋ. ਇੰਦੈ, ਡਾ. ਮੋਹਨ ਤਿਆਗੀ, ਦਸਤਕ ਦੇ ਐਡੀਟਰ ਜਨਕ ਰਾਜ ਸਿੰਘ ਜਨਕ, ਨਾਟਕਕਾਰ ਚਰਨ ਸਿੰਘ ਸਿੰਧਰਾ, ਆਦਿ ਵਿਦਵਾਨਾਂ ਨੇ ਸਰਗਰਮ ਹਿੱਸਾ ਲਿਆ।

ਪ੍ਰੋ. ਹਰਭਜਨ ਸਿੰਘ ਨੇ ਆਪਣੀ ਰਚਨਾ-ਪ੍ਰਕ੍ਰਿਆ ਬਾਰੇ ਬੋਲਦਿਆਂ ਕਿਹਾ ਕਿ ਉਹ ਸੁਚੇਤ ਪੱਧਰ ਉਤੇ ਲੁੱਟੇ-ਪੁੱਟੇ ਤੇ ਤਬਾਹ ਕੀਤੇ ਜਾ ਰਹੇ ਦਲਿਤ ਅਤੇ ਦਮਿਤ ਲੋਕਾਂ ਲਈ ਸਾਹਿਤ ਰਚਨਾ ਕਰਦਾ ਹੈ ਕਿਉਂਕਿ ਦੁਨੀਆਂ ਭਰ ਦੇ ਮਿਹਨਤਕਸ਼ ਲੋਕ ਤੰਗੀਆਂ-ਤੁਰਸ਼ੀਆਂ ਭਰੀ ਜ਼ਿੰਦਗੀ ਜੀਣ ਲਈ ਮਜ਼ਬੂਰ ਹਨ। ਉਨ੍ਹਾਂ ਨੇ ਪਰਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦਾ ਵੀ ਇਕ ਸੰਖੇਪ ਵਿਵਰਣ ਪੇਸ਼ ਕੀਤਾ। ਉਨ੍ਹਾਂ ਨੇ ਕਿਹਾ ਕਿ ਸਾਹਿਤ ਰਚਨਾ ਦਾ ਪ੍ਰਮੁੱਖ ਪ੍ਰਯੋਜਨ ਲੋਕ-ਹਿਤੈਸ਼ੀ ਨਜ਼ਰੀਏ ਨੂੰ ਪੇਸ਼ ਕਰਨਾ ਅਤੇ ਗਰੀਬ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਤੋਂ ਮੁਕਤੀ ਪ੍ਰਤੀ ਸੁਚੇਤ ਕਰਨਾ ਹੋਣਾ ਚਾਹੀਦਾ ਹੈ। ਇਸ ਵਿਚਾਰ-ਚਰਚਾ ਨੂੰ ਸਮੇਟਦਿਆਂ ਡਾ. ਜਸਵਿੰਦਰ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਪ੍ਰੋ. ਹਰਭਜਨ ਸਿੰਘ ਇਕ ਸੂਝਵਾਨ ਗਲਪਕਾਰ ਅਤੇ ਲੋਕ-ਹਿਤੈਸ਼ੀ ਚਿੰਤਕ ਹੈ, ਜਿਹੜਾ ਮਾਨਵੀ ਕਦਰਾਂ-ਕੀਮਤਾਂ ਦਾ ਬੜੀ ਦਲੇਰੀ ਨਾਲ ਪੱਖ ਪੂਰਦਾ ਹੈ। ਇਸ ਸਮਾਗਮ ਦੇ ਅੰਤਿਮ ਦੌਰ ਵਿਚ ਇਕ ਹੋਰ ਨਵ-ਪ੍ਰਕਾਸ਼ਿਤ ਪੁਸਤਕ 'ਅਮਰੀਕੀ ਪੰਜਾਬੀ ਕਹਾਣੀ : ਇਕ ਪੁਨਰ-ਮੁਲੰਕਣ' ਰਿਲੀਜ਼ ਕੀਤੀ ਗਈ, ਜਿਸ ਵਿਚ ਪੰਜਾਬੀ ਦੇ ਪੰਦਰਾਂ ਪ੍ਰਸਿੱਧ ਵਿਦਵਾਨਾਂ ਅਤੇ ਆਲੋਚਕਾਂ ਦੇ ਅਮਰੀਕੀ ਪੰਜਾਬੀ ਕਹਾਣੀ ਬਾਰੇ ਖੋਜ ਪੇਪਰ ਸ਼ਾਮਲ ਕੀਤੇ ਗਏ ਹਨ ਤੇ ਇਹ ਪੁਸਤਕ ਡਾ. ਜਸਵਿੰਦਰ ਸਿੰਘ ਅਤੇ ਪ੍ਰੋ. ਹਰਭਜਨ ਸਿੰਘ ਦੁਆਰਾ ਸਹਿ-ਸੰਪਾਦਤ ਕੀਤੀ ਗਈ ਹੈ।




***ਡਾ. ਲਾਭ ਸਿੰਘ ਖੀਵਾ, ਡਾ. ਰਾਜਿੰਦਰ ਪਾਲ ਬਰਾੜ, ਡਾ. ਜਸਵਿੰਦਰ ਸਿੰਘ, ਪਰਮਜੀਤ ਭਾਨੂੰ, ਪ੍ਰੋ. ਹਰਭਜਨ ਸਿੰਘ ਅਤੇ ਰਾਜਵਿੰਦਰ ਸਿੰਘ ਪ੍ਰੋ. ਹਰਭਜਨ ਸਿੰਘ ਦਾ ਕਹਾਣੀ-ਸੰਗ੍ਰਹਿ 'ਰੇਸ, ਕਲਾਸ ਤੇ ਜੰਗ' ਰਿਲੀਜ਼ ਕਰਦੇ ਹੋਏ***

ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

Manjit Gill
President
CA Lic#0B23990
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com

Business For Sale
ਇੰਡੀਅਨ ਗਰੋਸਰੀ ਸਟੋਰ ਵਿਕਾਊ ਹੈ
ਪਿਛਲੇ 18 ਸਾਲ ਤੋਂ ਵਧੀਆ ਚਲਦਾ ਇੰਡੀਅਨ/ਪਾਕਿਸਤਾਨੀ ਗਰੋਸਰੀ ਅਤੇ ਵੀਡੀਓ ਸਟੋਰ ਵਿਕਾਊ ਹੈ।
Deep Emporeum, Milpitas, CA
Busy Business Shopping Center
Family Business
Asking Price 39 K (Including Inventory)
Rent $1600 per month
Owner planning to move
Only serious buyers please call:
Ph. 510-677-9666

Wraich Transport LLS
North American Truck Stop
14320 Slover Ave., Fontana, CA 92337

ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ
*We have trailer engine for carrier and thermo king *North american truck stop offer all kind of truck repair @ economy price. *We have special deal on oil change $189 +
ਤੁਰਤ ਕਾਲ ਕਰੋ:800-746-6201, 9093-350-3310

## ਸੁਖਬੀਰ ਨੇ ਅਮਲੀ ਤੌਰ ‘ਤੇ ਸੰਭਾਲੀ ਕਮਾਨ

**ਚੰਡੀਗੜ੍ਹ:** ਪੰਜਾਬ ਦੇ ਉਪ-ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੇ ਆਪਣੇ ਪਿਤਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਜੋ ਅੱਜ ਕੱਲ੍ਹ ਅਮਰੀਕਾ ਦੀ ਨਿੱਜੀ ਯਾਤਰਾ ‘ਤੇ ਗਏ ਹੋਏ ਹਨ, ਦੀ ਗੈਰਹਾਜ਼ਰੀ ਵਿਚ ਅਮਲੀ ਤੌਰ ‘ਤੇ ਰਾਜ ਸਰਕਾਰ ਦੀ ਕਮਾਂਡ ਸੰਭਾਲ ਲਈ ਹੈ। 28-29 ਅਪ੍ਰੈਲ ਦੀ ਰਾਤ ਨੂੰ ਅਮਰੀਕਾ ਦੇ ਦੌਰੇ ਤੋਂ ਵਾਪਸ ਭਾਰਤ ਆਉਂਦੇ ਸਾਰ ਸੁਖਬੀਰ ਉਨ੍ਹਾਂ ਸਮਾਗਮਾਂ ਵਿਚ ਮਸਰੂਫ ਹੋ ਗਏ, ਜਿਨ੍ਹਾਂ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਾ ਸੀ ਜਾਂ ਪ੍ਰਧਾਨਗੀ ਕਰਨੀ ਸੀ। ਕਈ ਸਮਾਗਮਾਂ ਵਿਚ ਤਾਂ ਸ: ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਦੀ ਪ੍ਰਤੀਨਿਧਤਾ ਕੀਤੀ।

30 ਅਪ੍ਰੈਲ ਨੂੰ ਉਹ ਸਿੱਧਾ ਪਟਿਆਲਾ ਪਹੁੰਚੇ, ਜਿਥੇ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਵੱਲੋਂ ਕਰਵਾਈ ਕਾਨਫਰੰਸ ਵਿਚ ਸ਼ਮੂਲੀਅਤ ਕੀਤੀ। ਪਹਿਲੀ ਮਈ ਨੂੰ ਉਹ ਗੁਰਦਾਸਪੁਰ ਚਲੇ ਗਏ ਜਿਥੇ ਉਨ੍ਹਾਂ ਪਾਕਿਸਤਾਨੀ ਅੱਤਵਾਦੀਆਂ ਵੱਲੋਂ ਪੰਜਾਬ ਪੁਲਿਸ ਦੇ 2 ਜਵਾਨਾਂ ਨੂੰ ਸ਼ਹੀਦ ਕੀਤੇ ਜਾਣ ਵਾਲੇ ਸਮਾਗਮ ਵਿਚ ਜਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਸੇ ਦਿਨ ਉਹ ਅਹਿਮਦਾਬਾਦ ਚਲੇ ਗਏ ਜਿੱਥੇ ਗੁਜਰਾਤ ਰਾਜ ਦੇ 50 ਸਾਲਾ ਜਸ਼ਨ ਸਮਾਗਮ ਵਿਚ ਪੰਜਾਬ ਦੇ ਮੁੱਖ ਮੰਤਰੀ ਦੀ ਪ੍ਰਤੀਨਿਧਤਾ ਕੀਤੀ। 3 ਮਈ ਨੂੰ ਉਨ੍ਹਾਂ ਨੇ ਵਿਕਾਸ ਦੇ ਕੰਮਾਂਕਾਰਾਂ ਦਾ ਜਾਇਜ਼ਾ ਲੈਣ ਲਈ ਚੰਡੀਗੜ੍ਹ ਵਿਚ ਉਨ੍ਹਾਂ ਵਿਭਾਗਾਂ ਨਾਲ ਸੰਬੰਧਿਤ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਜੋ ਮੁਖ ਮੰਤਰੀ ਸ: ਬਾਦਲ ਨਾਲ ਸੰਬੰਧਿਤ ਹਨ। 4 ਮਈ ਨੂੰ ਉਨ੍ਹਾਂ ਨੇ ਹਿੰਦੀ ਦੇ ਇਕ ਅਖ਼ਬਾਰ ਵੱਲੋਂ ਨਵੀਂ ਦਿੱਲੀ ਕਰਾਏ ਗਏ ਸਮਾਗਮ ਵਿਚ ਮੁੱਖ ਮੰਤਰੀ ਦੇ ਪ੍ਰਤੀਨਿਧ ਵਜੋਂ ਭਾਗ ਲਿਆ। ਇਸੇ ਸਮਾਗਮ ਨੂੰ ਹਰਿਆਣਾ, ਮੱਧ ਪ੍ਰਦੇਸ਼ ਤੇ ਬਿਹਾਰ ਦੇ ਮੁੱਖ ਮੰਤਰੀਆਂ ਨੇ ਵੀ ਸੰਬੋਧਨ ਕੀਤਾ। 5 ਮਈ ਨੂੰ ਉਹ ਮੁੱਖ ਮੰਤਰੀ ਦੀ ਥਾਂ ‘ਤੇ ਪਟਿਆਲਾ ਪਹੁੰਚੇ। ਜਿਥੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਯਾਦ ਵਿਚ ਕਰਵਾਏ ਜਾ ਰਹੇ ਰਾਜ ਪੱਧਰ ਦੇ ਸਮਾਗਮ ਵਿਚ ਸ਼ਮੂਲੀਅਤ ਕਰਨਗੇ।

## ਮਾਲਟਾ ਕਾਂਡ ਦੇ ਮੁੱਖ ਸਾਜ਼ਿਸ਼ਕਰਤਾ ਨੂੰ 30 ਸਾਲ ਕੈਦ

**ਹੁਸ਼ਿਆਰਪੁਰ:** ਮਾਲਟਾ ਦੁਰਘਟਨਾ ਜਾਂਚ ਮਿਸ਼ਨ ਦੇ ਜਨਰਲ ਸਕੱਤਰ ਮਾਸਟਰ ਬਲਵੀਰ ਸਿੰਘ ਨੇ ਦੱਸਿਆ ਕਿ ਇਟਲੀ ਦੀ ਸੁਪਰੀਮ ਕੋਰਟ ਨੇ ਮੁੱਖ ਸਾਜ਼ਸ਼ੀ ਤੁਰਾਬ ਅਹਿਮਦ ਸ਼ੇਖ ਨੂੰ ਹੇਠਲੀ ਅਦਾਲਤ ਵਿਚ ਦਿੱਤੀ 30 ਸਾਲ ਦੀ ਸਜ਼ਾ ਬਹਾਲ ਰੱਖੀ ਹੈ। ਇਸ ਸਬੰਧੀ ਮਿਸ਼ਨ ਦੇ ਐਡਵੋਕੇਟ ਅਜਾਚਿਆ ਪਿਆਲੋ ਰਿਆਲੇ ਨੇ ਦੱਸਿਆ ਕਿ ਤੁਰਾਬ ਪਾਕਿਸਤਾਨ ਦੇ ਜ਼ਿਲ੍ਹਾ ਗੁਜਰਾਤ ਦਾ ਰਹਿਣ ਵਾਲਾ ਹੈ ਅਤੇ ਪੱਕੇ ਤੌਰ ‘ਤੇ ਮਾਲਟਾ ਵਿਚ ਇੱਕ ਰੈਸਟੋਰੈਂਟ ਚਲਾ ਰਿਹਾ ਸੀ ਅਤੇ ਉਸਨੇ ਉਥੋਂ ਦੀ ਨਿਵਾਸੀ ਔਰਤ ਨਾਲ ਸ਼ਾਦੀ ਕੀਤੀ ਹੋਈ ਸੀ। ਇਸ ਦੁਰਘਟਨਾ ਵਿਚ ਡੁੱਬਿਆ ਜਹਾਜ਼ ਐਫ-174 ਜਿਹੜਾ ਕਿ ਦੂਸਰੀ ਵਿਸ਼ਵ ਜੰਗ ਵਿਚ ਵਰਤਿਆ ਗਿਆ ਸੀ, ਨੂੰ ਖਰੀਦਣ ਤੇ ਉਸਦੇ ਚਾਲਕਾਂ ਨੂੰ ਇਸਨੇ ਹੀ ਭਰਤੀ ਕੀਤਾ ਸੀ।

ਬਲਬੀਰ ਸਿੰਘ ਨੇ ਦੱਸਿਆ ਕਿ 25 ਦਸੰਬਰ 1996 ਨੂੰ ਇਟਲੀ ਮਾਲਟਾ ਸਮੁੰਦਰ ਵਿਚਕਾਰ ਡੁੱਬੇ 300 ਮੁੰਡਿਆਂ ਦੀ ਯਾਦ ਵਿਚ ਲੋਕ ਸੇਵਕ ਮੰਡਲ ਹੁਸ਼ਿਆਰਪੁਰ ਦੇ ਭਵਨ ਵਿਚ ਇੱਕ ਮੂਰਤ ਗੈਲਰੀ ਬਣਾਉਣ ਦਾ ਫੈਸਲਾ ਕੀਤਾ ਹੈ। ਮਿਸ਼ਨ ਦੇ ਅਹੁਦੇਦਾਰਾਂ ਦੀ ਬੈਠਕ ਇੱਥੇ ਬਲਵੰਤ ਸਿੰਘ ਖੇੜਾ ਦੀ ਪ੍ਰਧਾਨਗੀ ਹੇਠ ਹੋਈ। ਇਸ ਸਬੰਧੀ ਪ੍ਰੋਜੈਕਟ ਤਿਆਰ ਕਰਨ ਲਈ 3 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸਦੇ ਕਨਵੀਨਰ ਉਘੇ ਆਰਟਿਸਟ ਮਾਸਟਰ ਧਰਮਪਾਲ ਹੋਣਗੇ। ਇਸ ਗੈਲਰੀ ‘ਚ ਦੁਰਘਟਨਾ ਸਬੰਧੀ ਸਾਰਾ ਰਿਕਾਰਡ, ਜਾਣਕਾਰੀ, ਫਿਲਮਾਂ ਤੇ ਤਸਵੀਰਾਂ ਰੱਖੀਆ ਜਾਣਗੀਆਂ।

ਮਾਲਟਾ ਕਿਸ਼ਤੀ ਦੁਰਘਟਨਾ ਜਾਂਚ ਕਮੇਟੀ ਦੇ ਚੇਅਰਮੈਨ ਬਲਵੰਤ ਸਿੰਘ ਖੇੜਾ ਨੇ ਦੱਸਿਆ ਕਿ ਤੁਰਾਬ ਸ਼ੇਖ ਜੋ ਕਿ ਇਕ ਪਾਕਿ ਨਾਗਰਿਕ ਸੀ, ਬਾਅਦ ਵਿਚ ਮਾਲਟਾ ਸੈਟਲ ਹੋ ਗਿਆ ਸੀ, ਉਹ ਉੱਥੇ ਇਕ ਰੈਸਟੋਰੈਂਟ ਚਲਾਉਂਦਾ ਸੀ, ਜਿਥੇ ਇਸ ਘਟਨਕ੍ਰਮ ਦੀ ਸਾਜ਼ਿਸ਼ ਬਣਾਈ ਗਈ। ਬਲਵੰਤ ਸਿੰਘ ਖੇੜਾ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਵਿਚ ਤੁਰਾਬ ਅਹਿਮਦ ਨੇ ਸਵੀਕਾਰ ਕੀਤਾ ਸੀ ਕਿ ਉਸ ਨੇ ਉਪਰੋਕਤ ਘਟਨਾ ਵਿਚ ਵਰਤੇ ਜਹਾਜ਼ ਐੱਫ-174 ਦੇ ਲਈ ਚਾਲਕ ਅਤੇ ਸਟਾਫ ਦਾ ਇੰਤਜ਼ਾਮ ਕੀਤਾ ਸੀ। ਜਹਾਜ਼ ਦੇ ਚਾਲਕ ਜਰਬੋਦਾਕਿਸ ਦੇ ਖਿਲਾਫ ਵੀ ਅਦਾਲਤ ਵਿਚ ਕੇਸ ਵਿਚਾਰ-ਅਧੀਨ ਹੈ। ਮਨੁੱਖੀ ਤਸਕਰੀ ‘ਚ ਵਰਤੇ ਜਾਣ ਵਾਲੇ ਇਕ ਹੋਰ ਜਹਾਜ਼ ਈਓਹਾਨ ਦੇ ਕਪਤਾਨ ਯੂਜਫ-ਅਲ-ਹਲਾਲ ਨੂੰ ਵੀ ਇਟਲੀ ਦੀ ਅਦਾਲਤ ਨੇ 30 ਸਾਲ ਦੀ ਸਜ਼ਾ ਸੁਣਾਈ ਹੈ।

ਖੇੜਾ ਨੇ ਕਿਹਾ ਕਿ ਭਾਰਤ ਸਰਕਾਰ ਨੇ ਭਾਵੇਂ ਪਰਿਵਾਰਾਂ ਨੂੰ ਇਨਸਾਫ ਨਹੀਂ ਦਿੱਤਾ ਪਰ ਵਿਦੇਸ਼ੀ ਧਰਤੀ ‘ਤੇ ਉਨ੍ਹਾਂ ਨੂੰ ਨਿਆਂ ਮਿਲ ਰਿਹਾ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਬਾਕੀ ਦੋਸ਼ੀਆਂ ਨੂੰ ਵੀ ਨਿਸ਼ਚਿਤ ਤੌਰ ‘ਤੇ ਸਜ਼ਾ ਮਿਲੇਗੀ।

**ਮਾਲਟਾ ਕਾਂਡ ਦੀ ਯਾਦ ਵਿਚ ਤਸਵੀਰ ਗੈਲਰੀ ਬਣਾਉਣ ਦਾ ਫੈਸਲਾ** : ਮਾਲਟਾ ਦੁਰਘਟਨਾ ਜਾਂਚ ਮਿਸ਼ਨ ਨੇ 25 ਦਸੰਬਰ 1996 ਨੂੰ ਮਾਲਟਾ ਸਮੁੰਦਰ ਵਿਚਕਾਰ ਡੁੱਬੇ 300 ਮੁੰਡਿਆਂ ਦੀ ਯਾਦ ਵਿਚ ਲੋਕ ਸੇਵਕ ਮੰਡਲ ਹੁਸ਼ਿਆਰਪੁਰ ਦੇ ਭਵਨ ਵਿਚ ਇਕ ਤਸਵੀਰ ਗੈਲਰੀ ਬਣਾਉਣ ਦਾ ਫੈਸਲਾ ਕੀਤਾ ਹੈ।

## ਸਟੱਡੀ ਵੀਜ਼ੇ ਲਈ ਬੈਂਕਾਂ ਦੇ ਜਾਅਲੀ ਦਸਤਾਵੇਜ਼ ਤਿਆਰ ਕਰਨ ਵਾਲੇ ਗੈਂਗ ਦਾ ਪਰਦਾਫਾਸ਼

**ਜਲੰਧਰ:** ਸਟੂਡੈਂਟਸ ਨੂੰ ਵਿਦੇਸ਼ ਭੇਜਣ ਲਈ ਬੈਂਕ ਦੀ ਜਾਅਲੀ ਸਟੇਟਮੈਂਟ, ਲੋਨ ਸਟੇਟਮੈਂਟ ਤੇ ਹੋਰ ਜਾਅਲੀ ਦਸਤਾਵੇਜ਼ ਤਿਆਰ ਕਰਨ ਵਾਲੇ ਗੈਂਗ ਦਾ ਜਲੰਧਰ ਪੁਲਸ ਨੇ ਪਰਦਾਫਾਸ਼ ਕੀਤਾ ਹੈ। ਪੁਲਸ ਨੇ ਸਟੂਡੈਂਟਸ ਵੀਜ਼ਾ ਦਾ ਕੰਮ ਕਰਨ ਵਾਲੀਆਂ ਜਲੰਧਰ ਤੇ ਚੰਡੀਗੜ੍ਹ ਦੀਆਂ 4 ਫਰਮਾਂ ਖਿਲਾਫ ਕੇਸ ਦਰਜ ਕਰਕੇ ਤਿੰਨ ਸੰਚਾਲਕਾਂ ਨੂੰ ਗ੍ਰਿਫਤਾਰ ਕੀਤਾ ਹੈ।

ਪੁਲਸ ਕਮਿਸ਼ਨਰ ਗੌਰਵ ਯਾਦਵ ਨੇ ਦੱਸਿਆ ਕਿ ਏ.ਡੀ.ਸੀ. ਪੀ. ਹੈਡਕੁਆਰਟਰ ਸਤਿੰਦਰ ਸਿੰਘ ਨੂੰ ਸੂਚਨਾ ਮਿਲੀ ਸੀ ਕਿ ਸਟੱਡੀ ਵੀਜ਼ਾ ਦਾ ਕੰਮ ਕਰਨ ਵਾਲੇ ਐਜੂਕੇਸ਼ਨ ਕੰਸਲਟੈਂਟ ਵਲੋਂ ਸਟੂਡੈਂਟਸ ਨੂੰ ਵਿਦੇਸ਼ ਭੇਜਣ ਲਈ ਤਿਆਰ ਕੀਤੀ ਜਾਣ ਵਾਲੀ ਫਾਈਲ ‘ਚ ਬੈਂਕ ਦੀਆਂ ਜਾਅਲੀ ਸਟੇਟਮੈਂਟਾਂ, ਲੋਨ ਸਟੇਟਮੈਂਟਾਂ ਦੇ ਜਾਅਲੀ ਦਸਤਾਵੇਜ਼ ਲਾਏ ਜਾ ਰਹੇ ਹਨ। ਇਸ ਕੰਮ ਲਈ ਸ਼ਹਿਰ ਦੇ ਕੁੱਝ ਟਰੈਵਲ ਏਜੰਟਾਂ ਦਾ ਗੈਂਗ ਕੰਮ ਕਰ ਰਿਹਾ ਹੈ, ਜੋ ਕਿ ਸਟੂਡੈਂਟ ਨੂੰ ਲੁੱਟ ਰਿਹਾ ਹੈ। ਸੂਚਨਾ ਮਿਲਣ ‘ਤੇ ਪੁਲਸ ਟੀਮ ਨੇ ਸਥਾਨਕ ਪ੍ਰਾਈਮ ਟਾਵਰ ਵਿਖੇ ਸਥਿਤ ਐਜੂਕੇਸ਼ਨ ਬੁਟੀਕ ਵਿਖੇ ਛਾਪੇਮਾਰੀ ਕਰਕੇ ਮੌਕੇ ‘ਤੇ ਅਤੁਲ ਵਸ਼ਿਸ਼ਠ ਪੁੱਤਰ ਬੀ.ਐੱਮ. ਵਸ਼ਿਸ਼ਠ ਵਾਸੀ ਸੈਕਟਰ1 0 ਪੰਚਕੂਲਾ, ਹਰਿਆਣਾ, (ਡੈਫੋਡਿਲਜ਼ ਸਟੱਡੀ ਐਬਰੋਡ, ਸੈਕਟਰ-22-ਸੀ, ਚੰਡੀਗੜ੍ਹ), ਕਮਲ ਸਹਿਗਲ ਪੁੱਤਰ ਗੁਲਜ਼ਾਰੀ ਲਾਲ ਵਾਸੀ ਵਰਿਆਣਾ, ਜਲੰਧਰ (ਮੈਸਰਜ਼ ਸਟਾਫ ਐਜੂਕੇਸ਼ਨ, ਗ੍ਰੀਨ ਪਾਰਕ, ਨਜ਼ਦੀਕ ਨਰਿੰਦਰ ਸਿਨੇਮਾ, ਜਲੰਧਰ), ਨਰੇਸ਼ ਕੁਮਾਰ ਪੁੱਤਰ ਸਰਵਣ ਚੰਦ ਸ਼ਰਮਾ ਵਾਸੀ ਪ੍ਰੀਤ ਨਗਰ, ਜਲੰਧਰ (ਮੈਸਰਜ਼ ਵਰਲਡ ਵਾਈਡ ਕੈਰੀਅਰ ਕੰਸਲਟੈਂਟ, ਬਡਵਾਲ ਕੰਪਲੈਕਸ, ਨਜ਼ਦੀਕ ਨਰਿੰਦਰ ਸਿਨੇਮਾ, ਜਲੰਧਰ) ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਕਮਿਸ਼ਨਰ ਮੁਤਾਬਕ ਇਸ ਗੈਂਗ ਦਾ ਇਕ ਮੈਂਬਰ ਪਵਿਤ ਬਰਾੜ ਪੁਲਸ ਹੱਥ ਨਹੀਂ ਲੱਗਾ। ਗ੍ਰਿਫਤਾਰ ਮੈਂਬਰਾਂ ਪਾਸੋਂ ਪੁਲਸ ਨੇ ਭਾਰੀ ਮਾਤਰਾ ‘ਚ ਵੱਖ-ਵੱਖ ਬੈਂਕਾਂ ਦੇ ਜਾਅਲੀ ਸਟੇਟਮੈਂਟਸ ਤੇ ਹੋਰ ਦਸਤਾਵੇਜ਼ ਬਰਾਮਦ ਕੀਤੇ ਹਨ। ਪੁਲਸ ਕਮਿਸ਼ਨਰ ਮੁਤਾਬਕ ਫਰਾਰ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ। ਪੁਲਸ ਮੁਤਾਬਿਕ ਉਕਤ ਲੋਕ ਇਸ਼ਤਿਹਾਰ ਦੇ ਜ਼ਰੀਏ ਲੋਕਾਂ ਨੂੰ ਆਪਣੇ ਵਲ ਖਿੱਚਦੇ ਸਨ। ਸਟੂਡੈਂਟਸ ਦਾ ਪਾਸਪੋਰਟ ਲੈ ਕੇ ਬਾਕੀ ਦਸਤਾਵੇਜ਼ ਤਿਆਰ ਕਰਨ ਦੇ ਭਾਰੀ ਰੁਪਏ ਲੈਂਦੇ ਸਨ। ਦਸਤਾਵੇਜ਼ਾਂ ਦੀ ਜਾਂਚ ‘ਚ ਪਤਾ ਲੱਗਾ ਹੈ ਕਿ ਇਹ ਲੋਕ ਇਕ ਹੀ ਵਿਅਕਤੀ ਤੋਂ ਜਾਅਲੀ ਦਸਤਾਵੇਜ਼ ਤਿਆਰ ਕਰਵਾਉਂਦੇ ਸਨ।

## ਪ੍ਰੋ. ਗਿੱਲ ਬਣੇ ਸਾਹਿਤ ਅਕਾਦਮੀ ਦੇ ਪ੍ਰਧਾਨ

**ਲੁਧਿਆਣਾ:** ਸਾਹਿਤਕਾਰਾਂ, ਲੇਖਕਾਂ, ਬੁੱਧਜੀਵੀਆਂ, ਕਹਾਣੀਕਾਰਾਂ, ਇਤਿਹਾਸਕਾਰਾਂ, ਨਾਟਕਕਾਰਾਂ, ਨਾਵਲਕਾਰਾਂ, ਆਲੋਚਕਾਂ ਅਤੇ ਕਵੀਆਂ ਲਈ ਇੱਕ ਪਵਿੱਤਰ ਅਸਥਾਨ ਵਜੋਂ ਜਾਣੀ ਜਾਂਦੀ ਸੰਸਥਾ ਪੰਜਾਬੀ ਸਾਹਿਤ ਅਕਾਦਮੀ ਦੀ ਬੀਤੀ 2 ਮਈ ਨੂੰ ਹੋਈ ਚੋਣ ‘ਚ ਭਾਵੇਂ ਮੁੱਖ ਮੁਕਾਬਲਾ ਪ੍ਰਧਾਨਗੀ ਅਹੁਦੇ ਨੂੰ ਲੈ ਕੇ ਪ੍ਰੋ. ਗੁਰਭਜਨ ਗਿੱਲ ਅਤੇ ਡਾ. ਐਸ ਤਰਸੇਮ ਵਿਚਾਲੇ ਸੀ ਪਰ ਬਾਜ਼ੀ ਸ੍ਰੀ ਗਿੱਲ ਮਾਰ ਗਏ, ਜੋ ਲਗਭਗ ਪਿਛਲੇ 16 ਵਰ੍ਹਿਆਂ ਤੋਂ ਅਕਾਦਮੀ ਦੇ ਵੱਖ-ਵੱਖ ਅਹੁਦਿਆਂ ‘ਤੇ ਕੰਮ ਕਰਦੇ ਆ ਰਹੇ ਹਨ।

ਅਕਾਦਮੀ ਦੀਆਂ ਕੁੱਲ 1353 ‘ਚੋਂ 808 ਵੋਟਾਂ ਪੋਲ ਹੋਈਆਂ, ਜਦਕਿ 52 ਰੱਦ ਹੋ ਗਈਆਂ। ਪ੍ਰਧਾਨਗੀ ਦੇ ਅਹੁਦੇ ਲਈ ਪ੍ਰੋ. ਗੁਰਭਜਨ ਗਿੱਲ ਨੂੰ 511 ਜਦਕਿ ਡਾ. ਐਸ ਤਰਸੇਮ ਨੂੰ 286 ਵੋਟਾਂ ਮਿਲੀਆਂ। ਤਰਸੇਮ ਧੜੇ ਦੇ ਡਾ. ਸੁਖਦੇਵ ਸਿੰਘ ਸਿਰਸਾ ਜਨਰਲ ਸਕੱਤਰ ਦੇ ਅਹੁਦੇ ‘ਤੇ 402 ਵੋਟਾਂ ਪ੍ਰਾਪਤ ਕਰਦਿਆਂ ਮੁੜ ਕਾਬਜ਼ ਹੋ ਗਏ।

ਮੁਕਾਬਲੇ ‘ਚ ਉਤਰੇ ਸ੍ਰੀ ਗਿੱਲ ਗਰੁੱਪ ਦੇ ਇੰਜੀਨੀਅਰ ਜਸਵੰਤ ਸਿੰਘ ਜ਼ਫਰ ਮਾਤ ਖਾ ਗਏ ਕਿਉਂਕਿ ਉਨ੍ਹਾਂ ਨੂੰ 388 ਵੋਟਾਂ ਪੋਲ ਹੋਈਆਂ। ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਪ੍ਰਾਪਤ ਕਰਨ ਵਿਚ ਸੁਖਜੀਤ 421 ਵੋਟਾਂ ਲੈ ਕੇ ਸਫ਼ਲ ਰਹੇ ਤੇ ਹਰਭਜਨ ਸਿੰਘ ਹੁੰਦਲ (364) ਪਛੜ ਗਏ। ਪ੍ਰੋ. ਗੁਰਭਜਨ ਗਿੱਲ ਨੇ ਜਿੱਤਣ ਉਪਰੰਤ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੰਜਾਬੀ ਸਾਹਿਤ, ਇਤਿਹਾਸ ਤੇ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਦੀ ਸੇਵਾ ਪ੍ਰਧਾਨ ਵਜੋਂ ਨਹੀਂ ਬਲਕਿ ਇੱਕ ਸੇਵਾਦਾਰ ਵਜੋਂ ਨਿਭਾਉਣਗੇ। ਇਸ ਕਾਰਜ ਲਈ ਉਹ ਸਭ ਦਾ ਹੀ ਸਹਿਯੋਗ ਚਾਹੁਣਗੇ।

ਪ੍ਰੋ. ਗਿੱਲ ਨੇ ਕਿਹਾ ਕਿ ਸਾਡਾ ਨਾਅਰਾ ਪਿੰਡਾਂ ਵਲ ਚੱਲੀਏ ਹੋਵੇਗਾ। ਇਸ ਮੌਕੇ ਭਗਵੰਤ ਮਾਨ, ਹਰਭਜਨ ਮਾਨ, ਪੰਮੀ ਬਾਈ, ਸ਼ਮਸ਼ੇਰ ਸੰਧੂ ਸਮੇਤ ਹਰ ਖੇਤਰ ਦੀਆਂ ਚੋਟੀਆਂ ਦੀਆਂ ਸ਼ਖ਼ਸੀਅਤਾਂ ਹਾਜ਼ਰ ਸਨ।

*www.punjabtimesusa.com*

## ਪਹਾੜੀ ਵਾਲੀ ਜ਼ਮੀਨ ਅਸੀਂ ਖਰੀਦਣ ਲਈ ਤਿਆਰ ਹਾਂ...

ਗੁਰਦੁਆਰਾ ਫਰੀਮਾਂਟ ਦੀ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਮੈਂ ਅਤੇ ਮੇਰੇ ਸਾਥੀ ਗੁਰੂਘਰ ਦੀ ਸੁਪਰੀਮ ਕੌਂਸਲ ਵਲੋਂ ਕੀਤੀ ਗਈ ਬੇਨਤੀ ਪ੍ਰਵਾਨ ਕਰਦਿਆਂ ਅਤੇ ਆਪਣਾ ਚੋਣ ਵਾਅਦਾ ਨਿਭਾਉਂਦਿਆਂ ਮਿਸ਼ਨ ਬੁਲੇਵਾਰਡ ਤੇ ਖਰੀਦੀ ਗਈ 100 ਏਕੜ ਜ਼ਮੀਨ ਅਤੇ ਇਸ ਨਾਲ ਲਗਦਾ ਘਰ ਇਕ ਲੱਖ ਡਾਲਰ ਦੇ ਵਾਧੇ ਨਾਲ ਖਰੀਦਣ ਲਈ ਤਿਆਰ ਹਾਂ ਪਰ ਮੌਜੂਦਾ ਪ੍ਰਬੰਧਕਾਂ ਨੂੰ ਇਕ ਹਲਫਨਾਮੇ ਤੇ ਦਸਤਖਤ ਕਰਨੇ ਹੋਣਗੇ ਜਿਸ ਵਿਚ ਉਹ ਸਭ ਗੱਲਾਂ ਦਰਜ ਹੋਣਗੀਆਂ ਜੋ ਭਾਈ ਜਸਵਿੰਦਰ ਸਿੰਘ ਜੰਡੀ ਅਤੇ ਜਸਜੀਤ ਸਿੰਘ ਚੇਲਾ ਅਕਸਰ ਜ਼ਮੀਨ ਪ੍ਰਤੀ ਕਰਦੇ ਆਏ ਹਨ। ਸੰਗਤ ਨੂੰ ਪਤਾ ਹੈ ਕਿ ਰੀਅਲ ਅਸਟੇਟ ਦੀ 2005 ਵਿਚ ਕੀ ਕੀਮਤ ਸੀ ਤੇ ਅੱਜ ਕੀ ਹੈ, ਪਰ ਅਸੀਂ ਕੀਮਤਾਂ ਦੀ ਪ੍ਰਵਾਹ ਕੀਤੇ ਬਗੈਰ ਗੁਰੂ ਦਰ ਤੇ ਕੀਤਾ ਵਾਅਦਾ ਨਿਭਾਉਣ ਲਈ ਤਿਆਰ ਹਾਂ। ਇਹ ਹਲਫਨਾਮਾ ਇਸ ਲਈ ਜਰੂਰੀ ਹੈ ਤਾਂ ਕਿ ਸੰਗਤ ਇਸ ਖਰੀਦੋ ਫਰੋਖਤ ਦੀ ਗਵਾਹ ਬਣ ਸਕੇ। ਹਲਫਨਾਮਾ ਇਸ ਤਰ੍ਹਾਂ ਹੋਵੇਗਾ:

‘‘ਹਲਫਨਾਮਾ’’

1. ਅਸੀਂ ਮੌਜੂਦਾ ਸੁਪਰੀਮ ਕੌਂਸਲ ਜਸਵਿੰਦਰ ਸਿੰਘ ਜੰਡੀ, ਨਿਰਮਲ ਸਿੰਘ ਬਾਠ, ਦਵਿੰਦਰ ਸਿੰਘ ਚਾਨਾ, ਗੁਰਪਾਲ ਸਿੰਘ ਹੰਸਰਾ, ਹਰਜੋਤ ਸਿੰਘ ਖਾਲਸਾ ਸਮਝਦੇ ਹਾਂ ਕਿ ਮੌਜੂਦਾ 100 ਏਕੜ ਪਹਾੜੀ ਵਾਲੀ ਜ਼ਮੀਨ ਬੇਕਾਰ ਹੈ ਜਿਵੇਂਕਿ ਅਸੀਂ ਮਾਰਚ 14, 2010 ਦੀਆਂ ਚੋਣਾਂ ਵਿਚ ਆਪਣੇ ਮੈਨੀਫੈਸਟੋ ਵਿਚ ਕਿਹਾ ਹੈ ।

2. ਅਸੀਂ ਸੰਗਤ ਨੂੰ ਸੂਚਿਤ ਕਰ ਰਹੇ ਹਾਂ ਕਿ ਸਾਡੀ ਫਰੀਮਾਂਟ ਦੇ ਅਫਸਰਾਂ ਨਾਲ ਗੱਲ ਹੋਈ ਹੈ ਕਿ ਮੌਜੂਦਾ 100 ਏਕੜ ਜ਼ਮੀਨ ਤੇ ਕਦੇ ਕੁਝ ਨਹੀਂ ਬਣ ਸਕਦਾ, ਕਿਉਂਕਿ ਇਹ ‘ਮਈਅਰ ਟੀ’ ਦੇ ਥੱਲੇ ਹੈ।

3. ਅਸੀਂ ਇਹ ਜ਼ਮੀਨ ਇਸ ਕਰਕੇ ਖਰੀਦਦਾਰਾਂ (ਪੁਰਾਣੀ ਸੁਪਰੀਮ ਕੌਂਸਲ ਭਾਈ ਰਾਮ ਸਿੰਘ) ਨੂੰ ਵੇਚ ਰਹੇ ਹਾਂ ਕਿਉਂਕਿ ਇਸ ਦੇ ਰੈਸਟੋਰੇਸ਼ਨ ਤੇ 2 ਲੱਖ ਡਾਲਰ ਦਾ ਖਰਚਾ ਆਉਣ ਵਾਲਾ ਹੈ। ਬੇਕਾਰ ਜ਼ਮੀਨ ਹੋਣ ਕਾਰਨ ਅਸੀਂ ਇਸ ਨੂੰ ਵੇਚਣਾ ਹੀ ਬਿਹਤਰ ਸਮਝਦੇ ਹਾਂ।

4. ਜਿਵੇਂ ਕਿ ਅਸੀਂ ਆਪਣੇ ਚੋਣ ਮੈਨੀਫੈਸਟੋ (ਮਾਰਚ 2010) ਵਿਚ ਕਿਹਾ ਹੈ ਕਿ ਇਸ ਜ਼ਮੀਨ ਉਪਰ 30 ਤੋਂ 40 ਹਜ਼ਾਰ ਦਾ ਹੋਰ ਖਰਚਾ (ਇਰੋਜ਼ਨ ਕੰਟਰੋਲ) ਹੋ ਜਾਂਦਾ ਹੈ ਅਤੇ ਸਿਟੀ ਵਾਲੇ ਕਹਿੰਦੇ ਹਨ ਕਿ ਇਥੇ ਪਾਰਕਿੰਗ ਅਤੇ ਖੇਡ ਗਰਾਊਂਡਾਂ ਨਹੀਂ ਬਣ ਸਕਦੀਆਂ, ਇਸ ਕਰਕੇ ਇਹ ਜ਼ਮੀਨ ਪੂਰੀ ਤਰ੍ਹਾਂ ਬੇਕਾਰ ਹੈ ਤੇ ਗੁਰੂ ਘਰ ਦੇ ਕਿਸੇ ਕੰਮ ਆਉਣ ਵਾਲੀ ਨਹੀਂ, ਵਾਧੂ ਬੋਝ ਹੈ ਤੇ ਅਸੀਂ ਪੁਰਾਣੇ ਪ੍ਰਬੰਧਕਾਂ ਨੂੰ ਵੇਚਣ ਦਾ ਨਿਰਣਾ ਲਿਆ ਹੈ।

5. ਅਸੀਂ ਸਹਿਮਤ ਹਾਂ ਕਿ ਅਗਰ ਸਾਡਾ ਉਪਰੋਕਤ ਪ੍ਰਚਾਰ ਗ਼ਲਤ ਸਾਬਤ ਹੋ ਗਿਆ, ਭਾਵ ਗੁਰਮੀਤ ਸਿੰਘ ਅਤੇ ਉਸ ਦੇ ਸਹਿਯੋਗੀ ਇਸ ਜ਼ਮੀਨ ਤੇ ਪਾਰਕਿੰਗ, ਗਰਾਊਂਡਾਂ, ਸਿੰਗਲ ਸਟੋਰੀ ਬਿਲਡਿੰਗ ਆਦਿ ਬਣਾਉਣ ਵਿਚ ਕਾਮਯਾਬ ਹੋ ਜਾਂਦੇ ਹਨ ਤਾਂ ਅਸੀਂ ਝੂਠਾ ਪ੍ਰਚਾਰ ਕਰਨ ਅਤੇ ਸੰਗਤ ਨੂੰ ਗੁੰਮਰਾਹ ਕਰਨ ਬਦਲੇ ਸੰਗਤ ਵਲੋਂ ਮਿੱਥੀ ਕੋਈ ਵੀ ਸਜ਼ਾ ਖਿੜੇ ਮੱਥੇ ਕਬੂਲ ਕਰਾਂਗੇ।

6. ਇਸ ਹਲਫਨਾਮੇ ਨਾਲ ਮੌਜੂਦਾ ਸੁਪਰੀਮ ਕੌਂਸਲ ਤੋਂ ਇਲਾਵਾ ਮੌਜੂਦਾ ਪ੍ਰਬੰਧਕ ਕਮੇਟੀ ਅਤੇ ਸਾਡਾ ਨੀਤੀਘਾੜਾ ਸ. ਜਸਜੀਤ ਸਿੰਘ ਚੇਲਾ ਵੀ ਸਹਿਮਤ ਹੈ। ਅਸੀਂ ਨਿਮਨ ਹਸਤਾਖਰੀ ਸੰਗਤ ਦੇ ਹਿੱਤਾਂ ਨੂੰ ਮੁੱਖ ਰਖ ਕੇ 100 ਏਕੜ ਜ਼ਮੀਨ ਵੇਚ ਰਹੇ ਹਾਂ।

ਸੰਗਤਾਂ ਦੇ ਦਾਸ :

ਜਸਵਿੰਦਰ ਸਿੰਘ ਜੰਡੀ, ਨਿਰਮਲ ਸਿੰਘ ਬਾਠ, ਗੁਰਪਾਲ ਸਿੰਘ ਹੰਸਰਾ, ਦਵਿੰਦਰ ਸਿੰਘ ਚਾਨਾ, ਹਰਜੋਤ ਸਿੰਘ ਖਾਲਸਾ, ਜਸਜੀਤ ਸਿੰਘ ਚੇਲਾ।

ਅਗਰ ਮੌਜੂਦਾ ਪ੍ਰਬੰਧਕ ਉਪਰੋਕਤ ਹਲਫਨਾਮੇ ‘ਤੇ ਦਸਤਖਤ ਕਰਦੇ ਹਨ ਤਾਂ ਅਸੀਂ ਜ਼ਮੀਨ ਖਰੀਦਣ ਲਈ ਤਿਆਰ ਹਨ। ਉਪਰੋਕਤ ਹਲਫਨਾਮੇ ਵਿਚ ਉਹੀ ਕੁਝ ਦਰਜ ਹੈ ਜੋ ਜ਼ਮੀਨ ਬਾਰੇ ਇਹ ਸੱਜਣ ਕਹਿੰਦੇ ਆ ਰਹੇ ਹਨ। ਮੈਂ ਚਾਹੁੰਦਾ ਹਾਂ ਸੰਗਤ ਨੂੰ ਪਤਾ ਲਗ ਸਕੇ ਕਿ ਗੁਰੂ ਘਰ ਦੇ ਹਿੱਤਾਂ ਲਈ ਕੌਣ ਖੜਾ ਹੈ ਅਤੇ ਗੁਰੂਘਰ ਅਤੇ ਕਮਿਊਨਿਟੀ ਦਾ ਨੁਕਸਾਨ ਕੌਣ ਕਰ ਰਿਹਾ ਹੈ? ਉਪਰੋਕਤ ਹਲਫਨਾਮੇ ਨਾਲ ਇਸ ਗੱਲ ਦਾ ਨਿਤਾਰਾ ਵੀ ਹੋ ਜਾਵੇਗਾ ਕਿ ਕੌਣ ਆਪਣੇ ਬਚਨਾਂ ਤੇ ਖੜ੍ਹਦਾ ਹੈ ਤੇ ਕੌਣ ਸਿਰਫ ਚੋਣਾਂ ਜਿੱਤਣ ਲਈ ਝੂਠੇ ਪ੍ਰਚਾਰ ਵਿਚ ਯਕੀਨ ਕਰਦਾ ਹੈ।

ਅਸੀਂ ਹਮੇਸ਼ਾ ਗੁਰੂਘਰ ਦੀ ਬਿਹਤਰੀ ਲਈ ਕੰਮ ਕੀਤਾ ਹੈ ਪਰ ਸ. ਜੰਡੀ ਸ. ਚੇਲਾ, ਸ. ਹਰਜੋਤ ਸਿੰਘ ਹਮੇਸ਼ਾ ਗੁਰੂਘਰ ਤੇ ਕਬਜ਼ਾ ਕਰਨ ਦੀ ਸਵਾਰਥੀ ਨੀਤੀ ‘ਤੇ ਹੀ ਕੰਮ ਕਰਦੇ ਆਏ ਹਨ। ਚੋਣਾਂ ਸਬੰਧੀ ਮੌਜੂਦਾ ਕੇਸ ਸ. ਜੰਡੀ ਅਤੇ ਸ. ਚੇਲਾ ਵਲੋਂ ਕੀਤੀਆਂ ਚੋਣ ਧਾਂਦਲੀਆਂ ਦਾ ਨਤੀਜਾ ਹੈ। ਪ੍ਰਬੰਧਕਾਂ ਨੂੰ ਸਲਾਹ ਹੈ ਕਿ ਅਗਰ ਤੁਹਾਨੂੰ ਗੁਰੂਘਰ ਦੇ ਲਗ ਰਹੇ ਪੈਸਿਆਂ ਦਾ ਇਨਾ ਦੁਖ ਹੈ ਤਾਂ ਤੁਸੀਂ ਵਕੀਲ ਦਾ ਖਰਚਾ ਆਪਣੀਆਂ ਜੇਬਾਂ ਵਿਚੋਂ ਕਿਉਂ ਨਹੀਂ ਕਰ ਲੈਂਦੇ ਅਤੇ ਤੁਹਾਨੂੰ ਕਰਨਾ ਵੀ ਚਾਹੀਦਾ ਹੈ ਕਿਉਂਕਿ ਗ਼ਲਤ ਵੋਟਾਂ ਆਪਣੇ ਨਿਜੀ ਹਿਤ ਨੂੰ ਮੁਖ ਰਖ ਕੇ ਤੁਸੀਂ ਹੀ ਬਣਾਈਆਂ ਹਨ। ਅਸੀਂ ਕੇਸ ਸੰਗਤ ਆਸਰੇ ਹੀ ਲੜ ਰਹੇ ਹਾਂ। ਅਸਲ ਵਿਚ ਸ. ਜੰਡੀ ਅਤੇ ਸ. ਚੇਲਾ ਦਾ ਪੁਰਾਣਾ ਖਾਸਾ ਹੈ ਕਿ ਇਹ ਹਮੇਸ਼ਾ ਕਬਜ਼ਾ ਕਰੂ ਨੀਤੀਆਂ ‘ਤੇ ਚਲਦੇ ਹਨ। ਇਸੇ ਕਰਕੇ ਇਹ ਕਦੇ ਆਪਣੀ ਤੁਲਨਾ ਦਸ਼ਮੇਸ ਪਿਤਾ ਦੇ ਸਾਜੇ 5 ਪਿਆਰਿਆਂ ਨਾਲ ਕਰਦੇ ਹਨ ਤੇ ਕੋਰਟ ਨੂੰ ਕਹਿੰਦੇ ਹਨ ਕਿ ਪੰਜ ਪਿਆਰੇ ਕਦੇ ਨਹੀਂ ਬਦਲਦੇ, ਤੁਸੀਂ ਸਾਨੂੰ ਬਦਲ ਨਹੀਂ ਸਕਦੇ।

ਸਾਨੂੰ ਕੇਸ ਲੜਨ ਦਾ ਕੋਈ ਚਾਅ ਨਹੀਂ ਹੈ। ਗੁਰੂਘਰ ਦਾ ਨੁਕਸਾਨ ਅਸੀਂ ਨਹੀਂ ਸਗੋਂ ਉਹ ਹੇਰਾਫੇਰੀ ਬਾਜ਼ ਲੋਕ ਕਰ ਰਹੇ ਹਨ ਜਿਨ੍ਹਾਂ ਚੋਣਾਂ ਜਿੱਤਣ ਲਈ ਜਾਅਲੀ ਵੋਟਾਂ ਹੀ ਨਹੀਂ ਬਣਾਈਆਂ ਸਗੋਂ ਝੂਠਾ ਪ੍ਰਚਾਰ ਕੀਤਾ ਜਿਸ ਦਾ ਕੋਈ ਆਧਾਰ ਹੀ ਨਹੀਂ ਸੀ। ਅਸੀਂ ਸੰਗਤ ਅਤੇ ਗੁਰੂਘਰ ਦੇ ਹਿੱਤਾਂ ਲਈ ਲੜ ਰਹੇ ਹਾਂ। ਆਸ ਹੈ ਕਿ ਗੁਰੂ ਕ੍ਰਿਪਾ ਨਾਲ ਅਸੀਂ ਮੌਜੂਦਾ ਪ੍ਰਬੰਧਕਾਂ ਦੀਆਂ ਚੋਣ ਧਾਂਦਲੀਆਂ ਸੰਗਤ ਸਾਹਮਣੇ ਲਿਆਉਣ ਵਿਚ ਕਾਮਯਾਬ ਹੋ ਜਾਵਾਂਗੇ। ਇਸ ਵਾਰ ਅਦਾਲਤੀ ਕੰਮ ਬਹੁਤ ਲੰਮੇਰਾ ਵੀ ਨਹੀਂ ਹੋਵੇਗਾ। ਸਾਡੇ ਪਾਸ ਲੋੜੀਂਦੇ ਸਬੂਤ ਹਨ ਜੋ ਕਿ ਮੌਜੂਦਾ ਪ੍ਰਬੰਧਕਾਂ ਦੀਆਂ ਧਾਂਦਲੀਆਂ ਉਜਾਗਰ ਕਰਦੇ ਹਨ।

**ਭਾਈ ਗੁਰਮੀਤ ਸਿੰਘ ਖਾਲਸਾ**

# Worrying About Your Ancestral Property In India?

**Geomedia Engineering and Consultancy Services (India)**

is here to help you

*Please Call:*

G S Bath (India)
**011-91-95694-70701**

Harjinder Paul Singh (USA)
**209- 456- 2285**

e-mail: geomediaengineering@gmail.com

**"Geomedia" is a Well-Established and Experienced Team of Engineers, Architects, Planners and Builders Well Versed with Foreign & Local Projects**

*We Offer Services In:*

- SURVEYING
- CONCEPTUAL PLANS
- REVENUE(TEHSIL) RECORDS
- DESIGN AND APPROVALS
- TESTING- SOIL/MATERIALS
- CONSTRUCTION

We can personally meet you at your convenience in United States or in India

ਇੰਡੀਆ ਵਾਲੀ ਜੱਦੀ ਜਾਇਦਾਦ ਦੀ ਪਲਾਨਿੰਗ ਲਈ ਸਾਡੇ ਨਾਲ ਸੰਪਰਕ ਕਰੋ






ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

ਅਤੇ ਲਾਈਫ ਇੰਸ਼ੋਰੈਂਸ


ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

## ਮੇਜਰ ਸਿੰਘ ਚੌਹਾਨ

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



Cell: 916-337-1683
Off : 661-369-4865
Off : 916-983-4890
Fax : 916-984-0110
Fax : 888-327-6115

Major Singh Chauhan
AGENT
CA Ins. Lic #0D36632
New York Life Insurance Company

mc101048@gmail.com

THE COMPANY YOU KEEP




# JAGDEEP SINGH

## INSURANCE AGENCY

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ



Jagdeep Singh
CA Lic #0E42884

*We Can Beat Any Rates*

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ

Ph : 559.277.5580
Fax : (888) 227-6988
email: jagdeep@jsinghagency.com
www.jsinghagency.com

Fresno Location : 4491 W. Shaw Ave. #300A Fresno CA 93722

Our New Location : GOLD RIVER

Ph : 916-220-2128

2377 Gold Meadow, Ste #157, Gold River CA 95670



# M&J ROAD SERVICE

ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ ।
24 ਘੰਟੇ ਸਿਕਿਉਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ



BRIDGESTONE · MICHELIN · Firestone · YOKOHAMA · GOODYEAR · BFGoodrich

**MAJOR BRANDED & WHOLE SALE PRICE**

**TIRES • RIMS • ROAD SERVICE • SNOW CHAINS**

**SECURE TRUCK PARKING**

Freeway 5 - 11401 Harlan Rd. Lathrop CA 95330
Across from Kenworth

Freeway 99 - 3327 South Hwy 99, Stockton CA 95215

**New & Used Tires & Truck Repair Service Available**

Hardeep Singh
Cell: 209-450-8981
Off : 209-456-0182

# ਪੰਜਾਬ ਟਾਈਮਜ਼

ਸਨਿਚਰਵਾਰ, 8 ਮਈ, 2010


*ਭ੍ਰਿਸ਼ਟਾਚਾਰ ਦੀ ਤ੍ਰੇਲ ਦੇ ਤੁਪਕੇ ਹਰ ਅਹੁਦੇ ਨੂੰ ਲਾਗ ਲਾ ਸਕਦੇ ਨੇ। -ਫਰਾਂਸਿਸ ਬਿਓਮੋਂਟ*

## ਡੇਰਾ ਸੱਚਾ ਸੌਦਾ ਫਿਰ ਚਰਚਾ 'ਚ

ਬੀਤੇ ਹਫਤੇ, ਸ਼ੁਕਰਵਾਰ ਦੀ ਰਾਤ ਸਿਰਸਾ ਦੇ ਡੇਰਾ ਸੱਚਾ ਸੌਦਾ ਵਿਚ ਮਚੀ ਭਗਦੜ ਨਾਲ 5 ਔਰਤਾਂ ਦੀ ਮੌਤ ਹੋ ਗਈ ਹੈ ਅਤੇ ਬਹੁਤ ਸਾਰੇ ਹੋਰ ਜ਼ਖ਼ਮੀ ਹੋ ਗਏ ਹਨ। ਇਨ੍ਹਾਂ ਜ਼ਖ਼ਮੀਆਂ ਵਿਚੋਂ 2 ਪੰਜਾਬ ਦੇ ਬਠਿੰਡਾ ਜ਼ਿਲ੍ਹੇ ਨਾਲ ਸੰਬੰਧਤ ਹਨ। ਭਗਦੜ ਕਿਵੇਂ ਮੱਚੀ, ਇਸ ਸੰਬੰਧੀ ਵੱਖ-ਵੱਖ ਧਿਰਾਂ ਵਲੋਂ ਅਲੱਗ-ਅਲੱਗ ਕਿਸਮ ਦੇ ਬਿਆਨ ਸਾਹਮਣੇ ਆਏ ਹਨ। ਡੇਰੇ ਦੀ ਧਿਰ ਦਾ ਆਖਣਾ ਹੈ ਕਿ 12 ਕੁ ਵਜੇ ਦੇ ਕਰੀਬ ਡੇਰੇ ਦੀ ਸੰਗਤ ਸਮਾਗਮ ਦੇ ਖ਼ਤਮ ਹੋਣ ਤੋਂ ਬਾਅਦ ਜਦੋਂ ਬਾਹਰ ਆ ਰਹੀ ਸੀ ਤਾਂ ਅਚਾਨਕ ਝੱਖੜ ਆਉਣ ਦੇ ਕਾਰਨ ਸ਼ਰਧਾਲੂਆਂ ਵਿਚ ਭਗਦੜ ਮੱਚ ਗਈ ਅਤੇ ਜਿਸ ਕਾਰਨ ਪੰਜ ਵਿਅਕਤੀਆਂ ਦੀ ਮੌਤ ਹੋਈ। ਦੂਜੇ ਪਾਸੇ ਇਹ ਅਫ਼ਵਾਹ ਵੀ ਹੈ ਕਿ ਇਕੱਠ ਦੌਰਾਨ ਸੱਪ ਹੋਣ ਦੀ ਅਫਵਾਹ ਫੈਲ ਗਈ ਸੀ, ਜਿਸ ਕਾਰਨ ਲੋਕਾਂ ਵਿਚ ਭਗਦੜ ਮਚ ਗਈ ਅਤੇ ਹਾਦਸਾ ਵਾਪਰ ਗਿਆ। ਇਕ ਹੋਰ ਥਿਊਰੀ ਅਨੁਸਾਰ ਡੇਰੇਦਾਰ ਵਲੋਂ ਸਮਾਗਮ ਦੇ ਅੰਤ ਵਿਚ ਦੋ ਫੁਹਾਰੇ ਚਲਾਉਣ ਦਾ ਪ੍ਰਬੰਧ ਕੀਤਾ ਗਿਆ ਸੀ, ਜਿਸ ਵਿਚੋਂ ਗੁਲਾਬੀ ਰੰਗ ਦਾ ਪਾਣੀ ਬਰਸਣਾ ਸੀ ਅਤੇ ਕਿਹਾ ਗਿਆ ਸੀ ਕਿ ਜਿਹੜਾ ਵੀ ਇਸ ਪਾਣੀ ਵਿਚ ਨਹਾਵੇਗਾ, ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਹੋਵੇਗੀ। ਇਸ ਦੌਰਾਨ ਡੇਰੇਦਾਰ ਵਲੋਂ ਆਪਣੇ ਸ਼ਰਧਾਲੂਆਂ ਨੂੰ ਤੋਹਫ਼ੇ ਵੀ ਵੰਡੇ ਜਾ ਰਹੇ ਸਨ। ਇਨ੍ਹਾਂ ਨੂੰ ਲੈਣ ਲਈ ਵੀ ਭੀੜ ਵਿਚ ਖਿੱਚੋਤਾਣ ਮੱਚੀ ਰਹੀ। ਪੁਲਿਸ ਨੇ ਹਾਲੇ ਵਾਪਰੇ ਹਾਦਸੇ ਦੇ ਕਾਰਨਾਂ ਬਾਰੇ ਕੁਝ ਨਹੀਂ ਕਿਹਾ, ਪਰ ਪ੍ਰਸ਼ਾਸਨ ਨੇ ਮ੍ਰਿਤਕਾਂ ਦੇ ਵਾਰਿਸਾਂ ਨੂੰ ਦੋ-ਦੋ ਲੱਖ ਰੁਪਏ ਦੇਣ ਦਾ ਐਲਾਨ ਜ਼ਰੂਰ ਕਰ ਦਿੱਤਾ ਹੈ। ਇਸੇ ਤਰ੍ਹਾਂ ਡੇਰਾ ਸੱਚਾ ਸੌਦਾ ਵਲੋਂ ਵੀ ਦੋ-ਦੋ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਹੈ।

ਹਾਦਸਾ 29-30 ਅਪਰੈਲ ਦੀ ਵਿਚਕਾਰਲੀ ਰਾਤ ਨੂੰ 12 ਵਜੇ ਦੇ ਕਰੀਬ ਵਾਪਰਿਆ। ਸੂਤਰਾਂ ਅਨੁਸਾਰ ਪ੍ਰਬੰਧਕਾਂ ਨੇ ਕਥਿਤ ਤੌਰ 'ਤੇ ਡੇਰਾ ਮੁਖੀ ਦੀ ਇੱਛਾ ਅਨੁਸਾਰ ਡੇਰੇ ਅੰਦਰ ਦੋ ਅਜਿਹੇ ਵਿਸ਼ੇਸ਼ ਉਚੇ ਫੁਹਾਰੇ ਸਥਾਪਤ ਕੀਤੇ ਹੋਏ ਸਨ, ਜਿਨ੍ਹਾਂ ਤੋਂ ਸਮਾਗਮ ਦੀ ਸਮਾਪਤੀ ਉਪਰੰਤ ਗੁਲਾਬੀ ਰੰਗ ਦੀਆਂ ਬੌਛਾੜਾਂ ਦਾ ਛਿੜਕਾਅ ਹੋਣਾ ਸੀ। ਸ਼ਰਧਾਲੂਆਂ 'ਚ ਇਹ ਪ੍ਰਚਾਰ ਕੀਤਾ ਹੋਇਆ ਸੀ ਕਿ ਜਿਹੜੇ ਇਨ੍ਹਾਂ ਬੌਛਾੜਾਂ ਨਾਲ ਭਿੱਜਣਗੇ, ਉਹ ਪਰਮਾਤਮਾ ਨੂੰ ਪ੍ਰਾਪਤ ਕਰ ਲੈਣਗੇ। ਅੱਧੀ ਰਾਤ ਦੇ ਕਰੀਬ ਸਤਿਸੰਗ ਦੇ ਸਮਾਪਤ ਹੁੰਦਿਆਂ ਹੀ ਡੇਰਾ ਮੁਖੀ ਨੇ ਪਿਚਕਾਰੀ ਜਿਹੇ ਇਕ ਰਿਮੋਟ ਨਾਲ ਫੁਹਾਰਿਆਂ ਨੂੰ ਚਾਲੂ ਕੀਤਾ ਤਾਂ ਇਕ ਚੱਲ ਪਿਆ ਅਤੇ ਦੂਸਰੇ ਨੇ ਕੰਮ ਨਾ ਕੀਤਾ। ਸੂਤਰਾਂ ਅਨੁਸਾਰ ਇਸੇ ਵੇਲੇ ਡੇਰਾ ਮੁਖੀ ਨੇ ਮੰਚ ਉਪਰੋਂ ਤੋਹਫੇ ਸੁੱਟਣੇ ਸ਼ੁਰੂ ਕਰ ਦਿੱਤੇ ਅਤੇ ਦੂਜੇ ਪਾਸੇ ਆਏ ਸ਼ਰਧਾਲੂਆਂ ਨੇ ਇਨ੍ਹਾਂ ਨੂੰ ਹਾਸਲ ਕਰਨ ਲਈ ਦੌੜਨਾ ਸ਼ੁਰੂ ਕਰ ਦਿੱਤਾ ਤੇ ਮਚੀ ਇਸ ਭਗਦੜ ਵਿਚ ਇਕ-ਦੂਜੇ ਨੂੰ ਲਤਾੜਨ ਲੱਗੇ। ਅਸਲ ਵਿਚ ਇਹੋ ਥਿਊਰੀ ਸੱਚਾਈ ਦੇ ਨੇੜੇ ਜਾਪਦੀ ਹੈ। ਬਾਕੀ ਕਹਾਣੀਆਂ ਪ੍ਰਸ਼ਾਸਨ ਅਤੇ ਜਾਂਚ ਤੋਂ ਬਚਣ ਲਈ ਡੇਰੇਦਾਰ ਅਤੇ ਉਸਦੇ ਹਮਾਇਤੀਆਂ ਵਲੋਂ ਘੜੀਆਂ ਗਈਆਂ ਜਾਪਦੀਆਂ ਹਨ।

ਇਹ ਪਹਿਲਾ ਮੌਕਾ ਨਹੀਂ ਹੈ ਜਦੋਂ ਕਿਸੇ ਡੇਰੇਦਾਰ ਦੇ ਇਕੱਠ ਵਿਚ ਇਸ ਕਿਸਮ ਦਾ ਹਾਦਸਾ ਵਾਪਰਿਆ ਹੈ। ਯਾਦ ਰਹੇ ਬੀਤੀ 4 ਮਾਰਚ ਨੂੰ ਯੂ. ਪੀ. ਦੇ ਪ੍ਰਤਾਪਗੜ੍ਹ ਜ਼ਿਲ੍ਹੇ 'ਚ ਭਾਨਗੜ੍ਹ ਵਿਖੇ ਸੰਤ ਕਿਰਪਾਲੂ ਮਹਾਰਾਜ ਦੇ ਆਸ਼ਰਮ 'ਚ ਮਚੀ ਭਗਦੜ ਦੌਰਾਨ 71 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ 100 ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਮਰਨ ਵਾਲਿਆਂ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਸੰਤ ਕਿਰਪਾਲੂ ਦੀ ਪਤਨੀ ਦੀ ਬਰਸੀ 'ਤੇ ਹੋਏ ਭੰਡਾਰੇ ਵਿਚ ਥਾਲੀ, ਗਿਲਾਸ, ਰੁਮਾਲ ਅਤੇ 10 ਰੁਪਏ ਦੀ ਦੱਖਣਾ ਆਦਿ ਲੈਣ ਲਈ ਉਥੇ 10 ਹਜ਼ਾਰ ਤੋਂ ਜ਼ਿਆਦਾ ਲੋਕ ਇਕੱਠੇ ਹੋ ਗਏ ਸਨ ਅਤੇ ਬੇਕਾਬੂ ਭੀੜ ਕਾਰਨ ਹਾਦਸਾ ਵਾਪਰ ਗਿਆ ਸੀ ।

ਜੁਲਾਈ 2008 ਵਿਚ ਜਗਨਨਾਥ ਪੁਰੀ ਵਿਚ ਰੱਥ ਯਾਤਰਾ ਦੌਰਾਨ ਮਚੀ ਭਗਦੜ 'ਚ, 4 ਅਗਸਤ 2008 ਨੂੰ ਹਿਮਾਚਲ ਪ੍ਰਦੇਸ਼ ਦੇ ਨੈਣਾ ਦੇਵੀ ਮੰਦਿਰ ਵਿਚ 182 ਅਤੇ ਸਤੰਬਰ 2008 ਵਿਚ ਜੋਧਪੁਰ ਦੇ ਚਾਮੁੰਡਾ ਦੇਵੀ ਮੰਦਿਰ ਵਿਚ ਮਚੀ ਭਾਜੜ ਦੌਰਾਨ 249 ਲੋਕਾਂ ਦੀ ਜਾਨ ਚਲੀ ਗਈ ਸੀ। ਪਿਛਲੇ 8 ਸਾਲਾਂ 'ਚ ਧਾਰਮਿਕ ਅਸਥਾਨਾਂ 'ਤੇ ਮਚੀ ਭਗਦੜ ਵਿਚ 800 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਵੱਡੀ ਗਿਣਤੀ ਵਿਚ ਲੋਕ ਜ਼ਖ਼ਮੀ ਹੋਏ ਹਨ। ਧਾਰਮਿਕ ਅਸਥਾਨਾਂ ਤੋਂ ਇਲਾਵਾ ਕਈ ਸਿਆਸੀ ਇਕੱਠਾਂ ਵਿਚ ਵੀ ਇਸ ਕਿਸਮ ਦੇ ਹਾਦਸੇ ਵਾਪਰਦੇ ਰਹੇ ਹਨ। ਲਖਨਊ ਵਿਚ ਭਾਜਪਾ ਦੇ ਇਕ ਨੇਤਾ ਦੇ ਜਨਮ ਦਿਨ ਮੌਕੇ ਸਾੜ੍ਹੀਆਂ ਵੰਡੀਆਂ ਜਾ ਰਹੀਆਂ ਸਨ ਤੇ ਇਸ ਦੌਰਾਨ ਮਚੀ ਆਪਾਧਾਪੀ ਵਿਚ ਦਰਜਨ ਤੋਂ ਜ਼ਿਆਦਾ ਔਰਤਾਂ ਦੀ ਮੌਤ ਹੋ ਗਈ ਸੀ। ਇਸੇ ਤਰ੍ਹਾਂ ਚੇਨਈ ਵਿਚ ਜੈਲਲਿਤਾ ਵਲੋਂ ਗਰੀਬਾਂ ਨੂੰ ਮੁਫਤ ਚੌਲ ਅਤੇ ਧੋਤੀਆਂ ਵੰਡੇ ਜਾਣ ਮੌਕੇ ਵੀ ਭਾਜੜ ਮਚ ਗਈ ਸੀ ਅਤੇ ਬਹੁਤ ਸਾਰੀਆਂ ਔਰਤਾਂ ਮਰੀਆਂ ਤੇ ਜ਼ਖ਼ਮੀ ਹੋਈਆਂ ਸਨ।

ਕੁੱਲ ਮਿਲਾ ਕੇ ਵੇਖਦੇ ਹਾਂ ਕਿ ਲੋਕਾਂ ਵਿਚ ਭਾਵੇਂ ਪਰਮਾਤਮਾ ਦੀ ਪ੍ਰਾਪਤੀ ਦੀ ਇੱਛਾ ਹੋਵੇ ਜਾਂ ਪਦਾਰਥਕ ਰੂਪ ਵਿਚ ਕੁਝ ਨਾ ਕੁਝ ਹਾਸਲ ਕਰਨ ਦੀ, ਅਸਲ ਵਿਚ ਸਾਰਾ ਕੁਝ ਨਿਕਲਦਾ ਥੁੜਾਂ ਮਾਰੀ ਜ਼ਿੰਦਗੀ ਵਿਚੋਂ ਹੈ। ਲੋਕ ਮਾੜੀ ਆਰਥਿਕਤਾ ਸਮੇਤ ਬਹੁਤ ਸਾਰੀਆਂ ਮਾਨਸਿਕ, ਸਮਾਜਿਕ ਅਤੇ ਸਭਿਆਚਾਰਕ ਸਮੱਸਿਆਵਾਂ ਨੇ ਘੇਰੇ ਹੋਏ ਹਨ। ਇਨ੍ਹਾਂ ਸਮੱਸਿਆਵਾਂ ਤੋਂ ਖਹਿੜਾ ਛੁਡਾਉਣ ਲਈ ਲੋਕ ਸਾਧਾਂ-ਸੰਤਾਂ ਅਤੇ ਸਿਆਸਤਦਾਨਾਂ ਦੀ ਹਾਜ਼ਰੀ ਭਰਦੇ ਹਨ। ਇਨ੍ਹਾਂ ਲੋਕਾਂ ਦੀ ਥੁੜਮਾਰੀ ਜ਼ਿੰਦਗੀ ਦਾ ਹੀ ਸਿਆਸਤਦਾਨ ਅਤੇ ਸਾਧ-ਸੰਤ ਸ਼ੋਸ਼ਣ ਕਰਦੇ ਹਨ। ਜਦੋਂਕਿ ਸਿਆਸਤਦਾਨ ਲੋਕਾਂ ਦੀਆਂ ਆਰਥਿਕ ਅਤੇ ਸਮਾਜਿਕ ਲੋੜਾਂ ਨੂੰ ਸ਼ੋਸ਼ਣ ਦਾ ਏਜੰਡਾ ਬਣਾਉਂਦੇ ਹਨ। ਸਮੁੱਚੇ ਰੂਪ ਵਿਚ ਦੇਸ਼ ਦਾ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਪਛੜੇਵਾਂ ਅਜਿਹੇ ਹਾਦਸਿਆਂ ਦਾ ਪ੍ਰਮੁਖ ਕਾਰਨ ਹੈ। ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨਾ ਹੀ ਅਸਲ ਵਿਚ ਉਪਰੋਕਤ ਕਿਸਮ ਦੇ ਹਾਦਸਿਆਂ ਤੋਂ ਛੁਟਕਾਰਾ ਪਾਉਣ ਦੇ ਰਾਹ ਤੁਰਨਾ ਹੋਵੇਗਾ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਪਿਓ-ਪੁੱਤ ਬਨਾਮ ਮਹਾਰਾਜਾ!*

ਨਹੀਂ ਸੀ ਭੁੱਲਦਾ ਸੀਨ ਉਹ ਕਿਸੇ ਵੇਲੇ, ਜਿਸ ਰਾਤ ਸੀ 'ਜੋਤੀ' ਨੂੰ ਜੇਲ੍ਹ ਖੜਿਆ।
ਕਰਿਆ ਕੈਪਟਨ ਨੇ ਨਵਾਂ ਸੀ ਕਾਰਨਾਮਾ, ਅਣਖੀ ਸਫਾ ਇਤਿਹਾਸ ਦੇ ਵਿਚ ਜੜਿਆ।
ਨਾਹੀਂ ਝਿਜਕਿਆ ਝੇਪਿਆ ਕਿਸੇ ਕੋਲੋਂ, ਜੁਰਅਤ ਨਾਲ ਮੈਦਾਨ ਵਿਚ ਰਿਹਾ ਅੜਿਆ।
ਹਿੱਕ ਤਾਣ ਕੇ ਜੂਝਦਾ ਆ ਰਿਹਾ ਸੀ, ਹੱਕਾਂ ਲਈ ਅਦਾਲਤਾਂ ਵਿਚ ਲੜਿਆ।
ਭਾਵੇਂ ਪਾਰਟੀ ਹੋਈ ਨਿਹਾਲ ਫਿਰਦੀ, ਮੱਥਾ ਕਈਆਂ ਦਾ ਹੋਵੇ ਜਿਉਂ ਸੱਪ ਲੜਿਆ।
'ਪਿਓ-ਪੁੱਤ' ਦੀ ਪੇਸ਼ ਨਾ ਗਈ ਕੋਈ, 'ਮਹਾਰਾਜਾ' ਅਸੈਂਬਲੀ ਆਣ ਵੜਿਆ!

## ਗਰੀਬਾਂ ਨਾਲ ਕੀਤੇ ਵਾਅਦੇ ਸਰਕਾਰ ਨੇ ਪੂਰੇ ਨਾ ਕੀਤੇ

**ਸ਼ਿਵਇੰਦਰ ਸਿੰਘ**

ਸੱਤਾ ਸੰਭਾਲਣ ਤੋਂ ਪਹਿਲਾਂ ਅਕਾਲੀ-ਭਾਜਪਾ ਗੱਠਜੋੜ ਨੇ ਪੰਜਾਬੀਆਂ ਨਾਲ ਬਹੁਤ ਸਾਰੇ ਵਾਅਦੇ ਕੀਤੇ। ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਕਾਇਮ ਕਰਨ, ਪੰਜਾਬ ਨੂੰ ਕੈਲੀਫੋਰਨੀਆ ਬਣਾਉਣ, ਹਰ ਵਰਗ ਦਾ ਜੀਵਨ-ਪੱਧਰ ਉਚਾ ਚੁੱਕਣ ਤੇ ਗਰੀਬਾਂ ਵਾਸਤੇ ਬਹੁਤ ਸਾਰੀਆਂ ਯੋਜਨਾਵਾਂ ਬਣਾਉਣ ਆਦਿ ਗੱਲਾਂ ਕੀਤੀਆਂ ਸਨ। ਹੁਣ ਇਸ ਗੱਠਜੋੜ ਦੀ ਸਰਕਾਰ ਨੂੰ ਰਾਜ ਕਰਦਿਆਂ ਤਿੰਨ ਸਾਲ ਟੱਪ ਗਏ ਹਨ। ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਕਿਧਰੇ ਦਿਸ ਨਹੀਂ ਰਿਹਾ। ਪੰਜਾਬ ਦਾ ਕੈਲੀਫੋਰਨੀਆ ਬਣਨਾ ਤਾਂ ਦੂਰ ਦੀ ਗੱਲ ਪੰਜਾਬ ਹੁਣ ਪੰਜਾਬ ਹੀ ਨਹੀਂ ਲੱਗ ਰਿਹਾ।

ਸਿੱਖਿਆ ਤੇ ਸਿਹਤ ਸਹੂਲਤਾਂ ਗਰੀਬਾਂ ਤੋਂ ਦੂਰ ਹੁੰਦੀਆਂ ਜਾ ਰਹੀਆਂ ਹਨ। ਗਰੀਬ ਤੇ ਬੇਸਹਾਰਾ ਲੋਕਾਂ ਲਈ ਬਣੀਆਂ ਬਹੁਤ ਸਾਰੀਆਂ ਰਾਹਤ ਸਕੀਮਾਂ ਦਾ ਪੂਰਾ ਫਾਇਦਾ ਉਨ੍ਹਾਂ ਤੱਕ ਨਹੀਂ ਪਹੁੰਚ ਰਿਹਾ। ਕੇਂਦਰ ਸਰਕਾਰ ਦੀਆਂ ਬਹੁਤ ਸਾਰੀਆਂ ਲੋਕ ਭਲਾਈ ਸਕੀਮਾਂ ਨੂੰ ਪੰਜਾਬ ਸਰਕਾਰ ਸਹੀ ਤਰ੍ਹਾਂ ਲਾਗੂ ਨਹੀਂ ਕਰ ਸਕੀ।

ਕੇਂਦਰ ਦੀ ਕੌਮੀ ਦਿਹਾਤੀ ਰੁਜ਼ਗਾਰ ਗਾਰੰਟੀ ਯੋਜਨਾ (ਨਰੇਗਾ), ਜਿਸ ਤਹਿਤ ਪਰਿਵਾਰ ਦੇ ਇਕ ਜੀਅ ਨੂੰ ਸੌ ਦਿਨ ਵਾਸਤੇ ਰੁਜ਼ਗਾਰ ਮਿਲਣਾ ਪੱਕਾ ਹੈ, ਦਾ ਫਾਇਦਾ ਵੀ ਸੂਬਾ ਸਰਕਾਰ ਪੰਜਾਬ ਦੇ ਗਰੀਬ ਪੇਂਡੂ ਮਜ਼ਦੂਰਾਂ ਨੂੰ ਨਹੀਂ ਦਵਾ ਸਕੀ। ਅਕਾਲੀ-ਭਾਜਪਾ ਸਰਕਾਰ ਸ਼ੁਰੂ ਤੋਂ ਹੀ ਇਸ ਸਕੀਮ ਪ੍ਰਤੀ ਉਦਾਸੀਨਤਾ ਦਿਖਾਉਂਦੀ ਰਹੀ ਹੈ। ਜਨਵਰੀ 2009 ਤੱਕ ਹਾਲਤ ਇਹ ਰਹੀ ਕਿ ਇਸ ਸਕੀਮ ਦੇ ਲਾਭਪਾਤਰੀ ਬਣਾਉਣ ਲਈ 3,60,253 ਲੋਕਾਂ ਦੇ ਜਾਬ ਕਾਰਡ ਬਣਾਏ ਗਏ, ਜਿਨ੍ਹਾਂ 'ਚੋਂ ਕੇਵਲ 274 ਵਿਅਕਤੀਆਂ ਨੂੰ ਹੀ ਪੂਰੇ ਸੌ ਦਿਨ ਰੁਜ਼ਗਾਰ ਮਿਲਿਆ। 2009-10 ਦੇ ਵਿੱਤੀ ਵਰ੍ਹੇ ਦੌਰਾਨ ਸੂਬਾ ਸਰਕਾਰ ਨੇ ਆਪਣੇ ਯੋਜਨਾ ਡਰਾਫਟ 'ਚ ਇਹ ਤਜਵੀਜ਼ ਵੀ ਪੇਸ਼ ਕੀਤੀ ਸੀ ਕਿ ਇਸ ਸਕੀਮ ਦੀ ਫੰਡ ਰਾਸ਼ੀ 300 ਕਰੋੜ ਤੋਂ ਘਟਾ ਕੇ 100 ਕਰੋੜ ਕਰ ਦਿੱਤੀ ਜਾਵੇ।

ਹੁਣ ਤੱਕ ਵੀ ਹਾਲਾਤ ਇਹ ਹਨ ਕਿ ਰਾਜ ਸਰਕਾਰ ਇਸ ਸਕੀਮ ਸੰਬੰਧੀ ਪੰਚਾਇਤਾਂ ਨੂੰ ਨਿਰਉਤਸ਼ਾਹਿਤ ਕਰ ਰਹੀ ਹੈ। ਜੇ ਪੰਚਾਇਤਾਂ ਨਰੇਗਾ ਅਧੀਨ ਕੰਮ ਦੇ ਬਦਲੇ ਫੰਡਾਂ ਦੀ ਮੰਗ ਕਰਦੀਆਂ ਹਨ ਤਾਂ ਰਾਜ ਦੀ ਅਫਸਰਸ਼ਾਹੀ ਕੇਂਦਰ ਨੂੰ ਅਪੀਲ ਭੇਜ ਕੇ ਪੈਸੇ ਮੰਗਵਾਉਣ ਦੀ ਹਿੰਮਤ ਨਹੀਂ ਕਰ ਸਕਦੀ। ਵੱਖ-ਵੱਖ ਜਥੇਬੰਦੀਆਂ ਸਰਕਾਰ ਦੇ ਧਿਆਨ 'ਚ ਇਹ ਗੱਲ ਲਿਆਉਂਦੀਆਂ ਰਹੀਆਂ ਹਨ ਕਿ ਨਰੇਗਾ ਦਾ ਲਾਭ ਪੂਰੀ ਤਰ੍ਹਾਂ ਲੋਕਾਂ ਤੱਕ ਨਹੀਂ ਪਹੁੰਚਦਾ ਪਰ ਸਰਕਾਰ ਦੇ ਕੰਨੀਂ ਜੂੰ ਤੱਕ ਨਹੀਂ ਸਰਕਦੀ। ਕੇਂਦਰ ਦੀ 'ਇੰਦਰਾ ਆਵਾਸ ਯੋਜਨਾ', ਜਿਸ ਤਹਿਤ ਗਰੀਬੀ ਰੇਖਾ ਤੋਂ ਹੇਠਾਂ ਵਸਦੇ ਪਰਿਵਾਰਾਂ ਵਾਸਤੇ ਮਕਾਨ ਬਣਾਉਣ ਦੀ ਸਹੂਲਤ ਹੈ, ਦਾ ਹਾਲ ਵੀ ਤਰਸਯੋਗ ਹੈ। 2009-10 ਦੇ ਵਿੱਤੀ ਵਰ੍ਹੇ ਦੌਰਾਨ ਇਸ ਯੋਜਨਾ ਤਹਿਤ ਕੇਂਦਰ ਨੇ ਪੰਜਾਬ ਨੂੰ ਆਪਣੇ ਹਿੱਸੇ ਦੇ 75% ਪੈਸੇ ਦੇ ਦਿੱਤੇ ਪਰ ਰਾਜ ਸਰਕਾਰ ਨੇ ਇਸ ਸਕੀਮ 'ਚ ਆਪਣੇ ਹਿੱਸੇ ਦੇ ਪੈਸੇ ਤਾਂ ਕੀ ਪਾਉਣੇ ਸਨ ਸਗੋਂ ਕੇਂਦਰ ਦੇ 75% 'ਚੋਂ ਵੀ 44% ਹੀ ਖਰਚ ਕੀਤੇ।

2009-10 ਦੇ ਵਿੱਤੀ ਵਰ੍ਹੇ ਦੌਰਾਨ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਲੋਕਾਂ ਲਈ 40,120 ਮਕਾਨ ਬਣਾਉਣ ਦਾ ਟੀਚਾ ਮਿਥਿਆ ਗਿਆ ਸੀ ਪਰ 20,026 ਮਕਾਨਾਂ ਨੂੰ ਮਨਜ਼ੂਰੀ ਹੀ ਨਹੀਂ ਦਿੱਤੀ ਗਈ, 14,781 ਪਰਿਵਾਰਾਂ ਨੂੰ ਇਹਦਾ ਲਾਭ ਮਿਲਣਾ ਬਾਕੀ ਹੈ ਤੇ 5,899 ਪਰਿਵਾਰ ਇਸ ਸਕੀਮ ਤਹਿਤ ਫੰਡ ਲੈਣ ਦਾ ਅਧਿਕਾਰ ਰੱਖਦੇ ਹਨ। 'ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ' ਦੇ ਅੰਕੜਿਆਂ ਅਨੁਸਾਰ 2009-10 ਦੇ ਵਿੱਤੀ ਵਰ੍ਹੇ 'ਚ ਬਠਿੰਡਾ, ਗੁਰਦਾਸਪੁਰ, ਮੋਗਾ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਨੂੰ ਛੱਡ ਕੇ ਬਾਕੀ ਸਾਰੇ ਜ਼ਿਲ੍ਹਿਆਂ ਵਿਚ ਟੀਚੇ ਦੀ ਪ੍ਰਾਪਤੀ 50 ਫੀਸਦੀ ਤੋਂ ਘੱਟ ਰਹੀ ਹੈ। ਮਾਨਸਾ, ਨਵਾਂਸ਼ਹਿਰ ਤੇ ਮੁਕਤਸਰ ਜ਼ਿਲ੍ਹਿਆਂ 'ਚ ਇਹ ਪ੍ਰਾਪਤੀ 20 ਫੀਸਦੀ ਤੋਂ ਘੱਟ ਰਹੀ ਹੈ। ਜਲੰਧਰ ਤੇ ਰੂਪਨਗਰ 'ਚ ਇਕ ਵੀ ਪਰਿਵਾਰ ਨੂੰ 'ਇੰਦਰਾ ਆਵਾਸ ਯੋਜਨਾ' ਤਹਿਤ ਮਕਾਨ ਨਹੀਂ ਮਿਲਿਆ। ਜਿਥੇ ਵਿਤੀ ਟੀਚਾ 71 ਫੀਸਦੀ ਹੈ ਉਥੇ ਵਰਤੋਂ ਕੀਤੀ ਰਾਸ਼ੀ 44 ਫੀਸਦੀ ਹੈ। ਕੇਂਦਰ ਵਲੋਂ ਦਿੱਤੇ 67.92 ਕਰੋੜ 'ਚੋਂ ਸਿਰਫ 48.38 ਕਰੋੜ ਹੀ ਖਰਚ ਹੋਇਆ ਹੈ।

ਇਸੇ ਤਰ੍ਹਾਂ ਕੇਂਦਰ ਦੀ 'ਕੌਮੀ ਸਿਹਤ ਬੀਮਾ ਯੋਜਨਾ' ਵੀ ਪੰਜਾਬ 'ਚ ਲੜਖੜਾ ਰਹੀ ਹੈ। ਇਸ ਸਕੀਮ ਤਹਿਤ ਜੋ ਲੋਕ ਗਰੀਬੀ ਰੇਖਾ ਤੋਂ ਹੇਠਾਂ ਵਸਦੇ ਹਨ ਉਨ੍ਹਾਂ ਲਈ ਸਿਹਤ ਬੀਮਾ ਸਕੀਮ ਹੈ, ਜਿਸ ਤਹਿਤ ਲਾਭਪਾਤਰੀਆਂ ਨੂੰ ਸਾਲ ਵਿਚ 500 ਰੁਪਏ ਤੋਂ 600 ਰੁਪਏ ਤੱਕ ਸਾਲਾਨਾ ਜਮ੍ਹਾਂ ਕਰਾਉਣੇ ਪੈਣਗੇ ਤੇ ਉਨ੍ਹਾਂ ਦਾ ਸਿਹਤ ਕਾਰਪੋਰੇਸ਼ਨ ਦੁਆਰਾ ਨਿਸ਼ਚਤ ਕੀਤੇ ਹਸਪਤਾਲਾਂ ਵਿਚ ਮੁਫਤ ਇਲਾਜ ਹੋਵੇਗਾ। ਜਿਹੜੇ 500 ਤੋਂ 600 ਰੁਪਏ ਜਮ੍ਹਾਂ ਕਰਾਉਣ ਦੀ ਗੱਲ ਹੈ। ਉਹ ਵੀ ਲੋਕਾਂ ਨੇ ਨਹੀਂ, ਸਗੋਂ ਕੇਂਦਰ ਤੇ ਰਾਜ ਸਰਕਾਰਾਂ ਨੇ ਕਰਵਾਉਣੇ ਹਨ। ਕੇਂਦਰ ਦਾ ਇਸ 'ਚ 75 ਫੀਸਦੀ ਅਤੇ ਰਾਜ ਦਾ 25 ਫੀਸਦੀ ਯੋਗਦਾਨ ਹੈ। ਪੰਜਾਬ ਦੀ ਹਾਲਤ ਇਹ ਹੈ ਕਿ ਰਾਜ ਸਰਕਾਰ ਇਨ੍ਹਾਂ ਗਰੀਬਾਂ ਵਾਸਤੇ ਆਪਣੇ ਹਿੱਸੇ ਦਾ 25% ਯੋਗਦਾਨ ਵੀ ਨਹੀਂ ਪਾ ਰਹੀ। ਜਿੱਥੇ ਹੋਰਨਾਂ ਸੂਬਿਆਂ 'ਚ 75% ਤੱਕ ਬੀ.ਪੀ.ਐਲ. ਕਾਰਡ ਬਣਾਏ ਹਨ ਉਥੇ ਪੰਜਾਬ 'ਚ ਸਿਰਫ 30% ਹੀ ਲੋਕਾਂ ਦੇ ਕਾਰਡ ਬਣ ਸਕੇ ਹਨ।

ਅਕਸਰ ਹੀ ਪੰਜਾਬ ਸਰਕਾਰ ਨੂੰ ਇਸ ਗੱਲ ਕਰਕੇ ਬਦਨਾਮੀ ਖੱਟਣੀ ਪੈਂਦੀ ਹੈ ਕਿ ਕੇਂਦਰ ਵਲੋਂ ਜਿਸ ਕੰਮ ਵਾਸਤੇ ਫੰਡ ਭੇਜਿਆ ਜਾਂਦਾ ਹੈ ਸਰਕਾਰ ਉਸ ਕੰਮ 'ਤੇ ਖਰਚ ਨਹੀਂ ਕਰਦੀ। ਇਕ ਛੋਟੀ ਜਿਹੀ ਮਿਸਾਲ ਕਿ 2 ਕੁ ਸਾਲ ਪਹਿਲਾਂ ਹੜ੍ਹਾਂ ਕਾਰਨ ਲੋਕਾਂ ਦਾ ਕਾਫੀ ਨੁਕਸਾਨ ਹੋਇਆ ਤਾਂ ਰਾਜ ਸਰਕਾਰ ਨੇ ਕੇਂਦਰ 'ਤੇ ਪੰਜਾਬ ਨਾਲ ਵਿਤਕਰਾ ਕਰਨ ਦਾ ਦੋਸ਼ ਲਾਇਆ। ਉਦੋਂ ਹੀ ਕੇਂਦਰ ਨੇ ਆਪਣੀ ਜਾਂਚ ਟੀਮ ਭੇਜੀ। ਸੂਬਾ ਸਰਕਾਰ ਨੇ ਜਾਂਚ ਟੀਮਾਂ ਨੂੰ ਦੱਸਿਆ ਕਿ ਇਸ ਵਾਰ ਹੜ੍ਹਾਂ ਨਾਲ 945 ਕਰੋੜ ਦਾ ਨੁਕਸਾਨ ਹੋਇਆ ਹੈ ਤਾਂ ਜਾਂਚ ਟੀਮ ਨੇ ਫੱਟ ਆਖ ਦਿੱਤਾ ਕਿ ਆਫਤਾਂ ਨਾਲ ਟਾਕਰੇ ਵਾਸਤੇ ਰੱਖੇ ਫੰਡ ਤਹਿਤ 1646 ਕਰੋੜ ਰੁਪਏ ਪਹਿਲਾਂ ਹੀ ਪੰਜਾਬ ਸਰਕਾਰ ਨੂੰ ਮਿਲ ਚੁੱਕੇ ਹਨ। ਅਰਥਾਤ ਹੋਏ ਨੁਕਸਾਨ ਤੋਂ ਵੀ ਕਿਤੇ ਵਧ ਰਾਸ਼ੀ! ਇਥੇ ਸਰਕਾਰ ਪੂਰੀ ਤਰ੍ਹਾਂ ਫਸ ਗਈ।

ਸਿੱਖਿਆ ਦੇ ਖੇਤਰ 'ਚ ਪੰਜਾਬ ਦੀ ਹਾਲਾਤ ਦਿਨੋ ਦਿਨ ਨਿਘਰਦੀ ਜਾ ਰਹੀ ਹੈ। ਪੰਜਾਬ ਦੇ ਪੇਂਡੂ ਗਰੀਬ ਬੱਚਿਆਂ ਦਾ ਇਕ ਵੱਡਾ ਹਿੱਸਾ ਦਸਵੀਂ ਤੱਕ ਪਹੁੰਚਦਿਆਂ ਹੀ ਪੜ੍ਹਾਈ ਛੱਡ ਜਾਂਦਾ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਦੀ ਹਾਲਤ ਏਨੀ ਭੈੜੀ ਹੈ ਜਿਸ ਬਾਰੇ ਡੇਢ ਕੁ ਸਾਲ ਪਹਿਲਾਂ ਮਾਨਯੋਗ ਪੰਜਾਬ-ਹਰਿਆਣਾ ਹਾਈ ਕੋਰਟ ਵੀ ਸਖਤ ਟਿੱਪਣੀਆਂ ਕਰ ਚੁੱਕੀ ਹੈ। ਸਰਕਾਰੀ ਸਕੂਲਾਂ 'ਚ ਹੁਣ ਸਿਰਫ ਦਲਿਤ ਤੇ ਗਰੀਬ ਬੱਚੇ ਹੀ ਰਹਿ ਗਏ ਹਨ। ਪਰ ਰਾਜ ਸਰਕਾਰ ਇਨ੍ਹਾਂ 'ਗਰੀਬੜਿਆਂ ਦੇ ਸਕੂਲਾਂ' ਵਲ ਧਿਆਨ ਨਾ ਦੇ ਕੇ 'ਆਦਰਸ਼ ਸਕੂਲਾਂ' ਦੇ ਸੁਪਨੇ ਲੋਕਾਂ ਨੂੰ ਦਿਖਾ ਰਹੀ ਹੈ। ਸਰਕਾਰੀ ਸਕੂਲਾਂ ਦੀ ਹਾਲਤ ਵੇਖ ਕੇ ਇੰਜ ਲੱਗਦਾ ਹੈ ਜਿਵੇਂ ਇਥੇ ਪੜ੍ਹਾਈ ਨਾਂ ਦੀ ਕੋਈ ਚੀਜ਼ ਹੀ ਨਾ ਹੋਵੇ। ਸਕੂਲਾਂ 'ਚ ਨਾ ਤਾਂ ਕੋਈ ਟੀਚਰ ਹੈ, ਨਾ ਪੂਰਾ ਫਰਨੀਚਰ, ਨਾ ਚਾਕ, ਨਾ ਬਲੈਕ ਬੋਰਡ, ਨਾ ਪੀਣ ਵਾਲਾ ਪਾਣੀ ਤੇ ਨਾ ਹੀ ਬਾਥਰੂਮ। ਜਦੋਂ ਸਕੂਲਾਂ 'ਚ ਵਾਤਾਵਰਣ ਹੀ ਇਸ ਤਰ੍ਹਾਂ ਦਾ ਹੋਵੇ ਫੇਰ ਪੜ੍ਹਾਈ ਦੀ ਆਸ ਕੌਣ ਰੱਖ ਸਕਦਾ ਹੈ? ਮੌਜੂਦਾ ਪੰਜਾਬ ਸਰਕਾਰ ਨੂੰ ਆਪਣੇ ਗਰੀਬ ਅਵਾਮ ਦੀ ਕੋਈ ਫਿਕਰ ਨਹੀਂ ਹੈ ਤੇ ਸਿਰਫ 'ਖਾਸ ਲੋਕਾਂ' ਦੇ ਹੀ ਹਿੱਤ ਪਿਆਰੇ ਹਨ ਜਾਂ ਫੇਰ ਸਰਕਾਰ ਸਮਝਦੀ ਹੈ ਕਿ ਇਨ੍ਹਾਂ ਗਰੀਬਾਂ ਨੂੰ ਤਾਂ ਚੋਣਾਂ ਸਮੇਂ ਦੋ ਮੁੱਠੀਆਂ ਮਾਂਹ ਦੇ ਕੇ ਆਰਾਮ ਨਾਲ ਭਰਮਾਇਆ ਜਾ ਸਕਦਾ ਹੈ।

## ਭਾਰਤ ਵਿਚ ਪਹਿਲੀ ਲੇਡੀ ਡਾਕਟਰ

**ਪੂਰਨ ਸਿੰਘ ਸੋਹਲ**

ਸਮਾਂ ਬੜਾ ਬਲਵਾਨ ਹੁੰਦਾ ਹੈ। ਕਾਦਰ ਦੀ ਕਾਇਨਾਤ ਵਿਚ ਹਰ ਜੀਵ ਸਮੇਂ ਨਾਲ ਤੁਰਦਾ ਹੈ। ਨਿੱਕੇ-ਨਿੱਕੇ ਬੀਜਾਂ ਤੋਂ ਬੋਹੜ ਵਰਗੇ ਵੱਡੇ ਰੁਖ ਬਣਦੇ ਹਨ। ਇਸ ਤਰ੍ਹਾਂ ਜੀਵ ਜੰਮਦੇ ਹਨ ਜਵਾਨ ਹੁੰਦੇ ਹਨ, ਫਿਰ ਮਿੱਟੀ ਵਿਚ ਮਿਲ ਜਾਂਦੇ ਹਨ। ਕੁਦਰਤ ਆਪਣੀ ਚਾਲ ਨਾਲ ਤੁਰੀ ਜਾਂਦੀ ਹੈ। ਇਸ ਦਾ ਅੰਤ ਨਹੀਂ ਪਾਇਆ ਜਾਂਦਾ। ਮਨੁੱਖ ਜੰਮਦੇ ਹਨ ਤੇ ਮਰਦੇ ਹਨ। ਛੋਟੇ ਘਰਾਂ ਵਿਚ ਪੈਦਾ ਹੋ ਕੇ ਲੋਕ ਵੱਡੇ ਵੱਡੇ ਵੀ ਬਣਦੇ ਹਨ ਤੇ ਕਈ ਵੱਡੇ ਘਰਾਂ ਵਿਚ ਪੈਦਾ ਹੋ ਕੇ ਛੋਟੇ ਬਣਦੇ ਹਨ। ਇਹ ਰੱਬ ਦਾ ਰੰਗ ਹੈ। ਗੁਰਬਾਣੀ ਅਨੁਸਾਰ ਕੀੜੇ ਨੂੰ ਪਾਤਸ਼ਾਹੀ ਮਿਲ ਸਕਦੀ ਹੈ ਜੇ ਵਾਹਿਗੁਰੂ ਦੀ ਮਰਜ਼ੀ ਹੋਵੇ। ਨਾਦਰਸ਼ਾਹ ਇਕ ਗਡਰੀਏ ਤੋਂ ਪਾਤਸ਼ਾਹ ਬਣ ਗਿਆ ਸੀ। ਇਬਰਾਹੀਮ ਲਿੰਕਨ ਇਕ ਗਰੀਬ ਘਰਾਣੇ 'ਚੋਂ ਹੋ ਕੇ ਅਮਰੀਕਾ ਦਾ ਪ੍ਰੈਜ਼ੀਡੈਂਟ ਬਣ ਗਿਆ ਸੀ। ਪੰਡਤ ਜਵਾਹਰ ਲਾਲ ਨਹਿਰੂ ਦਾ ਦਾਦਾ ਈਸਟ ਇੰਡੀਆ ਕੰਪਨੀ ਵਿਚ ਇਕ ਚਪੜਾਸੀ ਦੀ ਆਸਾਮੀ 'ਤੇ ਕੰਮ ਕਰਦਾ ਸੀ।

ਭਾਰਤ ਵਿਚ ਉਨ੍ਹੀਵੀਂ ਸਦੀ ਵਿਚ ਤਾਲੀਮ ਦੀ ਬਹੁਤ ਘਾਟ ਸੀ। ਐਮ.ਬੀ.ਬੀ.ਐਸ. ਡਾਕਟਰਾਂ ਦੀ ਘਾਟ ਸੀ। ਲੇਡੀ ਡਾਕਟਰ 1886 ਤੋਂ ਪਹਿਲਾਂ ਕੋਈ ਨਹੀਂ ਸੀ। ਦੱਖਣੀ ਭਾਰਤ ਵਿਚ ਮਹਾਂਰਾਸ਼ਟਰਾ ਦੇ ਇਲਾਕੇ ਵਿਚ ਆਨਦੀ ਨਾਂ ਦੀ ਪਹਿਲੀ ਐਮ.ਬੀ.ਬੀ.ਐਸ. ਲੇਡੀ ਡਾਕਟਰ 1886 ਵਿਚ ਬਣੀ। ਇਹ ਬਹੁਤ ਸਾਧਾਰਨ ਘਰ ਦੀ ਲੜਕੀ ਸੀ। ਇਹ ਨਾਮ ਜੋ ਉਸ ਦੇ ਮਾਂ ਬਾਪ ਨੇ ਰੱਖਿਆ ਸੀ ਉਹ ਨਾਂ 'ਜਮਨਾ' ਸੀ। ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਸੀ, ਲੜਕੀਆਂ ਵਾਸਤੇ ਤਾਂ ਹੋਰ ਵੀ ਮੁਸ਼ਕਲ ਸੀ। 'ਜਮਨਾ' ਜਦ 9 ਸਾਲ ਦੀ ਹੋਈ ਤਾਂ ਇਸ ਦੀ ਸ਼ਾਦੀ ਕਰ ਦਿੱਤੀ ਗਈ। ਇਸ ਦੇ ਪਤੀ ਦਾ ਨਾਂ ਗੋਪਾਲ ਰਾਓ ਜੋਸ਼ਨ ਸੀ। ਇਹ ਡਾਕਖਾਨੇ ਵਿਚ ਇਕ ਕਲਰਕ ਸੀ। ਭਾਵੇਂ ਇਹ ਵੀ ਸਾਧਾਰਨ ਘਰ ਦਾ ਸੀ ਪਰ ਉਸ ਵਿਚ ਉਤਸ਼ਾਹ ਬਹੁਤ ਸੀ। ਇਸ ਨੇ 'ਜਮਨਾ' ਨੂੰ ਪੜ੍ਹਨ ਵਾਲੇ ਪਾਸੇ ਲਗਾ ਦਿੱਤਾ। ਸੋ ਜਮਨਾ ਪਤਨੀ ਹੁੰਦੀ ਹੋਈ ਪੜ੍ਹਨ ਲੱਗ ਪਈ। ਗੋਪਾਲ ਰਾਓ ਜੋਸ਼ਨ ਨੇ ਇਸ ਦਾ ਨਾਂ 'ਆਨਦੀ' ਰੱਖ ਦਿੱਤਾ। ਹੁਣ ਇਹ ਜਮਨਾ ਤੋਂ ਆਨਦੀ ਬਣ ਗਈ। 'ਆਨਦੀ' ਨੇ 14 ਸਾਲ ਦੀ ਉਮਰ ਵਿਚ ਇਕ ਲੜਕੇ ਨੂੰ ਜਨਮ ਦਿੱਤਾ। ਇਹ ਲੜਕਾ ਕੁਝ ਦਿਨ ਹੀ ਜੀਊਂਦਾ ਰਿਹਾ। ਡਾਕਟਰੀ ਸਹਾਇਤਾ ਨਾ ਮਿਲਣ ਕਰਕੇ ਇਹ ਮਰ ਗਿਆ। ਇਸ ਘਟਨਾ ਨੇ ਆਨਦੀ ਤੇ ਬਹੁਤ ਅਸਰ ਕੀਤਾ। ਉਸ ਨੇ ਇਹ ਤਮੰਨਾ ਬਣਾਈ ਕਿ ਮੈਂ ਡਾਕਟਰ ਜ਼ਰੂਰ ਬਣਾਂਗੀ। ਇਸ ਨੂੰ ਇਸ ਗੱਲ ਦੇ ਹਰ ਵੇਲੇ ਸੁਪਨੇ ਆਉਣ ਲੱਗੇ। ਗੋਪਾਲ ਰਾਓ ਆਪਣੀ ਮਾਲੀ ਹਾਲਤ ਵੇਖ ਕੇ ਕੁਝ ਵੀ ਸੋਚਣ ਜੋਗਾ ਨਹੀਂ ਸੀ।

ਜਦ ਕਿਸੇ ਵਿਚ ਕੋਈ ਤਮੰਨਾ ਘਰ ਕਰ ਜਾਵੇ ਤਾਂ ਉਸ ਨੂੰ ਵਾਹਿਗੁਰੂ ਫਲ ਲਾਉਂਦਾ ਹੈ। ਉਸ ਦੀ ਆਲੇ ਦੁਆਲੇ ਸਾਕਾਂ ਅੰਗਾਂ ਵਿਚ ਇਸ ਦੀ ਚਰਚਾ ਹੋਣ ਲੱਗ ਪਈ। ਕਈ ਇਸ ਨੂੰ ਮਖੌਲ ਵਿਚ ਲੈ ਲੈਂਦੇ ਕਈ ਗੰਭੀਰਤਾ ਨਾਲ ਵਿਚਾਰਦੇ। ਇਹ ਚਰਚਾ ਆਲੇ-ਦੁਆਲੇ ਆਮ ਦੀ ਤਰ੍ਹਾਂ ਹੀ ਸੀ। ਕੁਝ ਅਮਰੀਕਨ ਲੋਕ ਭਾਰਤ ਵਿਚ ਟੂਰ 'ਤੇ ਆਏ ਤੇ ਉਨ੍ਹਾਂ ਦਾ ਡਾਕਖਾਨੇ ਕਰਕੇ ਗੋਪਾਲ ਰਾਓ ਨਾਲ ਸੰਪਰਕ ਹੋਇਆ। ਗੋਪਾਲ ਰਾਓ ਨੇ ਉਨ੍ਹਾਂ ਦੀ ਕਾਫੀ ਮਦਦ ਕੀਤੀ ਤੇ ਨਾਲ ਹੀ ਸੰਬੰਧ ਕਾਇਮ ਕਰ ਲਏ। ਉਹ ਜਦੋਂ ਵਾਪਸ ਗਏ ਤਾਂ ਆਪਣੇ ਆਲੇ ਦੁਆਲੇ ਆਨਦੀ ਦੀ ਗੱਲ ਚੱਲੀ। ਇਕ ਦਿਨ ਇਕ ਅਮਰੀਕਨ ਲੇਡੀ ਡਾਕਟਰ ਦੇ ਮਨ ਵਿਚ ਵਿਚਾਰ ਆਇਆ। ਉਸ ਨੇ ਆਨਦੀ ਨਾਲ ਗੱਲਬਾਤ ਕੀਤੀ ਤੇ ਉਸ ਨੂੰ ਪੜ੍ਹਨ ਵਾਸਤੇ ਅਮਰੀਕਾ ਬੁਲਾ ਲਿਆ।

'ਆਨਦੀ' ਇਕੱਲੀ ਹੀ ਗੋਪਾਲ ਰਾਓ ਦੀ ਆਗਿਆ ਨਾਲ ਅਮਰੀਕਾ ਪਹੁੰਚ ਗਈ। ਪੈਨਸਲਵੇਨੀਆ ਦੇ ਇਕ ਮੈਡੀਕਲ ਕਾਲਜ ਵਿਚ ਉਸ ਨੂੰ ਦਾਖਲ ਕਰਵਾ ਦਿੱਤਾ ਗਿਆ। ਉਹ ਪੜ੍ਹਨ ਵਿਚ ਬਹੁਤ ਤੇਜ਼ ਸੀ। 1886 ਵਿਚ ਉਸ ਨੇ ਉਸ ਕਾਲਜ ਤੋਂ ਐਮ.ਬੀ.ਬੀ.ਐਸ. ਦੀ ਡਿਗਰੀ ਪ੍ਰਾਪਤ ਕਰ ਲਈ। ਕੁਝ ਚਿਰ ਇਥੇ ਕੰਮ ਕੀਤਾ। ਫਿਰ ਉਸ ਲੇਡੀ ਡਾਕਟਰ ਨੇ ਆਨਦੀ ਨੂੰ ਪੁੱਛਿਆ ਕਿ ਤੂੰ ਭਾਰਤ ਜਾਣਾ ਚਾਹੁੰਦੀ ਹੈਂ ਜਾਂ ਇਥੇ ਰਹਿਣਾ ਚਾਹੁੰਦੀ ਹੈਂ ਤਾਂ ਆਨਦੀ ਨੇ ਭਾਰਤ ਜਾਣ ਵਾਸਤੇ ਕਿਹਾ। ਸੋ ਉਸ ਨੂੰ ਉਸ ਲੇਡੀ ਡਾਕਟਰ ਨੇ ਭਾਰਤ ਭੇਜ ਦਿੱਤਾ। ਗੋਪਾਲ ਰਾਓ ਜੋਸ਼ਨ ਤੇ ਕੁਝ ਹੋਰ ਲੋਕ ਵੀ ਉਸ ਨੂੰ ਜੀ ਆਇਆ ਕਹਿਣ ਆਏ ਸਨ। ਲੋਕ ਉਸ ਨੂੰ ਸਨਮਾਨਿਤ ਕਰਨ ਲਈ ਖੜੇ ਸਨ।

ਆਨਦੀ ਨੇ ਬੜੀ ਮਿਹਨਤ ਨਾਲ ਕੰਮ ਕੀਤਾ ਲੋਕਾਂ ਦੀ ਬਹੁਤ ਸੇਵਾ ਕੀਤੀ। ਬੱਚਿਆਂ ਵਲ ਉਸ ਨੇ ਵਿਸ਼ੇਸ਼ ਤੌਰ 'ਤੇ ਧਿਆਨ ਦਿੱਤਾ। ਲੋਕ ਉਸ ਦਾ ਸਤਿਕਾਰ ਕਰਦੇ ਹਨ। ਉਸ ਦਾ ਕਿਹਾ ਭਗਵਾਨ ਦਾ ਹੁਕਮ ਮੰਨਦੇ। ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਕਿ ਇਨ੍ਹਾਂ ਲੋਕਾਂ ਦੀ ਏਨੀ ਸੇਵਾ ਹੋਵੇ। ਆਨਦੀ ਨੂੰ ਟੀ.ਬੀ. ਦੀ ਬਿਮਾਰੀ ਲੱਗ ਗਈ। ਕਾਫੀ ਇਲਾਜ ਕੀਤਾ ਪਰ ਕੋਈ ਫਰਕ ਨਾ ਪਿਆ। ਆਨਦੀ 22 ਸਾਲ ਦੀ ਉਮਰ ਵਿਚ ਇਸ ਦੁਨੀਆਂ ਤੋਂ ਤੁਰ ਗਈ। ਮਰਨ ਲੱਗੇ ਦੇ ਉਸ ਦੇ ਮੂੰਹੋਂ ਇਹ ਲਫਜ਼ ਨਿਕਲੇ "I did all that I could" (ਮੈਂ ਜੋ ਕਰ ਸਕਦੀ ਸੀ ਕੀਤਾ)।

*ਫੋਨ:281-255-6087*

# ਸਿਆਸਤਦਾਨਾਂ ਨੇ ਕਰ ਦਿੱਤੀ ਭਾਰਤੀ ਖੇਡ ਸੰਸਾਰ ਦੀ ਬਰਬਾਦੀ

**ਪੂਨਮ ਆਈ. ਕੌਸ਼ਿਸ਼**

ਸੰਨ 1996 ਵਿਚ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਦੇ ਕਾਰਜਕਾਲ ਦੌਰਾਨ ਭਾਰਤ ਦੀ ਸਿਆਸਤ ਨੂੰ ਹਿਲਾਉਣ ਵਾਲੇ ਹਵਾਲਾ ਘਪਲੇ 'ਤੇ ਸੁਣਵਾਈ ਦੌਰਾਨ ਮੁੱਖ ਦੋਸ਼ੀ ਸੁਰਿੰਦਰ ਜੈਨ ਨੇ ਕਥਿਤ ਤੌਰ 'ਤੇ ਜੱਜ ਨੂੰ ਪੁੱਛਿਆ, ''ਮੈਨੂੰ ਸਿਆਸਤਦਾਨਾਂ ਨੂੰ ਭਾਰੀ ਰਿਸ਼ਵਤ ਦੇਣ ਲਈ ਦੋਸ਼ੀ ਐਲਾਨਿਆ ਗਿਆ ਹੈ ਪਰ ਮੈਂ ਹਨ੍ਹੇਰੇ 'ਚ ਹਾਂ ਕਿ ਜਿਨ੍ਹਾਂ ਲੋਕਾਂ ਨੂੰ ਮੈਂ ਪੈਸਾ ਦਿੱਤਾ ਅਤੇ ਜਿਨ੍ਹਾਂ ਸਾਰਿਆਂ ਦੇ ਨਾਂ ਮੇਰੀਆਂ ਡਾਇਰੀਆਂ 'ਚ ਹਨ, ਉਨ੍ਹਾਂ ਨੂੰ ਨਿਰਦੋਸ਼ ਐਲਾਨਿਆ ਗਿਆ ਹੈ।'' ਤੁਸੀਂ ਇਸ ਨੂੰ ਮਜ਼ਾਕ ਕਹਿ ਸਕਦੇ ਹੋ ਪਰ ਇਸ ਤੋਂ ਇਹ ਪਤਾ ਲੱਗਦਾ ਹੈ ਕਿ ਵੱਖ-ਵੱਖ ਘਪਲਿਆਂ ਵਿਚ ਜੱਜ ਸਾਡੇ ਨੇਤਾਵਾਂ ਦੀ ਕਥਿਤ ਸ਼ਮੂਲੀਅਤ ਨੂੰ ਉਹ ਕਿੰਨੀ ਚਲਾਕੀ ਨਾਲ ਛਿੱਕੇ ਟੰਗ ਦਿੰਦੇ ਹਨ। 1992 ਵਿਚ ਸ਼ੇਅਰ ਬਾਜ਼ਾਰ ਘਪਲੇ ਤੋਂ ਲੈ ਕੇ 2009 ਵਿਚ ਸੱਤਿਅਮ ਘਪਲੇ ਤਕ ਇਹੀ ਕੁਝ ਹੋਇਆ ਹੈ। ਸ਼ੇਅਰ ਬਾਜ਼ਾਰ ਘਪਲੇ ਦਾ ਮੁੱਖ ਦੋਸ਼ੀ ਹਰਸ਼ਦ ਮਹਿਤਾ ਹੁਣ ਇਸ ਦੁਨੀਆਂ ਵਿਚ ਨਹੀਂ ਰਿਹਾ ਪਰ ਸੱਤਿਅਮ ਘਪਲੇ ਦਾ ਦੋਸ਼ੀ ਰਾਜੂ ਜੇਲ੍ਹ ਵਿਚ ਹੈ। ਇਸ ਤੋਂ ਸਵਾਲ ਉਠਦਾ ਹੈ, ''ਕੀ ਕਰੋੜਾਂ ਰੁਪਏ ਦੇ ਆਈ. ਪੀ. ਐਲ. ਘਪਲੇ ਵਿਚ ਇਤਿਹਾਸ ਖੁਦ ਨੂੰ ਦੁਹਰਾਵੇਗਾ?''



ਸਪੱਸ਼ਟ ਸ਼ਬਦਾਂ ਵਿਚ ਕਹੀਏ ਤਾਂ ਕੀ ਆਈ. ਪੀ. ਐਲ. ਦੇ ਚੇਅਰਮੈਨ ਲਲਿਤ ਮੋਦੀ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ ਜਾਵੇਗਾ? ਜਦਕਿ ਉਨ੍ਹਾਂ ਘਾਗ ਸਿਆਸਤਦਾਨਾਂ ਦਾ ਕੁਝ ਨਹੀਂ ਵਿਗੜੇਗਾ, ਜੋ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨਾਲ ਡੂੰਘਾਈ ਨਾਲ ਜੁੜੇ ਹੋਏ ਹਨ। ਕੀ ਇਸ ਦੇ ਲਈ ਇਹ ਕਾਲਪਨਿਕ ਦਲੀਲ ਦਿੱਤੀ ਜਾਵੇਗੀ ਕਿ ਦੇਸ਼ ਦੀ ਇੱਜ਼ਤ ਅਤੇ ਉਨ੍ਹਾਂ ਦੀ ਭਰੋਸੇਯੋਗਤਾ ਦਾ ਇਕ-ਦੂਜੇ ਦੇ ਸਮਰਥਕ ਹਨ ਤੇ ਜਦੋਂ ਕੋਈ ਘਪਲਾ ਸਾਹਮਣੇ ਆਵੇ ਤਾਂ ਆਮ ਨਾਗਰਿਕ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ ਜਾਵੇ।

ਇਸ ਕਾਂਡ ਵਿਚ ਬਾਹਰਲੇ ਆਦਮੀ ਸ਼ਸ਼ੀ ਥਰੂਰ ਨੂੰ ਸ਼ਾਮਲ ਹੋਣ ਦੀ ਕੀਮਤ ਚੁਕਾਉਣੀ ਪਈ। ਬਿਨਾ ਸ਼ੱਕ ਇਸ ਕਾਂਡ ਵਿਚ ਆਈ. ਪੀ. ਐਲ. ਅਤੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਵਲੋਂ ਰੋਜ਼ਾਨਾ ਨਵੀਆਂ-ਨਵੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ। ਮੋਦੀ ਨੂੰ ਜਾਣਾ ਚਾਹੀਦਾ ਹੈ ਪਰ ਨਾਲ ਹੀ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਸਿਆਸੀ ਮਾਈ-ਬਾਪ ਭਾਵ ਰਾਕਾਂਪਾ ਸੁਪਰੀਮੋ ਸ਼ਰਦ ਪਵਾਰ ਨੂੰ ਵੀ ਜਾਣਾ ਚਾਹੀਦਾ ਹੈ। ਸਿਆਸੀ ਨਜ਼ਰੀਏ ਤੋਂ ਕਾਂਗਰਸ ਦਾ ਇਸ ਘਪਲੇ ਤੋਂ ਦੂਰੀ ਬਣਾਈ ਰੱਖਣਾ ਸਮਝ ਵਿਚ ਆਉਂਦਾ ਹੈ। ਉਸ ਨੂੰ ਆਪਣੀ ਸਰਕਾਰ ਚਲਾਉਣ ਲਈ ਰਾਕਾਂਪਾ ਦੇ 9 ਸੰਸਦ ਮੈਂਬਰਾਂ ਦੀ ਹਮਾਇਤ ਚਾਹੀਦੀ ਹੈ।

ਖੇਡਾਂ ਨੂੰ ਵਿਆਪਕ ਸੰਦਰਭ ਵਿਚ ਦੇਖੀਏ ਤਾਂ ਮੋਦੀ ਉਸ ਮਹਾਮਾਰੀ ਦਾ ਇਕ ਲੱਛਣ ਮਾਤਰ ਹਨ, ਜਿਸ ਨੇ ਸਾਡੀਆਂ ਖੇਡਾਂ ਨੂੰ ਆਪਣੇ ਸ਼ਿਕੰਜੇ ਵਿਚ ਲੈ ਲਿਆ ਹੈ। ਅੱਜ ਖੇਡਾਂ ਆਪਣੀ ਤਾਕਤ ਦਾ ਇਸਤੇਮਾਲ ਕਰਨ ਅਤੇ ਪੈਸਾ ਕਮਾਉਣ ਲਈ ਸਾਡੇ ਨੇਤਾਵਾਂ ਦਾ ਇਕ ਹੋਰ ਗੜ੍ਹ ਬਣ ਗਈਆਂ ਹਨ, ਜਿਥੇ ਵੱਖ-ਵੱਖ ਖੇਡ ਬਾਡੀਜ਼ 'ਤੇ ਕੰਟਰੋਲ ਲਈ ਚੋਣਾਂ 'ਚ ਕਰੋੜਾਂ ਰੁਪਏ ਖਰਚ ਕੀਤੇ ਜਾਂਦੇ ਹਨ। ਇਹ ਇਸ ਲਈ ਕੀਤਾ ਜਾਂਦਾ ਹੈ ਕਿ ਸਰਕਾਰੀ ਪੈਸੇ ਤੋਂ ਇਲਾਵਾ ਪ੍ਰਾਯੋਜਕਾਂ, ਟੀ. ਵੀ. ਅਤੇ ਪ੍ਰਿੰਟ ਮੀਡੀਆ ਦੇ ਅਧਿਕਾਰਾਂ ਦੇ ਜ਼ਰੀਏ ਹੋਰ ਪੈਸਾ ਬਣਾਇਆ ਜਾਵੇ ਤੇ ਆਪਣੇ ਗੜ੍ਹ ਨੂੰ ਮਜ਼ਬੂਤ ਕੀਤਾ ਜਾਵੇ।

ਜ਼ਰਾ ਸੋਚੋ, ਸਾਬਕਾ ਕੇਂਦਰੀ ਮੰਤਰੀ ਸੁਰੇਸ਼ ਕਲਮਾਡੀ ਭਾਰਤੀ ਓਲੰਪਿਕ ਸੰਘ ਦੇ ਮੁਖੀ ਹਨ। ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਬੀ. ਸੀ. ਸੀ. ਆਈ. ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਆਈ. ਪੀ. ਐਲ. ਦੇ ਪ੍ਰਮੁੱਖ ਅਹੁਦੇਦਾਰਾਂ 'ਚੋਂ ਇਕ ਹਨ। ਦਿੱਲੀ ਵਿਧਾਨ ਸਭਾ ਵਿਚ ਭਾਜਪਾ ਨੇਤਾ ਵਿਜੇ ਕੁਮਾਰ ਮਲਹੋਤਰਾ ਭਾਰਤੀ ਤੀਰਅੰਦਾਜ਼ੀ ਸੰਘ ਦੇ ਮੁਖੀ ਹਨ। ਸੰਸਦ ਮੈਂਬਰ ਅਭੈ ਚੌਟਾਲਾ ਭਾਰਤੀ ਕੁਸ਼ਤੀ ਸੰਘ ਦੇ ਮੁਖੀ ਹਨ।

ਕੇਂਦਰੀ ਮੰਤਰੀ ਪ੍ਰਿਯਰੰਜਨ ਦਾਸ ਮੁਨਸ਼ੀ ਦੇ ਬੀਮਾਰ ਹੋਣ ਤੋਂ ਬਾਅਦ ਕਲਮਾਡੀ ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਦੇ ਕੰਮਕਾਜ ਦੇਖ ਰਹੇ ਹਨ। ਰਾਜਦ ਮੁਖੀ ਲਾਲੂ ਯਾਦਵ ਬਿਹਾਰ ਕ੍ਰਿਕਟ ਸੰਘ ਦੀ ਪ੍ਰਧਾਨਗੀ ਕਰ ਰਹੇ ਹਨ। ਸਾਬਕਾ ਪੁਲਿਸ ਅਧਿਕਾਰੀ ਕੇ.ਪੀ.ਐਸ. ਗਿੱਲ 14 ਸਾਲਾਂ ਤੱਕ ਭਾਰਤੀ ਹਾਕੀ ਸੰਘ ਦੇ ਮੁਖੀ ਰਹੇ, ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਭਾਰਤੀ ਟੀਮ ਬੀਜਿੰਗ ਓਲੰਪਿਕਸ ਵਿਚ ਦਾਖਲ ਨਹੀਂ ਹੋ ਸਕੀ। ਇਸੇ ਤਰ੍ਹਾਂ ਟੇਬਲ ਟੈਨਿਸ, ਬਾਕਸਿੰਗ, ਜੂਡੋ ਆਦਿ ਖੇਡਾਂ ਸੰਘਾਂ ਦੇ ਮੁਖੀ ਵੀ ਰਾਜਨੇਤਾ ਹਨ। ਇਹ ਅਜਿਹੇ ਰਾਜਨੇਤਾ ਹਨ, ਜਿਨ੍ਹਾਂ ਨੂੰ ਇਨ੍ਹਾਂ ਖੇਡਾਂ ਦੀ ਕੋਈ ਜਾਣਕਾਰੀ ਨਹੀਂ ਹੈ। ਫਿਰ ਵੀ ਅਸੀਂ ਕਹਿੰਦੇ ਹਾਂ ਕਿ ਸਾਡਾ ਦੇਸ਼ ਖੇਡ ਪ੍ਰੇਮੀ ਹੈ।

ਮੇਰੇ ਖਿਆਲ ਅਨੁਸਾਰ ਅਸੀਂ ਖੇਡਾਂ ਦੀ ਬਰਬਾਦੀ ਵਿਚ ਜ਼ਿਆਦਾ ਦਿਲਚਸਪੀ ਲੈਂਦੇ ਹਾਂ। ਇਕ ਅਰਬ ਤੋਂ ਜ਼ਿਆਦਾ ਦੀ ਆਬਾਦੀ ਵਾਲੇ ਦੇਸ਼ ਵਿਚ ਸਿਰਫ 3 ਫੀਸਦੀ ਲੋਕ ਖੇਡਾਂ ਵਿਚ ਹਿੱਸਾ ਲੈਂਦੇ ਹਨ। ਸਾਡੇ ਇਥੇ ਸਚਿਨ ਤੇਂਦੁਲਕਰ, ਅਭਿਨਵ ਬਿੰਦਰਾ, ਵਿਸ਼ਵਨਾਥਨ ਆਨੰਦ, ਗੀਤ ਸੇਠੀ, ਲੀਏਂਡਰ ਪੇਸ ਅਤੇ ਸਾਈਨਾ ਨੇਹਵਾਲ ਕਦੇ ਕਦੇ ਹੀ ਪੈਦਾ ਕਿਉਂ ਹੁੰਦੇ ਹਨ? ਸਾਡੇ ਇਥੇ ਇੰਡੋਨੇਸ਼ੀਆ ਵਾਂਗ ਬੈਡਮਿੰਟਨ ਦੇ ਅਤੇ ਚੀਨ ਵਾਂਗ ਟੈਨਿਸ ਦੇ ਖਿਡਾਰੀ ਪੈਦਾ ਕਿਉਂ ਨਹੀਂ ਹੁੰਦੇ?

ਅਸੀਂ 3 ਸਾਲ ਦੀ ਉਮਰ ਤੋਂ ਹੀ ਬੱਚਿਆਂ ਨੂੰ ਤੈਰਾਕੀ ਦੀ ਸਿਖਲਾਈ ਕਿਉਂ ਨਹੀਂ ਦਿੰਦੇ, ਜਿਵੇਂ ਕਿ ਰੂਸੀ ਕੋਚ ਦਿੰਦੇ ਹਨ? ਸਾਲ-ਦਰ-ਸਾਲ ਹਰ ਖੇਡ ਦੀ ਇਹੀ ਕਹਾਣੀ ਹੈ। ਭਾਰਤ ਹਰ ਵਾਰ ਓਲੰਪਿਕ ਵਿਚ ਇਕ ਵੱਡੀ ਟੁਕੜੀ ਭੇਜਦਾ ਹੈ ਅਤੇ ਖਾਲੀ ਹੱਥ ਮੁੜ ਆਉਂਦਾ ਹੈ। 1984 ਤੋਂ ਬਾਅਦ ਅਸੀਂ ਸਿਰਫ 3 ਓਲੰਪਿਕ ਮੈਡਲ ਜਿੱਤ ਸਕੇ, ਜਦਕਿ ਚੀਨ ਨੇ ਇਸ ਦੌਰਾਨ 420 ਮੈਡਲ ਜਿੱਤੇ ਹਨ, ਜਿਨ੍ਹਾਂ 'ਚੋਂ 100 ਮੈਡਲ ਚੀਨ ਨੇ ਬੀਜਿੰਗ ਓਲੰਪਿਕ ਦੌਰਾਨ ਹੀ ਜਿੱਤੇ ਹਨ।

ਅਸੀਂ ਇਨ੍ਹਾਂ ਖੇਡ ਮੁਕਾਬਲਿਆਂ ਵਿਚ ਖਿਡਾਰੀਆਂ ਦੀ ਇੰਨੀ ਵੱਡੀ ਟੀਮ ਕਿਉਂ ਭੇਜਦੇ ਹਾਂ? ਹੈਰਾਨੀ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਟੀਮਾਂ 'ਚ ਖਿਡਾਰੀਆਂ ਤੋਂ ਜ਼ਿਆਦਾ ਖੇਡ ਅਧਿਕਾਰੀ ਹੁੰਦੇ ਹਨ। ਸਾਡੇ ਨੇਤਾ ਤੇ ਅਧਿਕਾਰੀ ਖਰੀਦਦਾਰੀ ਕਰਨ ਲਈ ਇਨ੍ਹਾਂ ਖਿਡਾਰੀਆਂ ਦੇ ਨਾਲ ਜਾਂਦੇ ਹਨ ਤੇ ਡਾਲਰ ਦੇ ਰੂਪ ਵਿਚ ਰੋਜ਼ਾਨਾ ਭੱਤਾ ਕਮਾਉਂਦੇ ਹਨ ਜਾਂ ਉਹ ਆਈ. ਪੀ. ਐਲ. ਵਿਚ ਚੀਅਰ ਲੀਡਰਸ ਵਾਂਗ ਖੜ੍ਹੇ ਰਹਿੰਦੇ ਹਨ ਤੇ ਜਦੋਂ ਭਾਰਤੀ ਤੀਰਅੰਦਾਜ਼ ਨਿਸ਼ਾਨਾ ਲਗਾਉਂਦਾ ਹੈ ਜਾਂ ਵੇਟ ਲਿਫਟਰ ਅਗਲੇ ਰਾਊਂਡ ਦੀ ਤਿਆਰੀ ਕਰਦਾ ਹੈ ਤਾਂ ਉਹ ਨੱਚਦੇ ਹਨ। ਭਾਰਤੀ ਖੇਡਾਂ ਵਿਚ ਉਨ੍ਹਾਂ ਦਾ ਯੋਗਦਾਨ ਕੀ ਹੈ? ਕ੍ਰਿਕਟ ਅਤੇ ਅਤੀਤ ਵਿਚ ਹਾਕੀ ਨੂੰ ਛੱਡ ਕੇ ਖੇਡਾਂ ਵਿਚ, ਭਾਰਤ ਦੇ ਖਰਾਬ ਰਿਕਾਰਡ ਦਾ ਕਾਰਨ ਕੀ ਹੈ?

ਓਲੰਪਿਕ ਚੈਂਪੀਅਨ ਪੈਦਾ ਕਰਨ ਦੇ ਮਾਮਲੇ ਵਿਚ ਵੀ ਭਾਰਤ 'ਚ ਉਹੀ ਸਮੱਸਿਆਵਾਂ ਹਨ, ਜੋ ਆਰਥਿਕ ਵਿਕਾਸ ਦੇ ਮਾਮਲੇ ਵਿਚ ਹਨ। ਇਨ੍ਹਾਂ ਖੇਤਰਾਂ ਵਿਚ ਅੱਜ ਚੀਨ ਭਾਰਤ ਨੂੰ ਪਿੱਛੇ ਛੱਡ ਗਿਆ ਹੈ। ਸਾਡੇ ਪਛੜਨ ਦਾ ਕਾਰਨ ਖਰਾਬ ਬੁਨਿਆਦੀ ਢਾਂਚਾ, ਸਿਆਸੀ ਭ੍ਰਿਸ਼ਟਾਚਾਰ, ਅਵਿਵਸਥਾ ਤੇ ਸੰਗਠਨ ਦੀ ਘਾਟ ਹੋਣਾ ਹੈ। ਇਹ ਕੋਈ ਰਾਣਨੀਤੀ ਨਹੀਂ ਹੈ, ਕੋਈ ਕਾਰਜ ਯੋਜਨਾ ਨਹੀਂ ਹੈ। ਇਥੇ ਕੋਈ ਵੀ ਸਖ਼ਤ ਮਿਹਨਤ ਨਹੀਂ ਕਰਦਾ। ਓਲੰਪਿਕ ਦੀ ਤਿਆਰੀ ਲਈ ਦਿੱਤਾ ਗਿਆ ਧਨ ਚੁੱਪ-ਚੁਪੀਤੇ 'ਅੰਦਰ' ਕਰ ਲਿਆ ਜਾਂਦਾ ਹੈ। ਸਿਖਲਾਈ ਤੇ ਸਹੂਲਤਾਂ ਦੀ ਘਾਟ ਆਉਂਦੀ ਹੈ ਤੇ ਸਿਖਲਾਈ ਲਈ ਮੁਹੱਈਆ ਕਰਵਾਏ ਯੰਤਰ ਗਾਇਬ ਹੋ ਜਾਂਦੇ ਹਨ।



ਸਰਕਾਰ ਖੇਡਾਂ ਨੂੰ ਇਸ ਦਲਦਲ 'ਚੋਂ ਬਾਹਰ ਕੱਢਣ ਲਈ ਕੀ ਕਦਮ ਚੁੱਕ ਰਹੀ ਹੈ? ਸਭ ਤੋਂ ਪਹਿਲਾਂ ਭਾਰਤ ਵਿਚ ਖੇਡਾਂ ਨੂੰ ਇਕ ਕੌਮੀ ਤਰਜੀਹ ਮੰਨਿਆ ਜਾਣਾ ਚਾਹੀਦਾ ਹੈ। ਖੇਡ ਮੰਤਰੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਭਾਰਤ ਵਿਚ ਸਾਰੀਆਂ ਖੇਡ ਬਾਡੀਜ਼ ਅਤੇ ਸੰਘ ਸਰਕਾਰ ਪ੍ਰਤੀ ਜੁਆਬਦੇਹ ਹੋਣ।

ਖੇਡ ਬਾਡੀਜ਼ ਦੀਆਂ ਚੋਣਾਂ ਸਰਕਾਰ ਦੀ ਦੇਖ-ਰੇਖ ਹੇਠ ਹੋਣ ਅਤੇ ਉਨ੍ਹਾਂ ਦੀ ਸਾਲਾਨਾ ਸਮੀਖਿਆ ਕੀਤੀ ਜਾਵੇ। ਖੇਡ ਬਾਡੀਜ਼ ਤੋਂ ਰਾਜਨੇਤਾਵਾਂ ਤੇ ਅਧਿਕਾਰੀਆਂ ਨੂੰ ਦੂਰ ਰੱਖਿਆ ਜਾਣਾ ਚਾਹੀਦਾ ਹੈ, ਜੋ ਸਾਰੇ ਨਿਯਮਾਂ ਨੂੰ ਤੋੜ-ਮਰੋੜ ਕੇ ਛਿੱਕੇ ਟੰਗ ਦਿੰਦੇ ਹਨ, ਜਿਸ ਕਰਕੇ ਔਸਤ ਦਰਜੇ ਦੇ ਲੋਕਾਂ ਨੂੰ ਥਾਂ ਦਿੱਤੀ ਜਾਂਦੀ ਹੈ ਤੇ ਸਿੱਟੇ ਵਜੋਂ ਸਾਡੀਆਂ ਖੇਡਾਂ ਦਾ ਪਤਨ ਹੁੰਦਾ ਹੈ। ਸਿਆਸਤਦਾਨਾਂ ਦਾ ਖੇਡਾਂ ਦੇ ਮਾਮਲੇ ਵਿਚ ਕੋਈ ਯੋਗਦਾਨ ਨਹੀਂ ਹੈ, ਉਹ ਇਨ੍ਹਾਂ ਤੋਂ ਸਿਰਫ ਲਾਭ ਕਮਾਉਂਦੇ ਹਨ। ਉਨ੍ਹਾਂ ਦੀ ਥਾਂ ਈਮਾਨਦਾਰ ਤੇ ਸਮਰੱਥ ਖੇਡ ਪ੍ਰੇਮੀਆਂ ਜਾਂ ਸਾਬਕਾ ਖਿਡਾਰੀਆਂ ਨੂੰ ਖੇਡ ਬਾਡੀਜ਼ ਵਿਚ ਲਿਆ ਜਾਣਾ ਚਾਹੀਦਾ ਹੈ।

ਖੇਡ ਪ੍ਰਤਿਭਾਵਾਂ ਦੀ ਪਛਾਣ ਪ੍ਰਾਇਮਰੀ ਸਕੂਲ ਪੱਧਰ 'ਤੇ ਕੀਤੀ ਜਾਣੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਉਸੇ ਸਮੇਂ ਤੋਂ ਵਿਸ਼ਵ ਪੱਧਰ ਦੀਆਂ ਸਹੂਲਤਾਂ ਨਾਲ ਖੇਡਾਂ ਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਤੇ ਨਾਲ ਹੀ ਉਨ੍ਹਾਂ ਨੂੰ ਪੜ੍ਹਨ ਦੀ ਸਹੂਲਤ ਵੀ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਆਪਣੀ ਖੇਡ ਪ੍ਰਤਿਭਾ ਵਿਚ ਵਿਕਾਸ ਕਰਨ ਦੇ ਨਾਲ ਨਾਲ ਸਿੱਖਿਆ ਵੀ ਹਾਸਲ ਕਰ ਸਕਣ। ਚੁਣੇ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਸਾਰੀਆਂ ਵਿੱਤੀ ਲੋੜਾਂ ਸਰਕਾਰ ਪੂਰੀਆਂ ਕਰੇ। ਇਸ ਤਰ੍ਹਾਂ ਖਿਡਾਰੀ ਪੂਰੀ ਤਰ੍ਹਾਂ ਅਭਿਆਸ 'ਤੇ ਧਿਆਨ ਕੇਂਦਰਿਤ ਕਰ ਸਕਣਗੇ। ਖੇਤਰੀ, ਜ਼ਿਲ੍ਹਾ, ਰਾਜ, ਜ਼ੋਨ ਅਤੇ ਕੌਮੀ ਪੱਧਰ 'ਤੇ ਮੁਕਾਬਲੇ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਖਿਡਾਰੀਆਂ ਦੇ ਇਕ ਵੱਡੇ ਪੂਲ 'ਚੋਂ ਚੋਟੀ ਦੇ ਖਿਡਾਰੀ ਚੁਣੇ ਜਾ ਸਕਣ। ਸਾਡੇ ਇਥੇ ਭਾਰਤੀ ਓਲੰਪਿਕਸ ਦਾ ਆਯੋਜਨ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਮੁਕਾਬਲੇਬਾਜ਼ੀ ਵਧੇ ਤੇ ਚੰਗੇ ਖਿਡਾਰੀ ਉਭਰ ਕੇ ਸਾਹਮਣੇ ਆਉਣ। ਨਿੱਜੀ ਖੇਤਰ ਵਲੋਂ ਖੇਡ ਢਾਂਚਿਆਂ ਦੇ ਨਿਰਮਾਣ ਵਿਚ ਕੀਤੇ ਗਏ ਨਿਵੇਸ਼ ਤੇ ਸਰਕਾਰ ਨੂੰ ਟੈਕਸ ਤੋਂ ਛੋਟ ਦੇਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਕੁਲ ਮਿਲਾ ਕੇ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੀਆਂ ਖੇਡਾਂ ਦੀ ਦਸ਼ਾ 'ਚ ਸੁਧਾਰ ਕਰੀਏ। ਜਦੋਂ ਤੱਕ ਸਾਡੇ ਕੋਚਾਂ ਨੂੰ ਖੇਡ ਮੰਤਰਾਲੇ 'ਚ ਸੰਯੁਕਤ ਸਕੱਤਰ ਨੂੰ ਰਿਪੋਰਟ ਕਰਨੀ ਨਹੀਂ ਸਿਖਾਈ ਜਾਂਦੀ ਅਤੇ ਖਿਡਾਰੀਆਂ ਨੂੰ ਸਰਕਾਰੀ ਸਹਾਇਤਾ 'ਤੇ ਨਿਰਭਰ ਰਹਿਣਾ ਨਹੀਂ ਸਿਖਾਇਆ ਜਾਂਦਾ ਉਦੋਂ ਤੱਕ ਅਸੀਂ ਖੇਡਾਂ ਵਿਚ ਸੁਨਹਿਰੀ ਸਫਲਤਾ ਹਾਸਲ ਨਹੀਂ ਕਰ ਸਕਦੇ। ਖੇਡਾਂ ਨੂੰ ਨੇਤਾਵਾਂ, ਠੱਗੀ ਤੇ ਧਨ-ਬਲ ਦੇ ਸ਼ਿਕੰਜੇ ਤੋਂ ਮੁਕਤ ਕਰਵਾਉਣਾ ਬਹੁਤ ਮੁਸ਼ਕਲ ਕੰਮ ਹੈ। ਇਹ ਇਕ ਮੋਦੀ ਅਤੇ ਬੀ. ਸੀ. ਸੀ. ਆਈ. ਦਾ ਸਵਾਲ ਨਹੀਂ ਹੈ, ਸਗੋਂ ਕਈ ਮੋਦੀਆਂ ਤੇ ਖੇਡ ਬਾਡੀਜ਼ ਦਾ ਸਵਾਲ ਹੈ। ਸਮਾਂ ਆ ਗਿਆ ਹੈ ਕਿ ਅਸੀਂ ਖੇਡਾਂ ਵਿਚ ਆਈਆਂ ਤਰੁੱਟੀਆਂ ਨੂੰ ਦੂਰ ਕਰੀਏ ਤੇ 'ਚੱਕ ਦੇ ਇੰਡੀਆ' ਨੂੰ ਮੁੜ ਦੁਹਰਾਈਏ, ਨਹੀਂ ਤਾਂ ਸਾਨੂੰ ਇਹ ਗੱਲ ਮੰਨਣੀ ਪਵੇਗੀ ਕਿ ਭਾਰਤ ਵਿਚ ਖੇਡਾਂ ਬਰਬਾਦੀ ਵਲ ਵਧ ਰਹੀਆਂ ਹਨ।

# ਤਾਜਾ ਬਰਤਾਨਵੀ ਚੋਣਾਂ ਵਿਚ ਲੋਕ ਵਿਰੋਧੀ ਪਾਰਟੀਆਂ ਦੀ ਘੜਮੱਸ

**ਦਿਆਲ ਬਾਗੜੀ**

ਬਰਤਾਨਵੀ ਪਾਰਲੀਮੈਂਟਰੀ ਚੋਣਾਂ ਦਾ ਪਿੜ, ਉਸ ਵੇਲੇ ਭਖ ਰਿਹਾ ਹੈ, ਜਦਕਿ ਸਮੁੱਚਾ ਪੂੰਜੀਵਾਦੀ ਜਗਤ ਡੂੰਘੇ ਆਰਥਿਕ ਸੰਕਟ ਵਿਚ ਗ੍ਰਸਤ ਹੈ। ਦਰਅਸਲ ਇਹ ਸੰਕਟ ਸਮੁੱਚੇ ਪੂੰਜੀਵਾਦੀ ਢਾਂਚੇ ਦੀ ਲੋੜੋਂ ਵਧ ਉਤਪਾਦਨ ਪੈਦਾ ਕਰਨ ਦੀ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ। ਮੁਨਾਫ਼ੇ ਦੀ ਭੁੱਖ-ਪੂਰਤੀ ਵਾਲਾ ਲੋਟੂ ਅਮਲ ਹੈ, ਪਰ ਇਜ਼ਾਰੇਦਾਰ ਪੂੰਜੀਵਾਦੀ, ਇਸ ਦੀ ਪ੍ਰਤੀਨਿਧਤਾ ਕਰਦੇ ਰਾਜਸੀ ਨੀਤੀਵਾਨ ਤੇ ਬੁੱਧੀਜੀਵੀ ਇਹ ਪ੍ਰਚਾਰਨ ਵਿਚ ਰੁਝੇ ਹੋਏ ਹਨ ਕਿ ਇਸ ਸੰਕਟ ਲਈ ਮੁੱਖ ਦੋਸ਼ੀ ਉਹ ਕੰਪਨੀਆਂ ਹਨ, ਜਿਨ੍ਹਾਂ ਕਰਜ਼ਾ ਮੋੜਨ ਵਾਲੇ ਗਾਹਕਾਂ ਦੀ ਸਮਰੱਥਾ ਦੀ ਛਾਣਬੀਣ ਕੀਤੇ ਬਿਨਾਂ ਕਰਜ਼ਾ ਦੇ ਕੇ 'ਕਰੈਡਿਟ ਕਰੰਚ' ਪੈਦਾ ਕੀਤਾ। ਬੈਂਕਿੰਗ ਧੰਦੇ ਨਾਲ ਜੁੜੇ ਸਟੌਕਸ, ਵਸਤਾਂ ਤੇ ਕਰੰਸੀ ਦੀ ਮੁਨਾਫਾਖੋਰ ਪ੍ਰਕਿਰਿਆ ਨੇ ਸੱਟੇਬਾਜ਼ੀ, ਠੱਗੀ ਲੱਛਣਾਂ ਨੂੰ ਉਭਾਰ ਕੇ ਬੈਂਕਿੰਗ ਸਿਸਟਮ ਨੂੰ ਵਹਿ-ਢੇਰੀ ਕੀਤਾ। ਬਰਤਾਨੀਆ, ਜੋ ਸੰਸਾਰ ਅਰਥਚਾਰੇ ਵਿਚ ਪੰਜਵਾਂ ਵੱਡਾ ਸਥਾਨ ਰੱਖਣ ਦੀ ਸ਼ੇਖੀ ਮਾਰਦਾ ਹੈ, ਦੀ ਸਥਿਤੀ ਇਉਂ ਹੈ ਕਿ:

2.5 ਮਿਲੀਅਨ ਲੋਕ ਬੇਰੁਜ਼ਗਾਰ ਹਨ, ਜੋ ਲੇਬਰ ਸ਼ਕਤੀ ਦਾ 8 ਪ੍ਰਤੀਸ਼ਤ ਹਨ, ਭਾਵੇਂ ਅਸਲੀ ਅੰਕੜੇ ਇਸ ਤੋਂ ਕਿਤੇ ਵਧ ਹਨ। ਦਰਅਸਲ 8 ਮਿਲੀਅਨ ਲੋਕ ਕੰਮਾਂ ਤੋਂ ਵਿਹਲੇ ਹਨ, ਜੇ ਕੰਮ ਉਪਲਬਧ ਹੋਵੇ ਤਾਂ ਉਹ ਕੰਮ ਕਰ ਸਕਦੇ ਹਨ। ਇਸ ਉਪਰੰਤ 6 ਮਿਲੀਅਨ ਲੋਕ ਘੱਟ ਤਨਖਾਹ 'ਤੇ ਕੰਮ ਕਰਦੇ ਹਨ। ਇਨ੍ਹਾਂ ਵਿਚ ਬਹੁਗਿਣਤੀ ਔਰਤਾਂ ਦੀ ਹੈ। ਗਰੀਬੀ ਵਧ ਰਹੀ ਹੈ। ਲਗਭਗ 30 ਪ੍ਰਤੀਸ਼ਤ ਬੱਚੇ ਤੇ ਪੈਨਸ਼ਨਰਜ਼ ਗਰੀਬੀ ਦੀ ਰੇਖਾ ਤੋਂ ਥੱਲੇ ਜੀਵਨ ਨਿਰਵਾਹ ਕਰ ਰਹੇ ਹਨ। 4.5 ਮਿਲੀਅਨ ਲੋਕ ਕੌਂਸਲ ਵਲੋਂ ਦਿੱਤੇ ਜਾਂਦੇ ਘਰਾਂ ਦੀ 'ਵੇਟਿੰਗ ਲਿਸਟ' ਵਿਚ ਸ਼ਾਮਲ ਹਨ। 2.5 ਮਿਲੀਅਨ ਘਰ ਰਹਿਣ ਯੋਗ ਨਹੀਂ ਹਨ। ਬਰਤਾਨੀਆ ਵਿਚ 5 ਪ੍ਰਤੀਸ਼ਤ ਲੋਕਾਂ ਕੋਲ 58 ਪ੍ਰਤੀਸ਼ਤ ਨਿੱਜੀ ਧਨ/ਪੂੰਜੀ (ਘਰਾਂ ਤੋਂ ਬਿਨਾ) ਹੈ ਤੇ 50 ਪ੍ਰਤੀਸ਼ਤ ਹੇਠਲੇ (ਗਰੀਬ) ਲੋਕਾਂ ਕੋਲ ਸਿਰਫ 1 ਪ੍ਰਤੀਸ਼ਤ ਹੈ। ਤੀਹ ਵਰ੍ਹੇ ਪਹਿਲਾਂ ਇਨ੍ਹਾਂ ਅੰਕੜਿਆਂ ਦੀ ਨਿਸਬਤ 47 ਪ੍ਰਤੀਸ਼ਤ ਅਤੇ 12 ਪ੍ਰਤੀਸ਼ਤ ਸੀ।

ਉਦਾਰੀਕਰਨ/ਨਿੱਜੀਕਰਨ 'ਤੇ ਆਧਾਰਤ ਆਰਥਿਕ ਨੀਤੀਆਂ ਕਾਰਨ ਬਰਤਾਨੀਆ 178 ਬਿਲੀਅਨ ਪੌਂਡ ਬਜਟ ਘਾਟੇ ਦਾ ਸਾਹਮਣਾ ਕਰ ਰਿਹਾ ਹੈ। ਬੈਂਕਿੰਗ ਸਿਸਟਮ ਨੂੰ ਬਚਾਉਣ ਲਈ ਸਰਕਾਰ ਨੂੰ ਨਕਦ/ਕੈਸ਼ ਉਧਾਰ ਲੈਣਾ ਪਿਆ, ਜਿਸ ਕਾਰਨ ਕੌਮੀ ਕਰਜ਼ਾ 850 ਬਿਲੀਅਨ ਪੌਂਡ ਤੱਕ ਪੁੱਜ ਗਿਆ ਹੈ। ਇਹ ਕੁੱਲ ਘਰੇਲੂ ਉਤਪਾਦਨ ਦਾ 62 ਪ੍ਰਤੀਸ਼ਤ ਤੇ ਬਜਟ ਵਿਚ ਘਾਟਾ 12.8 ਪ੍ਰਤੀਸ਼ਤ ਬਣਦਾ ਹੈ।

ਉਪਰੋਕਤ ਸੰਕਟ ਕਾਰਨ ਸਨਅਤੀ ਤੇ ਪਬਲਿਕ ਸੈਕਟਰ ਦੇ ਕਾਮੇ ਆਪਣੀਆਂ ਨੌਕਰੀਆਂ ਪੈਨਸ਼ਨਰਜ਼, ਤਨਖਾਹਾਂ ਵਿਚ ਕਟੌਤੀ ਤੇ ਜੀਵਨ ਪੱਧਰ ਨੂੰ ਬਚਾਉਣ ਲਈ ਹੜਤਾਲਾਂ ਰਾਹੀਂ ਸੰਘਰਸ਼ ਦੇ ਰਾਹ ਤੁਰੇ ਹਨ। ਇਜਾਰੇਦਾਰ ਪੂੰਜੀਵਾਦੀਆਂ ਦੇ ਹੱਕ ਵਿਚ ਖਲੋਂਦਾ ਸੱਜੇ-ਪੱਖੀ ਮੀਡੀਆ, ਆਰਥਿਕ ਸੰਕਟ ਦਾ ਦੋਸ਼ ਕਿਰਤੀ ਵਰਗ ਸਿਰ ਮੜ੍ਹਦਾ ਹੋਇਆ ਟਰੇਡ ਯੂਨੀਅਨਜ਼ ਦੀ ਜਥੇਬੰਦਕ ਸ਼ਕਤੀ ਵਿਰੁਧ ਨਫ਼ਰਤ ਪੈਦਾ ਕਰ ਰਿਹਾ ਹੈ। ਮਾਰਗਰੈਟ ਥੈਚਰ ਦੀ ਟੋਰੀ ਸਰਕਾਰ ਨੇ ਟਰੇਡ ਯੂਨੀਅਨਜ਼ ਦੀ ਸ਼ਕਤੀ ਨੂੰ ਰੋਕਣ ਕਈ ਕਾਨੂੰਨ ਹੋਂਦ ਵਿਚ ਲਿਆਂਦੇ। ਨੀਊ ਲੇਬਰ ਪਾਰਟੀ ਦੀ ਸਰਕਾਰ ਨੇ ਉਹ ਕਾਨੂੰਨ ਬਦਲੇ ਨਹੀਂ, ਸਗੋਂ ਬਰਕਰਾਰ ਰੱਖੇ ਹਨ।

ਬ੍ਰਿਟਿਸ਼ ਏਅਰਵੇਜ਼, ਸਿਵਲ ਸਰਵਿਸ ਲੋਕਲ ਸਰਕਾਰ ਕਰਮਚਾਰੀ, ਰੇਲ ਨੈਟਵਰਕ ਤੇ ਕੈਡਬਰੀ ਕੰਪਨੀ ਆਦਿ ਖੇਤਰਾਂ ਦੇ ਕਾਮੇ ਆਪਣੀਆਂ ਨੌਕਰੀਆਂ ਤੇ ਤਨਖਾਹਾਂ ਵਿਚ ਕਟੌਤੀ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਕਾਰਪੋਰੇਟ ਮੀਡੀਆ ਆਰਥਿਕ ਸੰਕਟ ਦਾ ਦੋਸ਼ ਪੂੰਜੀਵਾਦੀ ਕੰਪਨੀਆਂ ਸਿਰ ਮੜ੍ਹਨ ਦੀ ਬਜਾਏ ਸੰਕਟ ਦੀ ਤਲਵਾਰ ਨਾਲ ਕਤਲ ਹੋ ਰਹੇ ਕਾਮਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਬਰਤਾਨੀਆ ਦੀਆਂ ਤਿੰਨੋਂ ਮੁੱਖ ਰਾਜਨੀਤਕ ਪਾਰਟੀਆਂ (ਟੋਰੀ, ਨੀਊ ਲੇਬਰ ਤੇ ਲਿਬਰਲ ਡੈਮੋਕਰੇਟ) ਉਦਾਰੀਕਰਨ ਨੀਤੀਆਂ ਦਾ ਖੰਡਨ ਨਹੀਂ ਕਰਦੀਆਂ ਸਗੋਂ ਚਾਲੂ ਰੱਖਣ ਲਈ ਵਚਨਬੱਧ ਹਨ। ਸਾਮਰਾਜੀ ਸੰਗਠਨ, ਯੂਰਪੀ ਯੂਨੀਅਨ ਵੀ ਅਜਿਹੀ ਨੀਤੀ 'ਤੇ ਫੁੱਲ ਚੜ੍ਹਾਉਣ ਦੇ ਆਦੇਸ਼ ਦੇ ਰਿਹਾ ਹੈ। ਬਜਟ ਵਿਚ ਘਾਟੇ ਨੂੰ ਪੂਰਾ ਕਰਨ ਲਈ ਪਬਲਿਕ ਸੈਕਟਰ ਦੇ ਖਰਚਿਆਂ, ਸਖ਼ਤ ਕਟੌਤੀ, ਵਿੱਦਿਆ, ਨੈਸ਼ਨਲ ਹੈਲਥ ਸਰਵਿਸ ਤੇ ਪੋਸਟਲ ਸਰਵਿਸ ਦਾ ਨਿਜੀਕਰਨ, ਸਿਵਲ ਸਰਵਿਸ, ਲੋਕਲ ਸਰਕਾਰਾਂ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਵਿਚ ਵਾਧੇ 'ਤੇ ਪਾਬੰਦੀ ਲਾ ਕੇ ਤਿੰਨੋਂ ਮੁੱਖ ਪਾਰਟੀਆਂ ਚੋਣ ਮੁਹਿੰਮ ਤਿੱਖੀ ਕਰ ਰਹੀਆਂ ਹਨ। ਪਬਲਿਕ ਸੈਕਟਰ ਤੇ ਕਾਮਾ ਵਰਗ ਦੇ ਮੋਢਿਆਂ 'ਤੇ ਸੰਕਟ ਦਾ ਭਾਰ ਸੁਣਿਆ ਜਾ ਰਿਹਾ ਹੈ। ਨਿੱਜੀ ਸੈਕਟਰ ਭਾਵ ਬੈਂਕਟਰਜ਼, ਜਿਨ੍ਹਾਂ ਸੰਕਟ ਪੈਦਾ ਕੀਤਾ, ਉਨ੍ਹਾਂ ਦੀ ਲੋਟੂ ਤੇ ਠੱਗੀ ਭਰਪੂਰ ਬਾਰਦਰਦਗੀ ਨੂੰ ਪਬਲਿਕ ਪੂੰਜੀ ਰਾਹੀਂ ਜਾਮਨੀ ਭਰ ਕੇ ਬਚਾਇਆ ਜਾ ਰਿਹਾ ਹੈ।

ਘੱਟ ਗਿਣਤੀ ਕਾਲੇ/ਭੂਰੇ ਰੰਗ ਦੇ ਲੋਕ ਦੂੱਗਣੀ ਗਿਣਤੀ ਵਿਚ ਆਰਥਿਕ ਸੰਕਟ ਦਾ ਸ਼ਿਕਾਰ ਹਨ, ਪਰ ਮੂਲਵਾਦੀ/ਫਾਸ਼ੀ ਪਾਰਟੀ ਬ੍ਰਿਟਿਸ਼ ਨੈਸ਼ਨਲ ਪਾਰਟੀ (ਬੀ ਐਨ ਪੀ) ਇਨ੍ਹਾਂ ਲੋਕਾਂ ਨੂੰ ਸੰਕਟ ਲਈ ਜ਼ਿੰਮੇਵਾਰ ਠਹਿਰਾ ਰਹੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨੀਊ ਲੇਬਰ ਸਰਕਾਰ ਦੀਆਂ ਇਮੀਗ੍ਰੇਸ਼ਨ, ਨੈਸ਼ਨੈਲਟੀ ਤੇ ਪਨਾਹ ਦੇਣ ਵਾਲੀਆਂ ਪਾਲਸੀਆਂ ਨੇ ਬੀ ਐਨ ਪੀ ਦੇ ਵਿਕਾਸ ਲਈ ਰਾਹ ਪ੍ਰਦਾਨ ਕੀਤਾ ਹੈ।

ਪੂੰਜੀਵਾਦੀ ਤਾਕਤਾਂ, ਵਿਸ਼ੇਸ਼ ਤੌਰ 'ਤੇ ਅਮਰੀਕਾ ਅਤੇ ਬਰਤਾਨੀਆ ਵਲੋਂ ਦੁਨੀਆ ਵਾਸਤੇ ਮੁੱਖ ਡਰ ਕੌਮਾਂਤਰੀ ਦਹਿਸ਼ਤਵਾਦ ਪੇਸ਼ ਕੀਤਾ ਜਾ ਰਿਹਾ ਹੈ ਪਰ ਮੁੱਖ ਡਰ ਐਂਗਲੋ-ਅਮਰੀਕਨ ਸਾਮਰਾਜੀ ਜੰਗਾਂ ਦਾ ਹੈ ਜਿਹੜੀਆਂ ਤੇਲ ਤੇ ਗੈਸ 'ਤੇ ਕਬਜ਼ਾ ਜਮਾਉਣਾ ਤੇ ਲੱਖਾਂ ਮਾਨਵੀ ਜਾਨਾਂ ਨੂੰ ਮੌਤ ਦੇ ਮੂੰਹ ਝੋਕਣਾ ਹੈ। ਗਰੀਨ ਹਾਊਸ ਗੈਸ ਦੇ ਵਧਣ ਨਾਲ ਤੇ ਪ੍ਰਮਾਣੂ ਜੰਗ ਦਾ ਡਰ ਮਾਨਵੀ ਹੋਂਦ ਲਈ ਖਤਰਾ ਪੈਦਾ ਹੋ ਰਿਹਾ ਹੈ। ਉਨ੍ਹਾਂ ਵੱਡੀਆਂ ਕੰਪਨੀਆਂ ਵਜੋਂ, ਜੋ ਮੁਨਾਫ਼ੇ ਦੀ ਭੁੱਖ ਲਈ ਸਰਕਾਰੀ ਕਾਨੂੰਨਾਂ ਦੀ ਪ੍ਰਵਾਹ ਨਹੀਂ ਕਰਦੀਆਂ, ਤਿੰਨੋਂ ਵੱਡੀਆਂ ਪਾਰਟੀਆਂ, ਵੱਡੇ ਸਰਮਾਏਦਾਰਾਂ ਦੇ ਹਿੱਤਾਂ ਨੂੰ ਪੂਰਨ ਲਈ ਸੰਕਟ ਦਾ ਭਾਰ ਪਬਲਿਕ ਸੇਵਾਵਾਂ ਵਿਚੋਂ ਕਟੌਤੀ ਤੇ ਨਿੱਜੀਕਰਨ ਕਰਕੇ, ਲੋਕਾਂ ਦਾ ਜੀਵਨ ਪੱਧਰ ਨੀਵਾਂ ਕਰਨ ਦੀਆਂ ਪਾਲਿਸੀਆਂ ਅਪਨਾ ਰਹੀਆਂ ਹਨ। ਯੂਨਟੀ ਫਾਰ ਪੀਸ ਐਂਡ ਸੋਸ਼ੇਲਿਜ਼ਮ ਵਲੋਂ ਲੈਸਟਰ ਈਸਟ ਚੋਣ ਖੇਤਰ ਦੇ ਉਮੀਦਵਾਰ-ਅਵਤਾਰ ਸਾਦਿਕ ਦੀ ਚੋਣ ਮੁਹਿੰਮ ਦੇ ਨਾਹਰੇ ਸਨ;

ਲੋਕਾਂ ਦੇ ਹਿੱਤਾਂ ਨੂੰ ਪਹਿਲ ਦਿਓ, ਮੁਨਾਫ਼ੇ ਨੂੰ ਨਹੀਂ। ਜੇ ਬਜਟ ਦਾ ਘਾਟਾ ਹੀ ਪੂਰਾ ਕਰਨਾ ਹੈ ਤਾਂ 130 ਬਿਲੀਅਨ ਪੌਂਡ ਟੈਕਸ, ਜੋ ਅਮੀਰਾਂ ਵਲ ਨਿਕਲਦਾ ਹੈ-ਉਹ ਉਗਰਾਹਿਆ ਜਾਵੇ। ਵੱਡੇ ਅਮੀਰਾਂ ਤੇ ਇਕ ਪ੍ਰਤੀਸ਼ਤ ਟੈਕਸ ਤੇ ਸੱਟੇਬਾਜ਼ਾਂ 'ਤੇ ਟੈਕਸ ਲਾ ਕੇ ਇਕ ਸਾਲ ਵਿਚ 69 ਬਿਲੀਅਨ ਪੌਂਡ ਇਕੱਠਾ ਕੀਤਾ ਜਾ ਸਕਦਾ ਹੈ। ਊਰਜਾ, ਬੈਂਕ ਤੇ ਰੀਟੇਲ ਇਜਾਰੇਦਾਰ ਕੰਪਨੀਆਂ 'ਤੇ ਵਿੰਡਫਾਲ ਲਾ ਕੇ 16 ਬਿਲੀਅਨ ਪੌਂਡ ਇਕੱਤਰ ਹੋ ਸਕਦੇ ਹਨ। ਜੰਗਾਂ ਬੰਦ ਕਰਕੇ ਤੇ ਪ੍ਰਮਾਣੂ ਹਥਿਆਰਾਂ ਦਾ ਨਵੀਨੀਕਰਨ ਰੋਕ ਕੇ 100 ਬਿਲੀਅਨ ਪੌਂਡ ਤੋਂ ਉਪਰ ਬਚਾਇਆ ਜਾਏ। ਜਿਹੜੇ ਪਾਰਲੀਮੈਂਟ ਮੈਂਬਰਾਂ ਨੇ ਆਪਣੇ ਦੂਜੇ ਘਰਾਂ ਵਾਸਤੇ ਪਬਲਿਕ ਪੂੰਜੀ ਦੀ ਠੱਗੀ ਕੀਤੀ ਹੈ, ਉਹ ਵਾਪਸ ਲਈ ਜਾਵੇ।

ਬੈਂਕ, ਪਾਣੀ, ਗੈਸ, ਬਿਜਲੀ ਤੇ ਰੇਲਵੇ ਨੂੰ ਮੁੜ ਪਬਲਿਕ ਮਾਲਕੀ ਹੇਠ ਲਿਆ ਕੇ ਜਮਹੂਰੀ ਕੰਟਰੋਲ ਕਾਇਮ ਕੀਤਾ ਜਾਏ। ਵਿੱਦਿਆ, ਸਿਹਤ, ਜੇਲ੍ਹਾਂ ਤੇ ਪੋਸਟਲ ਸੇਵਾਵਾਂ ਦੇ ਨਿੱਜੀਕਰਨ 'ਤੇ ਰੋਕ ਲਾਈ ਜਾਵੇ। ਪਬਲਿਕ ਸੇਵਾਵਾਂ ਦੇ ਖਰਚਿਆਂ ਦੀ ਕਟੌਤੀ 'ਤੇ ਰੋਕ ਲੱਗੇ। ਘਰਾਂ ਦੀ ਥੁੜ ਦੂਰ ਕਰਨ ਲਈ ਲੋਕਾਂ ਦੀ ਖਰਚ ਕਰਨ ਦੀ ਸਮਰੱਥਾ ਅਨੁਸਾਰ ਘਰ ਬਣਾਏ ਜਾਣ। ਪੈਨਸ਼ਨਰਜ਼ ਨੂੰ ਔਸਤਨ ਆਮਦਨ ਅਨੁਸਾਰ ਪੈਨਸ਼ਨ ਦਿੱਤੀ ਜਾਏ। (30 ਡਾਲਰ ਪ੍ਰਤੀ ਹਫਤਾ) ਬੱਚਿਆਂ ਦੀ ਗਰੀਬੀ ਖ਼ਤਮ ਕੀਤੀ ਜਾਏ।

ਟਰੇਡ ਯੂਨੀਅਨ ਵਿਰੋਧੀ ਕਾਨੂੰਨਾਂ ਨੂੰ ਖ਼ਤਮ ਕੀਤਾ ਜਾਵੇ ਤੇ ਕਿਰਤੀ ਵਰਗ ਨੂੰ ਆਪਣੀਆਂ ਨੌਕਰੀਆਂ, ਪੈਨਸ਼ਨਰਜ਼, ਪਬਲਿਕ ਸੇਵਾਵਾਂ ਤੇ ਹੜਤਾਲ ਦੇ ਹੱਕ ਨੂੰ ਸੁਰੱਖਿਅਤ ਕੀਤਾ ਜਾਏ। ਤਨਖਾਹਾਂ ਦੇ ਵਾਧੇ 'ਤੇ ਪਾਬੰਦੀ ਨਹੀਂ ਹੋਣੀ ਚਾਹੀਦੀ। ਔਰਤਾਂ ਨੂੰ ਮਰਦਾਂ ਬਰਾਬਰ ਤਨਖਾਹਾਂ ਦਿੱਤੀਆਂ ਜਾਣ। ਵਿਭਿੰਨਤਾ ਦਾ ਸਤਿਕਾਰ ਕਰਦੇ ਹੋਏ, ਰੰਗ, ਨਸਲ ਤੇ ਲਿੰਗ 'ਤੇ ਆਧਾਰਤ ਵਿਤਕਰੇ ਦਾ ਵਿਰੋਧ ਤੇ ਨਸਲਵਾਦ/ਫਾਸ਼ੀਵਾਦ ਦਾ ਖੰਡਨ ਕੀਤਾ ਜਾਏ। ਪਨਾਹ ਲੈਣ ਨਾਲ ਪਰਵਾਸੀਆਂ ਦੇ ਇਨਸਾਨੀ ਹੱਕਾਂ ਨਾਲ ਇਨਸਾਫ਼ ਹੋਵੇ। ਦਹਿਸ਼ਤਵਾਦ ਦੇ ਨਾਓ ਤੇ ਸ਼ਹਿਰੀ ਆਜ਼ਾਦੀ ਨੂੰ ਕੁਚਲਿਆ ਨਾ ਜਾਏ।

ਤਿੰਨ ਮੁੱਖ ਪਾਰਟੀਆਂ ਦੀ ਆਰਥਿਕ ਤੇ ਵਿਦੇਸ਼ੀ ਨੀਤੀ ਵਿਚਕਾਰ ਕੋਈ ਭਿੰਨਤਾ ਨਹੀਂ। ਇਨ੍ਹਾਂ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਨਿਖੇੜਨ ਲਈ ਯੂਨਟੀ ਫਾਰ ਪੀਸ ਤੇ ਸੋਸ਼ਲਿਜ਼ਮ ਨੇ ਹੀ ਕੁਝ ਵੱਖਰਾ ਰਾਹ ਅਪਨਾਇਆ।

# ਦਲ ਬਦਲੂ ਹੁਣੇ ਤੋਂ ਨੀਲੇ ਨੀਲ ਵਾਲੀਆਂ ਚਿੱਟੀਆਂ ਪੱਗਾਂ ਬੰਨ੍ਹਣ ਲੱਗੇ

**–ਜਤਿੰਦਰ ਪਨੂੰ**

ਪੰਜਾਬ ਦੀ ਰਾਜਨੀਤੀ ਕਰਵਟ ਲੈ ਰਹੀ ਨਜ਼ਰ ਆਉਂਦੀ ਹੈ। ਜ਼ਾਹਰਾ ਤੌਰ 'ਤੇ ਬਾਦਲ ਬਾਪ-ਬੇਟੇ, ਅਤੇ ਖਾਸ ਕਰਕੇ ਛੋਟੇ ਬਾਦਲ, ਸੁਖਬੀਰ ਸਿੰਘ ਦੀ ਪੂਰੀ ਚੜ੍ਹਤ ਹੈ, ਪਰ ਹਵਾ ਦੇ ਬੁੱਲੇ ਦੱਸਦੇ ਹਨ ਕਿ ਇਹ ਚੜ੍ਹਤ ਓਦਾਂ ਦੀ ਹੈ, ਜਿੱਦਾਂ ਦੀ ਹਰਚਰਨ ਸਿੰਘ ਬਰਾੜ ਦੇ ਬਾਅਦ ਕਮਾਨ ਸੰਭਾਲਣ ਵਾਲੀ ਬੀਬੀ ਰਜਿੰਦਰ ਕੌਰ ਭੱਠਲ ਦੀ ਹੁੰਦੀ ਸੀ। ਜਿੱਥੇ ਜਾਣਾ ਹੁੰਦਾ, ਕੁਝ ਕੰਮਾਂ ਦੀ ਝਾਕ ਰੱਖਣ ਵਾਲੇ ਤੇ ਕੁਝ ਚੱਜ ਦੀਆਂ ਥਾਵਾਂ 'ਤੇ ਟਿਕ ਕੇ ਅਫ਼ਸਰੀ ਕਰਨ ਵਾਲੇ ਭੀੜਾਂ ਜੋੜ ਦਿੰਦੇ ਸਨ ਤੇ ਬੀਬੀ ਭੱਠਲ ਸਮਝਦੀ ਸੀ ਕਿ ਉਹ ਹਰਮਨ-ਪਿਆਰਤਾ ਦੀ ਸਿਖਰ ਛੋਹ ਗਈ ਹੈ। ਅਗਲੀਆਂ ਚੋਣਾਂ ਤੋਂ ਪਹਿਲਾਂ ਲੁਧਿਆਣੇ ਵਿਚ



ਅਕਾਲੀ-ਭਾਜਪਾ ਚੋਣ ਰੈਲੀ ਵਿਚ ਪ੍ਰਕਾਸ਼ ਸਿੰਘ ਬਾਦਲ ਤੇ ਅਟਲ ਬਿਹਾਰੀ ਵਾਜਪਾਈ ਨੂੰ ਸੁਣਨ ਲਈ ਜਿੰਨਾ ਇਕੱਠ ਹੋਇਆ ਸੀ, ਉਸ ਤੋਂ ਵੱਡਾ ਇਕੱਠ ਮੁੱਖ ਮੰਤਰੀ ਬੀਬੀ ਭੱਠਲ ਨੂੰ ਸੁਣਨ ਵਾਸਤੇ ਹੋ ਗਿਆ ਸੀ, ਪਰ ਸੀਟਾਂ ਵਿਧਾਨ ਸਭਾ ਦੀਆਂ ਸਿਰਫ ਬਾਰਾਂ ਮਿਲੀਆਂ ਸਨ ਤੇ ਏਨੀ ਮਾੜੀ ਹਾਲਤ ਕਾਂਗਰਸ ਦੀ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰੀ ਹੋਈ ਸੀ। ਅੱਜ ਵੀ ਸੁਖਬੀਰ ਸਿੰਘ ਬਾਦਲ ਦੀਆਂ ਰੈਲੀਆਂ ਵੀ ਉਵੇਂ ਹੀ ਭਰ ਰਹੀਆਂ ਹਨ, ਪਰ ਭਰਦੀਆਂ ਅਫ਼ਸਰਸ਼ਾਹੀ ਤੇ ਲਾਕੜੀਆਂ ਦੇ ਕਾਰਨ ਹਨ। ਜਿੱਦਾਂ ਪੰਜਾਬ ਦੇ ਆਮ ਲੋਕ ਪ੍ਰਕਾਸ਼ ਸਿੰਘ ਬਾਦਲ ਨੂੰ ਸੁਣਨ ਲਈ ਆਇਆ ਕਰਦੇ ਸਨ, ਉਵੇਂ ਹੁਣ ਅਕਾਲੀ ਰੈਲੀਆਂ ਵਿਚ ਨਹੀਂ ਆ ਰਹੇ।

ਪਿਛਲੇ ਸਾਲ ਪਾਰਲੀਮੈਂਟ ਚੋਣਾਂ ਹੋਈਆਂ ਸਨ। ਇਹ ਚੋਣਾਂ ਕਿਸੇ ਵੀ ਰਾਜ ਸਰਕਾਰ ਲਈ ਸ਼ੀਸ਼ਾ ਹੁੰਦੀਆਂ ਹਨ। ਹਰਚਰਨ ਸਿਘ ਬਰਾੜ ਤੇ ਕੈਪਟਨ ਅਮਰਿੰਦਰ ਸਿੰਘ ਦੇ ਵਕਤ ਕਾਂਗਰਸ ਨੇ ਪਾਰਲੀਮੈਂਟ ਸੀਟਾਂ ਹਾਰੀਆਂ ਸਨ ਤਾਂ ਪਿੱਛੋਂ ਵਿਧਾਨ ਸਭਾ ਚੋਣਾਂ ਵੀ ਹਾਰ ਗਏ ਸਨ। ਪਿਛਲੇ ਸਾਲ ਅਕਾਲੀ-ਭਾਜਪਾ ਨੇ ਵੀ ਪਾਰਲੀਮੈਂਟ ਦੀਆਂ ਪੰਜ ਸੀਟਾਂ ਜਿੱਤ ਕੇ ਅੱਠ ਹਾਰੀਆਂ ਹਨ।

ਪਾਰਲੀਮੈਂਟ ਚੋਣਾਂ ਦੀ ਹਾਰ ਤੋਂ ਬਾਅਦ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਡਿਪਟੀ ਮੁੱਖ ਮੰਤਰੀ ਪੁੱਤਰ ਨੂੰ ਆਤਮ-ਚਿੰਤਨ ਕਰਨਾ ਚਾਹੀਦਾ ਸੀ, ਪਰ ਉਹ ਕਰ ਨਹੀਂ ਸਕੇ। ਅਸਲ ਵਿਚ ਉਹ ਦੋਵੇਂ ਇਹੋ ਜਿਹੇ ਚਾਪਲੂਸਾਂ ਦੀ ਧਾੜ ਦੇ ਵਿਚਾਲੇ ਘਿਰੇ ਹੋਏ ਹਨ ਕਿ ਆਪਣੇ ਤੌਰ 'ਤੇ ਕੁਝ ਸੋਚਣ ਦੀ ਲੋੜ ਹੀ ਨਹੀਂ ਸਮਝਦੇ। ਇਹੋ ਕਾਰਨ ਹੈ ਕਿ ਉਨ੍ਹਾਂ ਦਾ ਲੋਕਾਂ ਅੰਦਰ ਸਮਰਥਨ ਪੈਰੋ ਪੈਰ ਖੁਰਦਾ ਜਾ ਰਿਹਾ ਹੈ ਤੇ ਜਿਹੜੇ ਲੋਕ ਪਿਛਲੀ ਵਾਰੀ ਕਾਂਗਰਸ ਨੂੰ ਛੱਡ ਕੇ ਏਧਰ ਆਣ ਜੁੜੇ ਸਨ, ਉਹ ਵੀ ਹੁਣ ਦੂਜੇ ਪਾਸੇ ਜਾਣ ਲੱਗੇ ਹਨ।

26 ਅਪ੍ਰੈਲ ਦੇ ਦਿਨ ਸੁਪਰੀਮ ਕੋਰਟ ਤੋਂ ਆਏ ਫੈਸਲੇ ਨੇ ਪੰਜਾਬ ਦੀ ਰਾਜਨੀਤੀ ਨੂੰ ਇਕ ਭੁਚਾਲੀ ਝਟਕਾ ਦੇ ਦਿੱਤਾ ਹੈ। ਜਿਨ੍ਹੀਂ ਦਿਨੀਂ ਇਹ ਖ਼ਬਰ ਆਈ, ਉਹਨੀਂ ਦਿਨੀਂ ਅਮੀਰੇਟਸ ਦੇ ਇਕ ਹਵਾਈ ਜਹਾਜ਼ ਦੀ ਖ਼ਬਰ ਵੀ ਆਈ ਸੀ। ਉਹ ਏਅਰ-ਪਾਕਿਟ ਵਿਚ ਫਸ ਕੇ ਪੰਦਰਾਂ ਹਜ਼ਾਰ ਫੁੱਟ ਦੀ ਉਚਾਈ ਤੋਂ ਸਿਰਫ ਪੰਦਰਾਂ ਸੌ ਫੁੱਟ ਦੀ ਉਚਾਈ ਤੱਕ ਇਕੋ ਝਟਕੇ ਨਾਲ ਆਣ ਡਿੱਗਾ ਸੀ ਤੇ ਇਹੋ ਕੁਝ ਬਾਦਲ ਅਕਾਲੀ ਦਲ ਦੇ ਬਾਰੇ ਵਿਚ ਕਿਹਾ ਜਾ ਰਿਹਾ ਹੈ। ਸੁਪਰੀਮ ਕੋਰਟ ਵਲੋਂ ਕੈਪਟਨ ਅਮਰਿੰਦਰ ਸਿੰਘ ਦੀ ਰੱਦ ਹੋਈ ਵਿਧਾਨ ਸਭਾ ਮੈਂਬਰੀ ਬਹਾਲ ਹੀ ਨਹੀਂ ਕੀਤੀ ਗਈ, ਉਹ ਮੈਂਬਰੀ ਰੱਦ ਕਰਨ ਵਾਲਿਆਂ ਬਾਰੇ ਵੀ ਜੋ ਟਿੱਪਣੀਆਂ ਕੀਤੀਆਂ ਗਈਆਂ ਹਨ, ਪੰਜਾਬ ਸਰਕਾਰ ਨੂੰ ਚਲਾਉਣ ਜਾਂ ਚਲਾਉਣ ਲਈ ਸਲਾਹਾਂ ਦੇਣ ਵਾਲਿਆਂ ਨੂੰ ਜ਼ਰਾ ਧਿਆਨ ਨਾਲ ਪੜ੍ਹਨੀਆਂ ਚਾਹੀਦੀਆਂ ਹਨ। ਜੇ ਸੁਪਰੀਮ ਕੋਰਟ ਉਹ ਫੈਸਲਾ ਰੱਦ ਨਾ ਕਰਦੀ ਤਾਂ ਇਕ ਇਹੋ ਜਿਹੀ ਮਾੜੀ ਪਿਰਤ ਪੈ ਜਾਣੀ ਸੀ, ਜਿਸ ਵਿਚ ਹਰ ਨਵੀਂ ਅਗੇ ਆਈ ਰਾਜਸੀ ਧਿਰ ਨੇ ਆਪਣੇ ਤੋਂ ਪਹਿਲਿਆਂ ਨੂੰ ਵਿਧਾਨ ਸਭਾ ਦੇ ਅੰਦਰ ਬਹੁ-ਸੰਮਤੀ ਦੇ ਜ਼ੋਰ ਨਾਲ ਅਗਲੇ ਪੰਜਾਂ ਸਾਲਾਂ ਲਈ ਬਾਹਰ ਕੱਢ ਦਿੱਤਾ ਕਰਨਾ ਸੀ।

ਸੁਪਰੀਮ ਕੋਰਟ ਨੇ ਨਿਆਂ ਪ੍ਰਕਿਰਿਆ ਦੀਆਂ ਤਿੰਨ ਅਹਿਮ ਧਿਰਾਂ ਵਲ ਵੀ ਧਿਆਨ ਦਿਵਾਇਆ ਹੈ, ਜਿਨ੍ਹਾਂ ਵਿਚੋਂ ਪਹਿਲੀ ਇਹ ਕਿ ਕੋਈ ਸ਼ਿਕਾਇਤੀ ਹੋਣਾ ਚਾਹੀਦਾ ਹੈ, ਦੂਜਾ ਕੋਈ ਜਾਂਚ-ਕਰਤਾ ਤੇ ਤੀਜਾ ਸ਼ਿਕਾਇਤ ਅਤੇ ਜਾਂਚ-ਕਰਤੇ ਬੰਦੇ ਜਾਂ ਏਜੰਸੀ ਦੀ ਰਿਪੋਰਟ ਦੇ ਗੁਣ-ਦੋਸ਼ ਵਿਚਾਰ ਕੇ ਸਜ਼ਾ ਦੇਣ ਵਾਲਾ ਚਾਹੀਦਾ ਹੈ। ਇਹ ਤਿੰਨੇ ਵੱਖੋ-ਵੱਖ ਹੁੰਦੇ ਹਨ, ਕਿਸੇ ਕਾਰਨ ਵੀ ਅੰਤਰ ਸੰਬੰਧਿਤ ਨਹੀਂ ਹੋਣੇ ਚਾਹੀਦੇ। ਕੈਪਟਨ ਅਮਰਿੰਦਰ ਸਿੰਘ ਦੇ ਮਾਮਲੇ ਵਿਚ ਸ਼ਿਕਾਇਤ ਕਰਤਾ ਵੀ ਅਕਾਲੀ, ਜਾਂਚ ਲਈ ਬਣੀ ਵਿਧਾਨ ਸਭਾ ਕਮੇਟੀ ਦਾ ਮੁਖੀ ਅਕਾਲੀ ਦਲ ਦਾ ਵਿਧਾਇਕ ਅਤੇ ਫੈਸਲਾ ਦੇਣ ਵਾਸਤੇ ਵਿਧਾਨ ਸਭਾ ਅੰਦਰ ਅਕਾਲੀ-ਭਾਜਪਾ ਦੀ ਬਹੁ-ਗਿਣਤੀ, ਜਿਸ ਵਿਚ ਭਾਜਪਾ ਦੀ ਆਪਣੀ ਕੋਈ ਵੁੱਕਤ ਹੀ ਨਹੀਂ। ਇੰਜ ਇਹ ਕੋਈ ਨਿਆਂਕਾਰੀ ਕਦਮ ਨਾ ਹੋ ਕੇ ਇਕ ਹਾਸੋਹੀਣੀ ਨੌਟੰਕੀ ਦਾ ਪ੍ਰਗਟਾਵਾ ਬਣ ਕੇ ਰਹਿ ਗਿਆ ਸੀ। ਸੁਪਰੀਮ ਕੋਰਟ ਨੇ ਇਹ ਵੀ ਧਿਆਨ ਦਿਵਾਇਆ ਹੈ ਕਿ ਮਾਮਲਾ ਤਾਂ ਕੈਪਟਨ ਅਮਰਿੰਦਰ ਸਿੰਘ ਵਿਰੁਧ ਭ੍ਰਿਸ਼ਟਾਚਾਰ ਦਾ ਸੀ, ਜਿਹੜਾ ਭ੍ਰਿਸ਼ਟਾਚਾਰ ਰੋਕੂ ਏਜੰਸੀ, ਵਿਜੀਲੈਂਸ ਆਦਿ, ਨੂੰ ਸੌਂਪਿਆ ਜਾਣਾ ਚਾਹੀਦਾ ਸੀ ਤੇ ਵਿਧਾਨ ਸਭਾ ਇਹ ਕੰਮ ਕਰ ਸਕਦੀ ਸੀ, ਪਰ ਉਹ ਸਜ਼ਾ ਦੇਣ ਦਾ ਕੰਮ ਆਪਣੇ ਆਪ ਹੀ ਕਰਨ ਤੁਰ ਪਈ, ਹਾਲਾਂਕਿ ਖੁਦ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਵਿਰੁਧ ਭ੍ਰਿਸ਼ਟਾਚਾਰ ਦਾ ਕੇਸ ਅਦਾਲਤ ਵਿਚ ਚੱਲਦਾ ਪਿਆ ਸੀ। ਫਿਰ ਇਹ ਵੀ ਹੈ ਕਿ ਵਿਧਾਨ ਮੁਤਾਬਕ ਪਿਛਲੇ ਸਦਨ ਦਾ ਕੇਸ ਹੁਣ ਵਾਲੀ ਵਿਧਾਨ ਸਭਾ ਲੈ ਨਹੀਂ ਸੀ ਸਕਦੀ। ਇਹ ਗੱਲਾਂ ਕੈਪਟਨ ਅਮਰਿੰਦਰ ਸਿੰਘ ਨੂੰ ਬਰਖਾਸਤ ਕੀਤੇ ਜਾਣ ਸਮੇਂ ਵੀ ਕੁਝ ਧਿਰਾਂ ਨੇ ਧਿਆਨ 'ਚ ਲਿਆਂਦੀਆਂ ਸਨ, ਪਰ ਸੁਣੀਆਂ ਨਹੀਂ ਸਨ ਗਈਆਂ। ਓਦੋਂ ਦੀਆਂ ਇਹ ਉਕਾਈਆਂ ਸੁਧਾਰਨ ਦਾ ਵਕਤ ਹੁਣ ਨਹੀਂ ਰਿਹਾ।

ਰਾਜਨੀਤਕ ਖੇਤਰ ਦੇ ਚਰਚਿਆਂ ਮੁਤਾਬਕ ਬੀਬੀ ਰਜਿੰਦਰ ਕੌਰ ਭੱਠਲ ਨਾਲ ਗਰਮ ਦਾ ਭਰਮ ਰੱਖਦੀ ਨਰਮ ਰਾਜਨੀਤੀ ਦਾ ਜੋ ਪੈਂਤੜਾ ਬਾਦਲ ਅਕਾਲੀ ਦਲ ਨੇ ਧਾਰਨ ਕੀਤਾ ਹੋਇਆ ਸੀ, ਉਸ ਦਾ ਵੀ ਫਾਇਦਾ ਘੱਟ ਤੇ ਨੁਕਸਾਨ ਵਧ ਹੋਇਆ ਹੈ। ਸਭ ਨੂੰ ਯਾਦ ਹੈ ਕਿ ਜਦੋਂ ਬੀਬੀ ਭੱਠਲ ਨੂੰ ਕੁਰਸੀ ਖੁੱਸਦੀ ਤੇ ਪ੍ਰਕਾਸ਼ ਸਿੰਘ ਬਾਦਲ ਵਲ ਖਿਸਕਦੀ ਨਜ਼ਰ ਆਈ ਸੀ, 1997 ਦੀ ਫਰਵਰੀ ਵਿਚ ਉਸ ਨੇ ਓਦੋਂ ਦੇ ਟਕਰਾਅ ਭਰੇ ਮਾਹੌਲ ਵਿਚ ਅਫਸਰਸ਼ਾਹੀ ਅੰਦਰਲੇ ਬਾਦਲ ਸਾਹਿਬ ਦੀ ਵਫਾਦਾਰੀ ਵਾਲਿਆਂ ਵਿਰੁਧ ਕਾਰਵਾਈ ਛੋਹ ਦਿੱਤੀ ਸੀ। ਇਕ ਸੀਨੀਅਰ ਆਈ ਏ ਐਸ ਅਫਸਰ ਬਿਕਰਮਜੀਤ ਸਿੰਘ ਵੀ ਇਨ੍ਹਾਂ ਵਿਚ ਸ਼ਾਮਲ ਸੀ। ਸਰਕਾਰ ਬਦਲੀ ਤਾਂ ਬਾਦਲ ਸਾਹਿਬ ਨੇ ਆਉਂਦੇ ਸਾਰ ਉਸੇ ਬਿਕਰਮਜੀਤ ਸਿੰਘ ਨੂੰ ਨਾ ਸਿਰਫ ਆਪਣਾ ਪ੍ਰਿੰਸੀਪਲ ਸੈਕਟਰੀ ਬਣਾ ਲਿਆ, ਸਗੋਂ ਉਸ ਵਿਰੁਧ ਭੱਠਲ ਸਰਕਾਰ ਵਲੋਂ ਸੀ ਬੀ ਆਈ ਨੂੰ ਜਾਂਚ ਸੌਂਪਣ ਦਾ ਫੈਸਲਾ ਵੀ ਵਾਪਸ ਲੈ ਲਿਆ ਸੀ। ਸੀ ਬੀ ਆਈ ਨੇ ਇਹ ਕਹਿ ਕੇ ਕੇਸ ਵਾਪਸ ਦੇਣੋਂ ਨਾਂਹ ਕਰ ਦਿੱਤੀ ਕਿ ਇਕ ਵਾਰੀ ਕਿਸੇ ਰਾਜ ਸਰਕਾਰ ਦਾ ਸੌਂਪਿਆ ਕੇਸ ਵਾਪਸ ਦਿੱਤਾ ਹੀ ਨਹੀਂ ਜਾ ਸਕਦਾ। ਕੌੜ ਕੱਢਣ ਲਈ ਬਾਦਲ ਸਾਹਿਬ ਦੀ ਓਦੋਂ ਦੀ ਅਕਾਲੀ-ਭਾਜਪਾ ਸਰਕਾਰ ਨੇ ਬੀਬੀ ਭੱਠਲ ਵਿਰੁਧ ਮੁੱਖ ਮੰਤਰੀ ਵਜੋਂ ਅਖ਼ਤਿਆਰੀ ਫੰਡਾਂ ਦੀ ਦੁਰਵਰਤੋਂ ਦਾ ਕੇਸ ਬਣਵਾ ਦਿੱਤਾ। ਬਾਦਲ-ਭੱਠਲ ਕੁੜੱਤਣ ਬਾਹਲੀ ਹੰਢਾਊ ਸਾਬਤ ਨਾ ਹੋਈ ਤੇ ਕੈਪਟਨ ਅਮਰਿੰਦਰ ਸਿੰਘ ਦੇ ਅੱਗੇ ਆਉਂਦੇ ਸਾਰ ਉਸ ਨਾਲ ਦੋਵਾਂ ਦੇ ਵਿਰੋਧ ਕਾਰਨ ਦੋਵੇਂ ਇਕ ਦੂਜੇ ਵਲ ਨਰਮ ਪਹੁੰਚ ਧਾਰਨ ਲੱਗ ਪਏ। ਨਤੀਜਾ ਇਹ ਹੋਇਆ ਕਿ ਦੂਜੀ ਅਕਾਲੀ-ਭਾਜਪਾ ਸਰਕਾਰ ਨੇ ਨਰਮੀ ਦੇ ਕੇ ਬੀਬੀ ਭੱਠਲ ਵਿਰੁਧ ਉਹੋ ਪਿਛਲੀ ਵਾਰੀ ਆਪ ਕਰਵਾਇਆ ਕੇਸ ਵੀ ਰੱਦ ਹੋ ਜਾਣ ਦਿੱਤਾ, ਜਿਹੜਾ ਕੈਪਟਨ ਅਮਰਿੰਦਰ ਸਿੰਘ ਨੇ ਪੰਜ ਸਾਲ ਕਿਸੇ ਤਣ-ਪੱਤਣ ਨਹੀਂ ਸੀ ਲੱਗਣ ਦਿੱਤਾ।

ਹੁਣ ਹਾਲਾਤ ਬੜੇ ਨਾਜ਼ਕ ਪੜਾਅ ਉੱਤੇ ਪੁੱਜ ਗਏ ਹਨ। ਗੱਲ ਸਿਰਫ ਇਹੋ ਨਹੀਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ ਮੈਂਬਰੀ ਨੂੰ ਸੁਪਰੀਮ ਕੋਰਟ ਨੇ ਬਹਾਲ ਕਰ ਦਿੱਤਾ ਹੈ, ਬਾਦਲ ਸਾਹਿਬ ਦੇ ਪੁਰਾਣੇ ਭਰੋਸੇਮੰਦ ਬਿਕਰਮਜੀਤ ਸਿੰਘ ਨੂੰ ਭੱਠਲ ਸਰਕਾਰ ਦੇ ਬਣਾਏ ਕੇਸ ਵਿਚ ਸੀ ਬੀ ਆਈ ਅਦਾਲਤ ਨੇ ਦੋਸ਼ੀ ਵੀ ਕਰਾਰ ਦੇ ਦਿੱਤਾ ਹੈ। ਇਸ ਗੱਲ ਤੋਂ ਬਾਦਲ ਅਕਾਲੀ ਦਲ ਦੇ ਅੰਦਰ ਨਹੀਂ, ਬਾਦਲ ਪਰਿਵਾਰ ਦੇ ਭਰੋਸੇਮੰਦਾਂ ਵਿਚ ਰੋਸਾ ਹੈ ਕਿ ਬਾਦਲ ਸਾਹਿਬ ਨੇ ਆਪਣੀ ਰਾਜਨੀਤੀ ਲਈ ਉਸ ਬੀਬੀ ਭੱਠਲ ਵਲ ਲਿਹਾਜ਼ਦਾਰੀ ਵਰਤੀ ਹੈ, ਜਿਸ ਨੇ ਉਨ੍ਹਾਂ ਦੇ ਵਿਸ਼ਵਾਸ ਪਾਤਰਾਂ 'ਚੋਂ ਇਕ ਨੂੰ ਜੇਲ੍ਹ ਭੇਜਣ ਦਾ ਰਾਹ ਪੱਧਰਾ ਕੀਤਾ ਸੀ। ਬਾਕੀ ਦੇ ਵਿਸ਼ਵਾਸ-ਪਾਤਰ ਆਪੋ ਵਿਚ ਇਹ ਗੱਲਾਂ ਕਰਨ ਲੱਗ ਪਏ ਹਨ ਕਿ ਜੇ ਬਿਕਰਮਜੀਤ ਸਿੰਘ ਦਾ ਹੇਜ ਬਾਦਲ ਸਾਹਿਬ ਨੇ ਨਹੀਂ ਪਾਲਿਆ, ਬਾਕੀਆਂ ਨੂੰ ਵੀ ਸੰਭਲ ਕੇ ਚੱਲਣਾ ਚਾਹੀਦਾ ਹੈ।

ਇਸ ਘਾਬਰ ਦਾ ਇਕ ਕਾਰਨ ਹੋਰ ਵੀ ਹੈ। ਸੁਪਰੀਮ ਕੋਰਟ ਦਾ ਫੈਸਲਾ ਤਾਂ ਹੁਣ ਆਇਆ ਹੈ, ਇਹ ਧਮਕੀ ਕੈਪਟਨ ਅਮਰਿੰਦਰ ਸਿੰਘ ਪਿਛਲੇ ਕਈ ਹਫਤਿਆਂ ਤੋਂ ਦੇਈ ਜਾ ਰਿਹਾ ਸੀ ਕਿ ਜਦੋਂ ਕਾਂਗਰਸ ਦਾ ਰਾਜ ਆਇਆ, ਬਾਦਲ ਬਾਪ-ਬੇਟੇ ਦੇ ਕਹਿਣ ਉੱਤੇ ਗਲਤ ਕੰਮ ਕਰਨ ਵਾਲੇ ਅਫ਼ਸਰਾਂ ਵਿਰੁਧ ਕਾਰਵਾਈ ਕੀਤੀ ਜਾਵੇਗੀ।



ਕੰਮ ਕੋਈ ਗਲਤ ਕਰੇ ਜਾਂ ਨਾ, ਮੌਜੂਦਾ ਮੁੱਖ ਮੰਤਰੀ ਦੇ ਨੇੜਿਆਂ ਨੂੰ ਧਮਕੀ ਨੇ ਧਮਕਤੇ ਤਾਂ ਪਾ ਹੀ ਰੱਖਿਆ ਹੈ। ਜਦੋਂ ਸੁਪਰੀਮ ਕੋਰਟ ਦਾ ਫੈਸਲਾ ਆਇਆ, ਓਦੋਂ ਕੈਪਟਨ ਅਮਰਿੰਦਰ ਸਿੰਘ ਦੇਸ਼ ਤੋਂ ਬਾਹਰ ਹੋਣ ਦੇ ਬਾਵਜੂਦ ਪੰਜਾਬ ਦੇ ਰਾਜ-ਦਰਬਾਰ ਦੇ ਕਈ ਅਹਿਲਕਾਰਾਂ ਨੇ ਅਮਰਿੰਦਰ ਸਿੰਘ ਦੇ ਏਲਚੀਆਂ ਦੇ ਦਰ ਜਾ ਖੜਕਾਏ ਸਨ। ਏਦਾਂ ਦਾ ਕੰਮ ਆਮ ਕਰ ਕੇ ਚੋਣਾਂ ਨੇੜੇ ਜਾ ਕੇ ਹੁੰਦਾ ਹੈ, ਪਰ ਇਸ ਵਾਰੀ ਪੌਣੇ ਦੋ ਸਾਲ ਪਹਿਲਾਂ ਹੀ ਹੋਣਾ ਸ਼ੁਰੂ ਹੋ ਗਿਆ ਹੈ।

ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਕੁਝ ਦਲ-ਬਦਲੂਆਂ ਨੂੰ ਚੋਣਾਂ ਲੜਦਿਆਂ ਤੇ ਉਨ੍ਹਾਂ ਵਿਚੋਂ ਕੁਝ ਨੂੰ ਜਿੱਤਦਿਆਂ ਵੇਖਿਆ ਸੀ। ਇਕ ਚੋਣ ਹਲਕੇ ਵਿਚ ਪਿਛਲੀ ਵਾਰ ਦਾ ਅਕਾਲੀ ਵਿਧਾਇਕ ਤਾਂ ਕਾਂਗਰਸ ਵਲੋਂ ਤੇ ਪਿਛਲੀ ਵਾਰੀ ਦਾ ਕਾਂਗਰਸ ਦਾ ਹਾਰਿਆ ਉਮੀਦਵਾਰ ਅਕਾਲੀ ਦਲ ਵਲੋਂ ਆਹਮੋ-ਸਾਹਮਣੇ ਖੜੇ ਹੋ ਗਏ ਸਨ। ਜਿੱਤਣਾ ਦੋ ਦਲ-ਬਦਲੂਆਂ ਵਿਚੋਂ ਹੀ ਇਕ ਨੇ ਸੀ ਤੇ ਪਿਛਲੀ ਵਾਰੀ ਦਾ ਅਕਾਲੀ ਵਿਧਾਇਕ ਇਸ ਵਾਰੀ ਕਾਂਗਰਸੀ ਟਿਕਟ ਉਤੇ ਵਿਧਾਨ ਸਭਾ ਦੀ ਸਰਦਲ ਟੱਪ ਗਿਆ ਸੀ।

ਜਿਹੜੇ ਅੱਠ ਨੌਂ ਜਣੇ ਓਦੋਂ ਦਲ-ਬਦਲੀ ਕਰ ਕੇ ਵਿਧਾਇਕ ਬਣ ਗਏ ਸਨ, ਉਨ੍ਹਾਂ ਵਿਚੋਂ ਹੀ ਨਹੀਂ, ਪਿਛਲੀ ਵਾਰੀ ਹਾਰਨ ਵਾਲਿਆਂ ਉਮੀਦਵਾਰਾਂ ਵਿਚੋਂ ਵੀ ਕਈ ਹੁਣੇ ਤੋਂ ਨਵਾਂ ਰਾਹ ਲੱਭਦੇ ਫਿਰਦੇ ਹਨ। ਅਕਾਲੀਆਂ ਦੇ ਹੀ ਨਹੀਂ, ਭਾਰਤੀ ਜਨਤਾ ਪਾਰਟੀ ਦੇ ਕਿਲ੍ਹੇ ਨੂੰ ਵੀ ਸੰਨ੍ਹ ਲੱਗੀ ਪਈ ਹੈ। ਪਾਰਟੀ ਦੇ ਉੱਨੀ ਵਿਧਾਇਕਾਂ ਵਿਚ ਘੱਟੋ-ਘੱਟ ਪੰਜ ਇਹੋ ਜਿਹੇ ਹਨ, ਜਿਹੜੇ ਭਾਜਪਾ ਦੇ ਘੱਟ ਤੇ ਅਕਾਲੀ ਦਲ ਦੇ ਵੱਧ ਮੰਨੇ ਜਾ ਰਹੇ ਹਨ। ਭਾਜਪਾ ਅੰਦਰ ਇਹ ਗੱਲ ਉਠ ਰਹੀ ਹੈ ਕਿ ਉਨ੍ਹਾਂ ਨੂੰ ਇਸ ਵਾਰੀ ਟਿਕਟ ਨਹੀਂ ਦੇਣੀ ਚਾਹੀਦੀ ਤੇ ਜੇ ਅਕਾਲੀ ਦਲ ਵਿਚ ਜਾਣ ਤਾਂ ਉਨ੍ਹਾਂ ਲਈ ਇਹ ਹਲਕਾ ਨਹੀਂ ਛੱਡਣਾ ਚਾਹੀਦਾ। ਉਨ੍ਹਾਂ ਵਿਚੋਂ ਵੀ ਤਿੰਨ ਕੁ ਜਣੇ ਪਿਛਲੇ ਦਿਨੀਂ 'ਦਿੱਲੀ ਦਰਬਾਰ' ਅੰਦਰ ਪਹੁੰਚ ਕਰਨ ਦਾ ਸਰੋਤ ਲੱਭਦੇ ਸੁਣੇ ਗਏ ਹਨ। ਸਾਰੇ ਹਾਲਾਤ ਦੱਸਦੇ ਹਨ ਕਿ ਪੰਜਾਬ ਦੀ ਹਾਕਮ ਧਿਰ ਅੰਦਰ ਸਭ ਅੱਛਾ ਨਹੀਂ। ਹਾਲੇ ਇੱਕੋ ਝਟਕਾ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ ਦੀ ਮੈਂਬਰੀ ਦੇ ਕੇਸ ਦਾ ਆਇਆ ਹੈ। ਅਗਲੇ ਦਿਨੀਂ ਕੁਝ ਹੋਰ ਕੇਸ ਅਕਾਲੀ ਆਗੂਆਂ ਦੇ ਖਿਲਾਫ ਹੁਕਮ ਦੀ ਹੱਦ ਤੱਕ ਪਹੁੰਚਣ ਵਾਲੇ ਹਨ। ਜੇ ਉਨ੍ਹਾਂ ਵਿਚ ਵੀ ਇਕ-ਅੱਧ ਇਹੋ ਜਿਹਾ ਫੈਸਲਾ ਆ ਗਿਆ, ਹਾਲਤ ਹੋਰ ਕਸੂਤੀ ਬਣ ਜਾਵੇਗੀ। ਇਕ ਦੋ ਕੇਸਾਂ ਵਿਚ ਤਾਂ ਭਵਿੱਖ ਦੇ ਅਕਾਲੀ ਉਮੀਦਵਾਰ ਬੁਰੀ ਤਰ੍ਹਾਂ ਫਸੇ ਹੋਏ ਹਨ। ਜਿਸ ਕਿਸੇ ਨੂੰ ਕੈਦ ਦਾ ਹੁਕਮ ਹੋ ਜਾਵੇ, ਉਹ ਚੋਣ ਨਹੀਂ ਲੜ ਸਕਦਾ ਤੇ ਕੇਸਾਂ ਦਾ ਮੁਹਾਣ ਇਹ ਦੱਸਦਾ ਹੈ ਕਿ ਸਜ਼ਾਵਾਂ ਕੁਝ ਨਾ ਨੂੰ ਹੋ ਵੀ ਜਾਣ ਤਾਂ ਹੈਰਾਨੀ ਵਾਲੀ ਗੱਲ ਨਹੀਂ ਹੋਣੀ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਵੱਖਰਾ ਇਕ ਪੱਖ ਹੋਰ ਹੈ, ਜਿਸ ਦੀ ਚਰਚਾ ਹਾਲੇ ਅਖ਼ਬਾਰਾਂ ਨਹੀਂ ਕਰ ਰਹੀਆਂ, ਪਰ ਰਾਜਸੀ ਲੜਾਈ ਦੀਆਂ ਦੋਵੇਂ ਮੁੱਖ ਧਿਰਾਂ ਨੂੰ ਪਤਾ ਹੈ। ਪਿਛਲੀ ਵਾਰੀ ਚੋਣਾਂ ਜਿੱਤਣ ਪਿੱਛੋਂ ਜਦੋਂ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਨਗਰ ਕੌਂਸਲਾਂ ਤੇ ਪਿੰਡਾਂ ਦੀਆਂ ਚੋਣਾਂ ਕਰਵਾਈਆਂ ਤਾਂ ਕਾਂਗਰਸੀ ਖੂਨ-ਖਰਾਬੇ ਦਾ ਖਤਰਾ ਮੁੱਲ ਲੈਣ ਦੀ ਥਾਂ ਮੈਦਾਨ ਖਾਲੀ ਕਰ ਗਏ ਸਨ ਤੇ ਉਨ੍ਹਾਂ ਦੀ ਖਾਲੀ ਕੀਤੀ ਜਗ੍ਹਾ ਭਰਨ ਲਈ ਭਾਜਪਾ ਵਾਲੇ ਅੱਗੇ ਆ ਗਏ ਸਨ। ਅਕਾਲੀਆਂ ਨੇ ਕਿਸੇ ਥਾਂ ਭਾਜਪਾ ਵਾਲੇ ਵਰਕਰ ਕੁੱਟੇ, ਕਿਸੇ ਥਾਂ ਉਨ੍ਹਾਂ ਦੇ ਵਿਧਾਇਕ ਦਾ ਮਾਂਜਾ ਲਾਹਿਆ ਤੇ ਕਿਸੇ ਹੋਰ ਥਾਂ ਗੱਡੀਆਂ ਸਾੜ ਦਿੱਤੀਆਂ ਸਨ। ਪੱਤਰਕਾਰਾਂ ਦਾ ਲਿਹਾਜ਼ ਵੀ ਨਹੀਂ ਸੀ ਕੀਤਾ ਗਿਆ। ਓਦੋਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਨਵੀਂ ਬਣੀ ਐਸ ਓ ਆਈ (ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ ਇੰਡੀਆ) ਦੇ ਨਾਂਅ ਦੇ ਖੂਬ ਚਰਚੇ ਸਨ, ਹੁਣ ਉਹਦੇ ਵੀ ਸ਼ਰੀਕ ਜੰਮ ਪਏ ਹਨ। ਕਾਂਗਰਸ ਵਾਲੇ 'ਆਮ ਆਦਮੀ ਕਾ ਸਿਪਾਹੀ' ਦੀ ਭਰਤੀ ਕਰਦੇ ਪਏ ਹਨ ਤੇ ਕਹਿੰਦੇ ਹਨ ਕਿ 'ਆਮ ਆਦਮੀ ਕਾ ਸਿਪਾਹੀ' ਚੋਣਾਂ ਮੌਕੇ ਨਾਗਰਿਕਾਂ ਦੇ ਵੋਟ ਪਾਉਣ ਦੇ ਹੱਕ ਦੀ ਰਾਖੀ ਕਰੇਗਾ। 'ਰਾਖੀ' ਜਿਨ੍ਹਾਂ ਤੋਂ ਕਰਨੀ ਹੈ, ਉਨ੍ਹਾਂ ਦਾ ਵੀ ਸਭ ਨੂੰ ਪਤਾ ਹੈ।

ਕੁੱਲ ਮਿਲਾ ਕੇ ਵੇਖਿਆ ਜਾਵੇ ਤਾਂ ਪੰਜਾਬ ਦਾ ਰਾਜਨੀਤਕ ਦ੍ਰਿਸ਼ ਬਦਲਦਾ ਸਾਫ ਨਜ਼ਰ ਆਉਂਦਾ ਹੈ। ਜਿਹੜੇ ਨੀਲੀ ਤੇ ਚਿੱਟੀ ਦੋ ਪੱਗਾਂ ਰੱਖਣ ਅਤੇ ਹਵਾ ਦਾ ਰੁਖ ਵੇਖ ਕੇ ਰੰਗ ਬਦਲਣ ਦੇ ਮਾਹਿਰ ਹਨ, ਉਨ੍ਹਾਂ 'ਚੋਂ ਕਈ ਹੁਣੇ ਤੋਂ ਨੀਲੀ ਦੀ ਥਾਂ ਨੀਲ ਵਾਲੀ ਚਿੱਟੀ ਪੱਗ ਬੰਨ੍ਹ ਤੁਰੇ ਹਨ। ਚੋਣਾਂ ਵਿਚ ਹਾਲੇ ਪੌਣੇ ਦੋ ਸਾਲ ਰਹਿੰਦੇ ਹਨ, ਪਰ ਪੌਣੇ ਦੋ ਗਿਣਨ ਦੀ ਲੋੜ ਨਹੀਂ, ਅਖੀਰਲੇ ਛੇ ਮਹੀਨੇ ਚੋਣ ਪ੍ਰਕਿਰਿਆ ਦੇ ਹੁੰਦੇ ਹਨ ਤੇ ਅਫਸਰਸ਼ਾਹੀ ਤਾਂ ਆਖ਼ਰੀ ਸਾਲ ਸ਼ੁਰੂ ਹੁੰਦਿਆਂ ਹੀ ਫਾਈਲਾਂ ਨੂੰ ਪੇਪਰ ਵੇਟ ਹੇਠ ਦੱਬਣ ਲੱਗ ਪੈਂਦੀ ਹੈ। ਇਹ ਪੌਣਾ ਸਾਲ ਹੀ ਹੈ, ਜਿਸ ਨੇ ਉਹ ਨਕਸ਼ਾ ਸਾਫ ਕਰਨਾ ਹੈ, ਜਿਸ ਦੀ ਸ਼ੁਰੂਆਤ ਹੁਣੇ ਹੁੰਦੀ ਨਜ਼ਰ ਆਉਂਦੀ ਹੈ।

## ਬੰਦਾ ਬਹਾਦਰ ਯਾਦਗਾਰੀ ਸਿੱਕਿਆਂ ਦੇ ਵਜ਼ਨ 'ਤੇ ਵਿਵਾਦ

**ਬੁੱਚੋ ਮੰਡੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਾਰੀ ਕੀਤੇ ਗਏ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਸਿੱਕਿਆਂ ਵਿਚ 1,87,000 ਰੁਪਏ ਦਾ ਨੁਕਸਾਨ ਸਾਹਮਣੇ ਆਇਆ ਹੈ। ਸ਼੍ਰੋਮਣੀ ਕਮੇਟੀ ਵਲੋਂ ਭਾਵੇਂ ਸ਼ੁੱਧ ਸੋਨੇ ਅਤੇ ਚਾਂਦੀ ਦੇ ਇਹ ਸਿੱਕੇ ਬਿਨਾਂ ਕਿਸੇ ਨੁਕਸਾਨ ਜਾਂ ਨਫ਼ੇ ਤੋਂ ਵੇਚਣ ਦਾ ਦਾਅਵਾ ਕੀਤਾ ਗਿਆ ਹੈ, ਪ੍ਰੰਤੂ ਮੁੱਢਲੇ ਤੌਰ 'ਤੇ ਕੀਤੀ ਗਈ ਪੜਤਾਲ ਤੋਂ ਸ਼ੁੱਧ ਸੋਨੇ ਦੇ 10 ਗਰਾਮ ਵਾਲੇ ਸਿੱਕੇ ਦਾ ਵਜ਼ਨ 220 ਮਿਲੀਗਰਾਮ ਘੱਟ ਪਾਇਆ ਗਿਆ ਹੈ, ਜਿਸ ਦੀ ਮੌਜੂਦਾ ਬਾਜ਼ਾਰ ਵਿਚ ਕੀਮਤ 374 ਰੁਪਏ ਬਣਦੀ ਹੈ।

ਸੂਤਰਾਂ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 'ਸਰਹਿੰਦ ਫਤਿਹ ਦਿਵਸ' ਦੀ ਤ੍ਰੈਸ਼ਤਾਬਦੀ ਮੌਕੇ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਸਿੱਕੇ ਜਾਰੀ ਕੀਤੇ ਗਏ ਹਨ। ਇਹ ਸਿੱਕੇ ਚਾਰ ਤਰ੍ਹਾਂ ਦੇ ਹਨ, ਜਿਨ੍ਹਾਂ ਵਿਚ ਸ਼ੁੱਧ ਸੋਨੇ ਦਾ 10 ਗਰਾਮ ਤੇ 5 ਗਰਾਮ ਵਾਲਾ ਸਿੱਕਾ ਅਤੇ ਸ਼ੁੱਧ ਚਾਂਦੀ ਦਾ 50 ਗਰਾਮ ਅਤੇ 25 ਗਰਾਮ ਵਾਲਾ ਸਿੱਕਾ ਸ਼ਾਮਿਲ ਹੈ। ਇਨ੍ਹਾਂ ਸਿੱਕਿਆਂ ਦੀ ਕੀਮਤ ਕ੍ਰਮਵਾਰ 17,000, 9,000, 1,500 ਅਤੇ 800 ਰੁਪਏ ਰੱਖੀ ਗਈ ਹੈ। ਇਨ੍ਹਾਂ ਸਿੱਕਿਆਂ ਨੂੰ ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਜਾਰੀ ਕੀਤਾ। ਸਿੱਕਿਆਂ ਨੂੰ ਪ੍ਰਾਪਤ ਕਰਨ ਵਿਚ ਸ਼ਰਧਾਲੂਆਂ ਨੇ ਕਾਫ਼ੀ ਦਿਲਚਸਪੀ ਦਿਖਾਈ ਸੀ, ਪ੍ਰੰਤੂ ਇਨ੍ਹਾਂ ਸ਼ਰਧਾਲੂਆਂ ਦੇ ਮਨਾਂ ਨੂੰ ਉਸ ਸਮੇਂ ਠੇਸ ਪੁੱਜੀ, ਜਦੋਂ ਸੋਨੇ ਦੇ 10 ਗਰਾਮ ਵਾਲੇ ਸਿੱਕੇ ਦਾ ਅਸਲ ਵਜ਼ਨ 9 ਗਰਾਮ 780 ਮਿਲੀਗਰਾਮ (9.78 ਗਰਾਮ) ਨਿਕਲਿਆ। ਸਿੱਕੇ ਪ੍ਰਾਪਤ ਕਰਨ ਵਾਲਿਆਂ ਵਿਚੋਂ ਬਠਿੰਡਾ ਵਾਸੀ ਅਮਰੀਕ ਸਿੰਘ ਪੁੱਤਰ ਬਲਦੇਵ ਸਿੰਘ ਕੰਵਲ ਅਤੇ ਡਾ. ਬੀ ਡੀ ਬਜਾਜ ਨੇ ਇਸ ਸੰਬੰਧੀ ਜਦੋਂ ਸ਼੍ਰੋਮਣੀ ਕਮੇਟੀ ਦੇ ਅੰਮ੍ਰਿਤਸਰ ਸਥਿਤ ਸੂਚਨਾ ਦਫ਼ਤਰ ਨਾਲ ਸੰਪਰਕ ਕੀਤਾ ਤਾਂ ਪਹਿਲਾਂ ਉਨ੍ਹਾਂ ਨੂੰ ਕਿਹਾ ਗਿਆ ਕਿ ਸਿੱਕੇ ਦਾ ਵਜ਼ਨ ਪੂਰਾ 10 ਗਰਾਮ ਹੈ ਤੇ 5-10 ਮਿਲੀਗਰਾਮ ਦਾ ਫ਼ਰਕ ਹੀ ਹੋ ਸਕਦਾ ਹੈ। ਪਰ ਜਦੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਪ੍ਰਤੀ ਸਿੱਕੇ 'ਚ 220 ਮਿਲੀਗਰਾਮ ਦਾ ਫ਼ਰਕ ਹੈ, ਜਿਸ ਦੀ ਕੀਮਤ 374 ਰੁਪਏ ਦੇ ਕਰੀਬ ਬਣਦੀ ਹੈ ਤਾਂ ਫ਼ੋਨ 'ਤੇ ਗੱਲ ਕਰਨ ਵਾਲੇ ਸ਼ਖ਼ਸ ਨੇ ਆਪਣੀ ਪਹਿਲੀ ਗੱਲ ਤੋਂ ਪਲਟਦਿਆਂ ਕਿਹਾ ਕਿ ਉਨ੍ਹਾਂ ਦਾ ਵਜ਼ਨ ਨਾਲ ਕੋਈ ਸਰੋਕਾਰ ਨਹੀਂ, ਸਗੋਂ ਉਨ੍ਹਾਂ ਨੇ ਤਾਂ ਸਿੱਕੇ ਦੀ ਉਕਾ-ਪੁੱਕਾ ਕੀਮਤ ਹੀ ਰੱਖੀ ਹੈ। ਜਦੋਂ ਕਿ ਸ਼੍ਰੋਮਣੀ ਕਮੇਟੀ ਵਲੋਂ ਇਸ ਸਿੱਕੇ ਦਾ ਵਜ਼ਨ 10 ਗਰਾਮ ਹੀ ਦੱਸਿਆ ਗਿਆ ਹੈ।

ਮਾਮਲੇ ਸੰਬੰਧੀ ਜਦੋਂ ਹੋਰ ਪੜਤਾਲ ਕੀਤੀ ਗਈ ਤਾਂ ਸੂਤਰਾਂ ਨੇ ਖ਼ੁਲਾਸਾ ਕੀਤਾ ਕਿ ਸ਼੍ਰੋਮਣੀ ਕਮੇਟੀ ਵਲੋਂ ਸੋਨੇ ਦੇ 10 ਗਰਾਮ ਵਾਲੇ ਸਿੱਕੇ 500, ਪੰਜ ਗਰਾਮ ਵਾਲੇ 500 ਅਤੇ ਚਾਂਦੀ ਦੇ 50 ਗਰਾਮ ਵਾਲੇ ਸਿੱਕੇ 2500 ਅਤੇ 25 ਗਰਾਮ ਵਾਲੇ 3500 ਸਿੱਕੇ ਬਣਵਾਏ ਗਏ ਸਨ। ਇਹ ਸਿੱਕੇ ਦਿੱਲੀ ਦੀ ਕਿਸੇ ਫ਼ਰਮ ਤੋਂ ਬਣਵਾਏ ਦੱਸੇ ਜਾਂਦੇ ਹਨ। ਇਸ ਤਰ੍ਹਾਂ ਜੇਕਰ ਸਿਰਫ਼-10 ਗ੍ਰਾਮ ਸਿੱਕੇ ਦੇ ਵਜ਼ਨ ਦੇ ਘਾਟੇ ਦੀ ਗੱਲ ਕਰੀਏ ਤਾਂ ਸਿੱਕਿਆਂ ਦੇ ਕੁੱਲ ਪੰਜ ਕਿਲੋ ਸੋਨੇ ਦੇ ਵਜ਼ਨ ਵਿਚ 110 ਗ੍ਰਾਮ ਵਜ਼ਨ ਘੱਟ ਹੈ। ਜਿਸ ਦੀ ਮੌਜੂਦਾ ਕੀਮਤ ਇੱਕ ਲੱਖ, ਸਤਾਸੀ ਹਜ਼ਾਰ ਰੁਪਏ ਬਣਦੀ ਹੈ। ਇਸ ਸੰਬੰਧੀ ਜਦੋਂ ਸ਼੍ਰੋਮਣੀ ਕਮੇਟੀ ਦੇ ਲੇਖਾਕਾਰ ਪਰਉਪਕਾਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਾਰੀ ਕੀਤੇ ਗਏ ਇਹ ਸਿੱਕੇ ਯਾਦਗਾਰੀ ਅਤੇ ਸੰਭਾਲਣਯੋਗ ਵਸਤਾਂ ਹਨ, ਜੋ ਕਿ ਬਿਨਾ ਨਫ਼ੇ ਤੋਂ ਵੇਚੇ ਜਾ ਰਹੇ ਹਨ।

## ਮੋਬਾਈਲ ਬੰਬ ਫੱਟਣ ਨਾਲ ਇਕ ਜ਼ਖ਼ਮੀ

**ਅੰਮ੍ਰਿਤਸਰ:** ਸੁਲਤਾਨਵਿੰਡ ਰੋਡ ਵਿਖੇ ਇਕ ਮੋਬਾਈਲ ਬੰਬ ਫੱਟਣ ਨਾਲ ਇਕ ਚੌਕੀਦਾਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਸ਼ਿਵ ਮੰਦਰ ਲਾਗੇ ਕੂੜਾ ਕਰਕਟ ਦੇ ਕਨਟੇਨਰ ਕੋਲੋਂ ਰਾਤ ਸਮੇਂ ਕੋਈ ਅਣਪਛਾਤਾ ਵਿਅਕਤੀ ਸਾਈਕਲ ਖੜ੍ਹਾ ਕਰ ਗਿਆ ਜਿਸ ਨਾਲ ਇਕ ਝੋਲਾ ਟੰਗਿਆ ਹੋਇਆ ਸੀ। ਰਾਤ 1.30 ਵਜੇ ਤੱਕ ਜਦ ਕੋਈ ਵਿਅਕਤੀ ਸਾਈਕਲ ਲੈਣ ਨਾ ਆਇਆ ਤਾਂ ਚੌਕੀਦਾਰ ਨੇ ਵੇਖਿਆ ਕਿ ਸਾਈਕਲ ਨਾਲ ਝੋਲਾ ਹੈ ਜਿਸ 'ਚ ਇਕ ਮੋਬਾਈਲ ਫੋਨ ਜਿਸ ਨੂੰ ਤਾਰਾਂ ਲੱਗੀਆਂ ਹੋਈਆਂ ਸਨ ਤੇ ਦੋ ਪੈਟਰੋਲ ਦੀਆਂ ਬੋਤਲਾਂ ਚਿੱਟੀ ਟੇਪ ਨਾਲ ਲਪੇਟੀਆਂ ਹੋਈਆਂ ਸਨ। ਉਕਤ ਚੌਕੀਦਾਰ ਨੇ ਮੋਬਾਈਲ ਹਾਸਲ ਕਰਨ ਦੇ ਮਕਸਦ ਨਾਲ ਤਾਰਾਂ 'ਚ ਲਪੇਟੇ ਮੋਬਾਈਲ ਨੂੰ ਝੋਲੇ ਵਿਚੋਂ ਕੱਢਿਆ ਤੇ ਇਕ ਦੁਕਾਨ ਲਾਗੇ ਜਾ ਕੇ ਬੈਠ ਗਿਆ। ਥੋੜੀ ਦੇਰ ਬਾਅਦ ਚੌਕੀਦਾਰ ਨੇ ਮੋਬਾਈਲ ਚਲਾਉਣ ਲਈ ਜਦ ਇਸ ਦਾ ਬਟਨ ਦੱਬਿਆ ਤਾਂ ਜ਼ੋਰਦਾਰ ਧਮਾਕਾ ਹੋਇਆ। ਇਸ ਧਮਾਕੇ 'ਚ ਚੌਕੀਦਾਰ ਬੁਰੀ ਤਰ੍ਹਾਂ ਝੁਲਸ ਗਿਆ।

# ਕੀ ਹੈ ਸ਼ਾਰਟ ਸੇਲ?

**ਸੈਮ ਚਾਹਲ**

ਜਦੋਂ ਤੋਂ ਘਰਾਂ ਦੀ ਮਾਰਕੀਟ ਡਿੱਗੀ ਹੈ ਸ਼ਾਰਟ ਸੇਲ ਸ਼ਬਦ ਅਕਸਰ ਸੁਣਨ ਨੂੰ ਮਿਲਦੇ ਹਨ। ਕੀ ਹੈ ਭਲਾ ਇਹ ਸ਼ਾਰਟ ਸੇਲ? ਇਸ ਲੇਖ ਵਿਚ ਮੈਂ ਇਹੋ ਦੱਸਣ ਦੀ ਕੋਸ਼ਿਸ਼ ਕਰਾਂਗਾ।

ਸ਼ਾਰਟ ਸੇਲ ਜਾਂ ਘਾਟੇ ਦੀ ਵਿਕਰੀ ਉਸ ਵਿਕਰੀ ਲਈ ਵਰਤੇ ਜਾਂਦੇ ਸ਼ਬਦ ਹਨ ਜਿਸ ਨਾਲ ਘਰ ਜਾਂ ਜਾਇਦਾਦ ਉਤੇ ਲਿਆ ਗਿਆ ਰਹਿਨ ਕਰਜ਼ਾ (ਮਾਰਟਗੇਜ) ਪੂਰਾ ਨਹੀਂ ਹੋ ਸਕਦਾ। ਦੂਜੇ ਸ਼ਬਦਾਂ ਵਿਚ ਮਕਾਨ ਵੇਚ ਕੇ ਹਾਸਲ ਹੋਈ ਰਕਮ ਕਰਜ਼ੇ ਦੀ ਰਕਮ ਨਾਲੋਂ ਘੱਟ ਹੈ। ਅੱਜ ਕੱਲ੍ਹ ਇਨ੍ਹਾਂ ਸ਼ਬਦਾਂ ਦੀ ਵਰਤੋਂ ਉਸ ਸਥਿਤੀ ਲਈ ਹੁੰਦੀ ਹੈ ਜਦੋਂ ਬੈਂਕ ਰਹਿਨ ਕਰਜ਼ੇ ਜਾਂ ਮਾਰਟਗੇਜ ਲੋਨ ਤੋਂ ਘੱਟ ਰਕਮ ਲੈਣ ਲਈ ਰਾਜ਼ੀ ਹੋ ਜਾਂਦਾ ਹੈ। ਸ਼ਾਰਟ ਸੇਲ ਕਰਨ ਲਈ ਇਹ ਜ਼ਰੂਰੀ ਨਹੀਂ ਹੈ ਕਿ ਵਿਕਰੇਤਾ ਦੀਆਂ ਕਿਸ਼ਤਾਂ ਟੁੱਟੀਆਂ ਹੋਣ ਪਰ ਇਹ ਜ਼ਰੂਰ ਹੈ ਕਿ ਜੇ ਉਹ ਕਿਸ਼ਤਾਂ ਦੇਣ ਵਿਚ ਪਿਛੇ ਹੈ ਤਾਂ ਇਸ ਨਾਲ ਸ਼ਾਰਟ ਸੇਲ ਕਰਨ ਵਿਚ ਮਦਦ ਮਿਲਦੀ ਹੈ। ਸ਼ਰਤ ਇਕੋ ਹੈ ਕਿ ਵਿਕਰੇਤਾ ਦੇ ਘਰ ਦੀ ਕੀਮਤ ਉਸ ਉਤੇ ਚੁੱਕੇ ਗਏ ਕਰਜ਼ੇ ਤੋਂ ਘੱਟ ਹੋਣੀ ਚਾਹੀਦੀ ਹੈ। ਵਿਕਰੇਤਾ ਨੂੰ ਬੈਂਕ ਨੂੰ ਇਹ ਦੱਸਣਾ ਪੈਂਦਾ ਹੈ ਕਿ ਜਿੰਨੀ ਰਕਮ ਦਾ ਘਰ ਉਪਰ ਲੋਨ ਹੈ ਮਕਾਨ ਉਸ ਤੋਂ ਘੱਟ ਮੁੱਲ ਵਿਚ ਵਿਕੇਗਾ। ਬੈਂਕ ਨੂੰ ਇਹ ਵੀ ਦੱਸਣਾ ਪੈਂਦਾ ਹੈ ਕਿ ਕਿਨ੍ਹਾਂ ਕਾਰਨਾਂ ਕਰਕੇ ਉਹ ਬੈਂਕ ਦਾ ਲੋਨ ਦੇਣ ਦੇ ਸਮਰਥ ਨਹੀਂ ਹੈ। ਇਸ ਨੂੰ ਤੰਗਦਸਤੀ ਪੱਤਰ ਜਾਂ ਹਾਰਡਸ਼ਿਪ ਲੈਟਰ ਵੀ ਆਖਦੇ ਹਨ।

ਇਸ ਤੋਂ ਅਗਲਾ ਕਦਮ ਹੈ ਸ਼ਾਰਟ ਸੇਲ ਦਾ ਅਮਲ। ਇਸ ਅਮਲ ਵਿਚ ਵਿਕਰੇਤਾ ਦਾ ਰੀਅਲ ਅਸਟੇਟ ਏਜੰਟ ਬੈਂਕ ਨੂੰ ਇਕ ਪੂਰਾ ਪੈਕੇਜ ਤਿਆਰ ਕਰਕੇ ਭੇਜਦਾ ਹੈ। ਅੱਜ ਕੱਲ੍ਹ ਕਈ ਬੈਂਕ ਕੰਪਿਊਟਰ ਰਾਹੀਂ ਵੀ ਕਾਗਜ਼ ਪੱਤਰ ਲੈਣ ਲੱਗ ਪਏ ਹਨ। ਇਸ ਪੈਕੇਜ ਵਿਚ ਹੇਠ ਲਿਖੀਆਂ ਚੀਜ਼ਾਂ ਦੀ ਜ਼ਰੂਰਤ ਪੈਂਦੀ ਹੈ:

1. ਵਿੱਤੀ ਵੇਰਵਾ: ਇਸ ਵੇਰਵੇ ਵਿਚ ਵਿਕਰੇਤਾ ਨੂੰ ਆਪਣੀ ਆਮਦਨ ਦਾ ਪੂਰਾ ਵੇਰਵਾ ਦੇਣਾ ਪੈਂਦਾ ਹੈ। ਇਹ ਆਮਦਨ ਸਿਰਫ ਉਸ ਵਿਅਕਤੀ ਦੀ ਗਿਣੀ ਜਾਂਦੀ ਹੈ ਜਿਸ ਦੇ ਨਾਂ ਉਤੇ ਕਰਜ਼ਾ ਹੈ। ਆਮਦਨ ਤੋਂ ਬਾਅਦ ਵਿਕਰੇਤਾ ਆਪਣੇ ਕਰਜ਼ੇ ਦੇ ਵੇਰਵੇ ਦਿੰਦਾ ਹੈ ਕਿ ਹਰ ਮਹੀਨੇ ਉਸ ਦਾ ਕਿੰਨਾ ਖਰਚ ਹੁੰਦਾ ਹੈ।
2. ਬੈਂਕ ਸਟੇਟਮੈਂਟ
3. ਟੈਕਸ ਰਿਟਰਨਾਂ
4. ਲਿਸਟਿੰਗ ਇਕਰਾਰਨਾਮਾ
5. ਖਰੀਦ ਇਕਰਾਰਨਾਮਾ
6. ਅੰਦਾਜ਼ਨ ਹੁਡ (ਦ)
7. ਵਿੱਤੀ ਤੰਗਦਸਤੀ ਪੱਤਰ: ਇਸ ਪੱਤਰ ਵਿਚ ਵਿਕਰੇਤਾ ਦੱਸਦਾ ਹੈ ਕਿ ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਉਹ ਆਪਣੀ ਕਿਸ਼ਤ ਦੇਣ ਵਿਚ ਅਸਮਰਥ ਹੈ।

ਜੇਕਰ ਕੋਈ ਘਰ ਸ਼ਾਰਟ ਸੇਲ ਵਿਚ ਜਾਂਦਾ ਹੈ ਤਾਂ ਬੈਂਕ ਨੂੰ ਉਸ ਰਕਮ ਤੋਂ ਘੱਟ ਰਕਮ ਮਿਲਦੀ ਹੈ ਜਿੰਨਾ ਕਿ ਕਰਜ਼ੇ ਦੀ ਰਕਮ ਹੈ। ਇਸ ਤਰ੍ਹਾਂ ਜੋ ਘੱਟ ਰਕਮ ਮਿਲਦੀ ਹੈ ਉਸ ਨੂੰ ਕਮਤੀ, ਸ਼ਾਰਟੇਜ ਜਾਂ ਡੈਫੀਸੈਂਸੀ ਕਹਿੰਦੇ ਹਨ। ਇਹ ਕਮਤੀ ਬਹੁਤ ਵਾਰ ਸੌਦੇਬਾਜ਼ੀ ਕਰਕੇ ਵੱਧ-ਘੱਟ ਕੀਤੀ ਜਾ ਸਕਦੀ ਹੈ। ਬੈਂਕ ਲੋਨ ਡੁਬਦਾ ਵੇਖ ਕੇ ਬਹੁਤ ਵਾਰ ਕੁਝ ਰਕਮ ਛੱਡਣ ਲਈ ਤਿਆਰ ਹੋ ਜਾਂਦੇ ਹਨ ਅਤੇ ਬਾਕੀ ਬਚਦੀ ਰਕਮ ਦੀਆਂ ਕਿਸ਼ਤਾਂ ਕਰ ਲੈਂਦੇ ਹਨ। ਵਿਕਰੇਤਾ ਨੂੰ ਚਾਹੀਦਾ ਹੈ ਕਿ ਉਹ ਬੈਂਕ ਤੋਂ ਲਿਖਤੀ ਰੂਪ ਵਿਚ ਲਵੇ ਕਿ ਕਿੰਨੀ ਰਕਮ ਮੁਆਫ ਕੀਤੀ ਗਈ ਹੈ ਤੇ ਕਿੰਨੀ ਰਕਮ ਕਰਜ਼ੇ ਵਜੋਂ ਬਕਾਇਆ ਹੈ। ਬਕਾਇਆ ਰਕਮ ਦੀਆਂ ਢੁਕਵੀਆਂ ਆਸਾਨ ਕਿਸ਼ਤਾਂ ਬਣਾਈਆਂ ਜਾ ਸਕਦੀਆਂ ਹਨ।

ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਜੇ ਬੈਂਕ ਕਮਤੀ ਜਾਂ ਡੈਫੀਸੈਂਸੀ ਵਾਲੀ ਰਕਮ ਮੁਆਫ ਕਰ ਦਿੰਦਾ ਹੈ ਤਾਂ ਇਸ ਨੂੰ ਵਿਕਰੇਤਾ ਦੀ ਆਮਦਨ ਗਿਣਿਆ ਜਾਂਦਾ ਹੈ ਅਤੇ ਉਸ ਨੂੰ ਇਸ ਉਤੇ ਟੈਕਸ ਦੇਣਾ ਪੈਂਦਾ ਹੈ ਪ੍ਰੰਤੂ ਮਾਰਟਗੇਜ ਡੈਟ ਰਿਲੀਫ ਐਕਟ 2007 ਇਹ ਟੈਕਸ ਅਦਾ ਕਰਨ ਤੋਂ ਕੁਝ ਰਾਹਤ ਦਿੰਦਾ ਹੈ। ਤੁਹਾਡਾ ਅਕਾਊਂਟੈਂਟ ਤੁਹਾਨੂੰ ਇਸ ਬਾਰੇ ਸਹੀ ਜਾਣਕਾਰੀ ਦੇ ਸਕਦਾ ਹੈ।

ਇਥੇ ਗੱਲ ਚੇਤੇ ਰੱਖਣਯੋਗ ਹੈ ਕਿ ਸ਼ਾਰਟ ਸੇਲ ਕਰਨ ਨਾਲ ਵਿਕਰੇਤਾ ਦਾ ਕਰੈਡਿਟ ਸਕੋਰ ਜਾਂ ਉਸ ਦੀ ਕਰਜ਼ਾ ਅਦਾ ਕਰਨ ਦੀ ਭਰੋਸੇਯੋਗਤਾ ਘਟ ਜਾਂਦੀ ਹੈ। ਤੁਹਾਡੇ ਕਰੈਡਿਟ ਸਕੋਰ 'ਤੇ ਘੱਟ ਤੋਂ ਘੱਟ ਅਸਰ ਪਵੇ ਇਸ ਵਾਸਤੇ ਆਪਣੇ ਕਰੈਡਿਟ ਕਾਰਡ, ਕਾਰ ਦੇ ਕਰਜ਼ੇ ਦੀ ਅਦਾਇਗੀ ਜਾਂ ਮਾਰਟਗੇਜ ਦੀ ਅਦਾਇਗੀ ਹਮੇਸ਼ਾ ਸਮੇਂ ਸਿਰ ਕਰੋ।

ਸ਼ਾਰਟ ਸੇਲ ਸਬੰਧੀ ਕੋਈ ਸਵਾਲ ਹੋਵੇ ਤਾਂ ਤੁਸੀਂ ਫੋਨ 916-612-5773 ਜਾਂ 510-304-9292 ਉਤੇ ਸੰਪਰਕ ਕਰ ਸਕਦੇ ਹੋ। ਅਗਰ ਤੁਹਾਨੂੰ ਟੈਕਸ ਬਾਰੇ ਕਿਸੇ ਤਰ੍ਹਾਂ ਦੀ ਜਾਣਕਾਰੀ ਚਾਹੀਦੀ ਹੈ ਤਾਂ ਆਪਣੇ ਵਕੀਲ ਜਾਂ ਅਕਾਊਂਟੈਂਟ ਨੂੰ ਫੋਨ ਕਰੋ।

M.K. Nijjar DDS
Ruchi Nijjar DDS
Laser Dentistry
No shots, No Drill,
No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Visit us on the web:www.punjabtimesusa.com
To Advertise with us call: 847-359-0746






# ਓਵਰਸੀਜ਼ ਕਾਂਗਰਸ ਦੇ ਇਲੀਨਾਏ ਚੈਪਟਰ ਦੀ ਸਥਾਪਨਾ

**ਸ਼ਿਕਾਗੋ:** ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੇ ਸ਼ਿਕਾਗੋ-ਇਲੀਨਾਏ ਚੈਪਟਰ ਦੀ ਸਥਾਪਨਾ ਇਥੇ ਇੰਡੀਆ ਹਾਊਸ ਸ਼ਾਮਬਰਗ ਵਿਚ ਲੰਘੇ ਸ਼ੁਕਰਵਾਰ ਇੰਡੀਅਨ ਓਵਰਸੀਜ਼ ਕਾਂਗਰਸ ਦੀ ਅਮਰੀਕਾ ਇਕਾਈ ਦੇ ਪ੍ਰਧਾਨ ਡਾ. ਸੁਰਿੰਦਰ ਸਿੰਘ ਮਲਹੋਤਰਾ ਵਲੋਂ ਕੀਤੀ ਗਈ। ਪਾਰਟੀ ਦੀ ਅਮਰੀਕਾ ਇਕਾਈ ਦੀ ਕਾਰਜਕਾਰਨੀ ਦੀ ਮੌਜੂਦਗੀ ਵਿਚ ਡਾ. ਮਲਹੋਤਰਾ ਨੇ ਇਲੀਨਾਏ ਚੈਪਟਰ ਦੇ ਨਵ ਨਿਯੁਕਤ ਪ੍ਰਧਾਨ ਮਿੱਕੀ ਕਾਹਲੋਂ ਨੂੰ ਨਿਯੁਕਤੀ ਪੱਤਰ ਅਤੇ ਤਿਰੰਗਾ ਸ਼ਾਲ ਦੇ ਕੇ ਇਲੀਨਾਏ ਚੈਪਟਰ ਦੀ ਸਥਾਪਨਾ ਕੀਤੀ। ਸ੍ਰੀ ਨਿੱਕ ਗਾਖਲ ਇਸ ਇਕਾਈ ਦੇ ਚੇਅਰਮੈਨ ਅਤੇ ਇਫਤੀਖਾਰ ਸ਼ਰੀਫ ਕਾਰਜਕਾਰੀ ਮੀਤ ਪ੍ਰਧਾਨ ਹੋਣਗੇ। ਇਸ ਮੌਕੇ ਪੰਜਾਬੀ ਭਾਈਚਾਰੇ ਦੇ ਪਤਵੰਤੇ ਸੱਜਣਾਂ ਤੋਂ ਇਲਾਵਾ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਜ਼ ਅਤੇ ਬਹੁਤ ਸਾਰੀਆਂ ਭਾਰਤੀ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਸਨ।

ਸ੍ਰੀ ਮਿੱਕੀ ਕਾਹਲੋਂ ਨੂੰ ਨਿਯੁਕਤੀ ਪੱਤਰ ਦਿੰਦਿਆਂ ਡਾ. ਮਲਹੋਤਰਾ ਨੇ ਆਖਿਆ ਕਿ ਇਸ ਇਕਾਈ ਦੀ ਸਥਾਪਨਾ ਦਾ ਫੈਸਲਾ ਸਮੁਚੀ ਕਾਰਜਕਾਰਨੀ ਵਲੋਂ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਭਾਰਤ ਵਿਚ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਹਨ ਪਰ ਕਾਂਗਰਸ ਆਪਣੇ ਲੰਮੇ ਸੰਘਰਸ਼ਮਈ ਇਤਿਹਾਸ, ਫਲਸਫੇ ਅਤੇ ਸੋਚ ਕਾਰਨ ਬਾਕੀ ਸਭ ਪਾਰਟੀਆਂ ਨਾਲੋਂ ਅਲੱਗ ਹੈ ਅਤੇ ਬਹੁਤ ਉਚਾ ਕੱਦ ਰੱਖਦੀ ਹੈ। ਉਨ੍ਹਾਂ ਆਖਿਆ ਕਿ ਭਾਰਤ ਵੱਖ ਵੱਖ ਸਭਿਆਚਾਰਾਂ ਅਤੇ ਨਸਲਾਂ ਦਾ ਦੇਸ਼ ਹੈ, ਇਸੇ ਲਈ ਇਸ ਨੂੰ ਵੰਨ-ਸਵੰਨਤਾ ਵਿਚ ਏਕਤਾ ਦਾ ਨਾਂ ਦਿੱਤਾ ਜਾਂਦਾ ਹੈ। ਜਿਥੇ ਬਾਕੀ ਪਾਰਟੀਆਂ ਭਾਰਤ ਦੀ ਵੰਨ ਸਵੰਨਤਾ ਅਤੇ ਨਸਲਾਂ-ਧਰਮਾਂ ਦੀਆਂ ਵੰਡੀਆਂ ਪਾ ਕੇ ਸਿਆਸੀ ਤਾਕਤ ਹਾਸਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਉਥੇ ਕਾਂਗਰਸ ਵੰਨ ਸੁਵੰਨਤਾ ਅਤੇ ਨਸਲਾਂ-ਧਰਮਾਂ ਦੀ ਅਨੇਕਤਾ ਵਿਚ ਏਕਤਾ ਕਰਕੇ ਇਸ ਵਿਚੋਂ ਤਾਕਤ ਹਾਸਲ ਕਰਦੀ ਹੈ।




*ਇੰਡੀਅਨ ਓਵਰਸੀਜ਼ ਕਾਂਗਰਸ ਦੇ ਇਲੀਨਾਏ ਚੈਪਟਰ ਦੇ ਨਵੇਂ ਬਣੇ ਪ੍ਰਧਾਨ ਮਿੱਕੀ ਕਾਹਲੋਂ (ਸੱਜਿਓਂ ਦੂਜੇ), ਨਿੱਕ ਗਾਖਲ (ਐਨ ਸੱਜੇ), ਡਾ. ਸੁਰਿੰਦਰ ਸਿੰਘ ਮਲਹੋਤਰਾ (ਸੱਜਿਓਂ ਤੀਜੇ) ਪਾਰਟੀ ਦੇ ਹੋਰ ਅਹੁਦੇਦਾਰਾਂ ਨਾਲ*

ਡਾ. ਮਲਹੋਤਰਾ ਨੇ ਆਖਿਆ ਕਿ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਭਾਰਤ ਤਰੱਕੀ ਦੇ ਨਵੇਂ ਰਾਹ ਉਤੇ ਪਿਆ ਹੈ। ਡਾ. ਮਨਮੋਹਨ ਸਿੰਘ ਦੀ ਲਿਆਕਤ ਦਾ ਅਮਰੀਕਾ ਵੀ ਕਾਇਲ ਹੈ। ਇੰਡੀਅਨ ਓਵਰਸੀਜ਼ ਕਾਂਗਰਸ ਵਿਸ਼ਵ ਦੀਆਂ ਇਨ੍ਹਾਂ ਦੋ ਮਹਾਨ ਜਮਹੂਰੀਅਤਾਂ ਵਿਚਾਲੇ ਸਬੰਧ ਗੂੜੇ ਕਰਨ ਲਈ ਜਤਨਸ਼ੀਲ ਹੈ। ਆਪਣੀ ਗੱਲ ਜਾਰੀ ਰੱਖਦਿਆਂ ਡਾ. ਮਲਹੋਤਰਾ ਨੇ ਆਖਿਆ ਕਿ ਨਵੀਂ ਕਾਇਮ ਹੋਈ ਇਲੀਨਾਏ ਇਕਾਈ ਕਾਂਗਰਸ ਦੀਆਂ ਨੀਤੀਆਂ 'ਤੇ ਚੱਲਦਿਆਂ ਭਾਰਤੀ ਭਾਈਚਾਰੇ ਦਾ ਨਾਂ ਉਚਾ ਕਰੇਗੀ ਅਤੇ ਆਪਣੇ ਮਾਦਰੀ ਦੇਸ਼ ਦੀ ਤਰੱਕੀ ਵਿਚ ਹਿੱਸਾ ਪਾਏਗੀ।

ਇਲੀਨਾਏ ਇਕਾਈ ਦੇ ਚੇਅਰਮੈਨ ਸ੍ਰੀ ਨਿੱਕ ਗਾਖਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਇੰਡੀਅਨ ਨੈਸ਼ਨਲ ਕਾਂਗਰਸ ਨੇ ਭਾਰਤੀ ਜਮਹੂਰੀਅਤ ਨੂੰ ਮਜਬੂਤ ਜੜਾਂ ਮੁਹੱਈਆ ਕੀਤੀਆਂ ਹਨ। ਉਨ੍ਹਾਂ ਆਖਿਆ ਕਿ ਉਹ ਭਾਰਤ ਤੇ ਅਮਰੀਕਾ ਵਿਚਾਲੇ ਸਭਿਆਚਾਰਕ, ਆਰਥਕ, ਵਪਾਰਕ ਅਤੇ ਅਕਾਦਮਿਕ ਸਬੰਧ ਮਜਬੂਤ ਕਰਨ ਲਈ ਕੰਮ ਕਰਨਗੇ।

ਆਪਣੇ ਅਹੁਦੇ ਦਾ ਹਲਫ ਲੈਣ ਤੋਂ ਬਾਅਦ ਇਲੀਨਾਏ ਚੈਪਟਰ ਦੇ ਪ੍ਰਧਾਨ ਸ੍ਰੀ ਮਿੱਕੀ ਕਾਹਲੋਂ ਨੇ ਆਖਿਆ ਕਿ ਉਹ ਆਪਣੇ ਨਵੇਂ ਲੀਡਰਸ਼ਿਪ ਰੋਲ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੂੰ ਸ਼ਿਕਾਗੋ ਅਤੇ ਮਿਡਵੈਸਟ ਵਿਚ ਮਜਬੂਤ ਕਰਨ ਦੇ ਰੋਲ ਪ੍ਰਤੀ ਬਹੁਤ ਉਤਸ਼ਾਹਤ ਹਨ। ਸ੍ਰੀ ਕਾਹਲੋਂ ਨੇ ਆਖਿਆ ਕਿ ਉਹ ਸ੍ਰੀਮਤੀ ਸੋਨੀਆ ਗਾਂਧੀ ਦੀ ਲੀਡਰਸ਼ਿਪ ਅਤੇ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਵਲੋਂ ਦੇਸ਼ ਨੂੰ ਆਰਥਕ ਪਖੋਂ ਮਜਬੂਤ ਬਣਾਉਣ ਲਈ ਦਿਤੀ ਜਾ ਰਹੀ ਅਗਵਾਈ ਤੋਂ ਬਹੁਤ ਪ੍ਰਭਾਵਿਤ ਹਨ।

ਇਲੀਨਾਏ ਇਕਾਈ ਦੇ ਕਾਰਜਕਾਰੀ ਮੀਤ ਪ੍ਰਧਾਨ ਅਤੇ ਭਾਰਤ ਤੇ ਅਮਰੀਕਾ ਦੀ ਦੋਹਰੀ ਨਾਗਰਿਕਤਾ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਸ੍ਰੀ ਇਫਤੀਖਾਰ ਸ਼ਰੀਫ ਨੇ ਇਸ ਮੌਕੇ ਬੋਲਦਿਆਂ ਆਖਿਆ ਕਿ ਇਲੀਨਾਏ ਚੈਪਟਰ ਦੇ ਕਾਰਜਕਾਰੀ ਮੀਤ ਪ੍ਰਧਾਨ ਹੁੰਦਿਆਂ ਪਾਰਟੀ ਦੇ ਇਸ ਮੰਚ ਨੂੰ ਉਹ ਪਾਰਟੀ ਦੇ ਜਮਹੂਰੀਅਤ, ਧਰਮਨਿਰਪੇਖਤਾ, ਨਿਆਂ, ਬਰਾਬਰੀ ਅਤੇ ਅਜਾਦੀ ਦੇ ਅਸੂਲਾਂ ਨੂੰ ਪੱਕਿਆਂ ਕਰਨ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਇਹ ਕਾਂਗਰਸ ਹੀ ਹੈ ਜੋ ਇਕ ਮੁਸਲਮਾਨ ਨੂੰ ਰਾਸ਼ਟਰਪਤੀ ਚੁਣਦੀ ਹੈ, ਇਕ ਸਿੱਖ ਨੂੰ ਪ੍ਰਧਾਨ ਮੰਤਰੀ ਜਦੋਂਕਿ ਇਸਦੀ ਮੁਖੀ ਇਤਾਲਵੀ ਮੂਲ ਦੀ ਔਰਤ ਹੈ।

ਜਿਹੜੇ ਹੋਰ ਸਥਾਨਕ ਆਗੂਆਂ ਨੇ ਡਾ. ਸੁਰਿੰਦਰ ਸਿੰਘ ਮਲਹੋਤਰਾ ਨੂੰ ਜੀ ਆਇਆਂ ਆਖਿਆ ਅਤੇ ਇਸ ਪਾਰਟੀ ਇਕਾਈ ਦੀ ਸਥਾਪਨਾ ਦਾ ਸਵਾਗਤ ਕੀਤਾ ਉਨ੍ਹਾਂ ਵਿਚ ਐਫ ਆਈ ਏ ਦੇ ਪ੍ਰਧਾਨ ਸੰਨੀ ਗਾਬਾਵਾਲਾ, ਗੁਜਰਾਤ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਕਾਂਤੀ ਭਾਈ ਪਟੇਲ, ਨਾਈਲਜ਼ ਟਾਊਨਸ਼ਿਪ ਦੇ ਸਿਟੀ ਅਧਿਕਾਰੀ ਊਸ਼ਾ ਕਮਾਰੀਆ, ਏਸ਼ੀਅਨ ਅਮੈਰਿਕਨ ਕੋਲੀਸ਼ਨ ਦੇ ਚੇਅਰਮੈਨ ਪ੍ਰੇਮ ਲਾਲਵਾਨੀ, ਕੇਅਰ ਐਂਡ ਸ਼ੇਅਰ ਇੰਟਰਨੈਸ਼ਨਲ ਦੇ ਸਾਬਕਾ ਪ੍ਰਧਾਨ ਕਲਪੇਸ਼ ਜੋਸ਼ੀ, ਕੈਰਲਾ ਕੋਲੀਸ਼ਨ ਦੇ ਪੌਲ ਪਰਮਵੀਰ, ਮਿਡਵੈਸਟ ਕ੍ਰਿਸ਼ਚਨ ਫੈਡਰੇਸ਼ਨ ਦੇ ਪ੍ਰਧਾਨ ਬਾਬੂ ਵਰਮਾ, ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੇ ਪ੍ਰਧਾਨ ਸਤਵੰਤ ਸਿੰਘ ਅਟੱਲ, ਇੰਡੀਆਨਾ ਤੋਂ ਸਰਵਣ ਸਿੰਘ ਟਿਵਾਣਾ, ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਪ੍ਰਧਾਨ ਅਤੇ ਇੰਡੀਅਨ ਓਵਰਸੀਜ਼ ਕਾਂਗਰਸ ਯੂ ਐਸ ਦੇ ਮੀਤ ਪ੍ਰਧਾਨ ਸੰਨੀ ਧੂੜ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦੇ ਸਤਨਾਮ ਸਿੰਘ ਔਲਖ, ਲਖਵੰਤ ਸਿੰਘ ਕੋਮਲ ਅਤੇ ਇੰਦਰਮੋਹਨ ਸਿੰਘ ਛਾਬੜਾ ਸ਼ਾਮਲ ਹਨ।

ਅਮਰੀਕਾ ਇਕਾਈ ਦੇ ਜਨਰਲ ਸਕੱਤਰ ਜਾਰਜ ਅਬਰਾਹਮ, ਜਨਰਲ ਸਕੱਤਰ ਤੇ ਆਂਧਰ ਪ੍ਰਦੇਸ਼ ਚੈਪਟਰ ਦੇ ਪ੍ਰਧਾਨ ਮਹੇਸ਼ ਸਲਾਦੀ, ਮੀਤ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ, ਮੀਤ ਪ੍ਰਧਾਨ ਡਾ. ਨਜ਼ਮਾ ਸੁਲਤਾਨਾ, ਮੀਤ ਪ੍ਰਧਾਨ ਸੁਧ ਜਸੂਜਾ, ਕਨੈਕਟੀਕਟ ਚੈਪਟਰ ਦੇ ਪ੍ਰਧਾਨ ਡਾ. ਰਾਮਜੀ ਦਾਸ ਸੇਠੀ, ਪੰਜਾਬ ਚੈਪਟਰ ਯੂ ਐਸ ਏ ਦੇ ਪ੍ਰਧਾਨ ਫੂੰਮਣ ਸਿੰਘ, ਹਰਿਆਣਾ ਚੈਪਟਰ ਯੂ ਐਸ ਏ ਦੇ ਪ੍ਰਧਾਨ ਸਵਰਨ ਸਿੰਘ ਅਤੇ ਅਮਰੀਕਾ ਇਕਾਈ ਦੇ ਕਾਰਜਕਾਰੀ ਮੈਂਬਰ ਡਾ. ਜੀਤ ਚੰਦਨ, ਫਲੋਰਿਡਾ ਇਕਾਈ ਦੇ ਡਾ. ਭੁਪਿੰਦਰ ਸੋਢੀ ਤੋਂ ਇਲਾਵਾ ਕੈਲੀਫੋਰਨੀਆ ਚੈਪਟਰ ਦੇ ਲਖਬੀਰ ਗਿੱਲ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਮੰਚ ਸੰਚਾਲਨ ਐਫ ਆਈ ਏ ਦੀ ਸਾਬਕਾ ਪ੍ਰਧਾਨ ਬੀਬੀ ਹੇਤਲ ਪਟੇਲ ਅਤੇ ਡਾ. ਹਰਜਿੰਦਰ ਸਿੰਘ ਖਹਿਰਾ ਨੇ ਕੀਤਾ।

# ਗੁਰਦੁਆਰਾ ਫੇਅਰਫੀਲਡ ਵਿਚ ਵਿਸਾਖੀ ਸਮਾਗਮ

**ਫੇਅਰਫੀਲਡ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਖਾਲਸਾ ਸਿਰਜਣਾ ਦਿਵਸ ਮੌਕੇ ਇਥੇ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਵਿਚ ਕਰਵਾਏ ਗਏ ਵਿਸਾਖੀ ਗੁਰਮਤਿ ਸਮਾਗਮਾਂ ਵਿਚ ਇਸ ਸਾਲ 4 ਹਜ਼ਾਰ ਤੋਂ ਵੀ ਵੱਧ ਸੰਗਤ ਸ਼ਾਮਲ ਹੋਈ। ਇਹ ਪਿਛਲੇ ਸਾਲਾਂ ਦੇ ਮੁਕਾਬਲੇ ਰਿਕਾਰਡ ਇਕੱਠ ਸੀ।









ਇਥੇ ਜਾਰੀ ਇਕ ਬਿਆਨ ਵਿਚ ਗੁਰੂ ਘਰ ਦੇ ਪ੍ਰਧਾਨ ਸਤਿੰਦਰਪਾਲ ਸਿੰਘ ਹੇਅਰ ਅਤੇ ਮੀਤ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਅਜੀਤ ਸਿੰਘ, ਭਾਈ ਅਮਰਜੀਤ ਸਿੰਘ ਅਤੇ ਭਾਈ ਹਰਜਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਦਾ ਬਹੁਤ ਹੀ ਰਸਮਈ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਭਾਈ ਕਮਲਜੀਤ ਸਿੰਘ ਦੇ ਢਾਡੀ ਜਥੇ ਨੇ ਸਿੱਖ ਇਤਿਹਾਸ ਦੀਆਂ ਬੀਰ ਰਸੀ ਵਾਰਾਂ ਦਾ ਗਾਇਨ ਕਰਕੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ। ਇਸ ਮੌਕੇ ਛੋਟੇ ਛੋਟੇ ਬੱਚਿਆਂ ਨੇ ਸ਼ਬਦ ਕੀਰਤਨ ਅਤੇ ਸਕਿੱਟਾਂ ਰਾਹੀਂ ਸਿੱਖ ਇਤਿਹਾਸ ਅਤੇ ਗੁਰਮਤਿ ਬਾਰੇ ਜਾਣਕਾਰੀ ਦੇ ਕੇ ਸੰਗਤਾਂ ਦਾ ਮਨ ਮੋਹ ਲਿਆ। ਇਹ ਬੱਚੇ ਪਿਛਲੇ ਚਾਰ ਹਫਤਿਆਂ ਤੋਂ ਗੁਰੂ ਘਰ ਚੱਲ ਰਹੇ ਗੁਰਮਤਿ ਕੈਂਪ ਵਿਚ ਹਿੱਸਾ ਲੈ ਰਹੇ ਸਨ। ਕੈਂਪ ਵਿਚ ਭਾਈ ਜਤਿੰਦਰਪਾਲ ਸਿੰਘ ਨੇ ਬੱਚਿਆਂ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਪੰਜਾਬੀ ਅਤੇ ਅੰਗਰੇਜ਼ੀ ਵਿਚ ਸਿੱਖ ਧਰਮ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਵਿਸ਼ੇਸ਼ ਤੌਰ 'ਤੇ ਪਹੁੰਚੇ ਮੰਗਲ ਹਠੂਰ ਨੇ ਕਵਿਤਾਵਾਂ ਕਹਿ ਕੇ ਸੰਗਤਾਂ ਪਾਸ ਆਪਣੀ ਹਾਜ਼ਰੀ ਲਵਾਈ।

ਪੰਜਾਬੀ ਅਮੈਰਿਕਨ ਕਲਚਰਲ ਐਸੋਸੀਏਸ਼ਨ ਵਲੋਂ ਗੁਰੂ ਘਰ ਵਿਚ ਚਲਾਏ ਜਾ ਰਹੇ ਪੰਜਾਬੀ ਸਕੂਲ ਦੇ ਅਧਿਆਪਕਾਂ ਨੂੰ ਇਸ ਮੌਕੇ ਸਨਮਾਨਿਤ ਕੀਤਾ ਗਿਆ। ਹਰ ਸਾਲ ਗੁਰਮਤਿ ਸਮਾਗਮਾਂ ਮੌਕੇ ਮੁਫਤ ਖਾਣੇ ਦੇ ਸਟਾਲ ਲਾਉਣ ਵਾਲੇ ਇਲਾਕੇ ਦੇ ਰੈਸਟੋਰੈਂਟਾਂ-ਪੰਜਾਬੀ ਢਾਬਾ, ਡਿਕਸਨ ਇੰਡੀਆ ਸਵੀਟਸ (ਵਾਲੇਹੋ), ਬੰਬੇ ਪੈਲੇਸ (ਫੇਅਰਫੀਲਡ) ਅਤੇ ਸਿਤਾਰਾ ਰੈਸਟੋਰੈਂਟ (ਵਾਲੇਹੋ) ਨੂੰ ਗੁਰੂ ਘਰ ਦੀ ਤਰਫੋਂ ਸਨਮਾਨਿਤ ਕੀਤਾ ਗਿਆ। ਸਮਾਗਮ ਉਪਰੰਤ ਗੁਰੂ ਘਰ ਦੀ ਹਦੂਦ ਅੰਦਰ ਕੀਰਤਨ ਮਾਰਗ ਕੱਢਿਆ ਗਿਆ ਜਿਸ ਉਤੇ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ।

ਇਸ ਸਾਲ ਦੇ ਵਿਸਾਖੀ ਪ੍ਰੋਗਰਾਮ ਵਿਚ ਦਸਤਾਰਬੰਦੀ ਕੈਂਪ ਵੀ ਲਾਇਆ ਗਿਆ ਜਿਸ ਵਿਚ ਬੱਚਿਆਂ ਨੂੰ ਸੋਹਣੀ ਦਸਤਾਰ ਸਜਾਉਣ ਦੇ ਤਰੀਕੇ ਦੱਸੇ ਗਏ ਅਤੇ ਮੁਫਤ ਦਸਤਾਰਾਂ ਵੀ ਵੰਡੀਆਂ ਗਈਆਂ। ਬਲੱਡ ਕੈਂਪ ਲਗਾ ਕੇ ਲੋੜਵੰਦਾਂ ਲਈ ਖੂਨ ਇਕੱਤਰ ਕੀਤਾ ਗਿਆ। ਇਸ ਤੋਂ ਬਿਨਾ ਵੋਟਾਂ ਬਣਾਉਣ ਲਈ ਸਟਾਲ ਵੀ ਲਗਾਏ ਗਏ। ਇਨ੍ਹਾਂ ਸਮਾਗਮਾਂ ਨੂੰ ਨੇਪਰੇ ਚਾੜ੍ਹਨ ਵਿਚ ਸਤਿੰਦਰਪਾਲ ਸਿੰਘ ਹੇਅਰ, ਹੁਸ਼ਿਆਰ ਸਿੰਘ ਛਤਵਾਲ, ਮਨਜੀਤ ਸਿੰਘ ਮਿਨਹਾਸ, ਕੇਵਲ ਸਿੰਘ, ਦਲਵੀਰ ਸਿੰਘ ਪਾਹਲ, ਰੈਡੀ ਬੈਂਸ ਅਤੇ ਹਰਵਿੰਦਰ ਸਿੰਘ ਦਿਓਲ ਨੇ ਭਰਵਾਂ ਯੋਗਦਾਨ ਪਾਇਆ।






Platinum Sponsor: Sher Atta

Gold Sponsor: Fast Choice Markets, KTL Transportation corp., Harman Transportation, Camps Logistics, Capital Accounting & Tax Services, Moonlight Studio, Sterling Real Estate Co., Wells Fargo Bank.

Silver Sponsor: BTR Truck & Trailer Repair, Urapar Petroleum, The Auto Experts/Roseville Smog Center, Round Table Pizza, Kay Bee Liquor, HMK Petro Inc., Link Insurance, Sac Truck Lines, Norcal Trucking, Jesse Thandi, Kaiser Permanente, Pal Liquor.

Bronze Sponsor: Choice Market, BJ Gear, Pooja Grill, Tak Food & Liquor, Sterling Auto, Power Mart, Stumpy Liquor Redding, Hardeep Singh, Ranjit Bola, Harjot Virk, Aman Dhir, Amrik Cheema, Ravinder "Bittu", Jagjit Dhillon, Gurminder Bhela, Satti Bhele, Sony Sahota, Jaswinder Banga, Makhan Singh Jhattu, Parmjit Phagura, Tony Kalotia, Sukhdev Kalotia, American Travel & Tours, Liquor King Redding, Hinkles Liquor Redding, GA Construction, Sohal Farms, Karamjit Singh Minhas, Singh Realty & Mortgage, Indian Saver USA.

# ਕਾਮਯਾਬ ਰਿਹਾ ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਦਾ ਸਾਲਾਨਾ ਕਵੀ ਦਰਬਾਰ

ਯੂਨੀਅਨ ਸਿਟੀ, ਕੈਲੀਫੋਰਨੀਆ: ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਦਾ ਸਾਲਾਨਾ ਕਵੀ ਦਰਬਾਰ 25 ਅਪਰੈਲ ਨੂੰ ਇਥੇ ਰਾਜਾ ਸਵੀਟਸ ਰੈਸਟੋਰੈਂਟ ਵਿਚ ਕੀਤਾ ਗਿਆ। ਪਹਿਲਾਂ ਇਹ ਕਵੀ ਦਰਬਾਰ ਟਰੱਸਟ ਵਲੋਂ ਪ੍ਰਕਾਸ਼ਤ ਕੀਤੀਆਂ ਪੁਸਤਕਾਂ ਦੀ ਵੰਡ-ਵੰਡਾਈ ਦੌਰਾਨ ਹੀ ਕੀਤਾ ਜਾਂਦਾ ਸੀ ਪਰ ਲੋਕਾਂ ਦੀ ਪੁਰਜ਼ੋਰ ਮੰਗ ਤੇ ਇਸ ਸਾਲ ਤੋਂ ਕਵੀ ਦਰਬਾਰ ਵੱਖਰੇ ਤੌਰ 'ਤੇ ਕੀਤਾ ਗਿਆ।



ਸਮਾਗਮ ਦੇ ਅਰੰਭ ਵਿਚ ਟਰੱਸਟ ਦੇ ਸਕੱਤਰ ਗੁਰਚਰਨ ਸਿੰਘ ਮਾਨ ਨੇ ਟਰੱਸਟ ਦੇ ਸਾਲਾਨਾ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਪ੍ਰਧਾਨ ਕੁਲਜੀਤ ਰਾਏ ਨੇ ਸਰੋਤਿਆਂ ਅਤੇ ਕਵੀਆਂ ਨੂੰ ਜੀ ਆਇਆਂ ਆਖਿਆ। ਇਸ ਤੋਂ ਬਾਅਦ ਆਜ਼ਾਦ ਜਾਲੰਧਰੀ ਹੋਰਾਂ ਟਰੱਸਟ ਦੇ ਸਹਿ-ਸੰਚਾਲਕ ਅਤੇ ਬਾਨੀ ਸਵਰਗਵਾਸੀ ਸ. ਜੰਗ ਸਿੰਘ ਗਿਆਨੀ ਦੀ ਮਨਮੋਹਕ ਸ਼ਖਸੀਅਤ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੇ ਗੁਰਬਾਣੀ ਵਿਚ ਪਾਏ ਸਾਹਿਤਕ ਯੋਗਦਾਨ ਦੀ ਸਲਾਹੁਣਾ ਕੀਤੀ। ਗਿਆਨੀ ਜੀ ਦੀ ਮਨਸ਼ਾ ਅਨੁਸਾਰ ਲੋੜਵੰਦ ਸਾਹਿਤਕਾਰਾਂ ਦੀਆਂ ਮਿਆਰੀ ਪੁਸਤਕਾਂ ਛਾਪ ਕੇ ਪਾਠਕਾਂ ਵਿਚ ਮੁਫਤ ਵੰਡਣ ਦੇ ਪ੍ਰਯੋਜਨ ਬਾਰੇ ਦੱਸਿਆ। ਇਹ ਵੀ ਦੱਸਿਆ ਕਿ ਪੁਸਤਕਾਂ ਦੇ ਸੰਪਾਦਨਾ ਦਾ ਕੰਮ ਡਾ. ਗੁਰੂਮੇਲ ਸਿੰਘ ਸਿੱਧੂ ਦੇ ਜ਼ਿਮੇ ਲਾਇਆ ਗਿਆ। ਇਸ ਮੌਕੇ ਡਾ. ਗੁਰੂਮੇਲ ਸਿੱਧੂ ਨੇ ਟਰੱਸਟ ਵਲੋਂ ਹੁਣ ਤੱਕ ਛਾਪੀਆਂ ਪੁਸਤਕਾਂ ਦੀ ਸੂਚੀ ਸਰੋਤਿਆਂ ਨਾਲ ਸਾਂਝੀ ਕੀਤੀ ਅਤੇ ਆਉਣ ਵਾਲੀਆਂ ਪੁਸਤਕਾਂ ਬਾਰੇ ਜਾਣਕਾਰੀ ਦਿੱਤੀ।

ਕਵੀ ਦਰਬਾਰ ਦਾ ਪ੍ਰੋਗਰਾਮ ਗੀਤ-ਸੰਗੀਤ ਦੀ ਮਹਿਫਲ ਨਾਲ ਸ਼ੁਰੂ ਕੀਤਾ ਗਿਆ ਜਿਸ ਵਿਚ ਸੁਖਦੇਵ ਸਾਹਿਲ, ਹਰਭਜਨ ਸਿੰਘ ਭਜਨ ਅਤੇ ਤ੍ਰਲੋਕ ਸਿੰਘ ਹੋਰਾਂ ਆਪੋ ਆਪਣੀ ਮਧੁਰ ਗਾਇਕੀ ਨਾਲ ਸਰੋਤਿਆਂ ਦਾ ਮਨੋਰੰਜਨ ਕੀਤਾ। ਤਬਲੇ ਤੇ ਸੰਗਤ ਸੁਰਜੀਤ ਬਾਵਾ ਨੇ ਕੀਤੀ।

ਕਵੀ ਦਰਬਾਰ ਦੇ ਮੰਚ ਸੰਚਾਲਨ ਦੀ ਜ਼ਿਮੇਵਾਰੀ ਹਰਜਿੰਦਰ ਕੰਗ ਨੂੰ ਸੌਂਪੀ ਗਈ ਜਿਸ ਨੇ ਪ੍ਰਧਾਨਗੀ ਮੰਡਲ ਲਈ ਅਮਰੀਕ ਸਿੰਘ ਲਾਖਾ, ਆਜ਼ਾਦ ਜਲੰਧਰੀ, ਅਜੀਤ ਰਾਮ ਬੰਗੜ, ਰਾਮਮੂਰਤੀ ਸਰੋਏ ਅਤੇ ਡਾ. ਸੁਖਮੰਦਰ ਸਿੰਘ ਨੂੰ ਸੱਦਾ ਦਿੱਤਾ।

ਕਵੀ ਦਰਬਾਰ ਨੂੰ ਕਾਵਿਕ ਰੰਗ ਦਿੰਦਿਆਂ ਹਰਜਿੰਦਰ ਕੰਗ ਨੇ ਵਾਰੀ ਵਾਰੀ ਕਵੀਆਂ ਨੂੰ ਢੁਕਵੇਂ ਸ਼ਿਅਰਾਂ ਅਤੇ ਯੋਗ ਸ਼ਬਦਾਂ ਨਾਲ ਪੇਸ਼ ਕੀਤਾ। ਅਜ਼ਾਦ ਜਲੰਧਰੀ, ਗੁਰੂਮੇਲ ਸਿੱਧੂ, ਸੁਰਿੰਦਰ ਸੀਰਤ, ਈਸ਼ਰ ਸਿੰਘ ਮੋਮਨ, ਗੁਰਚਰਨ ਸਿੰਘ ਫ਼ਲਕ, ਨਿਰਮਲ ਸੈਣੀ, ਕਮਲ ਬੰਗਾ, ਭੁਪਿੰਦਰ ਦਲੇਰ, ਹਰਭਜਨ ਢਿੱਲੋਂ, ਤਾਰਾ ਸਾਗਰ, ਕਰਮ ਸਿੰਘ ਮਾਨ, ਬਲਦੇਵ ਸਿੰਘ, ਗੁਰਮੇਲ ਸਿੰਘ ਕਵੀਸ਼ਰ, ਸਰਬਜੀਤ ਕੌਰ ਚੀਮਾ, ਰੇਸ਼ਮ ਸਿੱਧੂ, ਚਰਨਜੀਤ ਸਿੰਘ ਪੰਨੂ, ਪਰਮਿੰਦਰ ਸਿੰਘ ਪਰਵਾਨਾ, ਸੁਰਜੀਤ ਕੌਰ, ਗੁਰਦੇਵ ਸਿੰਘ ਘਣਗਸ, ਜੋਤੀ ਸਿੰਘ, ਅਮਨਦੀਪ ਬੋਪਾਰਾਏ, ਮਾਸਟਰ ਰਿੰਕੂ ਨੇ ਆਪੋ ਆਪਣੇ ਕਲਾਮ ਨਾਲ ਹਾਜ਼ਰ ਸਰੋਤਿਆਂ ਨੂੰ ਕਾਵਿਮਈ ਰੰਗਤ ਵਿਚ ਰੰਗਿਆ।

ਇਸ ਸਮਾਗਮ ਵਿਚ ਅਜ਼ਾਦ ਜਲੰਧਰੀ ਹੋਰਾਂ ਨੂੰ ਉਨ੍ਹਾਂ ਦੇ ਸਾਹਿਤ ਵਿਚ ਪਾਏ ਵਡਮੁੱਲੇ ਯੋਗਦਾਨ ਕਰਕੇ, ਸੈਕਰਾਮੈਂਟੋ ਇਲਾਕੇ ਦੀ ਇਕ ਸੰਸਥਾ ਨੇ ਸੋਨੇ ਦੇ ਤਮਗੇ ਨਾਲ ਸਨਮਾਨਤ ਕੀਤਾ। ਸਨਮਾਨ ਕਰਨ ਵਾਲਿਆਂ ਵਿਚ ਪਰਮਜੀਤ ਸਿੰਘ ਭੁੱਟਾ ਅਤੇ ਉਨ੍ਹਾਂ ਦੇ ਸਾਥੀ ਸ਼ਾਮਿਲ ਸਨ।

ਇਹ ਕਵੀ ਦਰਬਾਰ ਬੇਹੱਦ ਕਾਮਯਾਬ ਰਿਹਾ ਜਿਸ ਦਾ ਸਿਹਰਾ ਜਿਥੇ ਕਵੀਆਂ ਦੀਆਂ ਪਾਇਦਾਰ ਰਚਨਾਵਾਂ ਨੂੰ ਜਾਂਦਾ ਹੈ ਉਥੇ ਸੰਜੀਦਾ ਸਰੋਤਿਆਂ ਦੇ ਸਿਰ ਵੀ ਬੱਝਦਾ ਹੈ।



ਫਰਿਜ਼ਨੋ: ਫਰਿਜ਼ਨੋ ਕਾਊਂਟੀ ਦੇ ਸੈਲਮਾ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਚੋਟੀ ਦੇ 25 ਵਿਦਿਆਰਥੀਆਂ ਦਾ ਹਾਲ ਹੀ ਵਿਚ ਇਥੇ ਇਕ ਡਿਨਰ ਮੌਕੇ ਸਨਮਾਨ ਕੀਤਾ ਗਿਆ। ਇਨ੍ਹਾਂ 25 ਵਿਦਿਆਰਥੀਆਂ ਵਿਚ 5 ਬੱਚੇ ਪੰਜਾਬੀ ਪਰਿਵਾਰਾਂ ਦੇ ਸਨ। ਇਨ੍ਹਾਂ ਬੱਚਿਆਂ ਵਿਚ ਸਾਹਿਲ ਕੰਗ (ਪੰਜਾਬੀ ਸ਼ਾਇਰ ਹਰਜਿੰਦਰ ਕੰਗ ਦਾ ਬੇਟਾ), ਗੁਰਪ੍ਰਾਨ ਸਿੰਘ ਸਪੁੱਤਰ ਭੁਪਿੰਦਰ ਸਿੰਘ ਖਾਲਸਾ, ਸਿਮਰਨਜੀਤ ਕੌਰ ਬੱਲ ਸਪੁਤਰੀ ਸ. ਹਰਭਜਨ ਸਿੰਘ ਬੱਲ (ਪੋਤਰੀ ਸ. ਤਾਰਾ ਸਿੰਘ ਬੱਲ), ਸੋਨੀਆ ਗਿੱਲ ਸਪੁਤਰੀ ਬਿਜਨਸਮੈਨ ਹਰਜੀਤ ਸਿੰਘ ਗਿੱਲ ਅਤੇ ਗੁਰਭੁਪਿੰਦਰ ਸਿੰਘ ਸਹੋਤਾ ਸਪੁਤਰ ਅਰਵਿੰਦਰ ਸਿੰਘ ਸਹੋਤਾ ਦੇ ਨਾਂ ਸ਼ਾਮਲ ਹਨ। ਗੁਰਭੁਪਿੰਦਰ ਸਿੰਘ ਸਹੋਤਾ ਹਾਈ ਸਕੂਲ ਵਿਚ ਆਪਣੇ ਉਮਰ ਗਰੁਪ ਵਿਚ ਸਭ ਤੋਂ ਘੱਟ ਉਮਰ ਦਾ ਵਿਦਿਆਰਥੀ ਹੈ ਜਿਸ ਨੇ ਕਿ ਤਿੰਨ ਸਾਲਾਂ ਵਿਚ ਹਾਈ ਸਕੂਲ ਪੂਰਾ ਕੀਤਾ ਹੈ।

## ਅਕਾਲੀ ਦਲ (ਬਾਦਲ) ਦੇ ਯੂਥ ਵਿੰਗ ਦੀ ਭਰਤੀ ਛੇਤੀ-ਲਾਖਨ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦੇ ਯੂਥ ਵਿੰਗ ਦੇ ਅਹੁਦੇਦਾਰਾਂ ਦੀ ਭਰਤੀ ਵੀ ਜਲਦੀ ਹੀ ਕੀਤੀ ਜਾਵੇਗੀ। ਇਥੇ ਜਾਰੀ ਇਕ ਬਿਆਨ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦੇ ਯੂਥ ਵਿੰਗ ਦੇ ਪ੍ਰਧਾਨ ਸ. ਅਰਵਿੰਦਰ ਸਿੰਘ ਲਾਖਨ ਨੇ ਦਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਪੰਜਾਬ ਅੰਦਰ ਅਨੇਕਾਂ ਮੈਗਾ ਪ੍ਰਾਜੈਕਟ ਸ਼ੁਰੂ ਕੀਤੇ ਜਾ ਰਹੇ ਹਨ ਜਿਸ ਲਈ ਸਾਡੇ ਇਹ ਲੀਡਰ ਵਧਾਈ ਦੇ ਪਾਤਰ ਹਨ।

ਸ. ਲਾਖਨ ਨੇ ਕਿਹਾ ਕਿ ਅਮਰੀਕਾ ਵਿਚ ਅਕਾਲੀ ਦਲ ਦੇ ਗਠਨ ਤੋਂ ਬਾਅਦ ਹੁਣ ਯੂਥ ਵਿੰਗ ਦਾ ਗਠਨ ਵੀ ਜਲਦੀ ਹੀ ਕੀਤਾ ਜਾ ਰਿਹਾ ਹੈ। ਕੁਝ ਅਕਾਲੀ ਪਰਿਵਾਰ ਅਜਿਹੇ ਵੀ ਹਨ ਜਿਨ੍ਹਾਂ ਨੇ ਹਮੇਸ਼ਾਂ ਹੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਅਮੁੱਲਾ ਯੋਗਦਾਨ ਪਾਇਆ ਹੈ। ਅਜਿਹੇ ਕੁਰਬਾਨੀ ਵਾਲੇ ਗੁਰਸਿੱਖ ਪਰਿਵਾਰਾਂ 'ਚੋਂ ਨੌਜਵਾਨਾਂ ਨੂੰ ਨਿਯੁਕਤ ਕੀਤਾ ਜਾਵੇਗਾ। ਸ੍ਰੀ ਲਾਖਨ ਨਾਲ ਫੋਨ 559-310-4386 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

## ਜਪੁਜੀ ਸਾਹਿਬ ਦੀ ਅੰਗਰੇਜ਼ੀ ਵਿਚ ਵਿਆਖਿਆ

**ਸੈਕਰਾਮੈਂਟੋ:** ਗੁਰਦੁਆਰਾ ਸੱਚ ਖੰਡ ਦਰਬਾਰ ਰੋਜ਼ਵਿਲ ਵਿਖੇ ਭਾਈ ਜਤਿੰਦਰਪਾਲ ਸਿੰਘ ਵਲੋਂ ਨਵੀਂ ਪੀੜ੍ਹੀ ਦੀ ਸਹੂਲਤ ਲਈ ਜਪੁਜੀ ਸਾਹਿਬ ਦੀ ਅੰਗਰੇਜ਼ੀ ਵਿਚ ਵਿਆਖਿਆ ਅਰੰਭ ਕੀਤੀ ਗਈ ਹੈ। ਇਸ ਸਬੰਧੀ ਪਹਿਲਾ ਸਮਾਗਮ 2 ਮਈ ਨੂੰ ਕੀਤਾ ਗਿਆ ਸੀ। ਇਸ ਉਪਰੰਤ 9 ਮਈ, 16 ਮਈ ਅਤੇ 6 ਜੂਨ ਨੂੰ ਤਿੰਨ ਹੋਰ ਸਮਾਗਮ ਬਾਅਦ ਦੁਪਹਿਰ 3 ਵਜੇ ਤੋਂ ਸ਼ਾਮ 5:30 ਵਜੇ ਤੱਕ ਕੀਤੇ ਜਾਣਗੇ।

ਪ੍ਰਾਪਤ ਜਾਣਕਾਰੀ ਅਨੁਸਾਰ ਭਾਈ ਜਤਿੰਦਰਪਾਲ ਸਿੰਘ ਸਮੁੱਚੇ ਜਪੁਜੀ ਸਾਹਿਬ ਦੀ ਪੰਜਾਬੀ ਅਤੇ ਅੰਗਰੇਜ਼ੀ ਵਿਚ ਵਿਆਖਿਆ ਕਰਦੇ ਹਨ। ਪਹਿਲੇ ਸਮਾਗਮ ਵਿਚ ਉਨ੍ਹਾਂ ਮੂਲ ਮੰਤਰ ਅਤੇ ਛੇ ਪਉੜੀਆਂ ਦੀ ਵਿਆਖਿਆ ਕੀਤੀ ਸੀ। ਇਸ ਵਿਆਖਿਆ ਦੀ ਵੀਡੀਓ ਅਤੇ ਆਡੀਓ ਨਾਲੋ ਨਾਲ ਬਣਾਈ ਜਾ ਰਹੀ ਹੈ ਅਤੇ ਬਾਅਦ ਵਿਚ ਡੀ ਵੀ ਡੀ ਰੂਪ ਵਿਚ ਉਪਲਬਧ ਹੋਵੇਗੀ। ਹੋਰ ਜਾਣਕਾਰੀ ਫੋਨ 510-501-4648 ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਗੁਰਦੁਆਰਾ ਸੈਨ ਹੋਜ਼ੇ ਵਿਚ ਕਵੀ ਦਰਬਾਰ

**ਸੈਨ ਹੋਜ਼ੇ:** ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਬੇ-ਏਰੀਆ ਵਲੋਂ 24 ਅਪਰੈਲ ਨੂੰ ਗੁਰਦੁਆਰਾ ਸੈਨ ਹੋਜ਼ੇ ਵਿਚ ਧਾਰਮਿਕ ਕਵੀ ਦਰਬਾਰ ਕੀਤਾ ਗਿਆ ਜਿਸ ਦੇ ਅਰੰਭ ਵਿਚ ਸ. ਸੁਖਦੇਵ ਸਿੰਘ ਬੈਨੀਵਾਲ ਨੇ ਸ਼ਾਇਰਾਂ ਨੂੰ ਜੀ ਆਇਆਂ ਕਿਹਾ।

ਕਵੀ ਦਰਬਾਰ ਵਿਚ ਸ. ਚਰਨਜੀਤ ਸਿੰਘ ਪਨੂੰ, ਉਸਤਾਦ ਗਜ਼ਲਗੋ ਸ. ਈਸ਼ਰ ਸਿੰਘ ਮੋਮਨ, ਡਾ. ਗੁਰਮੀਤ ਸਿੰਘ ਬਰਸਾਲ, ਉਨ੍ਹਾਂ ਦੇ ਪਿਤਾ ਸ. ਰਾਜਿੰਦਰ ਸਿੰਘ ਬਰਸਾਲ, ਪ੍ਰੋ. ਸੁਰਜੀਤ ਸਿੰਘ ਨਨੂਆ, ਨੀਲਮ ਸੈਣੀ ਅਤੇ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਨੇ ਆਪਣੀਆਂ ਕਵਿਤਾਵਾਂ ਅਤੇ ਨਜ਼ਮਾਂ ਨਾਲ ਹਾਜ਼ਰੀ ਭਰਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਪ੍ਰੋਗਰਾਮ ਦਾ ਮੰਚ ਸੰਚਾਲਨ ਨੀ.ਲਮ ਸੈਣੀ ਨੇ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਸਮੂਹ ਸ਼ਾਇਰਾਂ ਨੂੰ ਸਿਰੋਪਾਓ ਬਖ਼ਸ਼ਿਸ਼ ਕਰ ਕੇ ਨਿਵਾਜਿਆ।

## ਫਰੀਮਾਂਟ ਗੁਰੂਘਰ ਵਲੋਂ ਸਿੱਖ ਬੱਚਿਆਂ ਨੂੰ 24 ਹਜ਼ਾਰ ਡਾਲਰ ਦੇ ਵਜ਼ੀਫੇ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਵਲੋਂ ਸਿੱਖ ਵਿਦਿਆਰਥੀਆਂ ਨੂੰ 24000 ਡਾਲਰ ਦੇ ਵਜ਼ੀਫ਼ੇ ਦਿੱਤੇ ਗਏ ਹਨ। ਇਨ੍ਹਾਂ ਵਜ਼ੀਫਿਆਂ ਵਾਸਤੇ ਹਾਈ ਸਕੂਲਾਂ ਦੇ ਉਨ੍ਹਾਂ ਸੀਨੀਅਰ ਵਿਦਿਆਰਥੀਆਂ ਤੋਂ ਅਰਜ਼ੀਆਂ ਇਸ ਸਾਲ ਜਨਵਰੀ ਮਹੀਨੇ ਮੰਗੀਆਂ ਗਈਆਂ ਸਨ ਜਿਨ੍ਹਾਂ ਨੇ ਉੱਚ ਵਿਦਿਆ ਲਈ ਕਾਲਿਜ਼ਾਂ ਜਾਂ ਯੂਨੀਵਰਸਿਟੀਆਂ ਵਿਚ ਦਾਖ਼ਲਾ ਲੈਣਾ ਹੈ।

*To Advertise with us*
*call: 847-359-0746*
*Fax:847-705-9388*

ਪਿਛਲੇ ਐਤਵਾਰ ਇਹ ਵਜ਼ੀਫ਼ੇ ਦਿੱਤੇ ਗਏ।

ਸਟੈਨਫੋਰਡ ਯੂਨੀਵਰਸਿਟੀ, ਸੈਂਟਾ ਕਲਾਰਾ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਤੋਂ 4 ਜੱਜਾਂ ਨੇ ਅਰਜ਼ੀਆਂ ਦੀ ਘੋਖ ਤੋਂ ਬਾਅਦ ਵਜ਼ੀਫ਼ਾ ਜਿੱਤਣ ਵਾਲੇ ਉਮੀਦਵਾਰਾਂ ਦੀ ਸੂਚੀ ਦਾ ਐਲਾਨ ਕੀਤਾ। ਪਹਿਲੇ 20 ਵਿਦਿਆਰਥੀ ਚੋਟੀ ਦੀ ਸ਼੍ਰੇਣੀ ਵਿਚ ਚੁਣੇ ਗਏ ਹਨ ਜਿਨ੍ਹਾਂ ਨੂੰ 1000-1000 ਡਾਲਰ ਵਜੀਫਾ ਮਿਲਿਆ। ਜਦਕਿ ਇਸ ਤੋਂ ਬਾਅਦ 19 ਵਿਦਿਆਰਥੀਆਂ ਨੂੰ 200-200 ਡਾਲਰ ਵਜ਼ੀਫ਼ਾ ਦਿੱਤਾ ਗਿਆ।

# ਯੂਬਾ ਸਿਟੀ ਖੇਡ ਮੇਲੇ ਦੀਆਂ ਕੁਝ ਹੋਰ ਝਲਕੀਆਂ

*ਯੂਬਾ ਸਿਟੀ ਦੇ ਖੇਡ ਮੇਲੇ ਦੌਰਾਨ ਕਰਮਜੀਤ ਮਾਨ, ਪਰਮਿੰਦਰ ਖੇੜਾ, ਬਿੰਨੀ ਗਿੱਲ ਤੇ ਜੋਗਾ ਗਿੱਲ ਵਲੋਂ ਖਿਡਾਰੀਆਂ ਤੇ ਦਰਸ਼ਕਾਂ ਲਈ ਖਾਣੇ ਦਾ ਸਟਾਲ ਲਾਇਆ ਗਿਆ। ਸ਼ਿਕਾਗੋ ਤੋਂ ਪਹੁੰਚੇ ਬਾਬ ਸੰਧੂ ਅਤੇ ਜੱਸੀ ਸੰਧੂ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ।*



*ਬਾਬ ਸੰਧੂ, ਪਰਮਿੰਦਰ ਖੇੜਾ ਤੇ ਬਿੰਨੀ ਗਿੱਲ*



*ਪਰਮਿੰਦਰ ਖੇੜਾ ਤੇ ਬਿੰਨੀ ਗਿੱਲ*




*ਪਰਮਿੰਦਰ ਖੇੜਾ, ਜੱਸੀ ਗਿੱਲ ਅਤੇ ਜੋਗਾ ਗਿੱਲ*



*ਜੱਸੀ ਗਿੱਲ ਅਤੇ ਕਰਮਜੀਤ ਮਾਨ*

# ਦੋ ਦੋਸਤ, ਦੋ ਰਹਿਬਰ

ਮਰਹੂਮ ਸ਼ਾਇਰ ਜੰਗ ਸਿੰਘ ਗਿਆਨੀ ਦੇ ਰੂਹਾਨੀ ਸਾਹਿਤ ਦੀ ਆਪਣੀ ਹੀ ਇਕ ਥਾਂ ਹੈ। ਮਰਹੂਮ ਗਿਆਨੀ ਜੀ ਅਤੇ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਦੀ ਦੋਸਤੀ ਵੀ ਆਪਣੀ ਮਿਸਾਲ ਰਹੀ ਹੈ। ਉਨ੍ਹਾਂ ਦੋਹਾਂ ਸ਼ਾਇਰਾਂ ਨੇ ਰੂਹਾਨੀ ਸਾਹਿਤ ਦੀ ਵਿਉਂਤਬੰਦੀ ਲੰਮੀਆਂ ਖੋਜਾਂ ਅਤੇ ਆਪਸੀ ਵਾਰਤਾਲਾਪ ਰਾਹੀਂ ਕੀਤੀ। ਅਜਿਹੀ ਰਚਨਾ ਲੰਮੇ ਸਮੇਂ ਦੀ ਪਰਖ ਨਲੀ ਵਿਚੋਂ ਉਭਰ ਕੇ ਸਾਹਮਣੇ ਆਈ ਹੈ ਜੋ ਪਾਠਕ 'ਤੇ ਸਦੀਵੀ ਅਸਰ ਕਰਦੀ ਹੈ ਅਤੇ ਲਗਾਤਾਰ ਕ੍ਰਾਂਤੀਕਾਰੀ ਸੁਨੇਹੇ ਨੂੰ ਪ੍ਰਗਟ ਕਰਦੀ ਹੈ। ਇਕੋ ਜਿਹੇ ਖੇਤਰ ਵਿਚ ਵਿਚਰਦੇ ਇਨ੍ਹਾਂ ਦੋਹਾਂ ਸ਼ਾਇਰਾਂ ਨੇ ਸਾਹਿਤਕਾਰਾਂ ਨੂੰ ਸਿੱਧ ਕਰਕੇ ਦੱਸਿਆ ਕਿ ਰੂਹਾਨੀ ਸਾਹਿਤ ਹੀ ਅਮਰ ਸਾਹਿਤ ਹੈ, ਸਦੀਵੀ ਹੈ। ਇਨ੍ਹਾਂ ਨੇ ਪੰਜਾਬ ਦੇ ਜੰਮਪਲ ਹੋਣ ਕਰਕੇ ਅੰਮ੍ਰਿਤਸਰ ਤੋਂ ਸਟੈਚੂ ਆਫ ਲਿਬਰਟੀ ਤੱਕ ਰੂਹਾਨੀ ਸਾਹਿਤ ਦੇ ਸਫਰ ਵਿਚ ਜੋ ਘਾਲਣਾ ਘਾਲੀ ਹੈ ਉਹੀ ਸੱਚ ਪੇਸ਼ ਕੀਤਾ ਹੈ। ਉਨ੍ਹਾਂ ਦੀ ਇਸ ਘਾਲਣਾ 'ਤੇ ਸਾਨੂੰ ਮਾਣ ਹੈ।



ਉਨ੍ਹਾਂ ਦੀ ਰਚਨਾ ਜਿਥੇ ਆਮ ਪਾਠਕਾਂ ਲਈ ਰਹਿਬਰ ਦਾ ਥਾਂ ਰੱਖਦੀ ਹੈ ਉਥੇ ਸਮਕਾਲੀ ਸਾਹਿਤਕਾਰਾਂ ਨੂੰ ਵੀ ਪ੍ਰੇਰਨਾ ਦਿੰਦੀ ਹੈ। ਗਿਆਨੀ ਜੀ ਅਨੁਭਵ ਕਰਦੇ ਸਨ ਕਿ ਮਨੁੱਖ ਦੇ ਜੀਵਨ ਵਿਚ ਮਾੜੇ ਵਿਚਾਰ ਉਸ ਨੂੰ ਨਿਘਾਰ ਵੱਲ ਲੈ ਕੇ ਜਾਂਦੇ ਹਨ। ਮਨੁੱਖ ਨੂੰ ਨਿਘਾਰ ਵੱਲ ਜਾਣ ਤੋਂ ਬਚਣ ਵਿਚ ਗੁਰਬਾਣੀ ਬਹੁਤ ਸਹਾਈ ਸਾਬਤ ਹੁੰਦੀ ਹੈ। ਗੁਰਬਾਣੀ ਦਾ ਅੰਮ੍ਰਿਤ ਫਲ ਛਕ ਕੇ ਸਦੀਵੀ ਸੁਖ ਹਾਸਲ ਹੁੰਦਾ ਹੈ।

ਇਕ ਵਾਰ ਮੈਂ ਭਾਰਤ ਗਿਆ ਤਾਂ ਮਰਹੂਮ ਨਾਨਕ ਸਿੰਘ ਨਾਵਲਿਸਟ ਦੇ ਪੁਤਰ ਸ. ਕਰਤਾਰ ਸਿੰਘ ਸੂਰੀ ਹੋਰਾਂ ਨੇ ਆਪਣੇ ਪਿਤਾ ਦੀ ਯਾਦ ਵਿਚ ਲਿਖੀ ਪੁਸਤਕ 'ਮੇਰੀਆਂ ਅਮਿਟ ਯਾਦਾਂ' ਦੀਆਂ ਕੁਝ ਕਾਪੀਆਂ ਅਮਰੀਕਾ ਰਹਿੰਦੇ ਲੇਖਕਾਂ ਨੂੰ ਪਹੁੰਚਾ ਦੇਣ ਵਾਸਤੇ ਦਿੱਤੀਆਂ। ਇਨ੍ਹਾਂ ਵਿਚੋਂ ਇਕ ਕਾਪੀ ਉਤੇ ਮੈਂ ਗਿਆਨੀ ਜੀ ਦਾ ਨਾਂ ਵੀ ਲਿਖਵਾ ਲਿਆਇਆ। ਜਦ ਮੈਂ ਗਿਆਨੀ ਜੀ ਨੂੰ ਦੱਸਿਆ ਕਿ ਸੂਰੀ ਸਾਹਿਬ ਨੇ ਆਪ ਲਈ ਇਕ ਪੁਸਤਕ ਭੇਜੀ ਹੈ ਤਾਂ ਪੁੱਛਣ ਲੱਗੇ, "ਧਾਰਮਿਕ ਹੈ?" ਮੈਂ ਕਿਹਾ, "ਨਹੀਂ"। ਤਾਂ ਉਨ੍ਹਾਂ ਦਾ ਜਵਾਬ ਸੀ, "ਮੈਨੂੰ ਨਹੀਂ ਚਾਹੀਦੀ"। ਗਿਆਨੀ ਜੀ ਸਿਰਫ ਤੇ ਸਿਰਫ ਰੂਹਾਨੀ ਸਾਹਿਤ ਨਾਲ ਜੁੜੇ ਹੋਏ ਸਨ।

ਗਿਆਨੀ ਜੀ ਅਤੇ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਹੋਰਾਂ ਸਾਂਝੇ ਤੌਰ 'ਤੇ ਪੁਸਤਕ 'ਸੱਚੀ ਪ੍ਰੀਤ' ਰਚੀ। ਪੰਜਾਬ ਦੀ ਧਰਤੀ ਪੀਰਾਂ-ਪੈਗੰਬਰਾਂ ਤੇ ਸੂਫੀ ਦਰਵੇਸ਼ਾਂ ਦੀ ਧਰਤੀ ਹੈ। ਉਸੇ ਧਰਾਤਲ ਦੀ ਉਪਜ ਹੈ ਸਾਡਾ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ। ਬਚਪਨ ਵਿਚ ਹੀ ਪੰਜਾਬ ਦੀ ਧਾਰਮਿਕ ਚੇਤਨਾ ਨੇ ਉਸ ਦੇ ਮਨ 'ਤੇ ਅਜਿਹਾ ਅਸਰ ਕੀਤਾ ਕਿ ਬਾਣੀ ਉਸ ਦੇ ਹਿਰਦੇ ਉਤੇ ਉਕਰੀ ਗਈ। ਜਦ ਕਦੇ ਅੱਖਾਂ ਮੁੰਦ ਕੇ ਬਾਣੀ ਵਿਚ ਲੀਨ ਹੁੰਦਾ ਤਾਂ ਸੱਚਮੁੱਚ ਕੁਦਰਤ ਉਸ ਉਤੇ ਮਿਹਰਬਾਨ ਹੋ ਜਾਂਦੀ ਤੇ ਉਹ ਕਾਦਰ ਦੀ ਬਖਸ਼ਿਸ਼ ਹੋਈ ਮਹਿਸੂਸ ਕਰਦਾ। ਲੋਕਾਈ ਦੇ ਪ੍ਰੇਮ ਵਿਚ ਲੀਨ ਹੋ ਜਾਂਦਾ। ਇਹ ਹਾਵਭਾਵ ਜਦੋਂ ਉਹ ਕਾਗਜ਼ 'ਤੇ ਉਤਾਰਦਾ ਹੈ ਤਾਂ ਰੱਬ ਦੀ ਗੱਲ ਸਹਿਜ ਸੁਭਾ ਹੀ ਕਹਿ ਜਾਂਦਾ ਹੈ। ਇਕ ਅਨਪੜ੍ਹ ਗਰੀਬ ਮਜ਼ਦੂਰ ਦੇ ਘਰ ਪੈਦਾ ਹੋ ਕੇ ਸ਼ਰਧਾ ਅਤੇ ਵਿਸ਼ਵਾਸ ਰੱਖਣ ਵਾਲਾ ਸੰਸਕਾਰੀ ਬੱਚਾ ਗੁਰੂ ਨਾਨਕ ਦੇਵ ਜੀ ਦੀਆਂ ਰਹਿਮਤਾਂ ਦਾ ਪਾਤਰ ਬਣਿਆ। ਆਪਣੇ ਆਤਮ ਵਿਸ਼ਵਾਸ ਅਤੇ ਗੁਰੂ ਨਾਨਕ ਦੀਆਂ ਰਹਿਮਤਾਂ ਸਦਕਾ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੇ ਚੋਟੀ ਦੇ ਸਾਹਿਤਕਾਰਾਂ ਵਿਚ ਜਾ ਖਲੋਤਾ। ਉਹ ਇਕ ਦਰਵੇਸ਼ ਕਵੀ ਹੈ ਅਤੇ ਸ਼੍ਰੋਮਣੀ ਲੋਕ ਕਵੀ ਦਾ ਮਾਣ ਹਾਸਲ ਕਰ ਚੁੱਕਾ ਹੈ। ਕਈ ਸਾਹਿਤਕ ਅਤੇ ਸਭਿਆਚਾਰਕ ਸੰਸਥਾਵਾਂ ਉਸ ਦਾ ਸਨਮਾਨ ਕਰ ਚੁੱਕੀਆਂ ਹਨ।

ਪਿਛਲੇ ਦਿਨੀਂ ਰਾਜਾ ਸਵੀਟਸ, ਯੂਨੀਅਨ ਸਿਟੀ ਵਿਚ ਕਰਵਾਏ ਗਏ ਇਕ ਸਾਹਿਤਕ ਸਮਾਗਮ ਵਿਚ ਉਸ ਨੂੰ ਸੋਨ ਤਮਗੇ ਨਾਲ ਸਨਮਾਨਿਆ ਗਿਆ। ਇਸ ਮੌਕੇ ਪਰਮਜੀਤ ਭੁੱਟਾ, ਕਸ਼ਮੀਰ ਸਿੰਘ ਹੀਰਾ, ਕੇਵਲ ਬੋਲੀਨਾ, ਕਮਲ ਬੰਗਾ, ਸੁਖਰਾਜ, ਅਜੀਤ ਰਾਮ ਬੰਗੜ ਅਤੇ ਹੋਰ ਬਹੁਤ ਸਾਰੇ ਸੱਜਣ ਮਿੱਤਰ ਹਾਜ਼ਰ ਸਨ।

ਗਿਆਨੀ ਜੀ ਅਤੇ ਆਜ਼ਾਦ ਜਲੰਧਰੀ ਦੀ ਨਿੱਘੀ ਦੋਸਤੀ ਦਾ ਆਧਾਰ ਰੂਹਾਨੀ ਸਾਹਿਤ ਅਤੇ ਵਿਚਾਰ ਸਨ। ਇਹ ਦੋਵੇਂ ਇਕੋ ਸਿੱਕੇ ਦੇ ਦੋ ਪਾਸੇ ਵਾਂਗ ਹਨ। ਗਿਆਨੀ ਜੀ ਭਾਵੇਂ ਤੁਰ ਗਏ ਹਨ ਪਰ ਆਪਣੀਆਂ ਲਿਖਤਾਂ ਕਰਕੇ ਅਮਰ ਹਨ। ਗਿਆਨੀ ਜੀ ਵਲੋਂ ਪਾਈ ਗਈ ਰੂਹਾਨੀ ਸਾਹਿਤ ਦੀ ਪਿਰਤ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਤੋਰ ਰਿਹਾ ਹੈ।

*-ਪ੍ਰਮਿੰਦਰ ਸਿੰਘ ਪਰਵਾਨਾ*

## ਅਮਰੀਕਾ 'ਚ ਉੱਚ ਸਿੱਖਿਆ ਲੈਣ ਵਾਲਿਆਂ ਨੂੰ ਤੁਰੰਤ ਮਿਲੇ ਗਰੀਨ ਕਾਰਡ

**ਵਾਸ਼ਿੰਗਟਨ**: ਵਿਸ਼ਵ ਦੇ 'ਸਰਵੋਤਮ ਦੇ ਸਭ ਤੋਂ ਜ਼ਹੀਨ' ਲੋਕਾਂ ਨੂੰ ਆਕਰਸ਼ਿਤ ਕਰਨ ਲਈ ਅਮਰੀਕਾ ਦੇ ਚੋਟੀ ਦੇ ਡੈਮੋਕਰੈਟਿਕ ਸੈਨੇਟਰਾਂ ਨੇ ਇਕ ਮਤਾ ਪੇਸ਼ ਕੀਤਾ ਹੈ ਕਿ ਜਿਹੜੇ ਲੋਕ ਅਮਰੀਕੀ ਵਿਦਿਅਕ ਅਦਾਰਿਆਂ 'ਚ ਐਡਵਾਂਸ ਡਿਗਰੀਆਂ ਦੀ ਪੜ੍ਹਾਈ ਕਰ ਰਹੇ ਹਨ, ਉਨ੍ਹਾਂ ਨੂੰ ਫੌਰੀ ਤੌਰ 'ਤੇ ਗਰੀਨ ਕਾਰਡ ਦਿੱਤੇ ਜਾਣ ਤੇ ਨੌਕਰੀਆਂ ਦੀ ਪੇਸ਼ਕਸ਼ ਕੀਤੀ ਜਾਵੇ।

ਅਮਰੀਕਾ 'ਚ ਵੱਡੀ ਗਿਣਤੀ ਵਿਦਿਆਰਥੀ ਭੇਜਣ ਵਾਲੇ ਭਾਰਤ ਵਿਚ ਇਹ ਸ਼ੁਭ ਸਮਾਚਾਰ ਹੈ। ਇਹਦੇ ਨਾਲ ਹੀ ਸੈਨੇਟਰਾਂ ਨੇ ਐਚ-1 ਬੀ ਤੇ ਐਲ 1 ਵੀਜ਼ਿਆਂ ਦੇ ਨਿਯਮ ਹੋਰ ਸਖਤ ਕਰਨ ਦੀ ਵੀ ਤਜਵੀਜ਼ ਰੱਖੀ ਹੈ। ਭਾਰਤੀ ਟੈਕਨਾਲੋਜੀ ਪ੍ਰੋਫੈਸ਼ਨਲਾਂ 'ਚ ਇਹ ਵੀਜ਼ੇ ਵੀ ਬਹੁਤ ਲੋਕਪ੍ਰਿਆ ਹਨ। ਕਾਫੀ ਅਸਰ ਰਸੂਖ ਵਾਲੇ ਡੈਮੋਕਰੇਟਿਕ ਸੈਨੇਟਰਾਂ ਵਲੋਂ ਇਹ ਤਜਵੀਜ਼ਾਂ ਦੇਸ਼ ਦੇ ਲੜਖੜਾਏ ਇਮੀਗ੍ਰੇਸ਼ਨ ਢਾਂਚੇ ਨੂੰ ਪੈਰਾਂ ਸਿਰ ਕਰਨ ਦੇ ਮਨਸ਼ੇ ਨਾਲ ਕੀਤੀਆਂ ਗਈਆਂ ਹਨ। ਰਾਸ਼ਟਰਪਤੀ ਬਰਾਕ ਓਬਾਮਾ ਨੇ ਵੀ ਵਿਸਥਾਰਪੂਰਵਕ ਇਮੀਗ੍ਰੇਸ਼ਨ ਨੀਤੀ ਤਿਆਰ ਕਰਨ ਦਾ ਸੱਦਾ ਦਿੰਦਿਆਂ ਇਸ ਨੂੰ ਸਿਖਰਲੀ ਤਰਜੀਹ ਦਿੱਤੀ ਹੈ।

ਸੈਨੇਟਰਾਂ ਚਾਰਲਸ ਈ. ਸ਼ੂਗਰ, ਹੈਰੀ ਰੀਡ ਤੇ ਬੌਬ ਮੈਨੇਂਡੇਜ਼ ਵਲੋਂ ਤਿਆਰ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਤਜਵੀਜ਼ਾਂ "ਅਮਰੀਕਾ ਦੇ ਅਤਿ ਹੁਨਰ ਭਰੇ ਇਮੀਗ੍ਰੇਸ਼ਨ ਤੰਤਰ 'ਚ ਸੁਧਾਰ ਲਿਆ ਕੇ ਇਹਦੇ ਹਮੇਸ਼ਾ ਵਿਸ਼ਵ ਦੇ ਸਰਵੋਤਮ ਤੇ ਜ਼ਹੀਨ ਲੋਕਾਂ ਨੂੰ ਦੇਸ਼ ਸੱਦਣ ਅਤੇ ਆਰਜ਼ੀ ਵਿਦੇਸ਼ੀ ਕ੍ਰਿਤ ਠੇਕੇਦਾਰਾਂ ਨੂੰ ਅਮਰੀਕੀ ਨੌਕਰੀਆਂ ਦੇਣ ਦੇ ਵਰਤਾਰੇ ਨੂੰ ਰੋਕਣ ਲਈ ਹਨ।" ਆਵਾਸ ਨਿਯਮਾਂ 'ਚ ਸੁਧਾਰ ਦੇ ਮਨਸ਼ੇ ਨਾਲ ਤਿਆਰ 26 ਸਫਿਆਂ ਦੀ ਇਸ ਤਜਵੀਜ਼ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਵੇਲੇ ਅਤਿ ਹੁਨਰਮੰਦ ਕਾਮੇ ਅਮਰੀਕਾ ਨਹੀਂ ਆ ਸਕਦੇ ਕਿਉਂਕਿ ਉਨ੍ਹਾਂ ਦੇ ਦਾਖਲੇ 'ਤੇ ਰੋਕਾਂ ਲੱਗੀਆਂ ਹੋਈਆਂ ਹਨ। ਇਸ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਟੀਚੇ ਦੀ ਪੂਰਤੀ ਲਈ ਵਿਗਿਆਨ ਤਕਨਾਲੋਜੀ, ਇੰਜੀਨੀਅਰਿੰਗ ਜਾ ਗਣਿਤ 'ਚ ਅਮਰੀਕਾ ਦੇ ਉੱਚ ਅਦਾਰਿਆਂ 'ਚ ਐਡਵਾਂਸ ਡਿਗਰੀਆਂ ਲੈ ਰਹੇ ਵਿਦੇਸ਼ੀ ਵਿਦਿਆਰਥੀਆਂ ਜਾਂ ਅਮਰੀਕਾ ਵਿਚ ਨੌਕਰੀ ਦੀ ਪੇਸ਼ਕਸ਼ ਵਾਲੇ ਲੋਕਾਂ ਨੂੰ ਫੌਰੀ ਗਰੀਨ ਕਾਰਡ (ਸਥਾਈ ਰਿਹਾਇਸ਼) ਦਿੱਤੇ ਜਾਣਗੇ। ਭਾਰਤ ਉਪਰ ਦੱਸੇ ਖੇਤਰਾਂ 'ਚ ਵੱਡੀ ਗਿਣਤੀ ਵਿਦਿਆਰਥੀ ਇਥੇ ਭੇਜਦਾ ਹੈ, ਇਸ ਕਰ ਕੇ ਇਹ ਤਜਵੀਜ਼ਾਂ ਉਹਦੇ ਲਈ ਸ਼ੁਭ ਸ਼ਗਨ ਹਨ। ਮੌਜੂਦਾ ਪ੍ਰਣਾਲੀ ਤਹਿਤ ਭਾਰਤੀਆਂ ਨੂੰ ਕਈ ਕਈ ਸਾਲ, ਕਈ ਵਾਰ ਦਸ ਸਾਲ ਵੀ ਗਰੀਨ ਕਾਰਡ ਲੈਣ ਲਈ ਲੱਗ ਜਾਂਦੇ ਹਨ ਤੇ ਇਸ ਮਗਰੋ ਉੱਥੋਂ ਦੀ ਨਾਗਰਿਕਤਾ ਮਿਲਦੀ ਹੈ। ਇਹ ਦੇ ਨਾਲ ਹੀ ਸੈਨੇਟਰਾਂ ਨੇ ਐਚ-1 ਬੀ ਇੰਪਲਾਇਰ ਅਰਜ਼ੀ ਦੀਆਂ ਲੋੜਾਂ ਦੇ ਸੰਬੰਧ 'ਚ ਵਰਤਮਾਨ ਨਿਯਮਾਂ 'ਚ ਸੋਧ ਕਰਨ ਦੇ ਵੀ ਸੰਕੇਤ ਦਿੱਤੇ ਹਨ।

ਤਜਵੀਜ਼ 'ਚ ਕ੍ਰਿਤ ਵਿਭਾਗ (ਡੀ.ਓ.ਐਲ.) ਨੂੰ ਫਰਾਡ ਸਬੰਧੀ ਅਰਜ਼ੀਆਂ ਦੀ ਜਾਂਚ ਕਰ ਸਕਣ ਦੇ ਅਧਿਕਾਰ ਵੀ ਦਿੱਤੇ ਗਏ ਹਨ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਰੁਜ਼ਗਾਰਦਾਤਿਆਂ ਲਈ ਜੁਰਮਾਨਿਆਂ ਦੀ ਵਿਵਸਥਾ ਵੀ ਕੀਤੀ ਜਾਵੇਗੀ।

## ਕੈਨੇਡਾ 'ਚ ਛੁਰੇਮਾਰਾਂ ਦੀ ਗਿਣਤੀ ਵਧੀ-ਸਰਵੇਖਣ

**ਟੋਰਾਂਟੋ:** ਕੈਨੇਡਾ ਅੰਕੜਾ ਵਿਭਾਗ ਵਲੋਂ ਜਾਰੀ ਕੀਤੀ ਗਈ ਤਾਜ਼ਾ ਰਿਪੋਰਟ ਅਨੁਸਾਰ ਜਿੱਥੇ ਕੈਨੇਡਾ ਵਿਚ ਛੁਰੇਮਾਰਾਂ ਦੀ ਸੰਖਿਆ ਪਿਛਲੇ ਸਾਲਾਂ ਦੇ ਮੁਕਾਬਲੇ ਵਧੀ ਹੈ, ਉਥੇ ਬੰਦੂਕ ਨਾਲ ਖੁਦਕਸ਼ੀ ਕਰਨ ਵਾਲਿਆਂ ਦੀ ਸੰਖਿਆ ਵੀ ਪਹਿਲੀ ਵਾਰ 1974 ਦੇ ਅੰਕੜਿਆਂ ਦੇ ਬਰਾਬਰ ਰਹੀ। ਲੰਘੇ 2008 ਵਰ੍ਹੇ ਵਿਚ ਛੁਰੇਮਾਰਾਂ ਦੀ ਸੰਖਿਆ ਐਡਮਿੰਟਨ ਤੇ ਕੈਲਗਿਰੀ ਵਿਚ ਦੂਜੇ ਸ਼ਹਿਰਾਂ ਦੇ ਮੁਕਾਬਲੇ ਸਭ ਤੋਂ ਵਧ ਰਹੀ। ਕੈਨੇਡਾ ਵਿਚ 2008 ਵਰ੍ਹੇ ਦੌਰਾਨ ਛੁਰੇਮਾਰਾਂ ਵਲੋਂ ਕੀਤੇ ਅਪਰਾਧਾਂ ਦੀ ਸੰਖਿਆ 6 ਪ੍ਰਤੀਸ਼ਤ ਰਹੀ। ਵਿਸ਼ੇਸ਼ ਤੌਰ 'ਤੇ ਪੱਛਮੀ ਕੈਨੇਡਾ ਵਿਚ ਛੁਰੇਮਾਰਾਂ ਦੀ ਸੰਖਿਆ ਵਧ ਰਹੀ।


Quik Signs
Signs * Graphics * Wraps




ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।


Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਟਾਈਟਲਰ ਬਰੀ ਕਰਨ 'ਤੇ ਵਿਸ਼ਵਵਿਆਪੀ ਵਿਰੋਧ, ਸੰਸਦ 'ਚ ਹੰਗਾਮਾ

## ਅਮਰੀਕਾ ਦੇ ਸਿੱਖਾਂ ਨੇ ਕੀਤਾ ਟਾਈਟਲਰ ਵਿਰੁਧ ਅਪੀਲ ਕਰਨ ਦਾ ਐਲਾਨ, ਅਕਾਲੀ ਦਲ ਦੀ ਲੋਕ ਸਭਾ ਵਿਚ ਦੰਗਿਆਂ ਤੇ ਬਹਿਸ

**ਚੰਡੀਗੜ੍ਹ:** ਸਿੱਖਾਂ ਦੇ ਹੱਕਾਂ ਲਈ ਲੜਨ ਵਾਲੀ ਨਿਊਯਾਰਕ ਦੀ ਜਥੇਬੰਦੀ ਸਿੱਖਜ਼ ਫ਼ਾਰ ਜਸਟਿਸ ਨੇ ਦੋਸ਼ ਲਾਇਆ ਹੈ ਕਿ ਜਗਦੀਸ਼ ਟਾਈਟਲਰ ਦੇ ਮਾਮਲੇ ਵਿਚ ਸੀ.ਬੀ.ਆਈ ਨੇ ਗਵਾਹਾਂ ਦੇ ਬਿਆਨਾਂ ਨੂੰ ਅਣਦੇਖਿਆ ਕੀਤਾ। ਜਥੇਬੰਦੀ ਨੇ ਕਿਹਾ ਕਿ ਅਮਰੀਕਾ ਵਿਚ ਕਈ ਅਜਿਹੇ ਗਵਾਹ ਮੌਜੂਦ ਹਨ ਜਿਨ੍ਹਾਂ ਨੇ ਜਗਦੀਸ਼ ਟਾਈਟਲਰ ਨੂੰ ਕਾਤਲ ਭੀੜਾਂ ਦੀ ਅਗਵਾਈ ਕਰਦੇ ਵੇਖਿਆ। ਸਿੱਖਜ਼ ਫ਼ਾਰ ਜਸਟਿਸ ਹੁਣ ਟਾਈਟਲਰ ਸਬੰਧੀ ਫ਼ੈਸਲੇ ਨੂੰ ਉਨ੍ਹਾਂ ਗਵਾਹਾਂ ਦੇ ਆਧਾਰ 'ਤੇ ਚੁਨੌਤੀ ਦੇਣ ਦੀ ਤਿਆਰੀ ਕਰ ਰਹੀ ਹੈ, ਜਿਨ੍ਹਾਂ ਨੂੰ ਹਾਲੇ ਤਕ ਸੁਣਿਆ ਨਹੀਂ ਗਿਆ। ਸਿੱਖਜ਼ ਫ਼ਾਰ ਜਸਟਿਸ ਦੇ ਵਕੀਲ ਸ. ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਸੀ.ਬੀ.ਆਈ ਨੂੰ ਵਾਪਸ ਆ ਕੇ ਇਨ੍ਹਾਂ ਗਵਾਹਾਂ ਨੂੰ ਸੁਣਨਾ ਚਾਹੀਦਾ ਹੈ। ਰੇਸ਼ਮ ਸਿੰਘ ਜਿਸ ਨੇ ਦਾਅਵਾ ਕੀਤਾ ਕਿ ਉਸ ਨੇ ਟਾਈਟਲਰ ਨੂੰ ਕਾਤਲ ਭੀੜਾਂ ਦੀ ਅਗਵਾਈ ਕਰਦੇ ਵੇਖਿਆ, ਨੇ ਕਿਹਾ ਕਿ ਜਦੋਂ ਸੀ.ਬੀ.ਆਈ. ਟੀਮ ਸਾਨਫ਼ਰਾਂਸਿਸਕੋ ਆਈ ਸੀ ਤਾਂ ਉਸ ਨੇ ਉਨ੍ਹਾਂ ਦੀ ਗੱਲ ਸੁਣਨ ਤੋਂ ਇਨਕਾਰ ਕਰ ਦਿਤਾ।

ਸ. ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਗਵਾਹ ਜਸਬੀਰ ਸਿੰਘ ਇਸ ਫ਼ੈਸਲੇ ਤੋਂ ਨਿਰਾਸ਼ ਹੈ। ਉਸ ਨੇ ਦੋਸ਼ ਲਾਇਆ ਕਿ ਸੀ.ਬੀ.ਆਈ ਸਿਆਸੀ ਦਬਾਅ ਹੇਠ ਕੰਮ ਕਰ ਰਹੀ ਹੈ। ਆਉਂਦੇ ਦਿਨਾਂ ਵਿਚ ਜਸਬੀਰ ਸਿੰਘ ਇਸ ਮਾਮਲੇ ਵਿਚ ਅਪੀਲ ਦਾਇਰ ਕਰੇਗਾ ਤੇ ਜੇ ਲੋੜ ਪਈ ਤਾਂ ਭਾਰਤ ਆ ਕੇ ਗਵਾਹੀ ਦਵੇਗਾ। ਜਸਬੀਰ ਸਿੰਘ ਨੇ ਕਿਹਾ, ''ਮੈਂ ਇਨਸਾਫ਼ ਪ੍ਰਾਪਤ ਕਰਨ ਲਈ ਕਿਤੇ ਵੀ ਜਾਵਾਂਗਾ ਪਰ ਮੈਨੂੰ ਸੁਰੱਖਿਆ ਮਿਲਣੀ ਚਾਹੀਦੀ ਹੈ।'' ਇਸ ਦੌਰਾਨ ਕੈਨੇਡਾ ਦੇ ਸਿੱਖਾਂ ਨੇ ਵੀ ਜਗਦੀਸ਼ ਟਾਈਟਲਰ ਸਬੰਧੀ ਫ਼ੈਸਲੇ 'ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਵਰਲਡ ਸਿੱਖ ਆਰਗਨਾਈਜੇਸ਼ਨ ਆਫ਼ ਕੈਨੇਡਾ ਨੇ ਫ਼ੈਸਲੇ 'ਤੇ ਨਿਰਾਸ਼ਾ ਦਾ ਪ੍ਰਗਟਾਵਾ ਕਰਦਿਆਂ ਕਿ ਭਾਰਤ ਦਾ ਕਾਨੂੰਨ ਇਕ ਵਾਰ ਫਿਰ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਵਿਚ ਨਾਕਾਮ ਰਿਹਾ। 1993 ਵਿਚ ਜੈਨ ਅਗਰਵਾਲ ਕਮੇਟੀ ਨੇ ਸਭ ਤੋਂ ਪਹਿਲਾਂ ਜਗਦੀਸ਼ ਟਾਈਟਲਰ ਵਿਰੁਧ ਮੁਕੱਦਮਾ ਚਲਾਉਣ ਦੀ ਸਿਫ਼ਾਰਸ਼ ਕੀਤੀ ਸੀ। ਇਸ ਤਰ੍ਹਾਂ ਦੀ ਸਿਫ਼ਾਰਸ਼ ਨਰੂਲਾ ਕਮਿਸ਼ਨ ਵਲੋਂ ਕੀਤੀ ਗਈ ਸੀ। ਸਿੱਖਾਂ ਨੇ ਦੋਸ਼ ਲਾਇਆ ਕਿ ਭਾਰਤੀ ਨਿਆਂਪਾਲਿਕਾ ਦੋਸ਼ੀਆਂ ਦਾ ਪੱਖ ਪੂਰ ਰਹੀ ਹੈ ਕਿਉਂਕਿ ਉਹ ਸੱਤਾਧਾਰੀ ਕਾਂਗਰਸ ਦੇ ਸੀਨੀਅਰ ਆਗੂ ਹਨ। ਯਾਦ ਰਹੇ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਨੇ 25 ਅਪ੍ਰੈਲ ਨੂੰ 'ਨਿਊਯਾਰਕ ਟਾਈਮਜ਼' ਵਿਚ ਪੋਲਗਰੀਨ ਦੇ ਲਿਖੇ ਉਸ ਲੇਖ ਦੀ ਪੁਸ਼ਟੀ ਕਰ ਦਿਤੀ ਜਿਸ ਵਿਚ ਕਿਹਾ ਗਿਆ ਸੀ ਕਿ ਇਨਸਾਫ਼ ਦਾ ਦਰ ਬੰਦ ਹੋਣ ਵਿਚ ਕੁਝ ਹੀ ਪਲ ਬਾਕੀ ਹਨ। ਵਰਲਡ ਸਿੱਖ



ਆਰਗੇਨਾਈਜ਼ੇਸ਼ਨ ਦੇ ਸਲਾਹਕਾਰ ਗਿਆਨ ਸਿੰਘ ਸੰਧੂ ਨੇ ਕਿਹਾ ਕਿ ਇਸ ਫ਼ੈਸਲੇ ਤੋਂ ਪਤਾ ਲਗਦਾ ਹੈ ਕਿ ਭਾਰਤੀ ਨਿਆਂਪਾਲਿਕਾ ਘੱਟ-ਗਿਣਤੀਆਂ ਦੇ ਹੱਕਾਂ ਦੀ ਰਾਖੀ ਨਹੀਂ ਕਰਦੀ।

ਯਾਦ ਰਹੇ ਬੀਤੇ ਦਿਨੀਂ ਜਗਦੀਸ਼ ਟਾਈਟਲਰ ਨੂੰ ਅਦਾਲਤ ਵਲੋਂ ਕਲੀਨ ਚਿੱਟ ਦਿੱਤੇ ਜਾਣ ਮਗਰੋਂ ਸੰਸਦ ਦੇ ਦੋਵਾਂ ਸਦਨਾਂ 'ਚ 1984 ਦੇ ਸਿੱਖ ਵਿਰੋਧੀ ਦੰਗਿਆਂ ਬਾਰੇ ਜ਼ਬਰਦਸਤ ਹੰਗਾਮਾ ਹੋਇਆ ਸੀ ਅਤੇ ਵਿਰੋਧੀ ਧਿਰ ਤੇ ਸੱਤਾਧਾਰੀ ਧਿਰ ਦੇ ਮੈਂਬਰਾਂ ਵਲੋਂ ਇਕ ਦੂਜੇ 'ਤੇ ਦੋਸ਼ ਅਤੇ ਜਵਾਬੀ ਦੋਸ਼ ਲਗਾਏ ਗਏ ਸਨ।

ਪੂਰੀ ਵਿਰੋਧੀ ਧਿਰ ਵਲੋਂ ਸਮਰਥਕ ਅਕਾਲੀ ਦਲ ਨੇ ਲੋਕ ਸਭਾ ਅਤੇ ਰਾਜ ਸਭਾ 'ਚ ਸਰਕਾਰ 'ਤੇ ਦੋਸ਼ ਲਗਾਇਆ ਸੀ ਕਿ ਉਹ 1984 ਦੇ ਦੰਗਿਆਂ ਦੇ ਦੋਸ਼ੀਆਂ ਖ਼ਿਲਾਫ਼ ਬਣਦੀ ਕਾਰਵਾਈ ਨਹੀਂ ਕਰ ਰਹੀ। ਸਰਕਾਰ ਨੇ ਪਲਟਵਾਰ ਕਰਦਿਆਂ ਦੋਸ਼ ਲਗਾਇਆ ਕਿ ਅਕਾਲੀ ਦਲ ਸਿਆਸੀ ਫਾਇਦੇ ਲਈ ਫ਼ਿਰਕੂ ਤਣਾਅ ਪੈਦਾ ਕਰਨਾ ਚਾਹੁੰਦਾ ਹੈ। ਲੋਕ ਸਭਾ 'ਚ ਇਹ ਮੁੱਦਾ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਅਤੇ ਰਾਜ ਸਭਾ 'ਚ ਸੁਖਦੇਵ ਸਿੰਘ ਢੀਂਡਸਾ ਨੇ ਉਠਾਇਆ ਸੀ। ਦੋਵਾਂ ਹੀ ਸਦਨਾਂ 'ਚ ਕਾਂਗਰਸੀ ਮੈਂਬਰਾਂ ਨੇ ਅਕਾਲੀ ਦਲ ਦੇ ਮੈਂਬਰਾਂ ਦੇ ਇਨ੍ਹਾਂ ਦੋਸ਼ਾਂ ਦਾ ਸਖ਼ਤ ਵਿਰੋਧ ਕੀਤਾ ਕਿ ਕਾਂਗਰਸੀ ਸਰਕਾਰਾਂ ਇਸ ਕਤਲੇਆਮ ਦੇ ਦੋਸ਼ੀਆਂ ਖ਼ਿਲਾਫ਼ ਕੇਵਲ ਦਿਖਾਵੇ ਦੀ ਕਾਰਵਾਈ ਕਰਦੀਆਂ ਆਈਆਂ ਹਨ। ਹਰਸਿਮਰਤ ਕੌਰ ਬਾਦਲ ਨੇ ਆਖਿਆ ਕਿ ਟਾਈਟਲਰ ਨੂੰ ਹਾਲ 'ਚ ਹੀ ਬਰੀ ਕਰ ਦਿੱਤਾ ਗਿਆ ਹੈ ਜਦਕਿ ਇਕ ਹੋਰ ਦੋਸ਼ੀ ਸੱਜਣ ਕੁਮਾਰ ਖ਼ਿਲਾਫ਼ ਮਾਮਲਾ ਵੀ ਉਚਿਤ ਢੰਗ ਨਾਲ ਅੱਗੇ ਨਹੀਂ ਵਧਾਇਆ ਜਾ ਰਿਹਾ। ਇਨ੍ਹਾਂ ਦੰਗਿਆਂ ਦੇ ਸੰਦਰਭ 'ਚ ਉਨ੍ਹਾਂ ਨੇ ਇੰਦਰ ਕੁਮਾਰ ਗੁਜਰਾਲ ਤੇ ਲੈਫ਼. ਜਨਰਲ ਜੇ ਐਸ ਅਰੋੜਾ ਦੇ ਤਜਰਬਿਆਂ ਦਾ ਵੀ ਜ਼ਿਕਰ ਕੀਤਾ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਨੇ ਹਰਸਿਮਰਤ ਬਾਦਲ ਦੇ ਦੋਸ਼ਾਂ ਨੂੰ ਖਾਰਜ ਕਰਦਿਆਂ ਤੇ ਅਕਾਲੀ ਦਲ ਦੀ ਆਲੋਚਨਾ ਕਰਦਿਆਂ ਆਖਿਆ ਕਿ ਜਦੋਂ ਪੰਜਾਬ ਦਹਿਸ਼ਤਵਾਦ ਦੀ ਅੱਗ 'ਚ ਝੁਲਸ ਰਿਹਾ ਸੀ, ਉਸ ਵੇਲੇ ਅਕਾਲੀ ਦਲ ਨੇ ਹੌਸਲਾ ਨਹੀਂ ਵਿਖਾਇਆ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਦੰਗਾ ਪੀੜ੍ਹਤਾਂ ਦੇ ਮੁੱਦੇ 'ਤੇ ਰਾਜਸੀ ਰੋਟੀਆਂ ਨਹੀਂ ਸੇਕਣੀਆਂ ਚਾਹੀਦੀਆਂ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਤੱਕ ਨੇ ਭਰੋਸਾ ਦਿੱਤਾ ਸੀ ਕਿ ਹਰੇਕ ਪੀੜ੍ਹਤ ਦੇ ਅੱਥਰੂ ਪੂੰਝਣ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਕਦੇ ਵੀ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਨਹੀਂ ਕਰੇਗੀ।

ਰਾਜ ਸਭਾ 'ਚ ਸੁਖਦੇਵ ਸਿੰਘ ਢੀਂਡਸਾ ਨੇ ਇਹ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਕਈ ਕਮੇਟੀਆਂ ਤੇ ਕਮਿਸ਼ਨਾਂ ਦੇ ਗਠਨ ਦੇ ਬਾਵਜੂਦ 26 ਸਾਲ ਬਾਅਦ ਵੀ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਨੂੰ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਭਾਜਪਾ ਤੇ ਅਕਾਲੀ ਦਲ ਦੇ ਮੈਂਬਰਾਂ ਤੇ ਆਜ਼ਾਦ ਤਰਲੋਚਨ ਸਿੰਘ ਨੇ ਸੰਸਦ ਵਿਚ ਨਾਅਰੇਬਾਜ਼ੀ ਕੀਤੀ।

## ਪੰਜਾਬ ਦੇ ਹਾਲਾਤ ਮੁੜ ਕੇ ਨਾ ਵਿਗਾੜੋ-ਬਿੱਟੂ

**ਚੰਡੀਗੜ੍ਹ :** ਪੰਜਾਬ ਕਾਂਗਰਸ ਨੇ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ





ਕੌਰ ਬਾਦਲ ਨੂੰ ਸਲਾਹ ਦਿੱਤੀ ਹੈ ਕਿ ਉਹ ਪੰਜਾਬ ਦੇ ਹਾਲਾਤ ਨੂੰ ਹੁਣ ਵਿਗਾੜਨ ਦੀ ਕੋਸ਼ਿਸ਼ ਨਾ ਕਰੇ ਕਿਉਂਕਿ ਪਹਿਲਾਂ ਹੀ ਅੱਤਵਾਦ ਦੇ ਦੌਰ ਵਿਚ ਪੰਜਾਬ ਦਾ ਭਾਰੀ ਨੁਕਸਾਨ ਹੋ ਚੁੱਕਾ ਹੈ। ਕਾਂਗਰਸੀ ਸੰਸਦ ਮੈਂਬਰ ਅਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਹਰਿਮਸਮਰਤ ਵਲੋਂ ਸੰਸਦ ਵਿਚ 1984 ਦੇ ਦੰਗਿਆਂ ਦਾ ਮਾਮਲਾ ਫਿਰ ਤੋਂ ਉਠਾਇਆ ਗਿਆ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਸੰਸਦ ਮੈਂਬਰ ਨੂੰ ਕਿਹਾ ਕਿ ਉਹ ਦੱਸੇ ਕਿ ਜਦੋਂ ਕੇਂਦਰ ਵਿਚ ਇੰਦਰ ਕੁਮਾਰ ਗੁਜਰਾਲ ਅਤੇ ਅਟਲ ਬਿਹਾਰੀ ਵਾਜਪਾਈ ਦੀਆਂ ਸਰਕਾਰਾਂ ਸਨ ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਵਲੋਂ 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਕਿਉਂ ਨਹੀਂ ਦਿਵਾਈ ਗਈ। ਉਸ ਸਮੇਂ ਤਾਂ ਭਾਜਪਾ ਹਮਾਇਤੀ ਸਰਕਾਰਾਂ ਸਨ। ਉਨ੍ਹਾਂ ਕਿਹਾ ਕਿ ਹੁਣ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਕਾਂਗਰਸ ਸਰਕਾਰ ਚੱਲ ਰਹੀ ਹੈ ਇਸ ਲਈ ਜਾਣਬੁਝ ਕੇ ਸਿਆਸਤ ਤੋਂ ਪ੍ਰੇਰਤ ਹੋ ਕੇ 1984 ਦੰਗਿਆਂ ਦਾ ਮਾਮਲਾ ਉਠਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਜ਼ਖ਼ਮਾਂ 'ਤੇ ਲੂਣ ਭੁੱਕਣ ਦੀ ਕੋਸ਼ਿਸ਼ ਨਾ ਕੀਤੀ ਜਾਵੇ ਕਿਉਂਕਿ ਇਸ ਨਾਲ ਹਾਲਾਤ ਵਿਗੜਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਭਾਵਨਾਵਾਂ ਦੀ ਕਦਰ ਕਾਂਗਰਸ ਨੂੰ ਨਾ ਹੁੰਦੀ ਤਾਂ ਸੋਨੀਆ ਗਾਂਧੀ ਵਲੋਂ ਲੋਕ ਸਭਾ ਚੋਣਾਂ ਵਿਚ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਦੀਆਂ ਟਿਕਟਾਂ ਨਾ ਕੱਟੀਆਂ ਜਾਂਦੀਆਂ। ਸ਼੍ਰੋਮਣੀ ਅਕਾਲੀ ਦਲ ਇਹ ਦੱਸੇ ਕਿ ਉਹ 1984 ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਹੁਣ ਤਕ ਕੀ ਕਰ ਰਿਹਾ ਸੀ।

# ਫੋਨ ਟੈਪ ਕਾਂਡ ਤੋਂ ਕਾਰਪੋਰੇਟ ਜਗਤ ਦੀ ਜੰਗ ਦਾ ਖੁਲਾਸਾ

**ਨਵੀਂ ਦਿੱਲੀ :** ਫੋਨ ਟੈਪਿੰਗ ਦੇ ਮਾਮਲੇ ਵਿਚ ਉਠੇ ਵਿਵਾਦ 'ਚ ਜੋ ਕੁਝ ਸਾਹਮਣੇ ਆ ਰਿਹਾ ਹੈ, ਉਸ ਨਾਲੋਂ ਕਿਤੇ ਜ਼ਿਆਦਾ ਗੱਲਾਂ ਅਜੇ ਪਰਦੇ ਦੇ ਪਿੱਛੇ ਹਨ। ਤੁਸੀਂ ਇਸ 'ਤੇ ਯਕੀਨ ਕਰੋ ਜਾਂ ਨਾ ਪਰ ਇਸ ਦੀਆਂ ਜੜ੍ਹਾਂ 'ਕਾਰਪੋਰਟ ਜੰਗ' ਨਾਲ ਜੁੜੀਆਂ ਹੋਈਆਂ ਹਨ। ਇਕ ਵਪਾਰਕ ਘਰਾਣਾ, ਜਿਸ ਕੋਲ ਕਈ ਸਾਬਕਾ ਪੁਲਸ ਅਧਿਕਾਰੀ 'ਪੇਰੋਲ' 'ਚ ਹਨ, ਖੁਫੀਆਂ ਤੰਤਰ ਤਕ ਆਪਣੀ ਪਹੁੰਚ ਬਣਾਉਣ ਵਿਚ ਸਫਲ ਰਿਹਾ ਹੈ ਤੇ ਉਸ ਦੀ ਇਸ ਵਿਵਾਦ ਨੂੰ ਉਭਾਰਨ 'ਚ ਵਿਸ਼ੇਸ਼ ਭੂਮਿਕਾ ਰਹੀ ਹੈ।

ਦੱਸਿਆ ਜਾਂਦਾ ਹੈ ਕਿ ਜਿਨ੍ਹਾਂ ਲਾਬਿੰਗ ਕਰਨ ਵਾਲਿਆਂ ਦੇ ਫੋਨ ਟੈਪ ਕੀਤੇ ਗਏ ਸਨ, ਉਹ ਉਪਰੋਕਤ ਘਰਾਣੇ ਦੀ ਮਜ਼ਬੂਤ ਵਿਰੋਧੀ ਕੰਪਨੀ ਲਈ ਕੰਮ ਕਰ ਰਹੇ ਸਨ। ਇਸ ਵਿਵਾਦ ਨੂੰ ਖੜ੍ਹਾ ਕਰਨ ਪਿੱਛੇ ਉਪਰੋਕਤ ਵਪਾਰਕ ਘਰਾਣੇ ਦੇ ਆਪਣੇ ਲੁਕੇ ਸਵਾਰਥ ਸਨ।

ਸੰਸਦ ਵਿਚ ਫੋਨ ਟੈਪਿੰਗ ਮਾਮਲੇ 'ਤੇ ਹੋਏ ਸ਼ੋਰ-ਸ਼ਰਾਬੇ ਦੇ ਬਾਵਜੂਦ 'ਨੋਏਸਿਸ ਕੰਸਲਟੈਂਸੀ' ਦੀ ਉਚ ਸੰਪਰਕਾਂ ਵਾਲੀ ਸੰਚਾਲਿਕਾ ਨੀਰਾ ਰਾਡੀਆ ਇਸ ਸਾਰੇ ਮਾਮਲੇ 'ਚੋਂ ਖੁਦ ਨੂੰ ਬਚਾਉਣ 'ਚ ਸਫਲ ਰਹੀ। ਦੱਸਿਆ ਜਾਂਦਾ ਹੈ ਕਿ ਰਾਡੀਆ ਦੀ ਕੰਸਲਟੈਂਸੀ ਫਰਮ ਦੇ ਮੁੱਖ ਗਾਹਕਾਂ 'ਚੋਂ ਘੱਟੋ ਘੱਟ ਇਕ ਇਸ ਗੱਲ ਦਾ ਦਾਅਵਾ ਤਾਂ ਕਰ ਹੀ ਸਕਦਾ ਹੈ ਕਿ ਉਹ ਸਰਕਾਰੀ ਤੰਤਰ ਵਿਚ ਆਪਣਾ 'ਵੀਟੋ' ਇਸਤੇਮਾਲ ਕਰਨ ਦਾ ਪ੍ਰਭਾਵ ਰੱਖਦੀ ਹੈ। ਦੱਸਿਆ ਜਾਂਦਾ ਹੈ ਕਿ ਮੁੰਬਈ ਵਿਚ ਸਥਿਤ ਇਸ ਸੰਸਥਾ ਦੀਆਂ ਜੜ੍ਹਾਂ ਕਾਫੀ ਡੂੰਘੀਆਂ ਹਨ। ਫੋਨ ਟੈਪਿੰਗ ਵਿਵਾਦ ਨੂੰ ਸਹੀ ਢੰਗ ਨਾਲ ਸਮਝਣ ਲਈ ਜ਼ਰੂਰੀ ਹੈ ਕਿ ਕਾਰੋਪੋਰੇਟ ਵਰਤਾਰੇ ਨੂੰ ਸਮਝਿਆ ਜਾਵੇ। ਉਦਾਰੀਕਰਨ ਦੇ ਦੌਰ ਤੋਂ ਬਾਅਦ ਹਰੇਕ ਵੱਡੇ ਉਦਯੋਗਿਕ ਅਤੇ ਵਪਾਰਕ ਘਰਾਣੇ ਵਲੋਂ ਕੌਮੀ ਰਾਜਧਾਨੀ ਵਿਚ ਉੱਚ ਪੱਧਰ ਦੀ ਲਾਬਿੰਗ ਦਾ ਪ੍ਰਬੰਧ ਕੀਤਾ ਗਿਆ ਹੈ ਤੇ ਉਨ੍ਹਾਂ ਲਈ ਉਚ ਸੰਪਰਕਾਂ ਵਾਲੇ ਲੋਕਾਂ ਜਾਂ ਫਰਮਾਂ ਵਲੋਂ ਕੰਮ ਕੀਤਾ ਜਾ ਰਿਹਾ ਹੈ। ਇਹ ਕੰਮ ਪਹਿਲਾਂ ਉਨ੍ਹਾਂ ਕੁਝ ਵੱਡੇ ਅਧਿਕਾਰੀਆਂ ਤੇ ਸਿਆਸਤਦਾਨਾਂ ਵਲੋਂ ਕੀਤਾ ਜਾਂਦਾ ਸੀ, ਜਿਨ੍ਹਾਂ ਨੂੰ ਕਾਰਪੋਰੇਟ ਘਰਾਣੇ ਆਪਣੇ ਕੋਲ 'ਅਸਿੱਧੇ ਪੇਰੋਲ' 'ਤੇ ਰੱਖ ਲੈਂਦੇ ਸਨ। ਪਰ ਹੁਣ ਇਹ ਕੰਮ ਸੰਗਠਿਤ ਤੇ ਪ੍ਰੋਫੈਸ਼ਨਲ ਸੰਸਥਾਵਾਂ ਦੇ ਜ਼ਰੀਏ ਕਰਵਾਇਆ ਜਾਂਦਾ ਹੈ। ਇਸੇ ਕੰਮ ਵਿਚ ਲੱਗੇ ਹੋਰ ਲੋਕ ਵੀ ਕਾਫੀ ਚੰਗਾ ਕਾਰੋਬਾਰ ਕਰ ਰਹੇ ਹਨ। ਇਹ ਪ੍ਰੋਫੈਸ਼ਨਲ ਸੰਪਰਕ ਸੂਤਰ ਰਾਜਨੇਤਾਵਾਂ, ਨੌਕਰਸ਼ਾਹਾਂ ਅਤੇ ਮੀਡੀਆ ਵਾਲਿਆਂ ਨਾਲ ਆਮ ਤੌਰ 'ਤੇ ਖਾਂਦੇ ਪੀਂਦੇ ਹਨ ਅਤੇ ਆਪਣੇ 'ਕਲਾਇੰਟ' ਦੇ ਪੱਖ ਵਿਚ ਅਤੇ ਉਸ ਦੇ ਵਿਰੋਧੀਆਂ ਦੇ ਵਿਰੋਧ ਵਿਚ ਮੀਡੀਆ ਵਿਚ ਖਬਰਾਂ ਛਪਵਾਉਣ ਜਾਂ ਪ੍ਰਸਾਰਿਤ ਕਰਨ ਦਾ ਜੁਗਾੜ ਕਰਦੇ ਰਹਿੰਦੇ ਹਨ। ਦੱਸਿਆਂ ਜਾਂਦਾ ਹੈ ਕਿ ਇਕ ਸਾਬਕਾ ਪੱਤਰਕਾਰ, ਜੋ ਹੁਣ ਇਸੇ ਤਰ੍ਹਾਂ ਦੇ 'ਸੰਪਰਕ ਸੂਤਰ' ਦਾ ਕੰਮ ਕਰਦਾ ਹੈ, ਇਨ੍ਹੀਂ ਦਿਨੀਂ ਕਾਫੀ ਚੰਗਾ ਕਾਰੋਬਾਰ ਕਰ ਰਿਹਾ ਹੈ ਪਰ ਜਿੱਥੋਂ ਤਕ ਨੀਰਾ ਰਾਡੀਆ ਦਾ ਸਵਾਲ ਹੈ, ਉਨ੍ਹਾਂ ਦੇ ਉੱਚ ਵਪਾਰਕ ਘਰਾਣਿਆਂ ਤੇ ਉੱਚ ਪੱਧਰ ਦੇ ਸਿਆਸਤਦਾਨਾਂ ਨਾਲ ਚੰਗੇ ਦੋਸਤਾਨਾ ਸੰਬੰਧ ਹਨ।

ਉਨ੍ਹਾਂ ਨੇ ਆਪਣੇ ਅਦਾਰੇ 'ਚ ਸਰਕਾਰੀ ਸਰਵਿਸ ਤੋਂ ਰਿਟਾਇਰ ਹੋਏ ਸਕੱਤਰ ਪੱਧਰ ਦੇ ਕਈ ਸਾਬਕਾ ਅਧਿਕਾਰੀਆਂ ਨੂੰ ਸਲਾਹਕਾਰ ਵਜੋਂ ਰੱਖਿਆ ਹੋਇਆ ਹੈ। ਉਨ੍ਹਾਂ ਦਾ ਆਪਣਾ ਨੈਟਵਰਕ ਕਿੰਨਾ ਮਜ਼ਬੂਤ ਤੇ ਵਿਸ਼ਾਲ ਹੈ, ਇਸ ਦਾ ਪਤਾ ਉਨ੍ਹਾਂ ਦੇ ਫੋਨ ਟੈਪਿੰਗ ਤੋਂ ਲੱਗਾ ਹੈ। ਡਾਇਰੈਕਟਰ ਜਨਰਲ ਆਫ ਇਨਕਮ ਟੈਕਸ (ਇਨਵੈਸਟੀਗੇਸ਼ਨ) ਨਵੀਂ ਦਿੱਲੀ ਵਲੋਂ ਜੂਨ-ਜੁਲਾਈ 2009 ਦੀ ਜੋ 'ਇੰਟਰਨਲ ਇਵੈਲੂਏਸ਼ਨ' ਰਿਪੋਰਟ ਜਾਰੀ ਕੀਤੀ ਗਈ ਹੈ, ਉਹ ਆਪਣੇ-ਆਪ ਹੀ ਕਈ ਤੱਥਾਂ ਨੂੰ ਜ਼ਾਹਿਰ ਕਰ ਦਿੰਦੀ ਹੈ। ਇਥੇ ਪੇਸ਼ ਹਨ ਇਸ ਦੇ ਕੁਝ ਅੰਸ਼ ''ਇਸ ਮਹੀਨੇ ਜਿਨ੍ਹਾਂ 9 ਲਾਈਨਾਂ 'ਤੇ ਨਜ਼ਰ ਰੱਖੀ ਗਈ ਸੀ, ਉਹ 2 ਵੱਖ-ਵੱਖ ਗਰੁੱਪਾਂ ਦੀਆਂ ਹਨ। ਪਹਿਲਾ ਗਰੁੱਪ ਇਕ ਪੀ.ਆਰ.ਏਜੰਸੀ ਦਾ ਹੈ ਤੇ ਉਸਦੀਆਂ 6 ਲਾਈਨਾਂ 'ਤੇ 10 ਜੁਲਾਈ ਤੱਕ ਲਗਾਤਾਰ ਇਕ ਸਾਲ ਨਜ਼ਰ ਰੱਖੀ ਗਈ। ਇਸ ਦੌਰਾਨ ਸੰਬੰਧਿਤ ਟੀਚੇ ਅਤੇ ਹੋਰਨਾਂ ਸੰਬੰਧਿਤ ਧਿਰਾਂ ਦਰਮਿਆਨ ਹੋਈ ਗੱਲਬਾਤ ਤੋਂ 'ਮਨੀ ਲਾਂਡਰਿੰਗ', ਰਿਸ਼ਤਿਆਂ ਦੇ ਆਦਾਨ-ਪ੍ਰਦਾਨ, ਟੈਲੀਕਾਮ ਤੇ ਬਿਜਲੀ ਪ੍ਰਾਜੈਕਟ ਦੀ ਪ੍ਰਾਪਤੀ ਲਈ ਸੰਪਰਕ ਕਰਨ ਦਾ ਪਤਾ ਲੱਗਾ। ਇਸ ਗੱਲਬਾਤ ਤੋਂ ਟੈਲੀਕਾਮ, ਪੈਟਰੋਲੀਅਮ, ਮੀਡੀਆ ਆਦਿ ਖੇਤਰਾਂ ਵਿਚ ਵੀ ਵਿਦੇਸ਼ਾਂ 'ਚ (ਕ੍ਰਾਸ ਬਾਰਡਰ) ਲੈਣ-ਦੇਣ ਦੇ ਸੰਕੇਤ ਮਿਲੇ ਹਨ।'' ''ਦੂਜੇ ਗਰੁੱਪ ਵਿਚ 3 ਨੰਬਰ ਹਨ। ਇਸ ਗਰੁੱਪ ਵਿਚ ਕੀਤੀਆਂ ਗਈਆਂ ਟੈਲੀਫੋਨ ਕਾਲਾਂ ਤੋਂ ਅਜਿਹਾ ਲੱਗਦਾ ਹੈ ਕਿ ਉਹ ਕਰੋੜਾਂ ਰੁਪਏ ਦੇ ਲੈਣ-ਦੇਣ ਨਾਲ ਸੰਬੰਧਿਤ ਹਨ, ਜਿਨ੍ਹਾਂ 'ਚ ਵਿਦੇਸ਼ੀ ਬੈਂਕ ਖਾਤਿਆਂ ਅਤੇ ਨਾਜਾਇਜ਼ ਕੌਮਾਂਤਰੀ ਤਰੀਕਿਆਂ ਨਾਲ ਧਨ ਦੀ ਹਵਾਲਗੀ ਹੋਈ ਹੈ। ਇਨ੍ਹਾਂ 'ਚੋਂ ਕੁਝ ਕਾਲਾਂ ਕ੍ਰਿਕਟ 'ਤੇ ਸੱਟੇ ਨਾਲ ਵੀ ਸੰਬੰਧਿਤ ਹਨ।''

# ਨਕਸਲੀਆਂ ਨੂੰ ਹਥਿਆਰ ਵੇਚਣ ਵਾਲੇ ਜਵਾਨ ਕਾਬੂ

**ਲਖਨਊ :** ਪਾਕਿਸਤਾਨ 'ਚ ਜਾਸੂਸੀ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੀ ਗਈ ਮਾਧੁਰੀ ਗੁਪਤਾ ਦਾ ਮਾਮਲਾ ਅਜੇ ਠੰਡਾ ਨਹੀਂ ਪਿਆ ਸੀ ਕਿ ਇਕ ਹੋਰ ਹੈਰਾਨੀਜਨਕ ਖ਼ੁਲਾਸੇ ਨੇ ਦੇਸ਼ ਦੀਆਂ ਰੱਖਿਆ ਸੇਵਾਵਾਂ ਦੀ ਕਾਰਗੁਜ਼ਾਰੀ ਨੂੰ ਸ਼ੱਕ ਦੇ ਘੇਰੇ 'ਚ ਲੈ ਆਂਦਾ ਹੈ। ਦਿਲ ਨੂੰ ਟੁੰਬਣ ਵਾਲੀ ਇਕ ਘਟਨਾ ਤਹਿਤ ਸੀ ਆਰ ਪੀ ਐਫ ਦੇ 2 ਤੇ ਪੁਲਿਸ ਦੇ ਤਿੰਨ ਜਵਾਨਾਂ ਸਮੇਤ 6 ਵਿਅਕਤੀ ਨਕਸਲੀਆਂ ਨੂੰ ਹਥਿਆਰ ਵੇਚਣ ਦੇ ਦੋਸ਼ ਹੇਠ ਉਤਰ ਪ੍ਰਦੇਸ਼ ਪੁਲਿਸ ਦੇ ਵਿਸ਼ੇਸ਼ ਕਾਰਵਾਈ ਦਸਤੇ (ਐਸ ਟੀ ਐਫ) ਵਲੋਂ ਕਾਬੂ ਕੀਤੇ ਗਏ ਹਨ। ਸੀ ਆਰ ਪੀ ਐਫ ਜਵਾਨਾਂ ਦਾ ਇਸ ਕਾਂਡ 'ਚ ਨਾਂ ਆਉਣਾ ਇਕ ਤਰ੍ਹਾਂ ਨਾਲ ਉਨ੍ਹਾਂ ਦੀ ਦੇਸ਼ ਨਾਲ ਵੱਡੀ ਗ਼ੱਦਾਰੀ ਮੰਨਿਆ ਜਾ ਰਿਹਾ ਹੈ।

ਦੂਜੇ ਪਾਸੇ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਇਸ ਮਾਮਲੇ 'ਚ ਵੱਡੇ ਗਿਰੋਹ ਦਾ ਭਾਂਡਾ ਭੰਨਿਆ ਹੈ। ਉਤਰ ਪ੍ਰਦੇਸ਼ ਪੁਲਿਸ ਦੇ ਏ ਡੀ ਜੀ ਪੀ ਬ੍ਰਿਜ ਲਾਲ ਨੇ ਦੱਸਿਆ ਕਿ ਵਿਸ਼ੇਸ਼ ਕਾਰਵਾਈ ਦਸਤੇ ਵਲੋਂ ਉਤਰ ਪ੍ਰਦੇਸ਼ ਦੇ ਮੁਰਾਦਾਬਾਦ, ਰਾਮਪੁਰ ਤੇ ਝਾਂਸੀ ਸਥਿਤ ਸੀ ਆਰ ਪੀ ਐਫ਼ ਦੇ ਤਿੰਨ ਹੈਡਕੁਆਟਰਾਂ 'ਤੇ ਕੀਤੀ ਗਈ ਛਾਪਾਮਾਰੀ ਤਹਿਤ ਇਨ੍ਹਾਂ ਜਵਾਨਾਂ ਨੂੰ ਕਾਬੂ ਕੀਤਾ ਗਿਆ ਹੈ, ਜਦਕਿ ਇਨ੍ਹਾਂ ਵਿਚ ਇਕ ਸੀ



ਆਰ ਪੀ ਐਫ ਦਾ ਸੇਵਾ ਮੁਕਤ ਅਧਿਕਾਰੀ ਯਸ਼ੋਧਾ ਨੰਦਨ ਸਿੰਘ ਸ਼ਾਮਿਲ ਹੈ।

ਸ੍ਰੀ ਲਾਲ ਨੇ ਦੱਸਿਆ ਕਿ ਨਕਸਲੀਆਂ ਨੂੰ ਹਥਿਆਰ ਸਪਲਾਈ ਕਰਨ ਵਾਲਿਆਂ ਦਾ ਨੈਟਵਰਕ ਬਹੁਤ ਵੱਡਾ ਹੈ ਅਤੇ ਸਾਨੂੰ ਸੂਚਨਾ ਮਿਲੀ ਸੀ ਕਿ ਪਿਛਲੇ ਛੇ ਮਹੀਨਿਆਂ ਤੋਂ ਸੂਬੇ 'ਚ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਫੜੇ ਗਏ ਵਿਅਕਤੀਆਂ ਤੋਂ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਸ੍ਰੀ ਲਾਲ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਇਸ ਮਾਮਲੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਐਸ ਟੀ ਐਫ਼ ਦੇ ਐਸ ਐਸ ਪੀ ਨਵੀਨ ਅਰੋੜਾ ਏ ਐਸ ਪੀ ਸਤਿੰਦਰ ਸਿੰਘ ਦੀ ਅਗਵਾਈ 'ਚ ਇਕ ਟੀਮ ਬਣਾਈ ਗਈ ਸੀ। ਇਸ ਟੀਮ ਨੇ ਮੁਰਾਦਾਬਾਦ, ਰਾਮਪੁਰ ਤੇ ਝਾਂਸੀ ਦੇ ਸੀ ਆਰ ਪੀ ਐਫ ਹੈਡਕੁਆਟਰਾਂ ਦੀ ਪੂਰੀ ਪੜਤਾਲ ਕੀਤੀ ਅਤੇ ਉਥੋਂ ਵਿਨੋਦ ਪਾਸਵਾਨ ਤੇ ਦਿਨੇਸ਼ ਸਿੰਘ ਨਾਂ ਦੇ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਯਸ਼ੋਧਾ ਨੰਦਨ ਸਿੰਘ ਨਾਂ ਦਾ ਵਿਅਕਤੀ ਜੋ ਇਸ ਮਾਮਲੇ 'ਚ ਮਾਸਟਰ ਮਾਈਂਡ ਹੈ, ਵੱਖ-ਵੱਖ ਸੀ ਆਰ ਪੀ ਐਫ ਹੈਡਕੁਆਟਰਾਂ 'ਤੇ ਅਕਸਰ ਵੇਖਿਆ ਜਾਂਦਾ ਸੀ। ਇਹ ਵਿਅਕਤੀ ਇਨ੍ਹਾਂ ਹੈਡੁਕਆਟਰਾਂ ਤੋਂ ਖਾਲੀ ਗੋਲੀਆਂ ਦੇ ਸ਼ੈਲ ਖ਼ਰੀਦ ਕੇ ਇਨ੍ਹਾਂ ਨੂੰ ਜ਼ਿੰਦਾ ਕਾਰਤੂਸਾਂ 'ਚ ਤਬਦੀਲ ਕਰ ਦਿੰਦਾ ਸੀ। ਸ੍ਰੀ ਲਾਲ ਨੇ ਦੱਸਿਆ ਕਿ ਗ੍ਰਿਫ਼ਤਾਰ ਵਿਅਕਤੀਆਂ ਤੋਂ 5 ਹਜ਼ਾਰ ਜ਼ਿੰਦਾ ਕਾਰਤੂਸ, 16 ਆਈ ਐਨ ਐਸ ਏ ਐਸ ਰਾਈਫ਼ਲ ਦੀਆਂ ਮੈਗਜ਼ੀਨਾਂ, 25 ਬੋਰ ਬੰਦੂਕਾਂ, 245 ਕਿਲੋ ਖਾਲੀ ਸੈਲ ਤੋਂ ਇਲਾਵਾ ਮੋਬਾਇਲ ਫ਼ੋਨ ਤੇ ਨਕਦੀ ਬਰਾਮਦ ਕੀਤੀ ਗਈ ਹੈ। ਸੀ ਆਰ ਪੀ ਐਫ ਨੇ ਮਾਮਲੇ 'ਚ ਨਾਂ ਸਾਹਮਣੇ ਆਉਣ ਤੋਂ ਬਾਅਦ ਇਨ੍ਹਾਂ ਜਵਾਨਾਂ ਨੂੰ ਮੁਅੱਤਲ ਕਰਕੇ ਕੋਰਟ ਆਫ਼ ਇਨਕੁਆਰੀ ਦੇ ਹੁਕਮ ਦੇ ਦਿੱਤੇ ਹਨ।

# ਮੇਰੇ ਬਿਆਨਾਂ 'ਚ ਕੋਈ ਫ਼ਰਕ ਨਹੀਂ -ਅੰਜੂ

**ਰਾਏਬਰੇਲੀ:** ਬਾਬਰੀ ਮਸਜਿਦ ਢਾਹੁਣ ਸਮੇਂ ਸੀਨੀਅਰ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਨਿੱਜੀ ਸੁਰੱਖਿਆ ਅਧਿਕਾਰੀ ਰਹੀ ਅੰਜੂ ਗੁਪਤਾ ਨੇ ਬਾਬਰੀ ਕਾਂਡ ਦੀ ਸੁਣਵਾਈ ਕਰ ਰਹੀ ਵਿਸ਼ੇਸ਼ ਅਦਾਲਤ 'ਚ ਕਿਹਾ ਕਿ ਉਨ੍ਹਾਂ ਦੇ 26 ਮਾਰਚ ਨੂੰ ਦਿੱਤੇ ਅਦਾਲਤੀ ਬਿਆਨ 'ਤੇ ਸੀ ਬੀ-ਸੀ ਆਈ ਡੀ ਸਾਹਮਣੇ ਦਰਜ ਕਰਾਏ ਬਿਆਨ 'ਚ ਕੋਈ ਫ਼ਰਕ ਨਹੀਂ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੂੰ ਕਾਰ ਸੇਵਕਾਂ ਦੇ ਇਥੇ ਪਹੁੰਚਣ ਦੀ ਅਗਾਊਂ ਜਾਣਕਾਰੀ ਹੋਣ ਦੇ ਨਾਲ-ਨਾਲ ਆਈ ਐਸ ਆਈ ਸਮਰਥਕਾਂ ਦੀ ਇੱਥੇ ਹੋਣ ਦੀ ਖ਼ਬਰ ਵੀ ਸੀ।

ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਗੁਲਾਬ ਸਿੰਘ ਦੀ ਅਦਾਲਤ 'ਚ ਬਚਾਅ ਪੱਖ ਦੇ ਵਕੀਲ ਹਰੀਦੱਤ ਸ਼ਰਮਾ ਨੇ ਅੰਜੂ ਗੁਪਤਾ ਨਾਲ ਦੁਬਾਰਾ ਜ਼ਿਰ੍ਹਾ ਸ਼ੁਰੂ ਕੀਤੀ। ਜ਼ਿਰ੍ਹਾ ਦੌਰਾਨ ਅੰਜੂ ਗੁਪਤਾ ਨੇ ਕਿਹਾ ਕਿ ਮੈਂ ਸੀ ਸੀ ਆਈ ਡੀ ਨੂੰ ਧਾਰਾ 161 ਤਹਿਤ ਦਰਜ ਕਰਵਾਏ ਆਪਣੇ ਪਹਿਲੇ ਬਿਆਨ 'ਚ ਹਰ ਗੱਲ ਦਾ ਜ਼ਿਕਰ ਕੀਤਾ ਸੀ। ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ 23 ਅਪ੍ਰੈਲ ਨੂੰ ਵੀ ਸ੍ਰੀ ਸ਼ਰਮਾ ਨੇ ਅੰਜੂ ਤੋਂ ਲਗਭਗ ਤਿੰਨ ਘੰਟੇ ਜ਼ਿਰ੍ਹਾ ਕੀਤੀ ਸੀ ਪਰ ਉਸ ਦਿਨ ਜ਼ਿਰ੍ਹਾ ਪੂਰੀ ਨਾ ਹੋਣ ਕਾਰਨ ਮਾਮਲੇ ਦੀ ਸੁਣਵਾਈ ਲਈ ਵੀਰਵਾਰ ਦੀ ਮਿਤੀ ਤੈਅ ਕੀਤੀ ਗਈ ਸੀ।

ਬਾਬਰੀ ਮਸਜਿਦ ਮਾਮਲੇ 'ਚ ਨੌਵੇਂ ਗਵਾਹ ਵਜੋਂ ਪੇਸ਼ ਹੋਈ ਅੰਜੂ ਤੋਂ ਵਕੀਲਾਂ ਨੇ ਸੀ ਬੀ-ਸੀ ਆਈ ਡੀ ਨੂੰ ਦਿੱਤੇ ਬਿਆਨ ਬਾਰੇ ਵੀ ਕੁਝ ਸਵਾਲ ਪੁੱਛੇ। ਉਨ੍ਹਾਂ ਦੇ ਪਹਿਲੇ ਤੇ ਹੁਣ ਦੇ ਬਿਆਨ 'ਚ ਫ਼ਰਕ ਹੋਣ ਦਾ ਮਾਮਲਾ ਉਠਾਉਣ ਵਾਲੇ ਅਧਿਕਾਰੀਆਂ ਨੂੰ ਅੰਜੂ ਨੇ ਮੋੜਵਾਂ ਜਵਾਬ ਦਿੱਤਾ।

# ਭਾਰਤੀ ਮਹਿਲਾ ਡਿਪਲੋਮੈਟ ਮਾਧੁਰੀ ਜਾਸੂਸੀ ਦੇ ਦੋਸ਼ ਵਿਚ ਗ੍ਰਿਫ਼ਤਾਰ

**ਨਵੀਂ ਦਿੱਲੀ:** ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਵਾਸਤੇ ਜਾਸੂਸੀ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਮਹਿਲਾ ਡਿਪਲੋਮੈਟ ਮਾਧੁਰੀ ਗੁਪਤਾ ਨੂੰ ਬੀਤੀ 1 ਮਈ ਨੂੰ ਇਕ ਸਥਾਨਕ ਅਦਾਲਤ ਨੇ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ। ਚੀਫ਼ ਮੈਟਰੋਪੋਲੀਟਨ ਮੈਜਿਸਟਰੇਟ ਕਾਵੇਰੀ ਬਾਵੇਜਾ ਨੇ ਦਿੱਲੀ ਪੁਲਿਸ ਦੀ ਵਿਸ਼ੇਸ਼ ਸ਼ਾਖਾ ਨੂੰ ਆਖਿਆ ਕਿ 53 ਸਾਲਾ ਮਾਧੁਰੀ ਗੁਪਤਾ ਨੂੰ 15 ਮਈ ਨੂੰ ਮੁੜ ਅਦਾਲਤ 'ਚ ਪੇਸ਼ ਕੀਤਾ ਜਾਵੇ।

ਪੁਲਿਸ ਦੇ ਇਕ ਸੂਤਰ ਨੇ ਦੱਸਿਆ ਕਿ ਅਸੀਂ ਉਨ੍ਹਾਂ ਦਾ ਪੁਲਿਸ ਰਿਮਾਂਡ ਵਧਾਉਣਾ ਚਾਹੁੰਦੇ ਸੀ, ਕਿਉਂਕਿ ਉਹ ਸਾਨੂੰ ਕਈ ਅਹਿਮ ਜਾਣਕਾਰੀਆਂ ਅਤੇ ਸੁਰਾਗ ਨਹੀਂ ਦੇ ਰਹੀ। ਮਾਧੁਰੀ ਦੇ ਵਕੀਲ ਜਗਮੋਹਨ ਦਹੀਆ ਨੇ ਦੱਸਿਆ ਕਿ ਪੁਲਿਸ ਉਨ੍ਹਾਂ ਦੀ ਮੁਵੱਕਲ ਨੂੰ ਦੋ ਦਿਨ ਹੋਰ ਹਿਰਾਸਤ 'ਚ ਰੱਖਣਾ ਚਾਹੁੰਦੀ ਸੀ, ਜਿਸ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ। ਮਾਧੁਰੀ ਨੂੰ ਪਾਕਿਸਤਾਨ ਨੂੰ ਖ਼ੁਫ਼ੀਆ ਜਾਣਕਾਰੀ ਮੁਹੱਈਆ ਕਰਵਾਉਣ ਦੇ ਦੋਸ਼ 'ਚ ਬੀਤੀ 27 ਅਪ੍ਰੈਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਉਸੇ ਦਿਨ ਤੋਂ ਪੁਲਿਸ ਹਿਰਾਸਤ ਵਿਚ ਸੀ।

ਉਧਰ ਮਾਧੁਰੀ ਨੇ ਪੈਂਤੜਾ ਬਦਲਦਿਆਂ ਅਦਾਲਤ 'ਚ ਆਖਿਆ ਕਿ ਉਸ ਨੂੰ ਫਸਾਇਆ ਗਿਆ ਹੈ। ਇਕ ਪੁਲਿਸ ਅਧਿਕਾਰੀ ਅਨੁਸਾਰ ਮਾਧੁਰੀ ਨੇ ਆਖਿਆ ਕਿ ਉਹ ਕੋਈ ਸੀਨੀਅਰ ਅਧਿਕਾਰੀ ਨਹੀਂ ਹੈ ਅਤੇ ਪਾਕਿਸਤਾਨ ਦੇ ਆਪਣੇ ਸੰਪਰਕ ਸੂਤਰਾਂ ਨੂੰ ਸੰਵੇਦਨਸ਼ੀਲ ਸੂਚਨਾਵਾਂ ਨਹੀਂ ਭੇਜ ਸਕਦੀ। ਉਹ ਪਾਕਿਸਤਾਨ ਵਿਚ ਭਾਰਤ ਹਾਈ ਕਮਿਸ਼ਨ 'ਚ ਨਿਯੁਕਤ ਸੀ।

ਪਾਕਿਸਤਾਨੀ ਜਾਸੂਸ ਹੋਣ ਦੇ ਦੋਸ਼ ਵਿਚ ਭਾਰਤੀ ਕੂਟਨੀਤਕ ਮਾਧੁਰੀ ਗੁਪਤਾ ਦੀ ਗ੍ਰਿਫ਼ਤਾਰੀ ਨਾਲ ਭਾਰਤੀ ਮਿਸ਼ਨ ਵਿਚ ਪਾਕਿਸਤਾਨੀ ਘੁਸਪੈਠ ਦੀ ਗੱਲ ਤਾਂ ਸਾਬਤ ਹੋ ਗਈ ਹੈ, ਪਰ ਇਸ ਤੋਂ ਬਾਅਦ ਜੋ ਹੋਰ ਰਾਜ਼ ਖੁੱਲ੍ਹਣ ਦੇ ਸੰਕੇਤ ਮਿਲ ਰਹੇ ਹਨ, ਉਹ ਹੋਰ ਵੀ ਭਿਆਨਕ ਹਨ। ਅਜਿਹੇ ਸੰਕੇਤ ਮਿਲ ਰਹੇ ਹਨ ਕਿ ਪਾਕਿਸਤਾਨ ਨੇ ਭਾਰਤੀ ਫੌਜ ਅਤੇ ਖ਼ੁਫ਼ੀਆ ਏਜੰਸੀ ਵਿਚ ਵੀ ਸੰਨ੍ਹ ਲਗਾ ਲਈ ਹੈ।

ਫੌਜ 'ਚ ਉਚਾ ਅਹੁਦਾ ਰੱਖਣ ਵਾਲੇ ਇਕ ਅਧਿਕਾਰੀ ਅਤੇ ਦੇਸ਼ ਦੇ ਬਾਹਰ ਖ਼ੁਫ਼ੀਆਗਿਰੀ ਕਰਨ ਵਾਲੀ ਏਜੰਸੀ ਦਾ ਇਕ ਅਧਿਕਾਰੀ ਸ਼ੱਕ ਦੇ ਘੇਰੇ 'ਚ ਹੈ। ਇਨ੍ਹਾਂ ਦੇ ਮਾਧੁਰੀ ਨਾਲ ਮਿਲੇ ਹੋਣ ਦਾ ਸ਼ੱਕ ਹੈ। ਸੱਚਾਈ ਪਤਾ ਲਗਾਉਣ ਲਈ ਸੁਰੱਖਿਆ ਏਜੰਸੀਆਂ ਇਨ੍ਹਾਂ 'ਤੇ ਨਜ਼ਰ ਰੱਖ ਰਹੀਆਂ ਹਨ। ਆਈ ਐਫ਼ ਐਸ-ਬੀ ਦੀ ਅਧਿਕਾਰੀ ਮਾਧੁਰੀ ਨੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਨੂੰ ਭਾਰਤ ਨਾਲ ਜੁੜੀਆਂ ਕਿਹੜੀਆਂ-ਕਿਹੜੀਆਂ ਜਾਣਕਾਰੀਆਂ ਦਿੱਤੀਆਂ ਹਨ, ਇਸ ਦਾ ਪਤਾ ਲਗਾਉਣ ਲਈ ਉਸ ਤੋਂ ਪੁੱਛਗਿੱਛ ਕੀਤੀ ਗਈ। ਇਸ ਪੁੱਛਗਿੱਛ ਅਤੇ ਸੁਰੱਖਿਆ ਏਜੰਸੀਆਂ ਦੀ ਨਿਗਰਾਨੀ ਦੇ ਆਧਾਰ 'ਤੇ ਜੰਮੂ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ 'ਚ ਰਹਿਣ ਵਾਲੇ ਇਕ ਜੋੜੇ ਵਲ ਸ਼ੱਕ ਦੀ ਸੂਈ ਘੁੰਮ ਰਹੀ ਹੈ। ਇਹ ਪਤੀ-ਪਤਨੀ ਈਮੇਲ ਅਤੇ ਫੋਨ ਰਾਹੀਂ ਲਗਾਤਾਰ ਮਾਧੁਰੀ ਦੇ ਸੰਪਰਕ 'ਚ ਰਹੇ ਹਨ। ਪਤਨੀ ਤਾਂ ਕਈ ਵਾਰ ਪਾਕਿਸਤਾਨ ਵੀ ਹੋ ਆਈ ਹੈ। ਉਚ ਪੱਧਰੀ ਸੂਤਰ ਇਹ ਵੀ ਦੱਸ ਰਹੇ ਹਨ ਕਿ ਮਾਧੁਰੀ ਨਾਲ ਸੰਪਰਕ ਰੱਖਣ ਵਾਲੇ ਇਸ ਜੋੜੇ ਦੇ ਫੌਜ ਦੇ ਇਕ ਵੱਡੇ ਅਫ਼ਸਰ ਨਾਲ ਸਬੰਧ ਸਾਹਮਣੇ ਆ ਰਹੇ ਹਨ। 'ਈਮੇਲ ਰਾਹੀਂ ਹੋਈ ਗੱਲਬਾਤ ਦੇ ਕੁਝ ਅੰਸ਼ ਜਾਂਚ ਅਧਿਕਾਰੀਆਂ ਕੋਲ ਮੌਜੂਦ ਹਨ। ਦਿੱਲੀ ਪੁਲਿਸ ਦੀ ਵਿਸ਼ੇਸ਼ ਸ਼ਾਖਾ ਵਿਚ ਮਾਧੁਰੀ ਤੋਂ ਹੋਰ ਚੀਜ਼ਾਂ ਜਾਨਣ ਦੀ ਕੋਸ਼ਿਸ਼ ਚੱਲ ਰਹੀ ਹੈ। ਜਾਂਚ ਅਧਿਕਾਰੀ ਦੇਸ਼ ਤੋਂ ਬਾਹਰੋਂ ਖ਼ੁਫ਼ੀਆ ਗਿਰੀ ਕਰਨ ਵਾਲੀ ਏਜੰਸੀ ਦੇ ਇਕ ਅਧਿਕਾਰੀ ਦੀ ਭੂਮਿਕਾ ਦੀ ਵੀ ਜਾਂਚ ਰਹੇ ਹਨ। ਅਧਿਕਾਰੀ ਰਾਣਾ ਨਾਂ ਦੇ ਇਕ ਸ਼ਖ਼ਸ ਬਾਰੇ ਵੀ ਪੜਤਾਲ ਕਰ ਰਹੇ ਹਨ। ਇਹੀ ਉਹ ਸਖ਼ਸ਼ ਹੈ ਜੋ ਆਈ ਐਸ ਆਈ ਲਈ ਮਾਧੁਰੀ ਤੋਂ ਜਾਣਕਾਰੀਆਂ ਲੈਂਦਾ ਸੀ।



ਮਾਧੁਰੀ ਗੁਪਤਾ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜਿਆ

ਮਾਧੁਰੀ ਗੁਪਤਾ ਦੀ ਪਾਕਿ ਖ਼ੁਫ਼ੀਆ ਏਜੰਸੀ ਆਈ ਐਸ ਆਈ ਲਈ ਜਾਸੂਸੀ ਕਰਨ ਦੇ ਦੋਸ਼ 'ਚ ਹੋਈ ਗ੍ਰਿਫ਼ਤਾਰੀ ਨੂੰ ਵਿਦੇਸ਼ ਮੰਤਰੀ ਨੇ ਇਕ ਗੰਭੀਰ ਮਾਮਲਾ ਦੱਸਦਿਆਂ ਆਖਿਆ ਕਿ ਮਾਧੁਰੀ ਗੁਪਤਾ ਦੇ ਇਰਾਦਿਆਂ ਅਤੇ ਕੰਮ ਕਰਨ ਦੇ ਤਰੀਕੇ ਦੀ ਜਾਂਚ ਮਗਰੋਂ ਸਰਕਾਰ ਜ਼ਰੂਰੀ ਕਾਰਵਾਈ ਕਰੇਗੀ। ਵਿਦੇਸ਼ ਮੰਤਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਸ਼ੁਰੂ ਹੋ ਗਈ ਹੈ ਅਤੇ ਸਾਨੂੰ ਇਹ ਪ੍ਰਕਿਰਿਆ ਪੂਰੀ ਹੋਣ ਤੱਕ ਦੀ ਉਡੀਕ ਕਰਨੀ ਚਾਹੀਦੀ ਹੈ। ਉਸ ਤੋਂ ਬਾਅਦ ਇਹ ਪਤਾ ਕੀਤਾ ਜਾਵੇਗਾ ਕਿ ਉਸ ਦਾ ਇਰਾਦਾ ਅਤੇ ਕੰਮ ਕਰਨ ਦਾ ਤਰੀਕਾ ਕੀ ਸੀ। ਉਨ੍ਹਾਂ ਆਖਿਆ ਕਿ ਗੁਪਤਾ ਨੂੰ ਪੁਲਿਸ ਹਿਰਾਸਤ 'ਚ ਰੱਖਣਾ ਹੀ ਇਸ ਮਾਮਲੇ ਦੀ ਗੰਭੀਰਤਾ ਨੂੰ ਦਰਸਾਉਂਦਾ । ਸਰਕਾਰੀ ਸੂਤਰਾਂ ਨੇ ਦੱਸਿਆ ਕਿ ਮਾਧੁਰੀ ਗੁਪਤਾ ਇਸਲਾਮਾਬਾਦ ਸਥਿਤ ਭਾਰਤੀ ਹਾਈ ਕਮਿਸ਼ਨ 'ਚ ਆਈ ਐਫ ਐਸ ਬੀ ਰੈਂਕ ਦੀ ਅਧਿਕਾਰੀ ਹੈ, ਜਿਸ ਨੂੰ ਪਿਛਲੇ ਹਫ਼ਤੇ ਆਈ ਐਸ ਆਈ ਲਈ ਜਾਸੂਸੀ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਆਖਿਆ ਕਿ ਗੁਪਤਾ ਨੂੰ ਵਿਦੇਸ਼ ਮੰਤਰਾਲੇ ਦੀ ਤਰਫ਼ੋਂ ਸੰਮਨ ਜਾਰੀ ਕੀਤਾ ਗਿਆ ਹੈ। ਸ੍ਰੀ ਕ੍ਰਿਸ਼ਨਾ ਨੇ ਆਖਿਆ ਕਿ ਪਹਿਲਾਂ ਗੁਪਤਾ 'ਤੇ ਲੱਗੇ ਦੋਸ਼ਾਂ ਦੀ ਜਾਂਚ ਪੂਰੀ ਹੋ ਲੈਣ ਦਿਓ ਜੋ ਕਿ ਗ੍ਰਹਿ ਮੰਤਰਾਲੇ ਵਲੋਂ ਕੀਤੀ ਜਾ ਰਹੀ ਹੈ। ਜਦੋਂ ਸਾਨੂੰ ਰਿਪੋਰਟ ਮਿਲ ਜਾਵੇਗੀ, ਉਸ ਦੇ ਬਾਅਦ ਸਰਕਾਰ ਢੁਕਵੀਂ ਕਾਰਵਾਈ ਕਰੇਗੀ।

ਇਸੇ ਦੌਰਾਨ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਬਦੁਲ ਬਾਸਿਤ ਨੇ ਕਿਹਾ ਕਿ ਭਾਰਤ ਨੇ ਇਸ ਘਟਨਾ ਬਾਰੇ ਪਾਕਿਸਤਾਨ ਨੂੰ ਅਧਿਕਾਰਤ ਰੂਪ ਵਿਚ ਸੂਚਿਤ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕੂਟਨੀਤਕ ਦੀ ਗ੍ਰਿਫ਼ਤਾਰੀ ਭਾਰਤ ਦਾ ਅੰਦਰੂਨੀ ਮਾਮਲਾ ਹੈ ਅਤੇ ਸਿਖ਼ਰ ਸੰਮੇਲਨ ਦੀਆਂ ਗਤੀਵਿਧੀਆਂ 'ਤੇ ਇਸ ਦਾ ਕੋਈ ਅਸਰ ਨਹੀਂ ਪਵੇਗਾ। ਭਾਰਤੀ ਅਧਿਕਾਰੀ ਮਾਧੁਰੀ ਗੁਪਤਾ ਬਾਰੇ ਕੇਂਦਰ ਸਰਕਾਰ ਨੇ ਬੀਤੇ ਦਿਨੀਂ ਲੋਕ ਸਭਾ 'ਚ ਸਪੱਸ਼ਟੀਕਰਨ ਦਿੱਤਾ। ਮਾਧੁਰੀ ਬਾਰੇ ਦਿੱਤੇ ਬਿਆਨ 'ਚ ਸਰਕਾਰ ਨੇ ਮੰਨਿਆ ਕਿ ਉਹ ਪਾਕਿ ਲਈ ਜਾਸੂਸੀ ਜ਼ਰੂਰ ਕਰਦੀ ਸੀ ਪਰ ਉਸ ਦੀ ਪਹੁੰਚ ਗੁਪਤ ਦਸਤਾਵੇਜ਼ਾਂ ਤੱਕ ਨਹੀਂ ਸੀ। ਵਿਦੇਸ਼ ਮੰਤਰੀ ਦੇ ਭੂਟਾਨ ਦੌਰੇ 'ਤੇ ਹੋਣ ਕਾਰਨ ਲੋਕ ਸਭਾ 'ਚ ਇਸ ਮਸਲੇ ਬਾਰੇ ਸਪੱਸ਼ਟੀਕਰਨ ਦਿੰਦਿਆਂ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੇ ਕਿਹਾ ਕਿ ਅਸੀਂ ਠੋਸ ਸੂਚਨਾਵਾਂ ਦੇ ਆਧਾਰ 'ਤੇ ਹੀ ਮਾਧੁਰੀ ਨੂੰ ਗ੍ਰਿਫ਼ਤਾਰ ਕੀਤਾ ਹੈ। ਵਿਦੇਸ਼ ਰਾਜ ਮੰਤਰੀ ਨੇ ਮਾਧੁਰੀ ਦਾ ਨਾਂ ਲਏ ਬਿਨਾਂ ਕਿਹਾ ਕਿ ਹੁਣ ਇਹ ਅਧਿਕਾਰੀ ਜਾਂਚ 'ਚ ਸਾਡੀ ਮਦਦ ਕਰ ਰਹੀ ਹੈ ਤੇ ਜਾਂਚ ਜਾਰੀ ਹੋਣ ਕਾਰਨ ਇਸ ਮਾਮਲੇ 'ਚ ਵਧੇਰੇ ਜਾਣਕਾਰੀ ਦੇਣਾ ਸੰਭਵ ਨਹੀਂ ਹੈ।

ਇਸੇ ਦੌਰਾਨ ਪਾਕਿਸਤਾਨੀ ਮੀਡੀਆ ਦੀ ਖ਼ਬਰ ਮੁਤਾਬਕ ਮਾਧੁਰੀ ਨੇ ਕਰੀਬ 6 ਸਾਲ ਪਹਿਲਾਂ ਇਸਲਾਮ ਕਬੂਲ ਕਰ ਲਿਆ ਸੀ। ਮੀਡੀਆ ਰਿਪੋਰਟ ਮੁਤਾਬਕ ਮਾਧੁਰੀ ਸ਼ੀਆ ਮੁਸਲਿਮ ਹੋ ਸਕਦੀ ਹੈ। ਖ਼ਬਰ 'ਚ ਕਿਹਾ ਗਿਆ ਹੈ ਕਿ ਉਹ ਮੁੱਢ ਤੋਂ ਹੀ ਇਸਲਾਮ ਤੋਂ ਪ੍ਰਭਾਵਿਤ ਸੀ ਪਰ ਆਪਣੇ ਧਰਮ ਦਾ ਐਲਾਨ ਕਰਨ ਤੋਂ ਹਿਚਕਿਚਾ ਰਹੀ ਸੀ। ਅਖ਼ਬਾਰ ਨੇ ਇਹ ਵੀ ਲਿਖਿਆ ਹੈ ਕਿ ਮਾਧੁਰੀ ਦਾ ਲਖਨਊ ਦੇ ਇਕ ਮੁਸਲਿਮ ਪਰਿਵਾਰ ਨਾਲ ਨਜ਼ਦੀਕੀ ਰਿਸ਼ਤਾ ਹੈ। ਖ਼ਬਰ ਮੁਤਾਬਕ ਇਕ ਸਥਾਨਕ ਪੱਤਰਕਾਰ ਨੇ ਮਾਧੁਰੀ ਨੂੰ ਰਮਜਾਨ ਮਹੀਨੇ ਚੂੜੀਆਂ ਤੇ ਅੰਗੂਠੀ ਪਾਏ ਵੇਖਿਆ ਸੀ, ਜੋ ਆਮ ਤੌਰ 'ਤੇ ਸ਼ੀਆ ਭਾਈਚਾਰੇ ਦੇ ਲੋਕਾਂ ਲਈ ਸ਼ਗਨ ਮੰਨਿਆ ਜਾਂਦਾ ਹੈ। ਉਸ ਸਮੇਂ ਮਾਧੁਰੀ ਨੇ ਪੱਤਰਕਾਰਾਂ ਨੂੰ ਇਹ ਵੀ ਕਿਹਾ ਸੀ ਕਿ ਉਹ ਰੋਜ਼ੇ ਰੱਖਣ ਦੇ ਨਾਲ-ਨਾਲ ਇਸਲਾਮ 'ਚ ਵਿਸ਼ਵਾਸ ਰੱਖਦੀ ਹੈ।

## ਪਾਕਿਸਤਾਨ ਨੇ ਤਾਲਿਬਾਨ ਖ਼ਿਲਾਫ਼ ਮੁਹਿੰਮ ਤੇਜ਼ ਕੀਤੀ

**ਵਾਸ਼ਿੰਗਟਨ:** ਪਾਕਿਸਤਾਨ ਨੇ ਅਫ਼ਗਾਨਿਸਤਾਨ ਨਾਲ ਲਗਦੀ ਸਰਹੱਦ ਨੇੜਲੇ ਗੜਬੜ ਵਾਲੇ ਇਲਾਕੇ 'ਚ ਤਾਲਿਬਾਨ ਅਤੇ ਹੋਰਨਾਂ ਦਹਿਸ਼ਤਗਰਦਾਂ ਖ਼ਿਲਾਫ਼ ਮੁਹਿੰਮ ਤੇਜ਼ ਕਰਦਿਆਂ ਭਾਰਤ ਨਾਲ ਲਗਦੀ ਸਰਹੱਦ 'ਤੇ ਤਾਇਨਾਤ ਆਪਣੇ ਇੱਕ ਲੱਖ ਫੌਜੀ ਉਥੇ ਭੇਜੇ ਹਨ। ਪੈਂਟਾਗਨ ਨੇ ਅਮਰੀਕੀ ਕਾਂਗਰਸ ਨੂੰ ਸੌਂਪੀ ਇਕ ਰਿਪੋਰਟ 'ਚ ਆਖਿਆ ਹੈ ਕਿ ਵੱਡੀ ਪੱਧਰ 'ਤੇ ਸੈਨਿਕਾਂ ਨੂੰ ਉਥੇ ਭੇਜਣਾ ਇਸ ਗੱਲ ਦਾ ਸੰਕੇਤ ਹੈ ਕਿ ਇਸ ਵੇਲੇ ਪਾਕਿਸਤਾਨ 'ਚ ਦਹਿਸ਼ਤਵਾਦ ਅਤੇ ਅੰਦਰੂਨੀ ਮਾਰਧਾੜ ਦਾ ਖ਼ਤਰਾ ਵਧ ਗਿਆ ਹੈ।


ਪੈਂਟਾਗਨ ਨੇ ਆਪਣੀ ਤਾਜ਼ਾ ਰਿਪੋਰਟ 'ਚ ਕਿਹਾ ਕਿ ਭਾਰਤ ਨਾਲ ਲਗਦੀ ਆਪਣੀ ਪੂਰਬੀ ਸਰਹੱਦ ਤੋਂ ਇਕ ਲੱਖ ਤੋਂ ਵਧ ਪੀ ਏ ਕੇ ਐਮ ਆਈ ਐਲ ਫੌਜੀਆਂ ਨੂੰ ਹਟਾ ਕੇ ਅਫ਼ਗਾਨਿਸਤਾਨ ਨੇੜਲੇ ਇਲਾਕੇ 'ਚ ਭੇਜਿਆ ਗਿਆ ਹੈ, ਜੋ ਇਸ ਗੱਲ ਦਾ ਸੰਕੇਤ ਹੈ ਕਿ ਘਰੇਲੂ ਦਹਿਸ਼ਤਗਰਦੀ ਦੇ ਖਤਰੇ ਤੋਂ ਇਸਲਾਮਾਬਾਦ ਵਾਕਫ਼ ਹੈ। ਪੈਂਟਾਗਨ ਨੇ ਪਾਕਿ ਦੇ ਕਬਾਇਲੀ ਇਲਾਕੇ 'ਚ ਚਲ ਰਹੀ ਮੁਹਿੰਮ 'ਚ 140,000 ਤੋਂ ਵਧ ਸੈਨਿਕਾਂ ਦੇ ਭਾਗ ਲੈਣ ਦੀ ਗੱਲ ਆਖੀ ਹੈ।


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR,

JET AIRWAYS
DELTA, AIR INDIA,
For Emergency
Call anytime at
India $545
EARLY BIRD SALE!!!!

Homeopathic Systems for Health Treatment
When you are tired of all treatments for any disease at any age
Try homeopathic, systems of treatment

ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Global Multi Services
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

Rajinder Singh
Insurance Lic No. 0G73739
Financing Available For Buying Trucks
Cell:(510) 557-6988, Ph:209-982-9996

# ਸਾਰਕ ਸੰਮੇਲਨ ਦੌਰਾਨ ਭਾਰਤ-ਪਾਕਿ ਗੱਲਬਾਤ ਫਿਰ ਸ਼ੁਰੂ ਹੋਈ

**ਥਿੰਪੂ:** ਭਾਰਤ-ਪਾਕਿ ਦਰਮਿਆਨ ਰਿਸ਼ਤਿਆਂ 'ਚ ਆਈ ਖੜੋਤ ਨੂੰ ਤੋੜਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਪਾਕਿਸਤਾਨੀ ਹਮ ਅਹੁਦਾ ਯੂਸਫ਼ ਰਜ਼ਾ ਗਿਲਾਨੀ ਦਰਮਿਆਨ ਪਿਛਲੇ 9 ਮਹੀਨਿਆਂ ਦੇ ਵਕਫ਼ੇ ਬਾਅਦ ਬੀਤੀ 29 ਅਪ੍ਰੈਲ ਨੂੰ ਪਹਿਲੀ ਮੁਲਾਕਾਤ ਹੋਈ। 90 ਮਿੰਟ ਤਕ ਚਲੀ ਮੀਟਿੰਗ ਦੌਰਾਨ ਡਾ. ਮਨਮੋਹਨ ਸਿੰਘ ਅਤੇ ਗਿਲਾਨੀ ਨੇ ਦੋਹਾਂ ਦੇਸ਼ਾਂ ਦਰਮਿਆਨ ਭਰੋਸੇ ਦੀ ਮੁੜ ਬਹਾਲੀ ਲਈ ਮੰਤਰੀ ਪੱਧਰ ਦੀ ਗੱਲਬਾਤ ਸ਼ੁਰੂ ਕਰਨ ਦਾ ਫੈਸਲਾ ਕੀਤਾ। ਇਸ ਮੌਕੇ ਭਾਰਤ ਨੇ ਮੁੰਬਈ ਹਮਲਿਆਂ ਦੇ ਸਾਜ਼ਸ਼ਘਾੜਿਆਂ ਨੂੰ ਸਜ਼ਾ ਦੇਣ ਵਿਚ ਪਾਕਿਸਤਾਨ ਦੀ ਢਿੱਲ ਮੱਠ 'ਤੇ ਡੂੰਘੀ ਮਾਯੂਸੀ ਪ੍ਰਗਟਾਈ। ਦੋਹਾਂ ਆਗੂਆਂ ਦਰਮਿਆਨ ਪਿਛਲੇ ਸਾਲ ਜੁਲਾਈ ਵਿਚ ਮਿਸਰ ਦੇ ਸ਼ਰਮ ਅਲ ਸ਼ੇਖ਼ ਵਿਖੇ ਵਿਵਾਦਤ ਮੁਲਾਕਾਤ ਤੋਂ ਬਾਅਦ ਇਹ ਪਹਿਲੀ ਮੁਲਾਕਾਤ ਸੀ। ਨਿਰਧਾਰਤ ਸਮੇਂ ਤੋਂ ਲਗਭਗ 40 ਮਿੰਟ ਦੇਰ ਨਾਲ ਸ਼ੁਰੂ ਹੋਈ ਇਸ ਮੀਟਿੰਗ ਤੋਂ ਪਹਿਲਾਂ ਡਾ. ਮਨਮੋਹਨ ਸਿੰਘ ਅਤੇ ਗਿਲਾਨੀ ਨੇ ਹੱਥ ਮਿਲਾਇਆ ਅਤੇ ਇਕ ਦੂਜੇ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ।

ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੇ ਬਹੁਤ ਹੀ ਸੁਖਾਵੇਂ ਮਾਹੌਲ ਵਿਚ ਗੱਲਬਾਤ ਕੀਤੀ। ਡਾ. ਮਨਮੋਹਨ ਸਿੰਘ ਨੇ ਪਾਕਿਸਤਾਨ ਨੂੰ ਅਤਿਵਾਦ ਵਿਰੁਧ ਕਾਰਵਾਈ ਕਰਨ ਅਤੇ ਅਤਿਵਾਦੀਆਂ ਦੇ ਸਿਖਲਾਈ ਕੈਂਪ ਖ਼ਤਮ ਕਰਨ ਲਈ ਆਖਿਆ। ਡਾ. ਮਨਮੋਹਨ ਸਿੰਘ ਨੇ 26/11 ਘਟਨਾ ਦੇ ਮੁੱਖ ਸਾਜ਼ਸ਼ਘਾੜੇ ਅਤੇ ਜਮਾਤ ਉਦ ਦਾਵਾ ਦੇ ਮੁਖੀ ਹਾਫ਼ਿਜ਼ ਮੁਹੰਮਦ ਸਈਦ ਦੇ ਖੁੱਲ੍ਹੇਆਮ ਘੁੰਮਣ 'ਤੇ ਡੂੰਘੀ ਚਿੰਤਾ ਪ੍ਰਗਟਾਈ। ਗਿਲਾਨੀ ਨੇ ਡਾ. ਮਨਮੋਹਨ ਸਿੰਘ ਨੂੰ ਭਰੋਸਾ ਦਿਤਾ ਕਿ ਉਨ੍ਹਾਂ ਦੀ ਸਰਕਾਰ ਮੁੰਬਈ ਹਮਲੇ ਦੇ ਸਾਜ਼ਸ਼ ਘਾੜਿਆਂ ਨੂੰ ਸਜ਼ਾ ਦੇਣ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ ਅਤੇ ਭਾਰਤ ਵਿਰੁਧ ਅਤਿਵਾਦੀ ਗਤੀਵਿਧੀਆਂ ਲਈ ਪਾਕਿਸਤਾਨੀ ਧਰਤੀ ਦੀ ਵਰਤੋਂ ਨਹੀਂ ਹੋਣ ਦਿਤੀ ਜਾਵੇਗੀ। ਦੋਹਾਂ ਆਗੂਆਂ ਦਰਮਿਆਨ ਇਕ ਘੰਟੇ ਤਕ ਇਕੱਲਿਆਂ ਮੀਟਿੰਗ ਹੋਈ ਜਦਕਿ 30 ਮਿੰਟ ਵਫ਼ਦ ਸਮੇਤ ਗੱਲਬਾਤ ਕੀਤੀ ਗਈ। ਇਸ ਮੌਕੇ ਕੋਈ ਸਾਂਝਾ ਬਿਆਨ ਜਾਰੀ ਨਹੀਂ ਕੀਤਾ ਗਿਆ। ਨਿਰੂਪਮਾ ਰਾਓ ਅਤੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਵੱਖੋ-ਵੱਖਰੀਆਂ ਪ੍ਰੈੱਸ ਕਾਨਫਰੰਸਾਂ ਵਿਚ ਇਕੋ ਲਹਿਜ਼ੇ 'ਚ ਗੱਲ ਕੀਤੀ। ਕੁਰੈਸ਼ੀ ਨੇ ਕਿਹਾ, "ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀ ਪਹਿਲਾਂ ਵੀ ਇਸ ਗੱਲ 'ਤੇ ਸਹਿਮਤ ਹੋਏ ਸਨ ਕਿ ਗੱਲਬਾਤ ਅਗੇ ਵਧਣ ਦਾ ਇਕੋ-ਇਕ ਰਾਹ ਹੈ। ਦੋਹਾਂ ਨੇ ਅਪਣੀ ਵਚਨਬੱਧਤਾ ਨੂੰ ਮੁੜ ਦੁਹਰਾਇਆ ਹੈ। ਇਹ ਬਹੁਤ ਹੀ ਹਾਂ ਪੱਖੀ ਪ੍ਰਗਤੀ ਆਖੀ ਜਾ ਸਕਦੀ ਹੈ। ਮੀਟਿੰਗ ਸਹੀ ਦਿਸ਼ਾ ਵਿਚ ਚੁਕਿਆ ਗਿਆ ਕਦਮ ਹੈ।" ਯਾਦ ਰਹੇ 28 ਅਪ੍ਰੈਲ ਨੂੰ ਸੰਮੇਲਨ ਸ਼ੁਰੂ

**ਅਮਰੀਕਾ ਨੇ ਮਨਮੋਹਨ-ਗਿਲਾਨੀ ਮੁਲਾਕਾਤ ਨੂੰ ਦੱਖਣੀ ਏਸ਼ੀਆ ਲਈ ਚੰਗੀ ਸ਼ੁਰੂਆਤ ਦੱਸਿਆ**



ਹੋਣ 'ਤੇ ਹੋਰਨਾਂ ਦੇਸ਼ਾਂ ਦੇ ਆਗੂਆਂ ਦੇ ਕਹਿਣ 'ਤੇ ਡਾ. ਮਨਮੋਹਨ ਸਿੰਘ ਅਤੇ ਗਿਲਾਨੀ ਨੇ ਇਕ ਦੂਜੇ ਨਾਲ ਹੱਥ ਮਿਲਾਇਆ ਸੀ ਅਤੇ ਕੁਝ ਦੂਰ ਤਕ ਇਕੱਠੇ ਤੁਰੇ ਸਨ।

ਦਸਣਯੋਗ ਹੈ ਕਿ ਮੁੰਬਈ ਹਮਲਿਆਂ ਤੋਂ ਬਾਅਦ ਭਾਰਤ ਨੇ ਦੁਵੱਲੀ ਗੱਲਬਾਤ ਰੋਕ ਦਿਤੀ ਸੀ। ਸੂਤਰਾਂ ਮੁਤਾਬਕ ਸਮਝਿਆ ਜਾ ਰਿਹਾ ਹੈ ਕਿ ਡਾ. ਮਨਮੋਹਨ ਸਿੰਘ ਨੇ ਗੱਲਬਾਤ ਦੌਰਾਨ ਮੁੰਬਈ ਹਮਲਿਆਂ ਬਾਰੇ ਪਾਕਿਸਤਾਨ ਵਿਚ ਹੋ ਰਹੀ ਜਾਂਚ ਅਤੇ ਮੁਕੱਦਮੇ ਸਬੰਧੀ ਤਾਜ਼ਾ ਜਾਣਕਾਰੀ ਵੀ ਮੰਗੀ। ਸਾਰਕ ਸੰਮੇਲਨ 'ਚ ਸ਼ਾਮਲ ਹੋਣ ਗਏ ਭਾਰਤੀ ਵਫ਼ਦ ਵਿਚ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ, ਕੌਮੀ ਸੁਰੱਖਿਆ ਸਲਾਹਕਾਰ ਸ਼ਿਵਸ਼ੰਕਰ ਮੈਨਨ ਅਤੇ ਵਿਦੇਸ਼ ਸਕੱਤਰ ਨਿਰੂਪਮਾ ਰਾਓ ਸ਼ਾਮਲ ਹਨ।

ਇਸ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪਾਕਿਸਤਾਨ ਆਉਣ ਦਾ ਸੱਦਾ ਵੀ ਦਿਤਾ ਹੈ। ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਵੀ ਪਾਕਿਸਤਾਨ ਆਉਣ ਦੀ ਇੱਛਾ ਪ੍ਰਗਟਾਈ। ਦਸਣਯੋਗ ਹੈ ਕਿ 1999 ਵਿਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਪਾਕਿਸਤਾਨ ਗਏ ਸਨ। ਉਸ ਤੋਂ ਬਾਅਦ ਕਿਸੇ ਪ੍ਰਧਾਨ ਮੰਤਰੀ ਨੇ ਪਾਕਿਸਤਾਨ ਦੀ ਯਾਤਰਾ ਨਹੀਂ ਕੀਤੀ। ਜ਼ਿਕਰਯੋਗ ਹੈ ਕਿ ਦੱਖਣੀ ਏਸ਼ੀਆਈ ਖੇਤਰੀ ਮਦਦ ਸੰਗਠਨ (ਸਾਰਕ) ਦੇ ਸਿਖ਼ਰ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਵਿਚਾਲੇ ਮੁਲਾਕਾਤ ਨੂੰ ਅਮਰੀਕਾ ਨੇ ਸਮਰਥਨ ਕਰਦੇ ਹੋਏ ਇਸ ਨੂੰ ਖੇਤਰ ਲਈ ਵਧੀਆ ਕਰਾਰ ਦਿਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਫਿਲਿਪ ਜੇ. ਕ੍ਰਾਊਲੇ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਜਦੋਂ ਭਾਰਤ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਦੇ ਨੇਤਾ ਵੱਡੀ ਗੱਲਬਾਤ ਲਈ ਮਿਲਦੇ ਹਨ ਤਾਂ ਇਹ ਖੇਤਰ ਲਈ ਵਧੀਆ ਹੁੰਦਾ ਹੈ ਅਤੇ ਅਸੀਂ ਇਸ ਦੇ ਹੱਕ 'ਚ ਹਾਂ। ਉਨ੍ਹਾਂ ਕਿਹਾ ਕਿ ਅਸੀਂ ਭਾਰਤ ਅਤੇ ਪਾਕਿਸਤਾਨ ਨੂੰ ਹਮੇਸ਼ਾ ਗੱਲਬਾਤ ਲਈ ਉਤਸ਼ਾਹਿਤ ਕੀਤਾ ਹੈ ਕਿ ਉਨ੍ਹਾਂ ਨੂੰ ਵੱਡੇ ਪੱਧਰ ਦੀ ਗੱਲਬਾਤ ਕਰਨੀ ਚਾਹੀਦੀ ਹੈ। ਬੁਲਾਰੇ ਨੇ ਕਿਹਾ ਕਿ ਅਸੀਂ ਭਾਰਤ ਅਤੇ ਪਾਕਿਸਾਨ ਦੇ ਨੇਤਾਵਾਂ ਨੂੰ ਸਿੱਧੀ ਗੱਲਬਾਤ ਲਈ ਉਤਸ਼ਾਹਿਤ ਵੀ ਕੀਤਾ ਹੈ।

ਇਥੇ ਸਾਰਕ ਸੰਮੇਲਨ ਦੌਰਾਨ ਬੋਲਦਿਆਂ ਪ੍ਰਧਾਨ ਮੰਤਰੀ ਨੇ ਦੱਖਣੀ ਏਸ਼ੀਆਈ ਦੇਸ਼ਾਂ ਵਿਚਾਲੇ ਵਸਤੂ ਅਤੇ ਸੇਵਾ ਵਪਾਰ ਤੇ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਹੋਰ ਵਧੀਆ ਬਣਾਉਣ 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਚਿਤਾਵਨੀ ਦਿੱਤੀ ਕਿ ਜੇਕਰ ਮੈਂਬਰ ਦੇਸ਼ ਸਾਰਕ ਸਮੂਹ ਨੂੰ ਬਿਹਤਰ ਸੰਪਰਕ ਤੇ ਵਧੇਰੇ ਸਮਰੱਥ ਸੰਗਠਨ ਬਣਾਉਣ 'ਚ ਨਾਕਾਮ ਰਹੇ ਤਾਂ ਇਹ ਸੰਗਠਨ ਹਾਸ਼ੀਏ 'ਤੇ ਚਲਾ ਜਾਵੇਗਾ।

ਇੱਥੇ ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਘ ਦੇ 16ਵੇਂ ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਡਾ. ਸਿੰਘ ਨੇ ਅਫ਼ਸੋਸ ਜ਼ਾਹਿਰ ਕੀਤਾ ਕਿ ਪੂਰਬੀ ਅਤੇ ਦੱਖਣੀ ਪੂਰਬੀ ਏਸ਼ੀਆ ਦੇਸ਼ਾਂ ਦੇ ਮੁਕਾਬਲੇ ਸਾਰਕ ਮੈਂਬਰ ਦੇਸ਼ਾਂ ਵਿਚਾਲੇ ਵਪਾਰ ਅਤੇ ਨਿਵੇਸ਼ ਬਹੁਤ ਘੱਟ ਹੈ, ਜਦਕਿ ਮੈਂਬਰ ਦੇਸ਼ਾਂ ਵਿਚਾਲੇ ਵਪਾਰ ਦੀ ਬਹੁਤ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ 21ਵੀਂ ਸਦੀ ਉਦੋਂ ਤੱਕ ਏਸ਼ੀਆ ਦੀ ਸਦੀ ਨਹੀਂ ਹੋ ਸਕਦੀ, ਜਦੋਂ ਤੱਕ ਦੱਖਣੀ ਏਸ਼ੀਆ ਦੇ ਦੇਸ਼ ਇਕੱਠੇ ਨਹੀਂ ਚੱਲਦੇ। ਉਨ੍ਹਾਂ ਸਾਰਕ ਤਹਿਤ ਬਣੀਆਂ ਖੇਤਰੀ ਸੰਸਥਾਵਾਂ ਨੂੰ ਸਰਗਰਮ ਕਰਨ, ਸੰਮੇਲਨਾਂ ਦੇ ਪ੍ਰੋਗਰਾਮਾਂ 'ਚ ਤਬਦੀਲੀ ਕਰਨ ਅਤੇ ਰਸਮੀ ਬਿਆਨਾਂ ਨੂੰ ਲੋਕਾਂ ਦੀ ਭਾਵਨਾ ਵਿਚ ਬਦਲਣ ਦੀ ਲੋੜ 'ਤੇ ਜ਼ੋਰ ਦਿੱਤਾ। ਡਾ. ਸਿੰਘ ਨੇ ਸੰਮੇਲਨ ਵਿਚ ਕਿਹਾ ਕਿ ਉਹ ਚਾਹੁੰਦੇ ਹਨ ਕਿ ਦੱਖਣੀ ਏਸ਼ੀਆਈ ਦੇਸ਼ਾਂ ਦਾ ਬਰਾਬਰ ਵਿਕਾਸ ਹੋਵੇ ਨਾ ਸਿਰਫ਼ ਦੇਸ਼ਾਂ ਦਾ ਬਲਕਿ ਪੂਰੇ ਖੇਤਰ ਦਾ ਬਰਾਬਰ ਵਿਕਾਸ ਹੋਵੇ। ਉਨ੍ਹਾਂ ਕਿਹਾ ਕਿ ਸਹੀ ਵਿਕਾਸ ਨਾ ਹੋਣ ਕਾਰਨ ਖੇਤਰੀ ਅਤੇ ਉਪ ਖੇਤਰੀ ਅਸੰਤੁਲਨ ਸਾਨੂੰ ਸਾਰਿਆਂ ਨੂੰ ਕਿਸੇ ਨਾ ਕਿਸੇ ਰੂਪ 'ਚ ਪ੍ਰਭਾਵਤ ਕਰ ਰਿਹਾ ਹੈ, ਜਿਸ ਕਾਰਨ ਸਮਾਜ ਵਿਚ ਅਸ਼ਾਂਤੀ ਪੈਦਾ ਹੋ ਰਹੀ ਹੈ। ਇਸ ਲਈ ਭਵਿੱਖ ਵਿਚ ਜ਼ਮੀਨੀ ਪੱਧਰ 'ਤੇ ਵਿਕਾਸ ਵਲ ਖ਼ਾਸ ਧਿਆਨ ਦੇਣਾ ਪਵੇਗਾ। ਪ੍ਰਧਾਨ ਮੰਤਰੀ ਨੇ ਖੇਤਰੀ ਸਹਿਯੋਗ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਰਾਹੀਂ ਲੋਕਾਂ, ਵਸਤੂਆਂ, ਸੇਵਾਵਾਂ ਤੇ ਵਿਚਾਰਾਂ ਦੀ ਆਵਾਜਾਈ ਦੀ ਉਦਾਰ ਸਹੂਲਤ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਸਾਡੀ ਸਾਂਝੀ ਵਿਰਾਸਤ

**ਸਾਰਕ ਵਲੋਂ ਅੱਤਵਾਦ ਵਿਰੁਧ ਲੜਨ ਦਾ ਸਾਂਝੇ ਰੂਪ ਵਿਚ ਅਹਿਦ**

ਦੀ ਸੰਭਾਲ ਅਤੇ ਸਾਂਝੇ ਭਵਿੱਖ ਦੇ ਨਿਰਮਾਣ 'ਚ ਮਦਦਗਾਰ ਸਾਬਤ ਹੋਵੇਗੀ।

ਡਾ. ਸਿੰਘ ਨੇ ਕਿਹਾ ਕਿ ਦੱਖਣੀ ਏਸ਼ੀਆ ਸੰਸਾਰ ਵਪਾਰ ਮਾਰਗ ਅਤੇ ਨੈਟਵਰਕ ਦਾ ਅੰਗ ਹੋ ਸਕਦਾ ਹੈ ਅਤੇ ਇਹ ਖੇਤਰ ਦੇ ਹਿੱਤਾਂ ਨਾਲ ਜੁੜੇ ਮੁੱਦਿਆਂ 'ਤੇ ਸੰਸਾਰ ਮੰਚ 'ਤੇ ਪੂਰੇ ਹੱਕ ਨਾਲ ਆਪਣੀ ਗੱਲ ਰੱਖ ਸਕਦਾ ਹੈ। ਜੇਕਰ ਅਸੀਂ ਅਜਿਹਾ ਨਹੀਂ ਕਰਦੇ ਤਾਂ ਇਹ ਸੰਗਠਨ ਹਾਸ਼ੀਏ 'ਤੇ ਚਲਾ ਜਾਵੇਗਾ ਅਤੇ ਇਸ ਵਿਚ ਠਹਿਰਾਅ ਆ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਰਕ ਦੇਸ਼ ਵੱਖ-ਵੱਖ ਅੰਤਰਰਾਸ਼ਟਰੀ ਮੰਚਾਂ 'ਤੇ ਬਤੌਰ ਮੈਂਬਰ ਨਿੱਜੀ ਰੂਪ ਵਿਚ ਸਹਿਯੋਗ ਕਰਨ ਵਿਚ ਸਮਰੱਥ ਹਨ, ਪਰ ਬੁਰੀ ਗੱਲ ਹੈ ਕਿ ਸੰਸਾਰ ਰਾਜਨੀਤੀ ਵਿਚ ਦੱਖਣੀ ਏਸ਼ੀਆਈ ਜਨਤਾ ਦੀ ਜੋ ਆਵਾਜ਼ ਹੋਣੀ ਚਾਹੀਦੀ ਹੈ, ਉਹ ਨਹੀਂ ਹੈ। ਡਾ. ਸਿੰਘ ਨੇ ਕਿਹਾ ਕਿ ਪਿਛਲੇ ਢਾਈ ਦਹਾਕਿਆਂ ਵਿਚ ਦੱਖਣੀ ਏਸ਼ੀਆਈ ਉਪ ਮਹਾਂਦੀਪ ਵਿਚ ਬਹੁਤ ਤਰੱਕੀ ਹੋਈ ਹੈ ਪਰ ਇਸ ਦੇ ਬਾਵਜੂਦ ਇਸ ਖੇਤਰ ਦੀ ਜਨਤਾ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਮੈਂਬਰ ਦੇਸ਼ਾਂ ਨੂੰ ਅਜੇ ਲੰਮਾ ਰਸਤਾ ਤੈਅ ਕਰਨਾ ਹੈ। ਇਸ ਦੌਰਾਨ ਜਿੱਥੇ ਸਾਰਕ ਦੇਸ਼ਾਂ ਦੇ ਨੇਤਾਵਾਂ ਨੇ ਪ੍ਰੇਸ਼ਾਨੀ ਦਾ ਸਬੱਬ ਬਣੇ ਦਹਿਸ਼ਤਗਰਦੀ ਖ਼ਿਲਾਫ਼ ਸਾਂਝੇ ਤੌਰ 'ਤੇ ਲੜਨ ਦੀ ਸਹੁੰ ਚੁੱਕੀ ਤੇ ਉੱਥੇ ਹੀ ਪਾਕਿਸਤਾਨ ਅਤੇ ਬੰਗਲਾਦੇਸ਼ ਨੇ ਉਨ੍ਹਾਂ ਲੋਕਾਂ ਦੇ ਦਾਅਵਿਆਂ ਨੂੰ ਖਾਰਜ ਕਰ ਦਿੱਤਾ, ਜੋ ਇਸਲਾਮ ਦੇ ਨਾਂ 'ਤੇ ਹਿੰਸਾ ਨੂੰ ਸਹੀ ਠਹਿਰਾਉਂਦੇ ਹਨ। ਇਸ ਸੰਮੇਲਨ ਵਿਚ ਦਹਿਸ਼ਤਗਰਦੀ ਦਾ ਮੁੱਦਾ ਏਜੰਡੇ ਵਿਚ ਸਿਖਰ 'ਤੇ ਹੈ। ਭੂਟਾਨ ਦੇ ਪ੍ਰਧਾਨ ਮੰਤਰੀ ਲੀਓਨਛੇਨ ਜਿਗਮੀ ਥਿਨਲੇ ਨੇ ਜ਼ੋਰ ਦੇ ਕੇ ਕਿਹਾ ਕਿ ਦਹਿਸ਼ਤਗਰਦੀ ਰਾਹੀਂ ਕੋਈ ਮਕਸਦ ਪੂਰਾ ਨਹੀਂ ਹੋ ਸਕਦਾ ਤੇ ਨਾ ਹੀ ਇਹ ਕਿਸੇ ਤਰ੍ਹਾਂ ਦੀ ਹਮਦਰਦੀ ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਮਨੁੱਖਤਾ ਖ਼ਿਲਾਫ਼ ਜੋ ਵਿਅਕਤੀ ਅਜਿਹੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਜੋ ਦੇਸ਼ ਇਕੱਠੇ ਮਿਲ ਕੇ ਕੰਮ ਕਰ ਰਹੇ ਹਨ, ਸਜ਼ਾ ਦੇਣਗੇ।

## ਮਿਰਚਪੁਰ ਹੱਤਿਆ ਕਾਂਡ ਵਿਚ ਘਿਰ ਰਹੇ ਹਨ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ

**ਚੰਡੀਗੜ੍ਹ:** ਹਰਿਆਣਾ ਵਿਕਾਸ ਤੇ ਆਰਥਿਕ ਖੇਤਰ 'ਚ 'ਪਹਿਲੇ ਨੰਬਰ' 'ਤੇ ਟਿਕਿਆ ਹੋਇਆ ਹੈ ਪਰ ਹੁਣ ਅਜਿਹਾ ਲੱਗਦਾ ਹੈ ਕਿ ਇਹ ਜਾਤੀ ਸੰਘਰਸ਼ ਅਤੇ ਦਲਿਤਾਂ 'ਤੇ 'ਅੱਤਿਆਚਾਰ' ਦੇ ਮਾਮਲੇ ਵਿਚ ਬਦਨਾਮੀ ਦਾ ਵੀ ਪਹਿਲਾ ਸਥਾਨ ਹਾਸਲ ਕਰਦਾ ਜਾ ਰਿਹਾ ਹੈ। ਇਸ ਸੰਬੰਧੀ ਤਾਜ਼ਾ ਮਿਸਾਲ ਹਿਸਾਰ ਜ਼ਿਲੇ ਦੇ ਮਿਰਚਪੁਰ ਪਿੰਡ ਵਿਚ ਦਲਿਤਾਂ 'ਤੇ ਕੀਤੇ ਗਏ ਹਮਲੇ ਦੀ ਹੈ, ਜਿਥੇ ਜਾਟ ਭਾਈਚਾਰੇ ਵਲੋਂ ਦਲਿਤਾਂ ਦੇ ਘਰਾਂ ਨੂੰ ਅੱਗ ਲਗਾ ਦਿੱਤੀ ਗਈ ਅਤੇ ਇਸ ਅਗਨੀਕਾਂਡ ਵਿਚ ਪੋਲੀਓ ਦੀ ਸ਼ਿਕਾਰ ਕੁੜੀ ਤੇ ਉਸ ਦੇ ਪਿਤਾ ਦੀ ਸੜਨ ਨਾਲ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਕੁਝ ਦਲਿਤ ਪਰਿਵਾਰ ਪਿੰਡ 'ਚੋਂ ਪਲਾਇਨ ਕਰ ਗਏ। ਇਸ ਘਟਨਾ ਤੋਂ 9 ਦਿਨਾਂ ਬਾਅਦ ਹੀ ਕਰਨਾਲ ਜ਼ਿਲੇ ਦੇ ਨਿਸਿੰਗ ਖੇਤਰ ਦੇ ਬਜੀਦਾ ਰੋੜਾਂ ਪਿੰਡ ਵਿਚ ਕੁਝ ਉਚ ਜਾਤ ਦੇ ਲੋਕਾਂ ਵਲੋਂ ਬੇਰਹਿਮੀ ਨਾਲ ਮਾਰੇ-ਕੁੱਟੇ ਜਾਣ ਕਰਕੇ ਇਕ ਦਲਿਤ ਪਰਿਵਾਰ ਦੇ 6 ਮੈਂਬਰ ਗੰਭੀਰ ਜ਼ਖ਼ਮੀ ਹੋ ਗਏ। ਹਰਿਆਣਾ ਵਿਚ ਇਹ ਜਾਤੀ ਸੰਘਰਸ਼ ਅਤੇ ਦਲਿਤਾਂ 'ਤੇ ਅੱਤਿਆਚਾਰ ਦੀਆਂ ਕੋਈ ਇੱਕਾ-ਦੁੱਕਾ ਮਿਸਾਲਾਂ ਨਹੀਂ ਹਨ। ਪਿਛਲੇ ਕੁਝ ਵਰ੍ਹਿਆਂ 'ਚ ਅਜਿਹੀਆਂ ਘਟਨਾਵਾਂ ਵਧੀਆਂ ਹਨ। ਹਰਿਆਣਾ ਵਿਚ ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਰਹੀ ਹੋਵੇ, ਆਪਣੇ ਜਾਟ ਵੋਟ ਬੈਂਕ ਦੀ ਖ਼ਾਤਰ ਸੱਤਾਧਾਰੀ ਲੀਡਰਸ਼ਿਪ ਅਜਿਹੇ ਗੈਰ ਕਾਨੂੰਨੀ ਮਾਮਲਿਆਂ ਵਿਚ ਸਖ਼ਤ ਕਦਮ ਚੁੱਕਣ ਤੋਂ ਬਚਦੀ ਰਹੀ ਹੈ ਤੇ ਜਦੋਂ ਵੀ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ, ਉਹ ਖਾਨਾਪੂਰਤੀ ਲਈ ਇਹ ਐਲਾਨ ਜ਼ਰੂਰ ਕਰਦੀਆਂ ਹਨ ਕਿ 'ਕਾਨੂੰਨ ਆਪਣਾ ਕੰਮ ਕਰੇਗਾ।' ਪਰ ਤ੍ਰਾਸਦੀ ਹੈ ਕਿ ਕਾਨੂੰਨ ਨੂੰ ਆਪਣਾ ਕੰਮ ਨਹੀਂ ਕਰਨ ਦਿੱਤਾ ਜਾਂਦਾ। ਭਾਰਤੀ ਸਿਆਸਤ ਦੇ ਕੁਝ ਚਿੰਤਾਜਨਕ ਪਹਿਲੂਆਂ ਨੂੰ ਜ਼ਾਹਿਰ ਕਰਨ ਦੇ ਬਾਵਜੂਦ ਮਿਰਚਪੁਰ ਦੀ ਘਟਨਾ ਵਿਚ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੇ ਉਨ੍ਹਾਂ ਦੀ ਕਾਂਗਰਸ ਸਰਕਾਰ ਲਈ ਕੁਝ ਸਿਆਸੀ ਤੇ ਪ੍ਰਸ਼ਾਸਨਿਕ ਟਕਰਾਅ ਵੀ ਲੁਕੇ ਹੋਏ ਹਨ।



ਪ੍ਰਸ਼ਾਸਨਿਕ ਅਤੇ ਸ਼ਾਸਕੀ ਚੁਣੌਤੀਆਂ ਤੋਂ ਇਲਾਵਾ ਮਿਰਚਪੁਰ ਦੀ ਘਟਨਾ ਨੇ ਮੁੱਖ ਮੰਤਰੀ ਲਈ ਆਪਣੀ ਪਾਰਟੀ ਦੇ ਅੰਦਰੋਂ ਹੀ ਵੱਡੀਆਂ ਸਿਆਸੀ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ। ਇਹ ਚੁਣੌਤੀਆਂ ਉਨ੍ਹਾਂ ਲਈ ਕੇਂਦਰੀ ਕਾਂਗਰਸ ਲੀਡਰਸ਼ਿਪ ਵਲੋਂ ਆਈਆਂ ਹਨ। ਸੋਨੀਆ ਗਾਂਧੀ ਨੇ ਸ੍ਰੀ ਹੁੱਡਾ ਨੂੰ ਸਖ਼ਤ ਸ਼ਬਦਾਂ ਵਿਚ ਚਿੱਠੀ ਲਿਖ ਕੇ ਮਿਰਚਪੁਰ ਦੀ ਘਟਨਾ 'ਤੇ ਭਾਰੀ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਲਿਖਿਆ ਹੈ ਕਿ "ਇਹ ਬਹੁਤ ਸ਼ਰਮਨਾਕ ਗੱਲ ਹੈ ਕਿ ਅਜਿਹੀ ਜ਼ਾਲਿਮਾਨਾ ਤੇ ਨਿੰਦਣਯੋਗ ਘਟਨਾ ਹੋਈ ਹੈ ਤੇ ਇਹ ਗੱਲ ਹੋਰ ਵੀ ਚਿੰਤਾਜਨਕ ਹੈ ਕਿ ਇਹ ਭਿਆਨਕ ਕਾਂਡ ਨਾਇਬ ਤਹਿਸੀਲਦਾਰ ਤੇ ਪੁਲਸ ਦੇ ਐਸ. ਐਚ. ਓ. ਦੀ ਮੌਜੂਦਗੀ ਵਿਚ ਹੋਇਆ। ਇਸ ਘਿਨੌਣੇ ਅਪਰਾਧ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਨੂੰ ਉੱਕਾ ਹੀ ਨਹੀਂ ਛੱਡਿਆ ਜਾਣਾ ਚਾਹੀਦਾ।"

ਹਰਿਆਣਾ ਦੀ ਸੱਤਾਧਾਰੀ ਲੀਡਰਸ਼ਿਪ ਲਈ ਸੋਨੀਆ ਗਾਂਧੀ ਦੇ ਇਸ ਪੱਤਰ ਦੀ ਗੰਭੀਰਤਾ ਦਾ ਸੰਕੇਤ ਇਨ੍ਹਾਂ ਤੱਥਾਂ ਤੋਂ ਮਿਲਦਾ ਹੈ। ਪਹਿਲਾ-ਇਹ ਪੱਤਰ ਉਸੇ ਦਿਨ ਲਿਖਿਆ ਗਿਆ, ਜਿਸ ਦਿਨ ਰਾਹੁਲ ਗਾਂਧੀ ਨੇ ਪੀੜਤ ਦਲਿਤ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟਾਉਣ ਵਾਸਤੇ ਮਿਰਚਪੁਰ ਪਿੰਡ ਦੀ ਅਚਨਚੇਤ ਯਾਤਰਾ ਕੀਤੀ। ਉਨ੍ਹਾਂ ਦੀ ਇਸ ਯਾਤਰਾ ਬਾਰੇ ਸੂਬੇ ਦੀ ਸਿਆਸੀ ਲੀਡਰਸ਼ਿਪ ਤੇ ਨਾ ਹੀ ਪ੍ਰਸ਼ਾਸਨ ਨੂੰ ਕੋਈ ਭਿਣਕ ਲੱਗੀ। ਦੂਜਾ-ਇਹ ਗੱਲ ਸਪੱਸ਼ਟ ਹੈ ਕਿ ਇਸ ਸਖ਼ਤ ਸ਼ਬਦਾਵਲੀ ਵਾਲੇ ਪੱਤਰ ਨੂੰ ਮੀਡੀਆ ਦੇ ਇਕ ਵਰਗ ਨੂੰ ਲੀਕ ਕੀਤਾ ਗਿਆ। ਇਹ ਆਪਣੇ ਆਪ ਵਿਚ ਇਕ ਅਸਾਧਾਰਨ ਕਦਮ ਹੈ। ਯਕੀਨੀ ਤੌਰ 'ਤੇ ਇਹ ਪਾਰਟੀ ਹਾਈਕਮਾਨ ਦੇ ਸੂਤਰਾਂ ਨੇ ਹੀ ਲੀਕ ਕੀਤਾ ਹੋਵੇਗਾ।ਇਸ ਵਿਚ ਕੋਈ ਸ਼ੱਕ ਨਹੀਂ ਕਿ ਸ੍ਰੀ ਹੁੱਡਾ ਰੋਹਤਕ, ਝੱਜਰ-ਸੋਨੀਪਤ, ਦੇਸਵਾਲੀ ਜਾਟ ਪੱਟੀ ਵਿਚ ਆਪਣਾ ਪ੍ਰਭਾਵ ਕਾਇਮ ਕਰਨ ਵਿਚ ਸਫਲ ਰਹੇ ਹਨ ਪਰ 2009 ਵਿਚ ਸਮੇਂ ਤੋਂ ਪਹਿਲਾਂ ਹੋਈਆਂ ਵਿਧਾਨਸਭਾ ਚੋਣਾਂ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਕਾਂਗਰਸ ਦਾ ਹਰਿਆਣਾ ਵਿਚ ਜਨ ਆਧਾਰ ਖਿਸਕਿਆ ਹੈ, ਬੇਸ਼ੱਕ ਹੀ ਹੁੱਡਾ ਸਰਕਾਰ ਵਲੋਂ ਆਪਣੇ 2005 ਤੋਂ 2010 ਦੇ ਸ਼ਾਸਨਕਾਲ ਵਿਚ ਦਲਿਤਾਂ ਤੇ ਗਰੀਬਾਂ ਸਮੇਤ ਸੂਬੇ ਦੇ ਸਾਰੇ ਵਰਗਾਂ ਨੂੰ ਦਿੱਤੀਆਂ ਉਦਾਰ ਰਿਆਇਤਾਂ ਦੇ ਬਾਵਜੂਦ 90 ਮੈਂਬਰੀ ਵਿਧਾਨ ਸਭਾ ਵਿਚ ਕਾਂਗਰਸ ਬਹੁਮਤ ਹਾਸਲ ਨਹੀਂ ਕਰ ਸਕੀ ਅਤੇ ਇਸ ਨੂੰ ਸਰਕਾਰ ਬਣਾਉਣ ਲਈ ਆਜ਼ਾਦ ਉਮੀਦਵਾਰਾਂ ਸਮੇਤ ਕੁਲਦੀਪ ਬਿਸ਼ਨੋਈ ਦੀ ਅਗਵਾਈ ਵਾਲੀ ਹਰਿਆਣਾ ਜਨਹਿਤ ਕਾਂਗਰਸ (ਬੀ. ਐਲ.) ਦੇ 6 ਵਿਧਾਇਕਾਂ 'ਚੋਂ 5 ਦਾ ਸਮਰਥਨ ਲੈਣਾ ਪਿਆ।ਆਪਣੇ ਦੇਸਵਾਲ ਜਾਟ ਵੋਟ ਬੈਂਕ ਤੋਂ ਇਲਾਵਾ ਹੁਣ ਸ੍ਰੀ ਹੁੱਡਾ ਨੇ ਗੈਰ-ਜਾਟਾਂ, ਖ਼ਾਸ ਕਰਕੇ ਪੰਜਾਬੀਆਂ ਤੇ ਸਿੱਖਾਂ ਦਾ ਸਮਰਥਨ ਹਾਸਲ ਕਰਨ ਦੇ ਯਤਨ ਵੀ ਸ਼ੁਰੂ ਕਰ ਦਿੱਤੇ ਹਨ ਪਰ ਦਲਿਤਾਂ, ਜੋ ਕਾਂਗਰਸ ਦਾ ਅਹਿਮ ਵੋਟ ਬੈਂਕ ਹਨ, 'ਤੇ ਹੋਣ ਵਾਲੇ ਅੱਤਿਆਚਾਰਾਂ ਦੀਆਂ ਘਟਨਾਵਾਂ ਕਾਰਨ ਉਨ੍ਹਾਂ ਦਾ ਕਾਂਗਰਸ ਤੋਂ ਦੂਰ ਹੋਣ ਦਾ ਖ਼ਤਰਾ ਵੀ ਪੈਦਾ ਹੋ ਗਿਆ ਹੈ।ਸਿਰਫ਼ ਅਜਿਹੀਆਂ ਗੱਲਾਂ ਕਹਿਣਾ, ਜਿਵੇਂ ਕਿ ਸੂਬਾਈ ਕਾਂਗਰਸ ਦੇ ਪ੍ਰਧਾਨ ਫੂਲਚੰਦ ਮੁਲਾਨਾ ਨੇ ਕਿਹਾ ਹੈ ਕਿ 'ਮਿਰਚਪੁਰ ਦੇ ਹਿੰਸਕ ਕਾਂਡ' ਪਿੱਛੇ ਉਨ੍ਹਾਂ ਲੋਕਾਂ ਦਾ ਹੱਥ ਹੈ, ਜੋ ਕਾਂਗਰਸ ਅਤੇ ਇਸ ਦੀ ਸਰਕਾਰ ਦੇ ਵਿਰੋਧੀ ਹਨ" ਅਤੇ "ਇਕ ਮਾਮੂਲੀ ਜਿਹੇ ਮੁੱਦੇ ਨੂੰ ਲੈ ਕੇ ਦਲਿਤਾਂ ਪ੍ਰਤੀ ਪ੍ਰਗਟਾਈ ਗਈ ਹਿੰਸਕ ਪ੍ਰਤੀਕਿਰਿਆ ਦਿਲ ਕੰਬਾ ਦੇਣ ਵਾਲੀ ਹੈ।" ਹਰਿਆਣਾ ਦੀਆਂ ਮੌਜੂਦਾ ਜ਼ਮੀਨੀ ਹਕੀਕਤਾਂ ਨੂੰ ਅੱਖੋਂ ਪਰੋਖੇ ਕਰਨ ਵਾਂਗ ਹੈ। ਯਕੀਨੀ ਤੌਰ 'ਤੇ ਹਰਿਆਣਾ ਦੀ ਸੱਤਾਧਾਰੀ ਲੀਡਰਸ਼ਿਪ ਲਈ ਇਹ ਇਕ ਸਿਆਸੀ ਚੁਣੌਤੀ ਹੈ।

## ਦੋਸਤ ਦੀ ਪਤਨੀ ਦਾ ਸੋਸ਼ਣ ਕਰਨ ਵਾਲੇ ਮੰਤਰੀ ਦੀ ਛੁੱਟੀ

**ਬੰਗਲੌਰ:** ਕਰਨਾਟਕ ਦੇ ਖੁਰਾਕ ਅਤੇ ਸਪਲਾਈ ਮੰਤਰੀ ਐੱਚ. ਹਲੱਪਾ ਨੇ ਮੀਡੀਆ 'ਚ ਆਈਆਂ ਉਨ੍ਹਾਂ ਖ਼ਬਰਾਂ ਤੋਂ ਬਾਅਦ ਬੀਤੀ 2 ਮਈ ਨੂੰ ਅਸਤੀਫਾ ਦੇ ਦਿੱਤਾ, ਜਿਨ੍ਹਾਂ ਵਿਚ ਉਨ੍ਹਾਂ 'ਤੇ ਆਪਣੇ ਜੱਦੀ ਜ਼ਿਲ੍ਹੇ ਸ਼ਿਮੋਗਾ ਵਿਚ ਕਥਿਤ ਤੌਰ 'ਤੇ ਸੈਕਸ ਸ਼ੋਸ਼ਣ ਵਿਚ ਸ਼ਾਮਲ ਹੋਣ ਦਾ ਦੋਸ਼ ਲੱਗਾ ਸੀ।

ਹਲੱਪਾ ਨੇ ਫੈਕਸ ਰਾਹੀਂ ਆਪਣਾ ਅਸਤੀਫਾ ਮੁੱਖ ਮੰਤਰੀ ਬੀ.ਐਸ. ਯੇਦੀਯੁਰੱਪਾ ਨੂੰ ਭੇਜ ਦਿੱਤਾ ਜੋ ਕਿ ਮੁੱਖ ਮੰਤਰੀ ਨੇ ਪ੍ਰਵਾਨ ਕਰ ਲਿਆ ਹੈ। ਮੰਤਰੀ ਨੇ ਕੰਨੜ ਭਾਸ਼ਾ ਦੀ ਇਕ ਅਖ਼ਬਾਰ ਵਿਚ ਛਪੀ ਖ਼ਬਰ ਨੂੰ ਖਾਰਿਜ ਕੀਤਾ, ਜਿਸ ਵਿਚ ਪਹਿਲੇ ਪੰਨੇ 'ਤੇ ਲਿਖਿਆ ਗਿਆ ਸੀ ਕਿ ਹਲੱਪਾ ਨੇ ਆਪਣੇ ਇਕ ਮਿੱਤਰ ਦੀ ਪਤਨੀ ਦਾ ਸੈਕਸ ਸ਼ੋਸ਼ਣ ਕੀਤਾ ਹੈ। ਰਿਪੋਰਟ ਵਿਚ ਉਸ ਦਾ ਨਾਂਅ ਨਹੀਂ ਲਿਆ ਗਿਆ। ਇਸ ਕਰਕੇ ਕੋਈ ਮਾਮਲਾ ਵੀ ਦਰਜ ਨਹੀਂ ਹੈ। ਹਲੱਪਾ ਨੇ ਇਥੇ ਪੱਤਰਕਾਰਾਂ ਨੂੰ ਕਿਹਾ ਕਿ ਦੋਸ਼ ਸਹੀ ਨਹੀਂ ਹਨ। ਇਹ ਮੇਰੇ ਵਿਰੁਧ ਸਿਆਸੀ ਸਾਜ਼ਿਸ਼ ਹੈ। ਇਕ ਜਾਂ ਦੋ ਸਾਡੇ ਆਪਣੇ (ਭਾਜਪਾ) ਅਤੇ ਵਿਰੋਧੀ ਧਿਰ ਦੇ ਲੋਕ ਹਨ, ਜਿਨ੍ਹਾਂ ਨੇ ਮੇਰੇ ਵਿਰੁਧ ਸਾਜ਼ਿਸ਼ ਰਚੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਪਾਰਟੀ ਨੂੰ ਸ਼ਰਮਿੰਦਗੀ ਤੋਂ ਬਚਾਉਣ ਲਈ ਨੈਤਿਕ ਆਧਾਰ 'ਤੇ ਅਸਤੀਫਾ ਦੇ ਰਹੇ ਹਨ। ਉਨ੍ਹਾਂ ਨੇ ਆਪਣੇ ਵਿਰੋਧੀਆਂ ਨੂੰ ਚੇਤਾਵਨੀ ਦਿੱਤੀ ਕਿ ਆਪਣੇ ਦੋਸ਼ਾਂ ਦੇ ਹੱਕ ਵਿਚ ਸਬੂਤ ਪੇਸ਼ ਕਰਨ।

ਘਟਨਾ ਕਥਿਤ ਤੌਰ 'ਤੇ ਚਾਰ ਮਹੀਨੇ ਪੁਰਾਣੀ ਦੱਸੀ ਜਾਂਦੀ ਹੈ। ਮੁੱਖ ਮੰਤਰੀ ਬੀ.ਐਸ ਯੇਦੀਯੁਰੱਪਾ ਨੇ ਬੇਲਗਾਮ ਵਿਚ ਕਿਹਾ ਕਿ ਉਨ੍ਹਾਂ ਨੇ ਅਸਤੀਫਾ ਸਵੀਕਾਰ ਕਰ ਲਿਆ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਮੰਤਰੀ ਅਹੁਦਾ ਛੱਡਣ 'ਤੇ ਉਤਾਰੂ ਸੀ, ਕਿਉਂਕਿ ਉਹ ਨਹੀਂ ਚਾਹੁੰਦਾ ਸੀ ਕਿ ਵਿਰੋਧੀ ਪਾਰਟੀਆਂ 8 ਅਤੇ 12 ਮਈ ਨੂੰ ਹੋਣ ਵਾਲੀਆਂ ਪੰਚਾਇਤ ਚੋਣਾਂ ਤੋਂ ਪਹਿਲਾਂ ਇਸ ਖ਼ਬਰ ਨੂੰ ਮੁੱਦਾ ਬਣਾਉਣ। ਦੂਜੇ ਪਾਸੇ ਦੁਬਈ ਵਿਚ ਭਾਜਪਾ ਦੇ ਸੂਬਾ ਯੂਨਿਟ ਦੇ ਪ੍ਰਧਾਨ ਐਸ.ਈ ਸ਼ਿਵਰੱਪਾ ਨੇ ਹਲੱਪਾ ਦੇ ਅਸਤੀਫੇ 'ਤੇ ਤਸੱਲੀ ਵੀ ਪ੍ਰਗਟਾਈ ਹੈ ਅਤੇ ਇਸ ਨਾਲ ਚੰਗੀ ਰਵਾਇਤ ਪਵੇਗੀ। ਮੁੱਖ ਮੰਤਰੀ ਨੇ ਸ੍ਰੀ ਹਲੱਪਾ ਨੂੰ ਕਲੀਨ ਚਿੱਟ ਦਿੰਦੇ ਹੋਏ ਕਿਹਾ ਕਿ ਉਹ ਪਾਰਟੀ ਦੇ ਵਫਾਦਾਰ ਵਰਕਰ ਹਨ। ਉਨ੍ਹਾਂ ਨੇ ਕਿਹਾ ਕਿ ਪਹਿਲੀ ਨਜ਼ਰੇ ਇਨ੍ਹਾਂ ਦੋਸ਼ਾਂ ਵਿਚ ਸਚਾਈ ਨਜ਼ਰ ਨਹੀਂ ਆਉਂਦੀ। ਉਨ੍ਹਾਂ ਕਿਹਾ ਕਿ ਮੈਂ ਮੰਤਰੀ ਨੂੰ ਜਲਦਬਾਜ਼ੀ ਵਿਚ ਕੋਈ ਕਦਮ ਨਾ ਚੁੱਕਣ ਲਈ ਕਿਹਾ ਸੀ ਪਰ ਉਨ੍ਹਾਂ ਨੇ ਇਹ ਕਹਿੰਦੇ ਹੋਏ ਅਸਤੀਫਾ ਪ੍ਰਵਾਨ ਕਰਨ ਲਈ ਦਬਾਅ ਬਣਾਇਆ ਕਿ ਉਹ ਪਾਰਟੀ ਦੀ ਫਜ਼ੀਹਤ ਨਹੀਂ ਚਾਹੁੰਦੇ ਅਤੇ ਉਹ ਪਾਕਿ-ਸਾਫ ਹੋ ਕੇ ਵਾਪਸ ਆਉਣਾ ਚਾਹੁੰਦੇ ਹਨ। ਅਖ਼ਬਾਰ ਵਿਚ ਕਿਸੇ ਦਾ ਨਾਂਅ ਲਿਖਿਆ ਗਿਆ ਪਰ ਰਿਪੋਰਟ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕਿਸ ਬਾਰੇ ਲਿਖਿਆ ਗਿਆ ਹੈ।

ਰਿਪੋਰਟ ਅਨੁਸਾਰ ਮੰਤਰੀ ਆਪਣੇ ਇਕ ਮਿੱਤਰ ਦੇ ਘਰ ਭੋਜਨ ਕਰਨ ਗਏ ਸਨ। ਰਾਤ ਉਥੇ ਠਹਿਰੇ, ਅੱਧੀ ਰਾਤ ਮੰਤਰੀ ਨੇ ਬੇਚੈਨੀ ਦੀ ਸ਼ਿਕਾਇਤ ਕੀਤੀ ਅਤੇ ਆਪਣੇ ਦੋਸਤ ਨੂੰ ਨਾਲ ਲੈ ਬੰਗਲੇ 'ਚ ਠਹਿਰੇ ਆਪਣੇ ਸੁਰੱਖਿਆ ਮੁਲਾਜ਼ਮ ਕੋਲੋਂ ਦਵਾਈ ਲਿਆਉਣ ਲਈ ਕਿਹਾ। ਮੰਤਰੀ ਦੇ ਦੋਸਤ ਨੂੰ ਉਥੇ ਕੋਈ ਸੁਰੱਖਿਆ ਮੁਲਾਜ਼ਮ ਨਹੀਂ ਮਿਲਿਆ ਪਰ ਜਦ ਉਹ ਘਰ ਪਰਤਿਆ ਤਾਂ ਉਸਦੀ ਪਤਨੀ ਨੇ ਰੋਂਦੇ ਹੋਏ ਆਪਣਾ ਸੈਕਸ ਸ਼ੋਸ਼ਣ ਹੋਣ ਦੀ ਗੱਲ ਕਹੀ। ਇਸ ਦੌਰਾਨ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਆਰ.ਬੀ. ਦੇਸ਼ਪਾਂਡੇ ਨੇ ਮੰਤਰੀ ਵਿਰੁਧ ਅਪਰਾਧਿਕ ਮਾਮਲਾ ਦਰਜ ਕਰਨ ਅਤੇ ਇਸ ਕਾਂਡ ਦੀ ਜਾਂਚ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਫਿਲਹਾਲ ਟਰਾਂਸਪੋਰਟ ਮੰਤਰੀ ਹੀ ਸ੍ਰੀ ਹਲੱਪਾ ਦਾ ਕੰਮਕਾਜ ਵੇਖਣਗੇ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

**ਜਨਮ ਦਿਵਸ 'ਤੇ ਵਿਸ਼ੇਸ਼**

**ਪ੍ਰੋ. ਜਸਵੀਰ ਸਿੰਘ ਉੱਭੀ**

ਬੜੀ ਖੁਸ਼ੀ ਅਤੇ ਮਾਣ ਦੀ ਗੱਲ ਹੈ ਕਿ ਪਹਿਲੀ ਵਾਰ ਪੰਜਾਬ ਸਰਕਾਰ ਨੇ ਪਟਿਆਲਾ ਵਿਖੇ 5 ਮਈ 2010 ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਯਾਦ 'ਚ ਰਾਜ ਪੱਧਰੀ ਸਮਾਗਮ ਕਰਵਾਉਣ ਦਾ ਉਪਰਾਲਾ ਕੀਤਾ ਹੈ। ਬਹੁਤੀ ਵਾਰ ਅਕਾਲੀ ਜਾਂ ਕਾਂਗਰਸੀ ਸਰਕਾਰਾਂ ਨੇ ਇਹੋ ਜਿਹੇ ਮਹਾਨ ਵਿਅਕਤੀਆਂ ਨੂੰ ਢੁਕਵਾਂ ਸਨਮਾਨ ਨਹੀਂ ਦਿੱਤਾ। ਜੱਸਾ ਸਿੰਘ ਰਾਮਗੜ੍ਹੀਆ ਕਿਸੇ ਇਕ ਬਰਾਦਰੀ ਨਾਲ ਨਹੀਂ ਸਗੋਂ ਸਮੁੱਚੇ ਸਿੱਖ ਜਗਤ ਨਾਲ ਸੰਬੰਧਿਤ ਹੈ। ਸਰਦਾਰ ਜੱਸਾ ਸਿੰਘ ਦਾ ਨਾਂ ਹਿੰਦੁਸਤਾਨ ਦੇ ਅਠਾਰਵੀਂ ਸਦੀ ਦੇ ਮਹਾਨ ਜਰਨੈਲਾਂ ਵਿਚ ਆਉਂਦਾ ਹੈ। ਅਗਰ ਇਹੋ ਜਿਹੇ ਮਹਾਨ ਵਿਅਕਤੀ ਹਿੰਦੁਸਤਾਨ ਦੀ ਧਰਤੀ 'ਤੇ ਪੈਦਾ ਨਾ ਹੁੰਦੇ, ਸਿੱਖ ਰਾਜ ਦੀ ਗੱਲ ਤਾਂ ਇਕ ਪਾਸੇ ਅਸੀਂ ਸਭ ਮੁਸਲਮਾਨ ਹੁੰਦੇ। ਅੱਜ ਸਿੱਖ ਹੋਣਾ ਕੁਝ ਵਿਅਕਤੀਆਂ ਵਾਸਤੇ ਦਿਖਾਵੇ ਦੀ ਗੱਲ ਹੋ ਸਕਦੀ ਹੈ, ਪਰ ਸਤਾਰਵੀਂ ਅਤੇ ਅਠਾਰਵੀਂ ਸਦੀ ਵਿਚ ਸਿੱਖ ਸਜਣਾ ਮੌਤ ਨੂੰ ਬੁਲਾਵਾ ਦੇਣ ਦੇ ਬਰਾਬਰ ਸੀ। ਮੁਗਲੀਆਂ ਸਰਕਾਰ ਦੇ ਹੁਕਮ ਅਤੇ ਨਿੱਜੀ ਸਵਾਰਥਾਂ ਖਾਤਰ ਸਿੱਖਾਂ ਦੇ ਸਿਰ ਵੱਢ ਕੇ ਵੇਚੇ ਜਾਂਦੇ ਸਨ।



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਏ ਦਾ ਜਨਮ 1723 ਈ: ਵਿਚ ਅੰਮ੍ਰਿਤਸਰ ਦੇ ਨਜ਼ਦੀਕ ਪਿੰਡ ਇਛੋ-ਗਿਲ ਦਾ ਹੈ। 1761 ਤੋਂ 1733 ਦਾ ਸਮਾਂ ਸਿੱਖਾਂ ਵਾਸਤੇ ਹਨ੍ਹੇਰਾ ਕਾਲ ਮੰਨਿਆ ਗਿਆ ਹੈ। ਉਨ੍ਹਾਂ ਦੇ ਪਿਤਾ ਸ. ਭਗਵਾਨ ਸਿੰਘ 1739 ਈ: ਵਿਚ ਨਾਦਰਸ਼ਾਹੀ ਹਮਲੇ ਦਾ ਟਾਕਰਾ ਕਰਦੇ ਹੋਏ ਸ਼ਹੀਦੀ ਪਾ ਗਏ ਸਨ। ਨਾਦਰਸ਼ਾਹ 'ਖੁਰਾਸ਼ਾਨ' ਦਾ ਇਕ ਡਾਕੂ ਸੀ ਜੋ ਸਾਰੇ ਏਸ਼ੀਆ ਲਈ ਭੈ ਅਤੇ ਖਤਰਾ ਬਣਿਆ ਹੋਇਆ ਸੀ। ਭਗਵਾਨ ਸਿੰਘ ਨੂੰ ਪਰਮਾਤਮਾ ਨੇ 5 ਪੁੱਤਰਾਂ ਦੀ ਦਾਤ ਬਖਸ਼ੀ ਸੀ-ਜੱਸਾ ਸਿੰਘ, ਜੈ ਸਿੰਘ, ਖੁਸ਼ਹਾਲ ਸਿੰਘ, ਮਾਲੀ ਸਿੰਘ ਅਤੇ ਤਾਰਾ ਸਿੰਘ। ਜੱਸਾ ਸਿੰਘ ਦੇ ਬਾਬਾ ਜੀ ਗਿਆਨੀ ਹਰਦਾਸ ਸਿੰਘ (1670-1761) ਨੇ ਗੁਰੂ ਸਾਹਿਬ ਦੇ ਹੱਥੀਂ ਅੰਮ੍ਰਿਤ ਛਕਿਆ ਸੀ ਅਤੇ ਸਾਰੀ ਉਮਰ ਗੁਰੂ ਘਰ ਦੀ ਸੇਵਾ ਵਿਚ ਲਗਾਈ। ਜੰਗਾਂ ਵਿਚ ਵੀ ਹਿੱਸਾ ਲਿਆ, ਗੁਰੂ ਸਾਹਿਬ ਦੇ ਨਿੱਜੀ ਸੁਰੱਖਿਅਕ ਵੀ ਰਹੇ। ਜੱਦੀ ਪਿੰਡ ਸੁਰਸਿੰਘ ਸੀ, ਜੱਦੀ ਕੰਮ ਤਰਖਾਣਾ ਸੀ, ਪ੍ਰੰਤੂ ਮੁਗਲ ਸਰਕਾਰ ਦੀਆਂ ਨਜ਼ਰਾਂ ਵਿਚ ਰੜਕਣ ਕਾਰਨ 'ਇਛੋ-ਗਿਲ' ਆ ਕੇ ਵਸ ਗਏ ਸਨ। ਸ. ਭਗਵਾਨ ਸਿੰਘ ਦੀ ਸ਼ਹੀਦੀ ਪਿੱਛੋਂ 17 ਸਾਲਾਂ ਦੀ ਉਮਰ ਵਿਚ ਜੱਸਾ ਸਿੰਘ ਨੂੰ ਘਰ ਦੀ ਜ਼ਿੰਮੇਵਾਰੀ ਅਤੇ ਰਸਾਲਦਾਰੀ ਸਾਂਭਣੀ ਪੈ ਗਈ।

1740 ਈ: ਨੂੰ ਕੇਵਲ 22 ਸਾਲਾਂ ਦੀ ਉਮਰ ਵਿਚ ਰਾਮਗੜ੍ਹੀਆ ਮਿਸਲ ਦਾ ਜਥੇਦਾਰ ਬਣਾਇਆ ਗਿਆ। ਜੱਸਾ ਸਿੰਘ ਨੇ ਆਜ਼ਾਦੀ ਦੀ ਜੱਦੋ-ਜਹਿਦ ਵਿਚ ਵਧ ਚੜ੍ਹ ਕੇ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ। ਆਪਣੇ ਬਾਪ ਦਾਦਿਆਂ ਵਾਂਗ ਬਹੁਤ ਹੀ ਬਹਾਦਰ ਯੋਧਾ ਸੀ। ਸਿੱਖੀ ਲਈ ਧਰਮ ਯੁੱਧ ਕਰਨਾ ਉਸ ਦਾ ਆਦਰਸ਼ ਬਣ ਗਿਆ ਸੀ। ਜਦੋਂ ਸਰਬਤ ਖਾਲਸੇ ਨੇ ਦਰਬਾਰ ਸਾਹਿਬ ਦੀ ਰੱਖਿਆ ਵਾਸਤੇ ਤਰਨਤਾਰਨ ਵਲ 'ਬਿਬੇਕਸਰ' ਦੇ ਨੇੜੇ ਰਾਮ ਰੌਣੀ ਬਣਾਉਣ ਦਾ ਫੈਸਲਾ ਕੀਤਾ ਅਤੇ ਸੁੱਖਾ ਸਿੰਘ 'ਮਾੜੀ ਕੰਬੋਕੇ' ਨੇ ਇਸ ਸਕੀਮ ਦੀ ਪ੍ਰੋੜਤਾ ਕੀਤੀ, ਖਾਲਸੇ ਨੇ ਜ਼ਿੰਮੇਵਾਰੀ ਜੱਸਾ ਸਿੰਘ ਨੂੰ ਸੌਂਪ ਦਿੱਤੀ। 1748 ਈ: ਨੂੰ ਇਸ ਰਾਮਰੌਣੀ ਨੂੰ ਪੱਕਿਆਂ ਕਰਕੇ ਰਾਮਗੜ੍ਹ ਕਿਲ੍ਹਾ ਬਣਾ ਦਿੱਤਾ। ਲਾਹੌਰ ਦੇ ਜ਼ਾਲਮ ਸੂਬੇਦਾਰ ਜ਼ਕਰੀਆ ਖਾਨ ਦੀ ਮੌਤ ਪਿੱਛੋਂ ਜਲੰਧਰ ਦੇ ਅਦੀਨਾ ਵੇਗ ਨੇ ਆਪਣੀ ਤਾਕਤ ਵਧਾਉਣੀ ਸ਼ੁਰੂ ਕਰ ਦਿੱਤੀ ਅਤੇ ਸਿੱਖਾਂ ਵੱਲ ਦੋਸਤੀ ਦਾ ਹੱਥ ਵਧਾਇਆ, ਖਾਲਸੇ ਨੇ ਜੱਸਾ ਸਿੰਘ ਨੂੰ ਅਦੀਨਾ ਬੇਗ ਨਾਲ ਗੱਲਬਾਤ ਵਾਸਤੇ ਭੇਜਿਆ। ਇਤਿਹਾਸਕਾਰ 'ਕਨ੍ਹਈਆ ਲਾਲ' ਲਿਖਦਾ ਹੈ ਕਿ ਸਰਦਾਰ ਜੱਸਾ ਸਿੰਘ ਦੀ ਚਤੁਰਾਈ, ਸਿਆਣਪ, ਮਿੱਠੀ ਗੱਲਬਾਤ ਅਤੇ ਸਤਿਕਾਰਭਰੀ ਸ਼ਕਲ ਵੇਖ ਕੇ ਜਲੰਧਰ ਦਾ ਅਦੀਨਾ ਬੇਗ ਪ੍ਰਭਾਵਿਤ ਹੋਇਆ। ਖਾਲਸੇ ਨੇ ਜੱਸਾ ਸਿੰਘ ਨੂੰ ਘੋੜ ਸਵਾਰਾਂ ਸਮੇਤ ਅਦੀਨਾ ਬੇਗ ਪਾਸ ਭੇਜ ਦਿੱਤਾ। ਤਿੰਨ ਸਾਲਾਂ ਬਾਅਦ ਅਦੀਨੇ ਦੀ ਨੀਅਤ 'ਤੇ ਸ਼ੱਕ ਹੋਣ ਕਾਰਨ ਜੱਸਾ ਸਿੰਘ ਨੂੰ ਵਾਪਸ ਅੰਮ੍ਰਿਤਸਰ ਮੰਗਵਾ ਲਿਆ। ਖਾਲਸੇ ਦੇ ਦਿਲ ਵਿਚ ਆਪ ਦਾ ਸਤਿਕਾਰ ਵਧ ਗਿਆ। 1762 ਈ: ਦੇ ਵੱਡੇ ਘੱਲੂਘਾਰੇ ਸਮੇਂ ਵੀ ਆਪ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ ਤੇ ਸੱਟਾਂ ਖਾਧੀਆਂ ਸਨ। 50,000 ਅਫਗਾਨੀ ਫੌਜੀ ਮਾਰੇ ਗਏ ਅਤੇ 20,000 ਸਿੱਖਾਂ ਨੇ ਸ਼ਹੀਦੀਆਂ ਪਾਈਆਂ। 1767 ਵਿਚ ਅਹਿਮਦਸ਼ਾਹ ਅਬਦਾਲੀ ਨੇ ਮੁੜ ਪੰਜਾਬ ਵਲ ਕੂਚ ਕੀਤਾ, ਖਾਲਸਾ ਦਲ ਦੇ ਜੱਸਾ ਸਿੰਘ ਰਾਮਗੜ੍ਹੀਏ ਅਤੇ ਜੱਸਾ ਸਿੰਘ ਆਹਲੂਵਾਲੀਏ ਨੇ ਬਿਆਸ ਪਾਰ ਹੋ ਕੇ ਅਬਦਾਲੀ ਦੀ ਫੌਜ 'ਤੇ ਜਬਰਦਸਤ ਹਮਲਾ ਕੀਤਾ, ਲੜਾਈ ਵਿਚ ਆਹਲੂਵਾਲੀਏ ਸਰਦਾਰ ਨੂੰ ਡੂੰਘਾ ਜ਼ਖਮ ਲੱਗਾ। ਹੁਣ ਸਾਰੀ ਖਾਲਸਾ ਫੌਜ ਦੀ ਅਗਵਾਈ ਰਾਮਗੜ੍ਹੀਏ ਸਰਦਾਰ ਨੇ ਕੀਤੀ। ਜੱਸਾ ਸਿੰਘ ਨੇ 18 ਘੰਟੇ ਲਗਾਤਾਰ ਬਿਨਾਂ ਖਾਣ ਪੀਣ ਜਾਂ ਅਰਾਮ ਦੇ ਤਲਵਾਰ ਚਲਾਈ, ਜਦੋਂਕਿ ਅਬਦਾਲੀ ਤਿੰਨ ਵਾਰ ਮੈਦਾਨ ਛੱਡ ਕੇ ਕੈਂਪ ਵਿਚ ਗਿਆ ਸੀ। ਖਾਲਸਾ ਦਲ ਦੇ ਨੌਜਵਾਨ ਸਿਪਾਹੀਆਂ ਨੇ ਅਫਗਾਨੀ ਫੌਜ ਦੇ ਪੈਰ ਉਖਾੜ ਕੇ ਭਾਜੜਾਂ ਪਾ ਦਿੱਤੀਆਂ। ਇਸ ਢਿੱਲਵਾਂ ਦੀ ਲੜਾਈ ਪਿੱਛੋਂ ਜੱਸਾ ਸਿੰਘ ਦਲ ਖਾਲਸਾ ਸਮੇਤ ਨਾਹਨ ਦੀ ਪਹਾੜੀ ਰਿਆਸਤ ਦੇ ਇਲਾਕੇ ਨੂੰ ਚਲਾ ਗਿਆ।

ਅਬਦਾਲੀ ਨੂੰ ਭਜਾਉਣ ਪਿੱਛੋਂ ਉਨ੍ਹਾਂ ਨੇ ਦੂਜੀਆਂ ਮਿਸਲਾਂ ਵਾਂਗ ਤਾਕਤ ਵਧਾਉਣੀ ਸ਼ੁਰੂ ਕਰ ਦਿੱਤੀ। ਉਹ ਮੈਦਾਨੀ ਅਤੇ ਗੁਰੀਲਾ ਜੰਗ ਦਾ ਮਾਹਿਰ ਸੀ। ਜਦੋਂ ਕੋਈ ਬਾਹਰੀ ਦੁਸ਼ਮਣ ਟਕਰਾਉਂਦਾ, ਜੱਸਾ ਸਿੰਘ ਦੂਜੇ ਮਿਸਲਾਂ ਦੇ ਸਰਦਾਰਾਂ ਨਾਲ ਝੱਟ ਮੋਢਾ ਡਾਹ ਲੈਂਦਾ ਸੀ। 12 ਸਿੱਖ ਮਿਸਲਾਂ 'ਚੋਂ 4 ਮਿਸਲਾਂ-ਸ਼ੁਕਰਚਕੀਆ, ਆਹਲੂਵਾਲੀਆ, ਰਾਮਗੜ੍ਹੀਆ ਅਤੇ ਕਨ੍ਹਈਆ ਜ਼ਿਆਦਾ ਤਾਕਤਵਰ ਅਤੇ ਮਸ਼ਹੂਰ ਸਨ। ਰਾਮਗੜ੍ਹੀਆ ਮਿਸਲ ਦੀ ਰਾਜਧਾਨੀ ਸ੍ਰੀ ਹਰਗੋਬਿੰਦਪੁਰ ਸੀ। ਇਸ ਵਿਚ ਬਟਾਲਾ, ਕਲਾਨੌਰ, ਮਿਆਣੀ ਖਾਸ, ਟਾਂਡਾ, ਤਲਵਾੜਾ, ਅੰਮ੍ਰਿਤਸਰ ਦਾ ਦੱਖਣ, ਰਾਵੀ ਤੇ ਬਿਆਸ ਦਰਿਆ ਵਿਚਲਾ ਇਲਾਕਾ, ਜਲੰਧਰ ਦਾ ਇਲਾਕਾ, ਕਾਂਗੜਾ ਦਾ ਪਹਾੜੀ ਇਲਾਕਾ ਸ਼ਾਮਿਲ ਸੀ। ਵੱਡਾ ਇਲਾਕਾ ਹੋਣ ਕਾਰਨ ਦੂਜੀਆਂ ਮਿਸਲਾਂ ਈਰਖਾ ਵੀ ਰੱਖਦੀਆਂ ਸਨ। ਦੱਖਣ-ਪੂਰਬ ਵਿਚ ਆਹਲੂਵੀਆ ਮਿਸ਼ਲ, ਪੱਛਮ ਵਲ ਕਨ੍ਹਈਆ ਮਿਸਲ ਅਤੇ ਦੱਖਣ ਵਲ ਭੰਗੀ ਮਿਸਲਾਂ ਮੌਜੂਦ ਸਨ। ਰਾਮਗੜ੍ਹੀਆ ਮਿਸਲ ਕੋਲ 360 ਕਿਲ੍ਹੇ, ਬੁਰਜ ਅਤੇ ਦਮਦਮੇ ਸਨ, ਤੇ ਚੰਗੇ ਲਿਖਾਰੀ ਵੀ ਸਨ, ਮਿਸਲ ਦੀ ਆਮਦਨ ਕਰੋੜਾਂ ਰੁਪਏ ਸੀ। ਇਸ ਮਿਸਲ ਦੇ ਫੌਜੀ ਇੰਜੀਨੀਅਰਿੰਗ ਅਤੇ ਦਸਤਕਾਰੀ ਦੇ ਮਾਹਿਰ ਹੋਣ ਕਾਰਨ ਕਿਲ੍ਹੇ, ਫਸੀਲਾਂ, ਦਮਦਮੇ, ਸ਼ਸਤਰ, ਤੋਪਾਂ, ਘੋੜਿਆਂ ਦੇ ਨਲ, ਬੇੜੀਆਂ, ਪੁਲ, ਖੇਤੀ ਦੇ ਸੰਦ ਆਪ ਹੀ ਤਿਆਰ ਕਰ ਲੈਂਦੇ ਸਨ। ਗੁਰੂ ਰਾਮਦਾਸ ਜੀ ਦਾ ਅਥਾਹ ਪਿਆਰ ਇਨ੍ਹਾਂ ਦੇ ਰੋਮ ਰੋਮ ਅਤੇ ਤਨ ਮਨ ਵਿਚ ਵਸਿਆ ਹੋਣ ਕਾਰਨ, ਹਰੇਕ ਚੀਜ਼ ਗੁਰੂ ਰਾਮਦਾਸ ਜੀ ਦੀ ਦਾਤ ਮੰਨਦੇ ਸਨ, ਕਿਲੇ ਦਾ ਨਾਂ ਰਾਮਗੜ੍ਹ, ਫਸੀਲ ਦਾ ਨਾਂ ਰਾਮਰਾਉਣੀ, ਅਮੁਕ ਲੰਗਰ ਦਾ ਨਾਂ ਰਾਮਰੋਟੀ ਅਤੇ ਜਗਤ ਪ੍ਰਸਿੱਧ ਮਿਸਲ ਦਾ ਨਾਂ ਰਾਮਗੜ੍ਹੀਆ-ਮਿਸਲ ਰੱਖਿਆ ਸੀ। ਇਸ ਮਿਸਲ ਵਿਚ ਹੋਰ ਸਭ ਬਰਾਦਰੀਆਂ ਵੀ ਸ਼ਾਮਿਲ ਸਨ।

1780 ਈ: ਨੂੰ ਹਿਸਾਰ ਦੇ ਮੁਸਲਮਾਨ ਹਾਕਮ ਨੇ ਇਕ ਕੰਨਿਆ ਨੂੰ ਚੁੱਕ ਲਿਆ। ਜਦੋਂ ਰਾਜਪੂਤਾਂ ਅਤੇ ਮਰਹੱਟਿਆਂ ਦੇ ਆਗੂਆਂ ਨੇ ਗਰੀਬ ਪੰਡਿਤ ਦੀ ਨਾ ਸੁਣੀ ਤਾਂ ਪੰਡਿਤ ਜੀ ਨੇ ਜੱਸਾ ਸਿੰਘ ਕੋਲ ਫਰਿਆਦ ਕੀਤੀ। ਖਾਲਸੇ ਨੇ ਹਾਕਮ ਨੂੰ ਘੇਰਾ ਪਾ ਕੇ ਫੜ ਲਿਆ। ਕੰਨਿਆ ਵਾਪਸ ਦੁਆਈ, 5000 ਰੁਪਏ ਕੰਨਿਆ ਦਾਨ ਵਜੋਂ ਪੰਡਿਤ ਜੀ ਨੂੰ ਦਿੱਤੇ, ਹਾਕਮ ਨੂੰ ਸਬਕ ਸਿਖਾਉਣ ਵਾਸਤੇ ਕਿਲ੍ਹਾ ਲੁੱਟਿਆ। ਹੁਣ ਸਾਰੇ ਹਿੰਦੋਸਤਾਨ ਵਿਚ ਜੱਸਾ ਸਿੰਘ 'ਬੰਦੀ ਛੋੜ' ਵਜੋਂ ਪ੍ਰਸਿੱਧ ਹੋਇਆ। ਅਬਦਾਲੀ ਮਰਹੱਠਿਆਂ ਨਾਲ ਪਾਣੀਪਤ ਦੀ ਲੜਾਈ ਪਿੱਛੋਂ ਆਪਣੇ ਨਾਲ ਸੋਨਾ, ਚਾਂਦੀ, ਹੀਰੇ, ਸ਼ਾਹਜਹਾਨ ਦਾ ਤਖਤੇ ਤਾਊਸ, 2000 ਹਿੰਦੂ ਮੁਟਿਆਰਾਂ ਅਤੇ ਨੌਜਵਾਨ ਅਫਗਾਨਿਸਤਾਨ ਲਿਜਾ ਰਿਹਾ ਸੀ, ਅਟਕ ਦਰਿਆ ਨੇੜੇ ਖਾਲਸੇ ਨੇ ਜੱਸਾ ਸਿੰਘ ਦੀ ਅਗਵਾਈ ਹੇਠ ਹੱਲਾ ਬੋਲ ਦਿੱਤਾ, ਅਬਦਾਲੀ ਨੂੰ ਹਾਰ ਹੋਈ, ਮੁਟਿਆਰਾਂ ਤੇ ਜਵਾਨ ਪਰਿਵਾਰਾਂ ਨੂੰ ਵਾਪਿਸ ਕਰ ਦਿੱਤੇ।

1782 ਨੂੰ ਜੱਸਾ ਸਿੰਘ ਨੇ ਦਲ ਖਾਲਸਾ ਦੀ ਅਗਵਾਈ ਕਰਦੇ ਹੋਏ ਚੰਨਦੇਸ਼ੀ, ਮੇਰਠ, ਮਲਕਾਗੰਜ, ਸਬਜ਼ੀ ਮੰਡੀ, ਮੁਗਲਪੁਰਾ ਆਦਿ ਸੋਧਦੇ ਹੋਏ ਦਿੱਲੀ ਤੇ ਕਬਜ਼ਾ ਕਰ ਲਿਆ। ਦਿਲੀ ਤੋਂ ਲਿਆਂਦਾ ਹੋਇਆ 'ਸ਼ਾਹੀ ਤਖਤੇ ਤਾਊਸ' 'ਰਾਮਗੜ੍ਹੀਆ ਬੁੰਗੇ' ਵਿਚ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਉਤੇ ਸਥਿਤ ਹੈ। ਪੰਥ ਦੀ ਆਪਸੀ ਫੁਟ ਕਾਰਨ ਰਾਮਗੜ੍ਹੀਏ ਸਰਦਾਰ ਨੂੰ ਦਿੱਲੀ ਤੋਂ ਵਾਪਿਸ ਆਉਣਾ ਪਿਆ ਸੀ। ਮੇਰਠ ਦੇ ਹਾਕਮ ਨਜਫਖਾਨ ਨੇ 10,000 ਰੁਪਿਆ ਸਾਲਾਨਾ ਨਜ਼ਰਾਨਾ ਖਾਲਸੇ ਨੂੰ ਦੇਣਾ ਮਨਜ਼ੂਰ ਕਰ ਲਿਆ ਸੀ।

ਮਹਾਰਾਜਾ ਜੱਸਾ ਸਿੰਘ 80 ਸਾਲਾਂ ਦੀ ਉਮਰ ਭੋਗ ਕੇ ਅਪ੍ਰੈਲ 1803 ਨੂੰ ਸੰਸਾਰਿਕ ਯਾਤਰਾ ਸੰਪੂਰਨ ਕਰ ਗਏ। ਉਹ ਸ਼ੇਰੇ ਪੰਜਾਬ ਰਣਜੀਤ ਸਿੰਘ ਤੋਂ 57 ਸਾਲ ਵੱਡੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੀ ਕਰਾਮਾਤੀ ਤੇਗ ਦੇ ਜੌਹਰਾਂ ਪਿੱਛੋਂ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਏ ਦੀ ਅਗਵਾਈ ਹੇਠ, ਮੁੱਠੀ ਭਰ ਸਿੱਖ ਕੌਮ ਨੇ ਦਸ਼ਮੇਸ਼ ਪਿਤਾ ਦੀ ਮਹਾਨ ਸ਼ਕਤੀ ਦਾ ਦਿਖਾਵਾ ਕੀਤਾ। ਇਕ ਪਾਸੇ ਕਾਬਲ ਦੀ ਅਫਗਾਨ ਹਕੂਮਤ, ਦੂਜੇ ਪਾਸੇ ਦਿੱਲੀ ਦੀ ਮੁਗਲੀਆ ਸਲਤਨਤ ਅਤੇ ਤੀਜੇ ਪਾਸੇ ਮਰਹੱਠਿਆਂ ਦੀ ਮਹਾਨ ਤਾਕਤ ਦੇ ਦੰਦ ਖੱਟੇ ਕਰ ਦਿੱਤੇ ਸਨ।

**ਅਜੋਕਾ ਸਿਖਿਆਰਥੀ**

ਸਿੱਖ ਉਦੋਂ ਸਿਖਿਆਰਥੀ ਨਹੀਂ ਰਹਿੰਦਾ
ਦਾਅਵਾ ਸੂਝ ਦਾ ਜਦੋਂ ਜਿਤਲਾਂਵਦਾ ਏ।
ਅੱਖਰ ਕਾਗਜ਼ 'ਤੇ ਸਾਥ ਜੇ ਨਾ ਦੇਵਣ
ਗੁਹਜ-ਗਿਆਨ ਦਾ ਹੋਕਾ ਲਗਵਾਂਵਦਾ ਏ।
ਡੇਰੇ ਆਪਦੇ ਦਾ ਕਹਿ ਕੇ ਨਾਮ ਵੱਡਾ
ਚਰਚਾ ਖਾਤਿਰ ਹੀ ਚਰਚਾ ਕਰਾਂਵਦਾ ਏ।
ਸਿੱਖਣਾ ਆਪਣੇ ਪ੍ਰੋਫੈਸਰ ਤੋਂ ਇੱਕ ਪਾਸੇ
ਉਲਟਾ ਉਸੇ ਨੂੰ ਅੱਜ ਸਿਖਾਂਵਦਾ ਏ।

*-ਡਾ. ਗੁਰਮੀਤ ਸਿੰਘ ਬਰਸਾਲ*
*ਫੋਨ:408-209-7072*

# ਪੂੱਛਾਂ ਦੇਣ ਵਾਲੇ

**ਲੱਖਾ ਸਿੰਘ ਸਿੱਧੂ***

ਛੋਟੇ ਹੁੰਦਿਆਂ ਤੋਂ ਪਿੰਡਾਂ ਵਿਚ ਪੁੱਛਾਂ ਦੇਣ ਵਾਲੇ ਬਾਬਿਆਂ ਬਾਰੇ ਸੁਣਦੇ ਆ ਰਹੇ ਹਾਂ ਕਿ ਫਲਾਣਾ ਬਾਬਾ ਭਵਿੱਖ ਬਾਰੇ ਜਾਂ ਕਿਸੇ ਚੋਰੀ ਹੋਈ ਚੀਜ਼ ਬਾਰੇ ਸਭ ਕੁਝ ਦੱਸ ਦਿੰਦਾ ਹੈ ਜਾਂ ਫਿਰ ਹਰ ਬਿਮਾਰੀ ਦਾ ਇਲਾਜ ਧਾਗੇ-ਤਵੀਤਾਂ ਨਾਲ ਕਰ ਦਿੰਦਾ ਹੈ। ਮੈਨੂੰ ਵੀ ਕਿਸੇ ਦੇ ਨਾਲ ਇਹੋ ਜਿਹੇ ਬਾਬਿਆਂ ਕੋਲ ਜਾਣ ਦਾ ਮੌਕਾ ਮਿਲਿਆ। ਭਾਵੇਂ ਮੈਨੂੰ ਇਨ੍ਹਾਂ ਬਾਰੇ ਕੋਈ ਯਕੀਨ ਨਹੀਂ ਸੀ ਪਰ ਫਿਰ ਵੀ ਮੈਂ ਕਿਸੇ ਦੇ ਨਾਲ ਇਹ ਵੇਖਣ ਲਈ ਜਾਂਦਾ ਕਿ ਇਹ ਬਾਬੇ ਕੀ ਕੀ ਕਰਦੇ ਹਨ?

ਤੀਹ ਕੁ ਸਾਲ ਪਹਿਲਾਂ ਜਦੋਂ ਮੈਂ ਨੌਵੀਂ ਜਮਾਤ ਵਿਚ ਪੜ੍ਹਦਾ ਸਾਂ, ਸਾਡੇ ਸ਼ਰੀਕੇ ਵਿਚੋਂ ਮੇਰੀ ਚਾਚੀ ਜੋ ਕੁਝ ਬਿਮਾਰ ਰਹਿੰਦੀ ਸੀ ਮੈਨੂੰ ਕਹਿਣ ਲੱਗੀ ਆਪਾਂ ਇਕ ਬਾਬੇ ਕੋਲ ਮੇਰੀ ਬਿਮਾਰੀ ਬਾਰੇ ਪੁੱਛਣ ਜਾਣਾ ਹੈ। ਮੈਂ ਉਸ ਨਾਲ ਜਾਣ ਲਈ ਤਿਆਰ ਹੋ ਗਿਆ। ਸਾਡੇ ਪਿੰਡ ਤੋਂ ਸੱਤ ਅੱਠ ਕਿਲੋਮੀਟਰ ਅਸੀਂ ਸਾਈਕਲ 'ਤੇ ਉਸ ਬਾਬੇ ਦੇ ਘਰ ਪਹੁੰਚੇ ਤਾਂ ਵੇਖਿਆ ਕਿ ਕਾਫੀ ਜਨਾਨੀਆਂ ਅਤੇ ਕੁਝ ਬੰਦੇ ਬਾਬੇ ਦੇ ਸਾਹਮਣੇ ਬੈਠੇ ਆਪਣੇ-ਆਪਣੇ ਦੁੱਖ ਦੱਸ ਰਹੇ ਸਨ। ਜਿਹੜਾ ਵੀ ਹੋਰ ਕੋਈ ਆ ਰਿਹਾ ਸੀ ਉਹ ਬਾਬੇ ਨੂੰ ਮੱਥਾ ਟੇਕ ਕੇ ਬੈਠ ਜਾਂਦਾ। ਮੈਂ ਵੀ ਲੋਕ ਵਿਖਾਵੇ ਵਾਸਤੇ ਥੋੜ੍ਹਾ ਸਿਰ ਨੀਵਾਂ ਕੀਤਾ ਅਤੇ ਬੈਠ ਗਿਆ। ਬਾਕੀ ਗੱਲ ਮੈਨੂੰ ਪੂਰੀ ਤਰ੍ਹਾਂ ਯਾਦ ਨਹੀਂ ਕਿ ਕਿਸ ਕਿਸ ਨੂੰ ਬਾਬੇ ਨੇ ਕੀ ਕੀ ਦੱਸਿਆ ਪਰ ਇਕ ਚੀਜ਼ ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਜਿਸ ਨੇ ਅੱਜ ਮੈਨੂੰ ਇਹ ਕਹਾਣੀ ਲਿਖਣ ਲਈ ਉਤਸ਼ਾਹਿਤ ਕੀਤਾ।

ਹੋਇਆ ਇੰਜ ਕਿ ਇਕ ਅਠਾਰਾਂ ਕੁ ਸਾਲ ਦਾ ਮੁੰਡਾ ਬਾਬੇ ਦੇ ਸਾਹਮਣੇ ਬੈਠ ਗਿਆ ਤਾਂ ਬਾਬਾ ਕਹਿਣ ਲੱਗਾ ਕਾਕਾ ਅੱਜ ਤੇਰੇ ਅੰਦਰੋਂ ਭੂਤ ਕੱਢਣਾ ਹੈ। ਉਹ ਮੁੰਡਾ ਬਾਬੇ ਦੀਆਂ ਪੰਜ ਚੌਂਕੀਆਂ ਭਰ ਚੁੱਕਾ ਸੀ, ਯਾਨੀ ਕਿ ਪੰਜ ਵੀਰਵਾਰ ਲਗਾਤਾਰ ਬਾਬੇ ਦੇ ਡੇਰੇ ਆਉਂਦਾ ਰਿਹਾ ਸੀ। ਹੁਣ ਸਾਰੇ ਬੜੀ ਬੇ-ਸਬਰੀ ਨਾਲ ਵੇਖ ਰਹੇ ਸੀ ਕਿ ਭੂਤ ਕਿਵੇਂ ਨਿਕਲੇਗਾ। ਥੋੜ੍ਹੀ ਦੇਰ ਬਾਅਦ ਇਕ ਲੜਕੀ ਸ਼ਾਇਦ ਉਹ ਬਾਬੇ ਦੀ ਲੜਕੀ ਸੀ ਇਕ ਲੋਹੇ ਦੇ ਬੱਠਲ (ਕੜਾਹੀਏ) ਵਿਚ ਅੱਗ ਦੇ ਮਘਦੇ-ਮਘਦੇ ਕੋਲੇ ਲੈ ਕੇ ਆਈ। ਹੁਣ ਬਾਬੇ ਨੇ ਇਕ ਕਾਪੀ ਵਿਚੋਂ ਕਾਗਜ਼ ਕੱਢਿਆ ਅਤੇ ਅੱਗ ਤੋਂ ਥੋੜ੍ਹੀ ਵਿੱਥ 'ਤੇ ਰੱਖ ਕੇ ਸੇਕਣ ਲੱਗਾ। ਵੇਖਦਿਆਂ-ਵੇਖਦਿਆਂ ਹੀ ਉਸ ਕਾਗਜ਼ ਉੱਪਰ ਇਕ ਭੂਰੇ ਰੰਗ ਦੀ ਟੇਢੀ-ਮੇਢੀ ਤਸਵੀਰ ਬਣ ਗਈ ਜਿਵੇਂ ਕਿਸੇ ਜ਼ਨਾਨੀ ਦੀ ਤਸਵੀਰ ਹੋਵੇ। ਸਾਰੇ ਵੇਖ ਕੇ ਹੈਰਾਨ ਰਹਿ ਗਏ, ਮੈਂ ਵੀ ਉਸ ਵੇਲੇ ਹੈਰਾਨ ਹੋਇਆ। ਹੁਣ ਬਾਬਾ ਕਹਿਣ ਲੱਗਾ ਕਾਕਾ ਇਹ ਤੇਰੀ ਮਰੀ ਹੋਈ ਮਾਂ ਦਾ ਭੂਤ ਸੀ ਜੋ ਤੈਨੂੰ ਚਿੰਬੜਿਆ ਸੀ ਹੁਣ ਮੈਂ ਤੇਰੇ ਅੰਦਰੋਂ ਕੱਢ ਦਿੱਤਾ ਹੈ। ਅਸੀਂ ਹੁਣ ਤੇਰੇ ਨਾਂ ਦੀ ਪੂਜਾ ਕਰਨੀ ਹੈ ਇਸ ਲਈ ਤੈਨੂੰ ਪੂਜਾ ਦੀ ਸਮੱਗਰੀ ਵਾਸਤੇ ਪੰਜਾਹ ਰੁਪਏ ਜਮ੍ਹਾਂ ਕਰਵਾਉਣੇ ਪੈਣਗੇ। ਮੈਂ ਤਾਂ ਉਸ ਦਿਨ ਇਹ ਇਕ ਭੂਤ ਹੀ ਨਿਕਲਦਾ ਵੇਖਿਆ, ਹੋਰ ਪਤਾ ਨਹੀਂ ਦਿਨ ਵਿਚ ਬਾਬਾ ਕਿੰਨੇ ਭੂਤ ਕੱਢਦਾ ਹੋਵੇਗਾ। ਅਸੀਂ ਆਪਣੇ ਪਿੰਡ ਆ ਗਏ ਤਾਂ ਚਾਚੀ ਨੇ ਘਰ ਬਾਬੇ ਦੀਆਂ ਬਹੁਤ ਸਿਫਤਾਂ ਕੀਤੀਆਂ ਕਿ ਕਿਵੇਂ ਸਾਡੀਆਂ ਅੱਖਾਂ ਦੇ ਸਾਹਮਣੇ ਬਾਬੇ ਨੇ ਭੂਤ ਕੱਢਿਆ।



ਸਮਾਂ ਬੀਤਦਾ ਗਿਆ ਮੈਂ ਆਪਣੇ ਯਾਰਾਂ-ਦੋਸਤਾਂ ਕੋਲ ਉਸ ਬਾਬੇ ਬਾਰੇ ਗੱਲ ਕਰਦਾ ਤਾਂ ਕਈ ਸੁਣ ਕੇ ਹੈਰਾਨ ਹੁੰਦੇ ਅਤੇ ਕਈ ਕਹਿੰਦੇ ਇੰਜ ਨਹੀਂ ਹੋ ਸਕਦਾ। ਕਈ ਕਹਿੰਦੇ ਕਿ ਇਹ ਸਭ ਜਾਦੂ ਦੇ ਟਰਿੱਕ ਹੁੰਦੇ ਹਨ ਜਿਵੇਂ ਜਾਦੂਗਰ ਹੱਥ ਦੀ ਸਫਾਈ ਨਾਲ ਆਪਣੀ ਜਾਦੂ ਦੀ ਪਟਾਰੀ ਵਿਚੋਂ ਕਈ ਚੀਜ਼ਾਂ ਕੱਢ ਦਿੰਦੇ ਹਨ ਅਤੇ ਕਈ ਚੀਜ਼ਾਂ ਗਾਇਬ ਕਰ ਦਿੰਦੇ ਹਨ। ਮੈਨੂੰ ਵੀ ਜਾਦੂ ਦੇ ਟਰਿੱਕ ਸਿੱਖਣ ਦਾ ਸ਼ੌਕ ਪੈਂਦਾ ਹੋਇਆ ਤਾਂ ਮੈਂ ਜਾਦੂ ਬਾਰੇ ਕਿਤਾਬਾਂ ਖਰੀਦ ਕੇ ਪੜ੍ਹਦਾ ਰਹਿੰਦਾ।

ਮੈਂ ਇਕ ਕਿਤਾਬ ਵਿਚੋਂ ਪੜ੍ਹਿਆ ਕਿ ਨਿੰਬੂ ਜਾਂ ਪਿਆਜ਼ ਦਾ ਰਸ ਕੱਢ ਕੇ ਕਲਮ ਨਾਲ ਕਿਸੇ ਕੋਰੇ ਕਾਗਜ਼ ਉੱਪਰ ਜੋ ਮਰਜ਼ੀ ਲਿਖ ਕੇ ਸੁਕਾ ਲਓ। ਸੁਕਣ ਤੋਂ ਬਾਅਦ ਕੁਝ ਵੀ ਨਜ਼ਰ ਨਹੀਂ ਆਵੇਗਾ ਪਰ ਜਦੋਂ ਤੁਸੀਂ ਇਸਨੂੰ ਅੱਗ ਉੱਪਰ ਸੇਕੋਗੇ ਤਾਂ ਸਭ ਕੁਝ ਉਭਰ ਕੇ ਸਾਹਮਣੇ ਆ ਜਾਵੇਗਾ। ਇਹ ਪੜ੍ਹਦਿਆਂ ਹੀ ਮੈਨੂੰ ਉਸ ਪੁੱਛਾਂ ਦੇਣ ਵਾਲੇ ਬਾਬੇ ਦੇ ਭੂਤ ਕੱਢਣ ਵਾਲਾ ਸੀਨ ਚੇਤੇ ਆਇਆ ਅਤੇ ਮੈਂ ਇਹ ਪ੍ਰਯੋਗ ਆਪ ਕਰਕੇ ਵੇਖਿਆ। ਇਸ ਤੋਂ ਬਾਅਦ ਮੈਂ ਇਹ ਟਰਿੱਕ ਆਪਣੇ ਦੋਸਤਾਂ-ਮਿਤਰਾਂ ਜਾਂ ਆਂਢੀਆਂ-ਗੁਆਂਢੀਆਂ ਦੇ ਸਾਹਮਣੇ ਕਰਦਾ ਜਿਵੇਂ ਕਿਸੇ ਦਾ ਨਾਂ, ਕਿਸੇ ਦੀ ਜਨਮ ਤਰੀਕ ਨਿੰਬੂ ਦੇ ਰਸ ਨਾਲ ਲਿਖ ਕੇ ਪੇਪਰ ਆਪਣੇ ਕੋਲ ਰੱਖਦਾ ਅਤੇ ਅਚਾਨਕ ਉਨ੍ਹਾਂ ਦੇ ਸਾਹਮਣੇ ਅੱਗ ਉੱਪਰ ਸੇਕਦਾ ਤਾਂ ਉਹ ਹੈਰਾਨ ਰਹਿ ਜਾਂਦੇ। ਪਰ ਬਾਅਦ ਵਿਚ ਮੈਂ ਦੱਸ ਦਿੰਦਾ ਕਿ ਇਹ ਕਿਵੇਂ ਕੀਤਾ ਜਾਂਦਾ ਹੈ। ਮੈਂ ਜਿਸਦੇ ਵੀ ਸਾਹਮਣੇ ਇਹ ਟਰਿੱਕ ਕਰਦਾ ਉਸਨੂੰ ਉਸ ਬਾਬੇ ਬਾਰੇ ਵੀ ਦੱਸਦਾ ਕਿ ਉਹ ਕਿਵੇਂ ਪਹਿਲਾਂ ਲੋਕਾਂ ਨੂੰ ਪੰਜ ਚੌਂਕੀਆਂ ਭਰਨ ਬਾਰੇ ਕਹਿੰਦਾ ਅਤੇ ਇਨ੍ਹਾਂ ਚੌਕੀਆਂ ਦੌਰਾਨ ਉਹ ਇਹ ਜਾਣ ਲੈਂਦਾ, ਕਿਸ ਦੇ ਘਰ ਕਿਸ ਦੀ ਮੌਤ ਹੋਈ ਹੈ। ਫਿਰ ਉਸ ਦੀ ਤਸਵੀਰ ਕਾਗਜ਼ ਉਪਰ ਬਣਾਕੇ ਆਖਰੀ ਚੌਂਕੀ ਵਾਲੇ ਦਿਨ ਉਸ ਦਾ ਇਹ ਟਰਿੱਕ ਕਰਕੇ ਭੂਤ ਕੱਢਦਾ।

ਹੁਣ ਤਾਂ ਇਹੋ ਜਿਹੇ ਬਾਬਿਆਂ ਦੇ ਡੇਰੇ ਕਾਫੀ ਘੱਟ ਹੋ ਗਏ ਹਨ ਪਰ ਫਿਰ ਵੀ ਜਿਹੜੇ ਲੋਕ ਇਨ੍ਹਾਂ ਬਾਬਿਆਂ ਨੂੰ ਮੰਨਦੇ ਹਨ ਉਹ ਇਨ੍ਹਾਂ ਕੋਲ ਜਾਂਦੇ ਹੀ ਰਹਿਣਗੇ। ਪੰਜਾਬੀ ਅਖਬਾਰਾਂ ਵਿਚ ਅਤੇ ਟੈਲੀਵਿਜ਼ਨ ਉਤੇ ਆਉਂਦੇ ਤਾਂਤਰਿਕ ਬਾਬਿਆਂ ਦੇ ਇਸ਼ਤਿਹਾਰ ਇਸ ਦਾ ਸਬੂਤ ਹਨ। ਰੱਬ ਹੀ ਬਚਾਵੇ ਇਹੋ ਜਿਹੇ ਬਾਬਿਆਂ ਕੋਲੋਂ।

**ਬੇ-ਏਰੀਆ, ਕੈਲੀਫੋਰਨੀਆ*
*ਫੋਨ:415-368-7024*

# ਭੁਰਦੇ-ਖੁਰਦੇ ਰਿਸ਼ਤੇ-ਨਾਤੇ !

ਦੁਨੀਆਂ ਦੇ ਰੰਗ

ਕੁਦਰਤ ਅਤੇ ਸਮਾਜਕ ਅਸੂਲਾਂ ਵਿਚ ਕਾਫੀ ਭਿੰਨਤਾ ਹੈ। ਹਰ ਰੋਜ਼ ਦੇਖਦਾ ਹਾਂ ਉਚਾਈ ਚੜ੍ਹਨ ਵੇਲੇ ਦਮ ਚੜ੍ਹਦਾ ਹੈ ਦੇਰ ਲਗਦੀ ਹੈ। ਉਤਰਾਈ ਵੇਲੇ ਪਤਾ ਹੀ ਨਹੀਂ ਲਗਦਾ ਥੋੜੇ ਸਮੇਂ ਵਿਚ ਹੀ ਮੰਜ਼ਿਲ 'ਤੇ ਪਹੁੰਚ ਜਾਂਦਾ ਹਾਂ। ਰਿਸ਼ਤੇ ਨਾਤਿਆਂ ਵਿਚ ਪਕਿਆਈ ਬੜੀ ਦੇਰ ਨਾਲ ਆਉਂਦੀ ਹੈ ਪਰ ਟੁੱਟ ਜਾਂਦੇ ਹਨ ਤੜੱਕ ਕਰਕੇ!

ਏਸੇ ਤਰ੍ਹਾਂ ਸਮਾਜ ਵਿਚ ਕਦਰਾਂ-ਕੀਮਤਾਂ ਉੱਚੀਆਂ ਕਰਨ ਲਈ ਸਦੀਆਂ ਬੀਤ ਜਾਂਦੀਆਂ ਹਨ ਪ੍ਰੰਤੂ ਨਿਘਾਰ ਸਾਲਾਂ ਵਿਚ ਹੀ ਆ ਜਾਂਦਾ ਹੈ। ਲੱਖਾਂ ਸਾਲ ਪਹਿਲਾਂ ਆਦਮੀ ਗੁਫਾਵਾਂ ਵਿਚ ਰਹਿੰਦਾ

ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ*

ਸੀ। ਫੇਰ ਛੋਟਿਆਂ ਛੋਟਿਆਂ ਕਬੀਲਿਆਂ ਵਿਚ ਆਇਆ, ਫੇਰ ਪਿੰਡ ਬਣੇ ਅਤੇ ਬਾਅਦ ਵਿਚ ਸ਼ਹਿਰਾਂ ਦੀ ਉਸਾਰੀ ਹੋਈ। ਚੰਗੇ ਜੀਵਨ ਲਈ ਲੋਕਾਂ ਨੇ ਸ਼ਹਿਰਾਂ ਵਲ ਰੁਖ ਕਰ ਲਿਆ। ਇਹ ਕਹਾਵਤ ਹੋਂਦ ਵਿਚ ਆਈ ਕਿ 'ਵੱਸੀਏ ਸ਼ਹਿਰ, ਭਾਵੇਂ ਹੋਵੇ ਕਹਿਰ।'

ਇਸਦੇ ਨਾਲ ਨਾਲ ਹੀ ਆਦਮੀ ਅਤੇ ਇਸਤਰੀ ਦੇ ਸੰਬੰਧਾਂ ਵਿਚ ਤਬਦੀਲੀ ਆਉਂਦੀ ਗਈ। ਪਹਿਲਾਂ ਪਹਿਲਾਂ ਔਰਤ ਸਭ ਤੋਂ ਤਕੜੇ ਬੰਦੇ ਦੀ ਜਾਇਦਾਦ ਰਹੀ। ਜ਼ਰ, ਜੋਰੂ ਅਤੇ ਜ਼ਮੀਨ ਬਹੁਤ ਸਾਰੀਆਂ ਲੜਾਈਆਂ ਦੇ ਕਾਰਨ ਬਣੇ।

ਰਾਜੇ ਮਹਾਰਾਜਿਆਂ ਨੇ ਸਵੰਬਰ ਰਚਾਏ। ਇਕ ਸ਼ਰਤ ਰੱਖੀ ਜਾਂਦੀ ਜੋ ਮੁੱਖ ਤੌਰ 'ਤੇ ਬਹਾਦਰੀ ਦੇ ਕਾਰਨਾਮੇ ਨਾਲ ਸੰਬੰਧਤ ਹੁੰਦੀ। ਜਿਹੜਾ ਉਹ ਸ਼ਰਤ ਪੂਰੀ ਕਰਦਾ ਔਰਤ ਉਸਦੀ ਹੋ ਜਾਂਦੀ। ਸ਼ਰਤ ਲੜਕੀ ਦਾ ਬਾਪ ਰਖਦਾ ਸੀ, ਉਸਦੀ ਆਪਣੀ ਕੋਈ ਪੁੱਛ ਨਹੀਂ ਸੀ। ਸਾਧਾਰਣ ਲੋਕ ਵੀ ਜਿੱਥੇ ਕਿਤੇ ਠੀਕ ਲਗਦਾ ਲੜਕੀ ਦਾ ਵਿਆਹ ਕਰ ਦਿੰਦੇ। ਬਹੁਤ ਵੇਰ ਲੜਕੇ ਲੜਕੀ ਦੀ ਉਮਰ ਦਾ ਫਰਕ, ਸੁਹੱਪਣ ਦਾ ਫਰਕ ਅਤੇ ਲਿਆਕਤ ਦਾ ਫਰਕ ਕੋਈ ਮਹੱਤਤਾ ਨਹੀਂ ਸੀ ਰਖਦਾ।

ਮੇਰੇ ਦੇਖਦਿਆਂ ਦੇਖਦਿਆਂ ਬਹੁਤ ਲੋਕ ਪ੍ਰੇਮ ਵਿਆਹ ਨੂੰ ਭੀ ਮਨਜੂਰ ਕਰਨ ਲੱਗ ਪਏ। ਅੰਤਰ ਜਾਤੀ ਨੂੰ ਵੀ ਸਵੀਕਾਰ ਕਰਨ ਲਗ ਪਏ। ਲੜਕੇ ਲੜਕੀ ਦਾ ਇਕ ਦੂਜੇ ਨੂੰ ਵਿਆਹ ਤੋਂ ਪਹਿਲਾਂ ਦੇਖ ਲੈਣਾ ਅਤੇ ਮਿਲ ਲੈਣਾ, ਇਕੱਠੇ ਬੈਠ ਕੇ ਇਕ ਦੂਜੇ ਦੇ ਵਿਚਾਰ ਸੁਣ ਲੈਣਾ ਵੀ ਬੁਰਾ ਨਹੀਂ ਸਮਝਿਆ ਜਾਂਦਾ। ਭਾਵ ਜਿਹੜੀਆਂ ਅੜਿਚਣਾਂ, ਸ਼ਾਦੀ ਦੇ ਬੰਧਨ ਨੂੰ ਪੱਕਾ ਅਤੇ ਪਵਿੱਤਰ ਬਣਾਉਣ ਵਿਚ ਰੋੜਾ ਬਣਦੀਆਂ ਸਨ ਉਨ੍ਹਾਂ ਨੂੰ ਘਟਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ।

ਮੇਰੇ ਮਨ ਵਿਚ ਇਕ ਖੂਬਸੂਰਤ ਆਸ ਦੀ ਕਿਰਨ ਜਗਣ ਲੱਗੀ, ਸੋਚਦਾ ਸੀ ਆਉਣ ਵਾਲੇ ਸਮੇਂ ਵਿਚ ਹਸਦੇ ਮੁਸਕਰਾਉਂਦੇ ਜੋੜੇ ਨਜ਼ਰ ਆਇਆ ਕਰਨਗੇ। ਪਤਾ ਨਹੀਂ ਯਕਲਖਤ ਕੈਸੀ ਪੁੱਠੀ ਭੁਆਈ ਆ ਗਈ ਕਿ ਰਿਸ਼ਤੇ-ਨਾਤੇ ਚਕਨਾ-ਚੂਰ ਹੋਣ ਲੱਗ ਪਏ। ਸਦੀਆਂ ਵਿਚ ਸੋਧੀ ਹੋਈ ਖੇਡ ਸਾਲਾਂ ਵਿਚ ਤਿੱਤਰ-ਬਿੱਤਰ ਹੋ ਗਈ। ਵੈਸੇ ਤਾਂ ਦੋਸਤਾਂ ਵਿਚ ਦੋਸਤੀ ਦੀ ਓਹ ਸਚਾਈ ਖੁਰ ਰਹੀ ਹੈ, ਭੈਣ-ਭਾਈਆਂ ਦੇ ਰਿਸ਼ਤਿਆਂ ਵਿਚ ਤ੍ਰੇੜਾਂ ਆ ਰਹੀਆਂ ਹਨ, ਮਾਪਿਆਂ ਅਤੇ ਬੱਚਿਆਂ ਦਰਮਿਆਨ ਪ੍ਰੇਮ ਤਜਾਰਤੀ ਰੂਪ ਅਖਤਿਆਰ ਕਰ ਰਿਹਾ ਹੈ ਪ੍ਰੰਤੂ ਪਤੀ-ਪਤਨੀ ਦੇ ਰਿਸ਼ਤੇ ਨੇ ਜਿਤਨੀ ਤਬਦੀਲੀ ਦੇਖ ਲਈ ਹੈ ਸ਼ਾਇਦ ਹੀ ਕਿਸੇ ਸੰਬੰਧ ਵਿਚ ਇਸ ਤਰ੍ਹਾਂ ਦੀ ਗਿਰਾਵਟ ਨਜ਼ਰ ਆਈ ਹੋਵੇ। ਬਹੁਤ ਪੁਰਾਣੇ ਸਮੇਂ ਦਾ ਜਿਕਰ ਨਾ ਕਰੀਏ ਚਾਲੀ-ਪੰਤਾਲੀ ਸਾਲ ਤੋਂ ਹੀ ਸ਼ੁਰੂ ਕਰ ਲਈਏ। ਮੇਰੇ ਵਾਕਿਫ ਚੰਗੀਆਂ ਪੜ੍ਹੀਆਂ-ਲਿਖੀਆਂ ਔਰਤਾਂ ਨਾਲ ਵਿਆਹੇ ਹਨ ਉਨ੍ਹਾਂ ਨੇ ਇਕ ਦੂਜੇ ਨੂੰ ਦੇਖ ਕੇ ਰਿਸ਼ਤੇ ਮਨਜ਼ੂਰ ਕੀਤੇ ਸਨ। ਬਦਕਿਸਮਤੀ ਨਾਲ ਉਨ੍ਹਾਂ ਦੀ ਆਪਸ ਵਿਚ ਬਣੀ ਨਹੀਂ। ਇਕ ਦੂਜੇ ਤੋਂ ਅੱਡ ਹੋ ਗਏ। ਫੇਰ ਵੀ ਇਕ ਬੀਬੀ ਨੇ ਸ਼ਾਦੀ ਦੇ ਪਵਿੱਤਰ ਰਿਸ਼ਤੇ ਦਾ ਧਿਆਨ ਕਰਦਿਆਂ ਛੁੱਟੜ ਕਹਾਉਣਾ ਠੀਕ ਨਹੀਂ ਸਮਝਿਆ। ਬੇਸ਼ੱਕ ਰਸਤੇ ਅਲੱਗ ਕਰ ਲਏ। ਇਕ ਬੇਟੀ ਪੈਦਾ ਹੋ ਗਈ ਸੀ, ਮਾਂ ਨੇ ਉਸਨੂੰ ਉੱਚ ਵਿਦਿਆ ਦਿੱਤੀ (ਨਾ ਹੀ ਕਦੀ ਬੇਟੀ ਨੂੰ ਪਿਤਾ ਦੇ ਖਿਲਾਫ ਉਕਸਾਇਆ, ਨਾ ਹੀ ਪਿਤਾ ਤੋਂ ਕੁਝ ਮੰਗਿਆ।) ਮੈਨੂੰ ਜਦੋਂ ਵੀ ਉਹ ਬੀਬੀ ਮਿਲਦੀ ਹੈ ਪੁੱਛ ਲੈਂਦੀ ਹੈ, ਉਨ੍ਹਾਂ ਦਾ ਕੀ ਹਾਲ ਹੈ ਤੁਹਾਨੂੰ ਤਾਂ ਮਿਲਦੇ ਰਹਿੰਦੇ ਹੋਣਗੇ? ਉਹ ਆਦਮੀ ਵੀ ਕਦੀ ਉਸਦੀ ਬਦਖੋਈ ਨਹੀਂ ਕਰਦਾ! ਸਦਾ ਉਸਦੇ ਸਲੀਕੇ ਨੂੰ ਯਾਦ ਰਖਦਾ ਹੈ।

ਇਸੇ ਤਰ੍ਹਾਂ ਇਕ ਹੋਰ ਲੜਕੀ ਬਹੁਤ ਖੂਬਸੂਰਤ ਸੀ। ਹੁਣ ਬੁੱਢੀ ਉਮਰ ਵਿਚ ਵੀ ਚਿਹਰੇ ਦਾ ਜਲਾਲ ਕਾਇਮ ਹੈ। ਚੰਦ ਲਫ਼ਜ਼ਾਂ ਵਿਚ, ਉਸਦੀ ਕਹਾਣੀ ਵੀ ਸਵੈ-ਅਭਿਮਾਨ ਦਾ ਜਬਰਦਸਤ ਨਮੂਨਾ ਹੈ। ਵਿਆਹ ਤੋਂ ਥੋੜੀ ਦੇਰ ਪਿਛੋਂ ਉਸਦੇ ਬਦਤਮੀਜ਼ ਘਰ ਵਾਲੇ ਨੇ ਕਿਸੇ ਪਹਾੜਨ ਨਾਲ ਦੋਸਤੀ ਕਰ ਲਈ। ਜਿਸਮਾਨੀ ਸੰਬੰਧਾਂ ਕਰਕੇ ਇਕ ਲੜਾਈ ਨੇ ਜਨਮ ਲੈ ਲਿਆ। ਇਸ ਹੋਣਹਾਰ ਬੀਬੀ ਨੇ ਅੱਡ ਰਹਿ ਕੇ ਕਈ ਛੋਟੇ ਮੋਟੇ ਕੰਮ ਕੀਤੇ ਪ੍ਰੰਤੂ ਉਸ ਨਾਮਾਕੂਲ ਆਦਮੀ ਤੋਂ ਨਾ ਤੇ ਕੁਝ ਮੰਗਿਆ ਅਤੇ ਨਾ ਹੀ ਉਸਨੂੰ ਬੁਰਾ ਭਲਾ ਕਿਹਾ। ਕੁਝ ਸਾਲ ਪਹਿਲਾਂ ਉਹ ਨਿਕੰਮਾ ਸ਼ਖਸ ਕੈਂਸਰ ਦੇ ਦੀਰਘ ਰੋਗ ਨਾਲ ਹਸਪਤਾਲ ਦਾਖਲ ਹੋ ਗਿਆ। ਇਸ ਉਚ ਹਸਤੀ ਦੀ ਮਾਲਕ ਲੜਕੀ ਨੇ ਹਸਪਤਾਲ ਪਹੁੰਚ ਕੇ ਪਹਾੜਨ ਨੂੰ ਤਾਕੀਦ ਕੀਤੀ ਕਿ ਇਲਾਜ ਵਿਚ ਕੋਈ ਕਮੀ ਨਹੀਂ ਆਉਣ ਦੇਣੀ, ਮੈਂ ਤੇਰੀ ਸਹਾਇਤਾ ਕਰੂੰਗੀ। ਥੋੜੇ ਦਿਨਾਂ ਬਾਅਦ ਓਹ ਨਿਕੰਮਾ ਆਦਮੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ ਅਤੇ ਇਹ ਬੀਬੀ ਸ਼ਾਦੀ ਦੇ ਇਖਲਾਕੀ ਬੰਧਨ ਤੋਂ ਆਜ਼ਾਦ ਹੋ ਗਈ। ਫੇਰ ਵੀ ਪਹਾੜਨ ਦੀ ਬੇਟੀ ਦੇ ਵਿਆਹ 'ਤੇ ਬਹੁਤ ਵਡਮੁੱਲਾ ਗਿਫਟ ਦੇ ਕੇ ਆਪਣੇ ਵਿਗੜੇ ਹੋਏ ਪਤੀ ਦੀ ਔਲਾਦ ਦਾ ਧਿਆਨ ਕਰ ਗਈ। ਬਾਅਦ ਵਿਚ ਕਿਸੇ ਚੰਗੇ ਵਾਕਿਫ ਦੀ ਜੀਵਨ ਸਾਥੀ ਬਣ ਗਈ। ਉਸਦੇ ਮੁੱਖੜੇ 'ਤੇ ਅੱਜ ਵੀ ਉਹੀ ਨੂਰ ਹੈ। ਕਿਸੇ ਖਿਲਾਫ ਨਾ ਕੋਈ ਸ਼ਿਕਵਾ ਹੈ ਨਾ ਕੋਈ ਗਿਲਾ ਹੈ। ਉਸਨੇ ਆਪਣੇ ਵਲੋਂ ਵਿਆਹ ਦੇ ਪਵਿੱਤਰ ਰਿਸ਼ਤੇ ਉਤੇ ਆਂਚ ਨਹੀਂ ਆਉਣ ਦਿੱਤੀ।

ਤਿੰਨ ਕੁ ਸਾਲ ਪਹਿਲਾਂ ਹੇਵਰਡ ਗੁਰਦੁਆਰਾ ਸਾਹਿਬ ਇਕ ਬੀਬੀ ਮਿਲੀ। ਕਹਿਣ ਲੱਗੀ ਤੁਸੀਂ ਚੰਡੀਗੜ੍ਹ ਤੋਂ ਆਏ ਹੋ। ਫੇਰ ਤਾਂ ਮੇਰੇ ਮਾਮਾ ਜੀ ਨੂੰ ਜ਼ਰੂਰ ਜਾਣਦੇ ਹੋਵੋਗੇ। ਮੈਂ ਕਿਹਾ ਜਾਣਦਾ ਹੀ ਨਹੀਂ ਉਹ ਤੇ ਉਨਾਂ ਦੀ ਘਰ ਵਾਲੀ ਮਹਿੰਦਰਾ ਕਾਲਜ ਪਟਿਆਲੇ ਵਿਚ ਮੇਰੇ ਸਭ ਤੋਂ ਮਨ ਭਾਉਂਦੇ ਪ੍ਰੋਫੈਸਰ ਸਨ। ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਮੈਂ ਪ੍ਰੋਫੈਸਰ ਬਣਿਆ ਹਾਂ ਨਹੀਂ ਤਾਂ ਮੈਨੂੰ ਨਹਿਰ ਦੇ ਮਹਿਕਮੇ ਵਿਚ ਮੋਹਤਮ (ਐਕਸੀਅਨ) ਬਣਨ ਦਾ ਸ਼ੌਕ ਸੀ। ਉਸ ਲੜਕੀ ਨੂੰ ਮੇਰੇ ਨਾਲ ਗੱਲ ਕਰਨ ਦੀ ਝਿਜਕ ਘਟ ਗਈ। ਕਹਿਣ ਲੱਗੀ ਮੇਰਾ ਤਲਾਕ ਹੋਇਆਂ ਕਈ ਸਾਲ ਹੋ ਗਏ। ਮੈਂ ਥੋੜੇ ਦਿਨ ਪਹਿਲਾਂ ਹੀ ਰਿਟਾਇਰ ਹੋਈ ਹਾਂ। ਕੋਰਟ ਦੇ ਆਦੇਸ਼ ਦੇ ਬਾਵਜੂਦ ਮੈਂ ਘਰ ਵਾਲੇ ਤੋਂ ਖਰਚਾ ਲੈਣ ਵਿਚ ਆਪਣੀ ਤੌਹੀਨ ਸਮਝੀ। ਮੈਂ ਸ਼ਾਦੀ ਦੇ ਪਵਿੱਤਰ ਰਿਸ਼ਤੇ ਨੂੰ ਵਪਾਰ ਨਹੀਂ ਬਣਾ ਸਕਦੀ। ਹੋਰ ਸ਼ਾਦੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਪਾਕਿਸਤਾਨ ਦੇ ਲਾਹੌਰ ਸ਼ਹਿਰ ਦੇ ਖੰਡਰਾਂ ਵਿਚ ਰਹਿੰਦਾ, ਅਤੇ ਪਿੱਛੇ ਜਿਹੇ ਵਫਾਤ ਪੌਣ ਵਾਲਾ ਬੁਲੰਦ ਪਾਏ ਦਾ ਲੋਕ ਕਵੀ ਦਾਮਨ ਤਾਂ ਕਮਾਲ ਹੀ ਕਰ ਗਿਆ। ਕਿਸੇ ਨੇ ਉਸਨੂੰ ਪੁੱਛਿਆ ਤੂੰ ਸ਼ਾਦੀ ਕਿਉਂ ਨਹੀਂ ਕਰਵਾਈ? ਕਹਿਣ ਲੱਗਾ, ਕਰਵਾਈ ਸੀ ਪ੍ਰੰਤੂ ਬੀਵੀ ਵਫਾਤ ਪਾ ਗਈ। ਵਿਆਹ ਤਾਂ ਇੱਕ ਵੇਰ ਹੁੰਦਾ ਹੈ ਫੇਰ ਤਾਂ ਸਮਝੌਤਾ ਹੀ ਹੁੰਦਾ ਹੈ ਵਿਆਹ ਨਹੀਂ। ਤੇ ਮੈਂ ਜ਼ਿੰਦਗੀ ਵਿਚ ਸਮਝੌਤਾ ਕਰ ਨਹੀਂ ਸਕਦਾ। ਸ਼ਾਦੀ ਦੀ ਪਵਿੱਤਰਤਾ ਨੂੰ ਧਿਆਨ ਵਿਚ ਰਖਦਿਆਂ ਇਨ੍ਹਾਂ ਉਦਾਹਰਨਾਂ ਵਿਚ ਤਿੰਨ ਬੀਬੀਆਂ ਬਾਜੀ ਜਿੱਤ ਗਈਆਂ। ਚੌਥਾ ਬੰਦਾ (ਦਾਮਨ) ਝੰਡੇ ਗੱਡ ਗਿਆ।



ਅੱਜ ਕਲ੍ਹ ਮੈਂ ਟ੍ਰਿਬਿਊਨ (ਅੰਗ੍ਰੇਜ਼ੀ), ਅਜੀਤ, ਸਪੋਕਮੈਨ, ਅਤੇ ਦੇਸ਼ ਸੇਵਕ ਇੰਟਰਨੈਟ 'ਤੇ ਪੜ੍ਹਦਾ ਹਾਂ। ਇਕ ਦਿਨ ਵੀ ਐਸਾ ਨਹੀਂ ਗੁਜਰਦਾ ਜਦੋਂ ਪੰਜ ਚਾਰ ਕੇਸ ਪਤੀ ਪਤਨੀ ਦੇ ਸੰਬੰਧ ਦੇ ਗਿਰਦੇ ਮਿਆਰ ਬਾਬਤ ਨਾ ਹੋਣ। ਕਦੀ ਲਾੜਾ ਸ਼ਾਦੀ ਤੋਂ ਥੋੜੇ ਦਿਨ ਪਿੱਛੋਂ ਹੀ ਦਹੇਜ ਥੋੜਾ ਲਿਆਉਣ ਕਰਕੇ ਪਤਨੀ ਨੂੰ ਅੱਗ ਲਾ ਦਿੰਦਾ ਹੈ। ਕਦੀ ਲਾੜੀ ਵਿਆਹ ਤੋਂ ਅਗਲੀ ਰਾਤ ਹੀ ਗਹਿਣਾ ਗੱਟਾ ਲੈ ਕੇ ਪੱਤਰਾ ਵਾਚ ਜਾਂਦੀ ਹੈ। ਵਿਦੇਸ਼ ਤੋਂ ਆਏ ਲਾੜੇ ਧੋਖੇ ਨਾਲ ਕਈ ਕਈ ਵਿਆਹ ਕਰਾਉਂਦੇ ਹਨ। ਮਹੀਨਾਂ ਡੇਢ ਮਹੀਨਾ ਮੌਜ ਮੇਲਾ ਕਰਕੇ ਫਰਾਰ ਹੋ ਜਾਂਦੇ ਹਨ। ਨਾਜਾਇਜ਼ ਸੰਬੰਧ ਆਮ ਜਿਹੀ ਗੱਲ ਹੈ।

ਰਹਿੰਦੀ ਖੂਹੰਦੀ ਕਸਰ ਟੀ.ਵੀ. ਸੀਰੀਅਲਾਂ ਨੇ ਪੂਰੀ ਕਰ ਦਿੱਤੀ ਹੈ। ਮੱਕਾਰੀ, ਝੂਠ, ਫਰੇਬ ਅਤੇ ਧੋਖੇਬਾਜ਼ੀ ਨੂੰ ਪੱਠੇ ਪਾਏ ਜਾਂਦੇ ਹਨ। ਦਗਾਬਾਜ਼ ਮੌਜਾਂ ਕਰਦੇ ਦਿਖਾਏ ਜਾਂਦੇ ਹਨ। ਬਹੁਤ ਵੇਰ ਅਖ਼ਬਾਰਾਂ ਵਿਚ ਇਸ ਤਰ੍ਹਾਂ ਦੀ ਖਬਰ ਵੀ ਮਿਲਦੀ ਹੈ ਕਿ ਨਾਜਾਇਜ਼ ਸੰਬੰਧਾਂ ਨੂੰ ਤੋੜ ਚੜ੍ਹਾਉਣ ਲਈ ਵਿਆਹੁਤਾ ਜੀਵਨ ਵਿਚੋਂ ਜਨਮੇ ਬੱਚਿਆਂ ਨੂੰ ਨਹਿਰ ਵਿਚ ਸੁੱਟ ਦਿੱਤਾ ਜਾਂਦਾ ਹੈ। ਇਹ ਵੇਖ ਕੇ ਮੈਨੂੰ ਤਾਂ ਇੰਜ ਲਗਦਾ ਹੈ ਜਿਵੇਂ ਇਨ੍ਹਾਂ ਲੋਕਾਂ ਲਈ ਪਤੀ-ਪਤਨੀ ਦਾ ਜਿਸਮਾਨੀ ਮਿਲਾਪ ਟੁਆਇਲੈਟ ਜਾਣ ਜਿਹਾ ਹੈ। ਟੱਟੀ ਪਿਸ਼ਾਬ ਨੂੰ ਵੀ ਪਾਣੀ ਵਿਚ ਫਲਸ਼ ਕਰੀਦਾ ਹੈ ਅਤੇ ਵਿਆਹੁਤਾ ਮਿਲਾਪ ਦੀ ਉਪਜ ਬੱਚਿਆਂ ਨੂੰ ਵੀ ਨਹਿਰ ਵਿਚ ਡਬੋ ਦਿੱਤਾ ਜਾਂਦਾ ਹੈ। ਸੋਚਦਾ ਹਾਂ ਇਸ ਪਾਕ ਰਿਸ਼ਤੇ ਨੇ ਕਿੰਨਾ ਕੁ ਹੋਰ ਗਰਕਣਾ ਹੈ।

ਵਿਦੇਸ਼ ਪਹੁੰਚਣ ਦੀ ਲਾਲਸਾ ਨੇ ਹੋਰ ਹੀ ਚੰਦ ਚਾੜ੍ਹ ਦਿੱਤੇ ਹਨ। ਪਤੀ ਪਤਨੀ ਦੇ ਰਿਸ਼ਤੇ ਦਾ ਪਾਕ ਦਾਮਨ ਗੰਦ ਵਿਚ ਰੰਗਿਆ ਜਾ ਰਿਹਾ ਹੈ। ਭੈਣਾਂ ਦਾ ਭਰਾਵਾਂ ਨਾਲ ਵਿਆਹ ਦਿਖਾਇਆ ਜਾ ਰਿਹਾ ਹੈ। ਪੁਰਾਣੀ ਮਿੱਤਰਤਾ ਨੂੰ ਤੋੜ ਚਾੜ੍ਹਨ ਲਈ ਕਿਸੇ ਵੀ ਮਾਸੂਮ ਨਾਲ ਸ਼ਾਦੀ ਕਰ ਲਈ ਜਾਂਦੀ ਹੈ। ਅਮਰੀਕਾ ਪਹੁੰਚ ਕੇ ਅਤੇ ਪੱਕੇ ਹੋ ਕੇ ਮਾਸੂਮ ਨਾਲੋਂ ਕਿਨਾਰਾ ਕਰ ਲਿਆ ਜਾਂਦਾ ਹੈ। ਇਸ ਬੇਸ਼ਰਮੀ ਦੇ ਕਾਰਜ ਵਿਚ ਮੁੰਡੇ ਕੁੜੀਆਂ ਬਰਾਬਰ ਦੇ ਭਾਈਵਾਲ ਹਨ।

ਅੰਗਰੇਜ਼ੀ ਕਹਾਵਤ ਅਨੁਸਾਰ ਮੁੰਡੇ ਉਤਨੀ ਦੇਰ ਹੀ ਬੇਟੇ ਹਨ ਜਦੋਂ ਤੱਕ ਉਨ੍ਹਾਂ ਦਾ ਵਿਆਹ ਨਹੀਂ ਹੁੰਦਾ। ਲੜਕੀ ਅਖੀਰਲੇ ਸੁਆਸ ਤੱਕ ਮਾਂ ਬਾਪ ਦੀ ਬੇਟੀ ਹੀ ਰਹਿੰਦੀ ਹੈ। ਇਸ ਕਥਨ ਨੂੰ ਧਿਆਨ ਵਿਚ ਰਖਦਿਆਂ ਕਈ ਕਲਯੁਗੀ ਮਾਪੇ ਧੀਆਂ ਤੋਂ ਬਹੁਤ ਵੱਡੀਆਂ ਆਸਾਂ ਰਖ ਰਹੇ ਹਨ। ਵਿਆਹ ਦੇ ਪਵਿੱਤਰ ਰਿਸ਼ਤੇ ਨੂੰ ਖਾਕ ਵਿਚ ਮਿਲਾਉਣਾ ਬੁਰਾ ਨਹੀਂ ਸਮਝਦੇ ਅਤੇ ਕਹਿ ਦਿੰਦੇ ਹਨ, ਖਸਮਾਂ ਨੂੰ ਖਾਵੇ ਵਿਆਹ, ਜੇ ਥੋੜੀ ਜਿਹੀ ਔਖ ਆਵੇ ਤਲਾਕ ਲੈ ਲੈਣਾ। ਖਰਚਾ ਅਤੇ ਜਾਇਦਾਦ ਵਿਚੋਂ ਅੱਧ ਨਾਸੀਂ ਧੂੰਆਂ ਦੇ ਕੇ ਲੈ ਲਵਾਂਗੇ। ਬੱਸ ਫੇਰ ਕੀ ਹੈ ਆਗਿਆਕਾਰ ਬੇਟੀਆਂ ਜਲਵਾ ਦਿਖਾ ਦਿੰਦੀਆਂ ਹਨ। ਇਕ ਜਾਣ ਪਛਾਣ ਵਾਲੇ ਬੰਦੇ ਨੇ ਦੱਸਿਆ, ਕੀ ਕਹਾਂ ਵੀਰ ਜੀ, ਬੇਗਾਨਿਆਂ ਦੀ ਤਰ੍ਹਾਂ ਆਈ ਸੀ ਚੋਰਾਂ ਵਾਲੀ ਅੱਖ ਨਾਲ ਘਰ ਦੀ ਜਾਣਕਾਰੀ ਲੈਂਦੀ ਰਹੀ। ਤਲਾਕ ਅਤੇ ਕਾਨੂੰਨ ਅਨੁਸਾਰ ਸਭ ਕੁਝ ਲੁੱਟ ਕੇ ਲੈ ਗਈ। ਅੱਜ ਘਰ ਅਤੇ ਦਰ ਬਗੈਰ ਮਾਰੇ ਮਾਰੇ ਫਿਰਦੇ ਹਾਂ। ਅਮਰੀਕਾ ਵਿਚ ਬਹੁਤ ਸਾਰੇ ਘਰਾਂ ਵਿਚ ਅਲੱਗ ਅਲੱਗ ਰਹਿੰਦਿਆਂ ਮਾਪਿਆਂ ਦੇ ਜਨਮੇ ਬੱਚੇ ਇਕ ਘਰ ਨੂੰ ਮਾਂ ਦਾ ਘਰ ਕਹਿੰਦੇ ਹਨ ਦੂਜੇ ਨੂੰ ਬਾਪ ਦਾ ਘਰ। ਇਨ੍ਹਾਂ ਬਦਕਿਸਮਤਾਂ ਦਾ ਆਪਣਾ ਘਰ ਕੋਈ ਨਹੀਂ ਹੁੰਦਾ।

ਕਈ ਵੇਰ ਮਹਿਸੂਸ ਹੁੰਦਾ ਸੀ ਕਿ ਤਲਾਕ-ਸ਼ਲਾਕ ਅਮੀਰਜ਼ਾਦਿਆਂ ਦੀ ਹੀ ਖੇਡ ਹੈ। ਪ੍ਰੰਤੂ ਜੇ ਗਹੁ ਨਾਲ ਦੇਖੀਏ ਇਹ ਹਵਾ ਸਾਰੇ ਲੋਕਾਂ 'ਤੇ ਵੀ ਅਸਰ ਕਰ ਰਹੀ ਹੈ। ਅੰਮ੍ਰਿਤਸਰ ਦਾ ਇਕ ਸਕੂਲ ਜਿਸਨੂੰ ਮੁੱਖ ਤੌਰ 'ਤੇ ਮਾਸਟਰ ਅਜੀਤ ਸਿੰਘ ਅਤੇ ਬੀਬੀ ਕਿਰਨ ਬੇਦੀ ਦੇ ਪਤੀ ਚਲਾ ਰਹੇ ਹਨ, ਇਹੋ ਜਿਹੇ ਬੱਚਿਆਂ ਵਾਲਾ ਹੀ ਹੈ ਜਿਨ੍ਹਾਂ ਦੇ ਮਾਪੇ ਨਸ਼ਿਆਂ ਦੇ ਅਧੀਨ, ਜਾਂ ਨਾਜਾਇਜ਼ ਸੰਬੰਧਾਂ ਕਰਕੇ ਇਨ੍ਹਾਂ ਨੂੰ ਬੇ ਆਸਰਾ ਛੱਡ ਗਏ। ਕੁਝ ਐਸੇ ਹਨ ਜਿਨ੍ਹਾਂ ਦੇ ਮਾਪੇ ਤਾਂ ਸ਼ਾਦੀ ਦੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਰੂਪੋਸ਼ ਹੋ ਗਏ ਅਤੇ ਇਨ੍ਹਾਂ ਬਦਨਸੀਬਾਂ ਨੂੰ ਦਾਦੇ ਦਾਦੀਆਂ ਅਤਿ ਗਰੀਬੀ ਅਤੇ ਬੁੱਢੀ ਅਵਸਥਾ ਵਿਚ ਪਾਲ ਰਹੇ ਹਨ।

ਬਹੁਤ ਪੁਰ ਦਰਦ ਹੈ ਲੰਬੀ ਦਾਸਤਾਂ ਮੇਰੀ।

ਕੇਵਲ ਦੋ ਤਿੰਨ ਨਤੀਜੇ ਲਿਖ ਕੇ ਗੱਲ ਖਤਮ ਕਰਦਾ ਹਾਂ। ਬਾਕੀ ਕਦੀ ਫੇਰ ਸਹੀ।

ਮੇਰੀ ਆਪਣੀ ਉਮਰ ਤੋਂ ਵੱਡੇ ਕੁਝ ਬਜ਼ੁਰਗਾਂ 'ਤੇ ਤਰਸ ਆ ਰਿਹਾ ਹੈ ਜਿਹੜੇ ਇਨ੍ਹਾਂ ਨਾਪਾਕ ਸ਼ਾਦੀਆਂ ਤੋਂ ਜਨਮੇ ਪੋਤੇ-ਪੋਤੀਆਂ ਦਾ ਪਾਲਣ ਪੋਸ਼ਣ ਕਰ ਰਹੇ ਹਨ। ਇਸ ਅਵਸਥਾ ਵਿਚ ਉਨ੍ਹਾਂ ਦਾ ਅਰਾਮ ਕਰਨ ਦਾ ਸਮਾਂ ਸੀ ਪ੍ਰੰਤੂ ਉਹ ਸਜ਼ਾ ਭੁਗਤ ਰਹੇ ਹਨ। ਬੁਢੇਪਾ ਰੁਲ ਰਿਹਾ ਹੈ।

ਹਰ ਸਾਲ ਪੰਜਾਬ ਅਤੇ ਚੰਡੀਗੜ੍ਹ ਜਾਂਦਾ ਹਾਂ। ਦੋਸਤਾਂ ਅਤੇ ਵਾਕਿਫਾਂ ਦੀ ਮਿਹਰਬਾਨੀ, ਬਹੁਤ ਪਿਆਰ ਕਰਦੇ ਹਨ। ਇਕ ਸਵਾਲ ਜ਼ਰੂਰ ਕੀਤਾ ਜਾਂਦਾ ਹੈ। "ਸਾਡੇ ਬੱਚਿਆਂ ਲਈ ਕੋਈ ਰਿਸ਼ਤਾ ਦੱਸੋ! ਸਾਡੀ ਸਹਾਇਤਾ ਕਰੋ!" ਮੈਂ ਤੇ ਮੇਰੀ ਪਤਨੀ ਇਕ ਦੂਜੇ ਵਲ ਦੇਖਣ ਲੱਗ ਜਾਂਦੇ ਹਾਂ। ਕਿਸੇ ਵੀ ਲੜਕੇ, ਲੜਕੀ ਬਾਬਤ ਯਕੀਨ ਨਾਲ ਨਹੀਂ ਕਹਿ ਸਕਦੇ ਕਿ ਉਹ ਸ਼ਾਦੀ ਦੇ ਪਵਿੱਤਰ ਬੰਧਨ ਦੀ ਕਦਰ ਕਰਨਗੇ। ਇਹ ਨਾਉਮੀਦੀ ਦਾ ਮੰਜਰ ਸਾਨੂੰ ਮਾਯੂਸੀ ਵਿਚ ਡੁਬੋ ਦਿੰਦਾ ਹੈ। ਮਹਿਸੂਸ ਹੁੰਦਾ ਹੈ ਕਿ ਇਹ ਮਾਹੌਲ ਇਕ ਖੂਬਸੂਰਤ ਅਤੇ ਖੁਸ਼ਗਵਾਰ ਭਵਿੱਖ ਦਾ ਪ੍ਰਤੀਕ ਨਹੀਂ। ਅਮਰੀਕਾ ਵਿਚ ਕਈ ਡਾਕਟਰਾਂ ਨੂੰ ਸਿੱਧੇ ਅਤੇ ਅਸਿੱਧੇ ਢੰਗ ਨਾਲ ਜਾਣਦਾ ਹਾਂ, ਉਹ ਆਪਣੇ ਕਿੱਤੇ ਵਿਚ ਬਹੁਤ ਲਾਇਕ ਹਨ, ਬਹੁਤ ਚੰਗੇ ਹਨ ਅਤੇ ਬਹੁਤ ਅਮੀਰ ਹਨ ਪ੍ਰੰਤੂ ਸ਼ਾਦੀ ਦੇ ਬੰਧਨ ਵਿਚ ਨਹੀਂ ਪੈਂਦੇ। ਕੁਝ ਲੋਕ ਇਹ ਕਹਿੰਦੇ ਹਨ ਕਿ ਤਲਾਕ ਅਤੇ ਬੇਵਫਾਈ ਇਤਨੀ ਪ੍ਰਚਲਤ ਹੈ ਕਿ ਇਹ ਸਾਊ ਜਿਹੇ ਬੰਦੇ ਬਹੁਤ ਡਰਦੇ ਹਨ। ਸੋਚਦੇ ਹਨ ਕਿ ਸਾਡੇ ਨਾਲ ਵੀ ਇਹ ਕੁਝ ਹੀ ਹੋਵੇਗਾ। ਮੁਫਤ ਵਿਚ ਹੀ ਕੋਈ ਤੇਜ਼-ਤਰਾਰ ਬੀਬੀ ਸਭ ਕੁਝ ਲੁੱਟ ਕੇ ਲੈ ਜਾਵੇਗੀ। ਕਿਉਂ ਨਾ ਮੌਜ ਮਸਤੀ ਲਈ ਕੋਈ ਦੋਸਤ ਬਣਾ ਲਈ ਜਾਵੇ। ਠੀਕ ਹੈ ਉਨਾਂ ਦੀ ਮਰਜ਼ੀ! ਪ੍ਰੰਤੂ ਮੈਂ ਇਹ ਸੋਚੇ ਬਗੈਰ ਰਹਿ ਨਹੀਂ ਸਕਦਾ ਕਿ ਜੇ ਸ਼ਾਦੀ ਦੀ ਪਵਿੱਤਰਤਾ ਦਾ ਇਨ੍ਹਾਂ ਨੂੰ ਯਕੀਨ ਹੁੰਦਾ ਤਾਂ ਸ਼ਾਇਦ ਜੀਜ਼ ਦੀ ਥਿਊਰੀ ਅਨੁਸਾਰ ਉਨ੍ਹਾਂ ਦੇ ਬੱਚੇ ਵੀ ਬਹੁਤ ਲਾਇਕ ਹੁੰਦੇ। ਆਉਣ ਵਾਲੀ ਨਸਲ ਹੋਰ ਵੀ ਲਾਇਕ ਹੁੰਦੀ।

*ਰਿਟਾਇਰਡ ਪ੍ਰਿੰਸੀਪਲ
ਫੋਨ: 925-683-1982

## ਸੰਪਾਦਕ ਦੀ ਡਾਕ

## ਬਾਮਸੇਫ ਦੇ ਵੱਕਾਰ ਨੂੰ ਢਾਹ ਲਾਉਣ ਦੀ ਕੋਸ਼ਿਸ਼

ਸੰਪਾਦਕ ਜੀ,

ਬਾਮਸੇਫ ਇੰਟਰਨੈਸ਼ਨਲ ਵਲੋਂ ਨਾਮੀ ਗੀਤਕਾਰ ਮੱਖਣ ਲੁਹਾਰਾਂ ਅਤੇ ਇੰਟਰਨੈਸ਼ਨਲ ਪ੍ਰੋਮੋਟਰ ਜੱਸੀ ਬੰਗਾ ਦਾ ਸਨਮਾਨ ਉਨ੍ਹਾਂ ਦੀ ਸਮਾਜ ਪ੍ਰਤੀ ਦੇਣ ਨੂੰ ਮੁੱਖ ਰੱਖ ਕੇ ਕੀਤਾ ਗਿਆ ਸੀ ਅਤੇ ਇਸ ਵਿਚ ਕੋਈ ਵੀ ਲਿਹਾਜ਼ਦਾਰੀ ਨਹੀਂ ਵਰਤੀ ਗਈ। ਸਾਡੀ ਸੰਸਥਾ ਦੇ ਇਕ ਮੈਂਬਰ ਸੋਨੂ ਅੰਬੇਦਕਰ ਵਲੋਂ ਮਚਾਇਆ ਜਾ ਰਿਹਾ ਵਾਵੇਲਾ ਬਿਲਕੁਲ ਨਿਰਮੂਲ ਹੈ ਅਤੇ ਨਿਜੀ ਹਿਤਾਂ ਤੋਂ ਪ੍ਰੇਰਿਤ ਹੈ।

ਮੱਖਣ ਲੁਹਾਰ ਦੇ ਗੀਤ ਪ੍ਰਮਾਣ, ਕਲਪਨਾ ਅਤੇ ਸਿਮਰਤੀ ਦੇ ਵੇਗਾਂ 'ਚੋਂ ਉਜਾਗਰ ਹੋਏ ਹੁੰਦੇ ਹਨ। ਮੱਖਣ ਨੇ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਗੀਤ ਲਿਖੇ ਹਨ, ਸਮਾਜ ਦੀਆਂ ਕੁਰੀਤੀਆਂ ਵਿਰੁਧ ਆਵਾਜ਼ ਉਠਾਈ ਹੈ, ਪਿਆਰ ਦੀ ਗੱਲ ਕੀਤੀ ਹੈ ਅਤੇ ਮਾਨਵਤਾ ਦਾ ਸੁਨੇਹਾ ਦਿੱਤਾ ਹੈ। ਉਸ ਦੇ ਧਾਰਮਿਕ ਗੀਤਾਂ ਵਿਚੋਂ ਰੂਹਾਨੀਅਤ ਡੁਲ੍ਹ ਡੁਲ੍ਹ ਪੈਂਦੀ ਹੈ। ਮੱਖਣ ਲੁਹਾਰ ਨੂੰ ਸਮੁੱਚੇ ਪੰਜਾਬੀ ਸੰਗੀਤ ਖੇਤਰ ਵਿਚ ਮਾਨਤਾ ਹਾਸਲ ਹੈ। ਉਸ ਦੇ ਗੀਤ ਬਹੁਤ ਸਾਰੇ ਨਾਮੀ ਗਾਇਕ ਗਾ ਚੁਕੇ ਹਨ ਅਤੇ ਇਨ੍ਹਾਂ ਗੀਤਾਂ ਨੂੰ ਸੰਗੀਤ ਪ੍ਰੇਮੀਆਂ ਵਲੋਂ ਵੀ ਭਰਵਾਂ ਹੁੰਗਾਰਾ ਮਿਲਿਆ ਹੈ।

ਜੱਸੀ ਬੰਗਾ ਇੰਟਰਨੈਸ਼ਨਲ ਪ੍ਰੋਮੋਟਰ ਹਨ। ਉਹ ਸ੍ਰੀ ਗੁਰੂ ਰਵਿਦਾਸ ਸਭਾ ਰੀਓਲਿੰਡਾ ਦੇ ਸਾਬਕਾ ਚੇਅਰਮੈਨ ਹਨ। ਗੁਰੂ ਰਵਿਦਾਸ ਭਾਈਚਾਰੇ ਵਿਚ ਉਨ੍ਹਾਂ ਦੀ ਸਮਾਜ ਸੇਵਾ ਸਾਰੇ ਜਾਣਦੇ ਹਨ। ਪ੍ਰੋਮੋਟਰ ਵਜੋਂ ਉਹ ਹਰ ਸਾਲ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖ ਕੇ ਵੱਖੋ ਵੱਖ ਗਾਇਕਾਂ ਤੋਂ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਗੀਤ ਗਵਾਉਂਦੇ ਹਨ। ਕਈ ਨਵੇਂ ਚਿਹਰਿਆਂ ਨੂੰ ਉਨ੍ਹਾਂ ਪ੍ਰੋਮੋਟ ਕੀਤਾ ਹੈ ਜਿਨ੍ਹਾਂ ਵਿਚ ਮਨਜੀਤ ਪੱਪੂ, ਲਖਵਿੰਦਰ ਲੱਕੀ, ਪ੍ਰਵੀਨ ਭਾਰਟਾ, ਗੁਰਲੇਜ ਅਖਤਰ, ਸੱਤੀ ਮੋਖੇਵਾਲੀਆ, ਫਿਰੋਜ਼ ਖਾਨ, ਸਾਹਿਲ ਬੰਗਾ, ਸ਼ੌਕਤ ਅਲੀ (ਪਾਕਿਸਤਾਨ) ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਸੰਗੀਤ ਦੀ ਦੁਨੀਆਂ ਵਿਚ ਉਨ੍ਹਾਂ ਰਵਿੰਦਰ ਰਾਹੀ, ਰਾਕੇਸ਼ ਕੁਮਾਰ ਮਿੰਟਾ, ਗਾਮਾ ਢੋਲੀ, ਭੂਸ਼ਣ ਅਤੇ ਜਗਤਾਰ ਢੋਲੀ ਨੂੰ ਵੀ ਪ੍ਰੋਮੋਟ ਕੀਤਾ ਹੈ। ਉਨ੍ਹਾਂ ਦੀਆਂ ਇਨ੍ਹਾਂ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਹੀ ਗੀਤਕਾਰ ਮੱਖਣ ਲੁਹਾਰ ਦੇ ਨਾਲ ਗੋਲਡ ਮੈਡਲ ਲਈ ਉਨ੍ਹਾਂ ਦਾ ਨਾਂ ਚੁਣਿਆ ਗਿਆ ਸੀ। ਬਾਮਸੇਫ ਇੰਟਰਨੈਸ਼ਨਲ ਨੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਉਤੇ ਕੀਤੇ ਗਏ ਨਗਰ ਕੀਰਤਨ ਮੌਕੇ ਉਨ੍ਹਾਂ ਦਾ ਸਨਮਾਨ ਕੀਤਾ ਸੀ। ਇਹ ਸਭ ਕੁਝ ਮੇਰੇ ਅਤੇ ਇੰਟਰਨੈਸ਼ਨਲ ਕੋਆਰਡੀਨੇਟਰ ਐਮ ਆਰ ਪਾਲ ਵਲੋਂ ਬਾਕੀ ਸਰਕਰਦਾ ਮੈਂਬਰਾਂ ਦੀ ਸਲਾਹ ਤੇ ਰਜ਼ਾਮੰਦੀ ਨਾਲ ਕੀਤਾ ਗਿਆ ਸੀ। ਇਸ ਬਾਰੇ ਜਦੋਂ ਸੋਨੂ ਅੰਬੇਦਕਰ ਨੂੰ ਪੁੱਛਿਆ ਗਿਆ ਤਾਂ ਉਸ ਨੇ ਵੀ ਇਹੋ ਜਵਾਬ ਦਿੱਤਾ ਸੀ ਪਰ ਬਾਅਦ ਵਿਚ "ਅਖਬਾਰਾਂ ਨਾਲ ਬਲਾਤਕਾਰ ਦੇ ਆਦੀ ਲੋਕ" ਨਾਂ ਹੇਠ ਨਿਊ ਯਾਰਕ ਤੋਂ ਛਪਦੇ ਇਕ ਅਖਬਾਰ ਵਿਚ ਲੇਖ ਲਿਖ ਕੇ ਬਾਮਸੇਫ ਦੇ ਅਕਸ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ। ਇਹ ਸੋਨੂ ਅੰਬੇਦਕਰ ਨੇ ਸਹੀ ਨਹੀਂ ਕੀਤਾ। ਉਸ ਨੇ ਬਾਮਸੇਫ ਵਿਚ ਕਦੀ ਸਾਰਥਕ ਯੋਗਦਾਨ ਨਹੀਂ ਪਾਇਆ। ਅਗਰ ਸੋਨੂੰ ਨੂੰ ਕੋਈ ਰੰਜਿਸ਼ ਸੀ ਜਾਂ ਉਸ ਨੂੰ ਕੋਈ ਇਤਰਾਜ਼ ਸੀ ਤਾਂ ਇਸ ਬਾਰੇ ਸੰਸਥਾ ਦੇ ਅੰਦਰ ਰਹਿ ਕੇ ਗੱਲ ਕਰਨੀ ਚਾਹੀਦੀ ਸੀ। ਮੇਰੇ ਨਾਲ ਜਾਂ ਬਾਕੀ ਮੈਂਬਰਾਂ ਨਾਲ ਗੱਲ ਕਰਦਾ, ਅਖਬਾਰਾਂ ਵਿਚ ਇਸ ਤਰ੍ਹਾਂ ਦੋਸ਼ ਨਹੀਂ ਸੀ ਲਾਉਣੇ ਚਾਹੀਦੇ।

ਸੋਨੂੰ ਅੰਬੇਦਕਰ ਦਾ ਇਹ ਦੋਸ਼ ਬਿਲਕੁਲ ਨਿਰਮੂਲ ਹੈ ਕਿ ਗੋਲਡ ਮੈਡਲ ਜੱਸੀ ਬੰਗਾ ਅਤੇ ਮੱਖਣ ਲੁਹਾਰਾਂ ਨੇ ਕੋਲੋਂ ਪੈਸੇ ਖਰਚ ਕੇ ਬਣਾ ਲਏ। ਅਸੀਂ ਦੱਸਣਾ ਚਾਹੁੰਦੇ ਹਾਂ ਕਿ ਇਨ੍ਹਾਂ ਗੋਲਡ ਮੈਡਲਾਂ ਲਈ ਸੰਸਥਾ ਤੋਂ ਬਿਨਾ ਜਿਨ੍ਹਾਂ ਹੋਰ ਵਿਅਕਤੀਆਂ ਨੇ ਹਿੱਸਾ ਪਾਇਆ ਉਨ੍ਹਾਂ ਵਿਚ ਕੇਵਲ ਕ੍ਰਿਸ਼ਨ ਬੋਲੀਨਾ, ਪਰਮਜੀਤ ਭੁੱਟਾ, ਕਸ਼ਮੀਰ ਹੀਰ, ਸੁੱਚਾ ਨੰਦ ਭਾਰਟਾ, ਬਲਦੇਵ ਸੁੰਮਨ, ਹੰਸ ਰਾਜ ਕਾਜਲਾ ਅਤੇ ਕੁਝ ਹੋਰ ਲੋਕ ਸ਼ਾਮਲ ਹਨ। ਇਸ ਮਾਮਲੇ ਵਿਚ ਜਦੋਂ ਐਮ ਆਰ ਪਾਲ ਹੋਰਾਂ ਸੋਨੂ ਨੂੰ ਕਿਹਾ ਸੀ ਕਿ ਅਗਰ ਤੇਰੇ ਨਾਲ ਪਲਵਿੰਦਰ ਮਾਹੀ ਦੀ ਗੱਲ ਨਹੀਂ ਹੋਈ ਤਾਂ ਮੈਨੂੰ ਅਫਸੋਸ ਹੈ। ਉਨ੍ਹਾਂ ਸੋਨੂ ਅੰਬੇਦਕਰ ਨਾਲ ਟੇਬਲ 'ਤੇ ਬੈਠ ਕੇ ਗੱਲ ਕਰਨ ਲਈ ਪਲਵਿੰਦਰ ਮਾਹੀ ਤੋਂ ਫੋਨ ਕਰਵਾਇਆ ਕਿ ਇਸ ਮੁੱਦੇ 'ਤੇ ਗੱਲ ਕਰਨੀ ਹੈ ਤਾਂ ਸੋਨੂੰ ਨੇ ਬੈਠ ਕੇ ਗੱਲ ਕਰਨ ਲਈ ਕੋਈ ਸਮਾਂ ਨਹੀਂ ਦਿੱਤਾ। ਸਾਡੀ ਸੋਨੂ ਨੂੰ ਸਲਾਹ ਹੈ ਕਿ ਇੰਜ ਦੂਜਿਆਂ ਉਤੇ ਦੋਸ਼ ਲਾਉਣ ਦੀ ਥਾਂ ਉਹ ਮਿਲ ਬੈਠ ਕੇ ਗੱਲ ਕਰਨ। ਜੇ ਉਨ੍ਹਾਂ ਦਾ ਕੋਈ ਇਤਰਾਜ਼ ਹੈ ਤਾਂ ਉਸ 'ਤੇ ਵਿਚਾਰ ਕੀਤੀ ਜਾ ਸਕਦੀ ਹੈ।

*-ਮੋਹਨ ਗਿੱਲ ਪ੍ਰਧਾਨ ਬਾਮਸੇਫ ਇੰਟਰਨੈਸ਼ਨਲ, ਕੈਲੀਫੋਰਨੀਆ,*

*-ਐਮ ਆਰ ਪਾਲ ਇੰਟਰਨੈਸ਼ਨਲ ਕੋਆਰਡੀਨੇਟਰ, ਬਾਮਸੇਫ*

# ਜਦ ਪਹਿਲੀ ਲਾਂਵ ਪੜ੍ਹੀ...

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

*ਮਨੋ-ਵਿਗਿਆਨ ਇਹ ਕਹਿੰਦਾ ਹੈ ਕਿ ਮਨੁੱਖ ਕ੍ਰੋਧ ਨਾਲੋਂ ਕਾਮ ਦਾ ਵੱਧ ਗੁਲਾਮ ਹੈ। ਕਾਮ ਤੋਂ ਅਤ੍ਰਿਪਤ ਕੋਈ ਹੋਵੇ ਉਹ ਹਿੰਸਕ ਹੋ ਜਾਂਦਾ ਹੈ। ਬੇਅਕਲਾ ਹਾਥੀ ਤੇ ਅੰਨ੍ਹੇ ਜ਼ੋਰ ਵਾਲਾ ਜਾਨਵਰ ਜਦੋਂ ਕਾਮ ਵਾਸ਼ਨਾ ਵਿਚ ਸੁਦਾਈ ਹੁੰਦਾ ਹੈ ਤਾਂ ਚੇਤੇ ਕਰੋ ਕਿ ਉਹ ਚੰਡੀਗੜ੍ਹ ਵਿਚ ਅਠਾਰਾਂ ਝੁੱਗੀਆਂ ਢਾਹ ਕੇ ਪੰਜ ਬੰਦੇ ਵੀ ਮਾਰ ਸਕਦਾ ਹੈ। ਸਾਰੇ ਧਰਮ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਮੁਕਤੀ ਦਾ ਸੰਦੇਸ਼ ਦਿੰਦੇ ਨੇ ਪਰ ਜਦੋਂ ਇਹ ਪੰਜੇ ਤੱਤ ਮਨੁੱਖ ਅੰਦਰੋਂ ਖਤਮ ਹੋ ਗਏ ਤਾਂ ਧਰਤੀ 'ਤੇ ਰਹਿਣ ਵਾਲੇ ਲੋਕ ਸਿਰਫ ਸੰਤ ਹੀ ਹੋਣਗੇ। ਵਿਆਹ ਦੁਨੀਆਂ 'ਤੇ ਗ੍ਰਹਿਸਥ ਨੂੰ ਚਲਦੀ ਰੱਖਣ ਦੀ ਸਦੀਵੀਂ ਪ੍ਰਕਿਰਿਆ ਹੈ ਪਰ ਮੰਨੋਗੇ ਕਿ ਇਹ ਕਈਆਂ ਲਈ ਘਟਨਾ ਤੇ ਬਹੁਤਿਆਂ ਲਈ ਦੁਰਘਟਨਾ ਹੁੰਦੀ ਹੈ। ਵਿਆਹਿਆਂ ਦਾ ਹੀ ਤਲਾਕ ਹੁੰਦਾ ਹੈ ਤੇ ਕਈ ਵਾਰ ਹਾਲਾਤ ਇਹ ਵੀ ਬਣੇ ਰਹਿੰਦੇ ਹਨ ਕਿ ਸਾਰੀ ਉਮਰ ਦੋ ਦੁਸ਼ਮਣ ਇਕੱਠੇ ਰਹਿ ਕੇ ਵੀ ਇਕ ਦੂਜੇ 'ਤੇ ਹਮਲਾ ਨਹੀਂ ਕਰਦੇ। ਗਿਆਨ ਤੇ ਧਨ ਨੂੰ ਸੰਭਾਲਣਾ ਅਕਲ ਬਿਨਾਂ ਸੰਭਵ ਨਹੀਂ ਤੇ ਗ੍ਰਹਿਸਥ ਵਿਚ ਜੇ ਨਟ ਅਤੇ ਬੋਲਟ ਦੀਆਂ ਚੂੜੀਆਂ ਦਾ ਸਾਈਜ਼ ਅਲੱਗ ਅਲੱਗ ਹੈ ਤਾਂ 'ਤੜੱਕ ਤੜੱਕ' ਹੋਣੀ ਹੀ ਹੁੰਦੀ ਹੈ। ਬਹੁਤਿਆਂ ਨੇ ਵਿਆਹ ਸੁੱਖ ਹਾਸਲ ਕਰਨ ਦੀ ਨੀਅਤ ਨਾਲ ਕਰਾਇਆ ਸੀ ਤੇ ਘੋੜੀ ਤੇ ਅਕਬਰ ਬਣਨ ਦੇ ਚੱਕਰ ਵਿਚ ਚੜ੍ਹੇ ਸਨ ਪਰ ਅਫਸੋਸ ਕਿ ਉਹ ਬੀਰਬਲ ਦੇ ਲਤੀਫੇ ਸੁਣਨ ਦੇ ਚੱਕਰ ਵਿਚ ਫਸ ਗਏ। ਮਨੁੱਖ ਜਿਸ ਘੁੰਮਣਘੇਰੀ ਵਿਚ ਵਾ-ਵਰੋਲਾ ਬਣਿਆ ਹੋਇਆ ਹੈ ਯਕੀਨ ਕਰੋ ਦੁੱਧ ਦੀ ਗੜਵੀ ਪੀ ਕੇ ਵੀ ਲੱਤਾਂ ਫੁਲਦੀਆਂ ਰਹਿਣਗੀਆਂ। ਕਦੇ ਸੋਚ ਕੇ ਵੇਖਿਆ ਕਿ ਕਰਜ਼ਾ ਲੈਣ ਲਈ ਕਈ ਵਾਰ ਸੱਠ ਮਿੰਟ ਨਹੀਂ ਲਗਦੇ ਪਰ ਉਤਾਰਨ ਲਈ ਸੱਠ ਸਾਲ ਵੀ ਗੁਜ਼ਰ ਜਾਂਦੇ ਹਨ। ਇਵੇਂ ਕਈ ਬੰਦੇ ਲਾਵਾਂ ਲੈਣ ਵੇਲੇ, ਫੇਰੇ ਲੈਣ ਵੇਲੇ ਤਾਂ ਭਾਈ ਜਾਂ ਬ੍ਰਾਹਮਣ ਦੇ ਹੁੱਝਾਂ ਮਾਰੀ ਜਾਣਗੇ ਕਿ ਛੇਤੀ ਕਰ ਪਰ ਉਨ੍ਹਾਂ ਨੂੰ ਉਸ ਵੇਲੇ ਚੇਤਾ ਨਹੀਂ ਹੁੰਦਾ ਕਿ ਛੇਤੀ ਛੁਟਕਾਰਾ ਵੀ ਨਹੀਂ ਹੋਵੇਗਾ। ਚਮਕੀਲੇ ਨੇ ਤਾਂ ਪਿਆਰ ਦੀ ਚੀਸ ਦੱਸੀ ਕਿ 'ਜਦ ਪਹਿਲੀ ਲਾਂਵ ਪੜ੍ਹੀ ਵੈਰਨੇ ਭੁੱਬ ਨਿਕਲ ਗਈ ਮੇਰੀ...' ਪਰ ਮੇਰੀ ਲਾਂਵ ਦੀ ਵਿਥਿਆ ਕਿ ਸਿੱਧੇ ਆਂਗਣ 'ਤੇ ਨੱਚਣਾ ਤਾਂ ਠੀਕ ਲੱਗਦਾ ਸੀ ਪਰ ਪੰਜੇਬਾ ਘਰ ਰਹਿ ਗਈਆਂ...।*

ਔਰਤਾਂ ਬਾਰੇ ਫਫੇਕੁੱਟਣੀਆਂ, ਝਗੜਾਲੂ ਸ਼ਬਦ ਤਾਂ ਸੁਣੇ ਹੋਣਗੇ ਪਰ ਇਸ ਗੱਲ ਨੂੰ ਮੰਨੋ ਕਿ ਔਰਤਾਂ ਬਹਿਸ ਕਦੇ ਨਹੀਂ ਕਰਦੀਆਂ। ਕਿਉਂਕਿ ਉਹ ਤਾਂ ਸਿਆਣਪ ਤੇ ਨਿਮਰਤਾ ਕਾਰਨ ਮੂਰਖ ਜਾਂ ਸ਼ਰਾਬੀ ਪਤੀ ਨਾਲ ਵੀ ਸਹਿਮਤ ਹੋ ਜਾਂਦੀਆਂ ਹਨ। ਕੋਈ ਲੱਖ ਕਹੀ ਜਾਵੇ ਪਰ ਇਹ ਵਿਸ਼ਵਾਸ ਵਾਲੀ ਗੱਲ ਹੈ ਕਿ ਔਰਤ ਨੂੰ ਸਮਝਣਾ ਤੇ ਪੜ੍ਹਨਾ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਹੁੰਦੀ। ਗਹੁ ਨਾਲ ਵੇਖਿਓ ਕਈ ਔਰਤਾਂ ਦੇ ਚਿਹਰੇ 'ਤੇ ਸ਼ਬਦਾਂ ਦੀ ਸਕਰੀਨ ਮੁਸਕਰਾਹਟ ਦੇ ਫਰੇਮ ਵਿਚ ਏਨੀ ਵੱਡੀ ਹੁੰਦੀ ਹੈ ਕਿ ਉਹ ਬਿਨ ਬੋਲਿਆਂ ਵੀ ਭਾਸ਼ਣ ਮੁਕੰਮਲ ਕਰ ਜਾਂਦੀਆਂ ਹਨ। ਵਿਆਹ ਔਰਤ ਤੇ ਮਰਦ ਦਰਮਿਆਨ ਇਕ ਅਜਿਹਾ ਪੁਲ ਹੈ ਕਿ ਜਿੱਥੋਂ ਕਬੀਲਦਾਰੀ ਦੇ ਗੱਡੇ ਵੀ ਭਰ ਭਰ ਕੇ ਲੰਘਣੇ ਹੁੰਦੇ ਹਨ ਤੇ ਸਮਾਜ ਦਾ ਸਾਰਾ ਲੁੰਗ-ਲਾਣਾ ਵੀ ਇਸੇ ਪੁਲ ਤੋਂ ਖੜ੍ਹ ਕੇ ਜ਼ਿੰਦਗੀ ਦੇ ਵਗਦੇ ਪਾਣੀ ਦੀਆਂ ਛੱਲਾਂ ਵੇਖਦਾ ਹੈ। ਵਿਆਹ ਨੂੰ ਮੋਤੀ ਚੂਰ ਦਾ ਲੱਡੂ ਇਸ ਕਰਕੇ ਕਹਿੰਦੇ ਨੇ ਕਿ ਜੀਹਨੇ ਤਾਂ ਸਿਆਣਪ ਨਾਲ ਖਾ ਲਿਆ ਠੀਕ ਹੈ ਤੇ ਜੀਹਦੇ ਹੱਥ 'ਚੋਂ ਤਿਲਕ ਕੇ ਖਿਲਰ ਗਿਆ ਉਹ ਮਿੱਟੀ-ਘੱਟੇ 'ਚੋਂ 'ਕੱਠਾ ਕਰਦਾ ਹੀ ਹੰਭ ਜਾਂਦਾ ਹੈ। ਵਿਆਹੇ ਭਾਵੇਂ ਲੱਖ ਦਾਅਵੇ ਕਰੀ ਜਾਣ ਪਰ ਯਕੀਨ ਕਰਿਓ ਛੜਿਆਂ ਨੇ ਸੁੱਕੀਆਂ ਖਾ ਕੇ ਵੀ ਜ਼ਿੰਦਗੀ ਰੰਗੀਨ ਮਾਣੀ ਹੁੰਦੀ ਹੈ। ਛੜੇ ਵਿਆਹਿਆਂ ਨਾਲੋਂ ਵੱਧ ਸਿਆਣੇ ਹੁੰਦੇ ਨੇ। ਇਹ ਵੱਖਰੀ ਗੱਲ ਹੈ ਕਿ ਕਿਤੇ ਘਰ 'ਚੋਂ ਮਰਦ ਦੀ ਜੇਬ ਖਾਲੀ ਹੋ ਜਾਵੇ ਜਾਂ ਹੋਰ ਤੰਗੀ-ਤੁਰਸ਼ੀ ਆ ਜਾਵੇ ਤਾਂ ਔਰਤ ਕਿਤੋਂ ਨਾ ਕਿਤੋਂ ਰੁਪਿਆ ਧੇਲੀ ਇਸ ਕਰਕੇ ਕੱਢ ਲੈਂਦੀ ਹੈ ਕਿ ਉਹ ਸੰਜਮ ਵਿਚ ਪੁਰਸ਼ ਨਾਲੋਂ ਅਮੀਰ ਹੁੰਦੀ ਹੈ। ਖੈਰ! ਗ੍ਰਹਿਸਥ ਦੇ ਵਾਜੇ ਦੀਆਂ ਧੁਨਾਂ ਕਈਆਂ ਲਈ ਉਦਾਸ ਹੀ ਹੁੰਦੀਆਂ ਹਨ ਤੇ ਜਿਨ੍ਹਾਂ ਨੇ ਜਸ਼ਨ ਦਾ ਢੋਲ ਵਜਾਇਆ ਹੁੰਦਾ ਹੈ ਉਹ ਵੀ ਕਈ ਵਾਰ ਸਾਧ ਬਣਦੇ ਦੇਖੇ ਹਨ।

ਵਿਆਹ ਹੋਣਾ ਸੁਭਾਵਿਕ ਤੇ ਆਮ ਜਿਹੀ ਗੱਲ ਹੈ। ਜਿਨ੍ਹਾਂ ਲਈ ਇਹ ਘਟਨਾ ਦੁਰਘਟਨਾ ਬਣ ਗਈ ਹੈ ਉਹ ਪੱਤਣਾਂ 'ਤੇ ਬੈਠ ਕੇ ਰੋਂਦੇ ਹੀ ਹੋਣਗੇ। ਚਲੋ! ਮੈਂ ਵੀ ਆਪਣੀ ਜ਼ਿੰਦਗੀ 'ਚੋਂ ਵਿਆਹ ਦੀ ਘਟਨਾ ਇਸ ਕਰਕੇ ਸਾਂਝੀ ਕਰਨ ਲੱਗਾ ਹਾਂ ਕਿਉਂਕਿ ਕਈ ਵਾਰ ਜੀਵਨ ਦੇ ਅਹਿਮ ਦਿਨ ਤੇ ਵੱਡੇ ਜਸ਼ਨ/ ਚਾਅ ਵੀ ਸੁੰਗੜ ਜਾਂਦੇ ਹਨ। ਜਿਨ੍ਹਾਂ ਦਿਨਾਂ 'ਚ ਮੇਰਾ ਵਿਆਹ ਹੋਇਆ ਉਨ੍ਹਾਂ ਦਿਨਾਂ 'ਚ ਪੰਜਾਬ ਤਪ ਹੀ ਨਹੀਂ ਰਿਹਾ ਸੀ ਭਾਂਬੜ ਮਚੇ ਹੋਏ ਸਨ। ਪਤਾ ਨਹੀਂ ਸੀ ਲੱਗਦਾ ਕਿ ਕਿਧਰੋਂ ਪੁਲਿਸ ਮੁਕਾਬਲੇ ਦੀ ਖ਼ਬਰ ਆ ਜਾਵੇ ਤੇ ਜਾਂ ਫਿਰ ਕਿਹੜਾ ਬੇਕਸੂਰ ਗੋਲੀਆਂ ਦੀ ਵਾਛੜ ਹੇਠ ਆ ਜਾਵੇ। ਏਦਾਂ ਤਾਂ ਹੋ ਸਕਦਾ ਸੀ ਕਿ ਵਿਆਹ ਨੂੰ ਅੱਗੇ ਪਾ ਲਿਆ ਜਾਂਦਾ ਪਰ ਹਾਲਾਤ ਸੁਧਰਨਗੇ ਕਦੋਂ? ਇਹ ਕੋਈ ਨਿਸਚਿਤ ਸਮਾਂ ਨਹੀਂ ਸੀ। ਗੱਲ 1989 ਦੀ ਹੈ। ਸਹੁਰਿਆਂ ਦਾ ਪਿੰਡ ਮਖਸੂਸਪੁਰ ਜਿਹੜਾ ਪਹਿਲਾਂ ਬੱਬਰਾਂ ਕਰਕੇ ਪ੍ਰਸਿੱਧ ਸੀ ਤੇ ਫਿਰ ਗੀਤਕਾਰ ਤੇ ਗਾਇਕ ਦੇਬੀ ਕਰਕੇ ਚਮਕਿਆ।

ਜੱਸੋਵਾਲ ਦੇ ਗੁਰਦੇਵ ਨਗਰ ਸਥਿਤ ਘਰ 'ਚ ਲੁਧਿਆਣੇ ਬੈਠੇ ਸਾਂ ਕਿ ਪੰਜਾਬ ਦੇ ਸਾਬਕਾ ਗਵਰਨਰ ਐਸ.ਐਸ. ਰੇਅ ਦਾ ਦੁਭਾਸ਼ੀਆ ਰਿਹਾ ਪੰਜਾਬ ਦਾ ਨਾਮਵਰ ਸ਼ਾਇਰ ਡਾਕਟਰ ਰਣਧੀਰ ਸਿੰਘ ਚੰਦ ਉਥੇ ਆ ਗਿਆ। ਜੱਸੋਵਾਲ ਕਹਿਣ ਲੱਗਾ 'ਲੈ ਬਈ ਨਵੀਂ ਪਿਰਤ ਪਾ ਦੇਹ' ਅਤੇ ਚੰਦ ਵਲ ਇਸ਼ਾਰਾ ਕਰਦਿਆਂ ਕਿਹਾ ਕਿ 'ਯਾਰ ਅਸ਼ੋਕ ਦੇ ਵਿਆਹ ਦਾ ਕਾਰਡ ਗ਼ਜ਼ਲ ਜਾਂ ਕਵਿਤਾ 'ਚ ਲਿਖ।' 'ਖੈਰ' ਚੰਦ ਮੰਨ ਤਾਂ ਗਿਆ ਪਰ ਲੁਧਿਆਣੇ ਦੀ ਜਿਸ ਪ੍ਰੈਸ ਤੋਂ ਇਹ ਕਾਰਡ ਛਪਿਆ ਉਥੋਂ ਇਹ ਗੀਤਾਂ ਵਾਂਗ ਚੋਰੀ ਬਹੁਤ ਹੋਇਆ। ਕਾਰਡ ਦੀਆਂ ਪਹਿਲੀਆਂ ਚੰਦ ਸਤਰਾਂ ਜੋ ਡਾਕਟਰ ਚੰਦ ਨੇ ਲਿਖੀਆਂ ਸਨ, ਦਾ ਜ਼ਿਕਰ ਤੁਹਾਡੇ ਨਾਲ ਸਾਂਝਾ ਕਰਦਾ ਹਾਂ। ਇਹ ਪਾਸ਼ ਦੀ ਕਿਸੇ ਨਜ਼ਮ ਵਰਗੀਆਂ ਸਨ:

ਮੰਨਿਆ ਕਿ ਤੁਹਾਡੇ ਰੁਝੇਵੇਂ ਬਹੁਤ ਨੇ
ਪਰ ਇਹ ਵੀ ਦੱਸੋ ਕਿ ਇਥੇ ਵਿਹਲਾ ਕੌਣ ਹੈ?
ਨਾਲੇ ਸਾਡੇ ਘਰ ਦੇ ਜਿਸ ਦਾਣੇ ਤੇ ਥੋਡੇ ਨਾਂ ਦੀ ਮੋਹਰ ਹੈ
ਭਲਾ ਉਹ ਛਕੇਗਾ ਕੌਣ?
ਰੋਟੀ-ਪਾਣੀ ਦੀ ਗਰੰਟੀ ਕੋਈ ਨਹੀਂ
ਗੌਣ-ਪਾਣੀ ਦੀ ਜ਼ਰੂਰ ਹੈ
ਭਾਵੇਂ ਮਾਣਕ ਸੁਣ ਲਿਓ, ਭਾਵੇਂ ਸਰਦੂਲ
ਚਾਹੇ ਹੰਸ, ਨੂਰ ਤੇ ਸੁਲਿੰਦਰਾ
ਸਾਡੇ ਘਰ ਦੀਆਂ ਨਹੀਂ
ਭੌਰੇ ਪਿੰਡ ਦੀਆਂ ਬਰਹੂਾਂ 'ਜੀ ਆਇਆਂ ਨੂੰ' ਕਹਿਣਗੀਆਂ।...

ਬਾਪ ਦਾ ਸਾਇਆ ਨਾ ਹੋਣ ਕਰਕੇ ਇਹ ਸੱਦਾ ਪੱਤਰ ਚੰਦ ਨੇ ਮਾਂ ਪ੍ਰਕਾਸ਼ ਕੌਰ ਵਲੋਂ ਲਿਖਿਆ ਸੀ। ਇਥੇ ਤੀਕਰ ਇਹ ਇਕ ਆਮ ਘਟਨਾ ਸੀ ਪਰ ਫਿਰ ਜੋ ਅੱਗੇ ਹੋਇਆ ਉਹ ਜੱਗੋਂ ਤੇਰਵਾਂ। ਵਿਆਹ ਤੋਂ ਹਫ਼ਤਾ ਕੁ ਪਹਿਲਾਂ ਇਕ ਖ਼ਤ ਮਿਲਿਆ। ਇਹ ਧਮਕੀ ਭਰਿਆ ਸੀ। ਪਹਿਲੇ ਸ਼ੌਂਕੀ ਮੇਲੇ ਤੋਂ ਸਵਾ ਮਹੀਨੇ ਪਿੱਛੋਂ ਮੇਰਾ ਵਿਆਹ ਤੇ ਖ਼ਤ 'ਚ ਗੋਲੀਆਂ ਮਾਰਨ ਦਾ ਸ਼ਗਨ ਭੇਜ ਦਿੱਤਾ ਗਿਆ ਸੀ। ਡਰਦੇ ਨੇ ਇਹ ਗੱਲਾਂ ਸਿਰਫ 'ਅਜੀਤ' ਦੇ ਉਸ ਵੇਲੇ ਦੇ ਸਮਾਚਾਰ ਸੰਪਾਦਕ ਰਜਿੰਦਰ ਰਾਜਨ ਤੇ ਦਰਸ਼ਨ ਮੱਕੜ ਤੋਂ ਸਿਵਾ ਭਾਜੀ ਨਾਲ ਹੀ ਸਾਂਝੀਆਂ ਕੀਤੀਆਂ ਸਨ। ਚਲੋ 'ਦਿਨ ਗਿਣਦੇ ਪੰਜ ਸੱਤ ਸਾਰੇ ਨੇ ਤੇਰੇ ਵਿਆਹ ਵਿਚ ਹਾਣਦਿਆਂ... ਵਾਂਗ' ਸਾਹ ਸੁੱਕਦੇ ਜਾਂਦੇ ਸੀ ਨਾਲ ਦਿਨ ਲੰਘਾ ਰਿਹਾ ਸਾਂ।

ਦੋ ਘਟਨਾਵਾਂ ਨਾਲ ਹੋਰ ਜੁੜ ਗਈਆਂ ਕਿ ਇਕ ਤਾਂ ਮੇਰੇ ਪਿੰਡ 'ਚ ਹੀ ਦੋ ਮੁੰਡਿਆਂ ਨੇ ਪਿੰਡ ਦੇ ਲਾਲੇ ਨੂੰ ਪੰਜਾਹ ਹਜ਼ਾਰ ਰੁਪਏ ਦੇਣ ਦਾ ਖਤ ਲਿਖਤਾ ਸੀ ਤਾਂ ਉਹ ਲਹਿਰ 'ਚ ਲਾਹੇ ਦੀਆਂ ਪੂਣੀਆਂ ਕੱਤਣ ਵਾਲੇ ਹੀ ਤੇ ਦੋਵੇਂ ਜਣੇ ਦਬੋਚ ਲਏ ਪੁਲਿਸ ਨੇ। ਦੂਜਾ ਇਹ ਹੋਇਆ ਕਿ ਉਨ੍ਹਾਂ ਦਿਨਾਂ 'ਚ ਅਖਬਾਰਾਂ 'ਚ ਬਰਾਤਾਂ ਰੋਕਣ 'ਤੇ ਔਰਤਾਂ ਤੋਂ ਗੋਹਾ-ਕੂੜਾ ਕਰਵਾਉਣ ਤੇ ਜਾਂਵੀਆਂ ਤੋਂ ਪਿੰਡ ਦੀ ਸਫਾਈ ਕਰਵਾਉਣ ਦੀਆਂ ਖਬਰਾਂ ਆਉਣ ਲੱਗ ਪਈਆਂ। ਸੋਚਿਆ ਚਲੋ ਪੰਜ ਬੰਦੇ ਹੀ ਲੈ ਚਲਦੇ ਹਾਂ ਪਰ ਜੱਸੋਵਾਲ ਕਹੀ ਜਾਵੇ 'ਚੱਕ ਦੇ ਘੜੇ ਤੋਂ ਕੌਲਾ ਸਾਹ ਨਾ ਖਿੱਚ।' ਪੁਲਿਸ ਨੂੰ ਸੱਦਦੇ ਸੀ ਤਾਂ ਊਂ ਖ਼ੂਨ-ਖਰਾਬੇ ਤੋਂ ਡਰ ਲਗਦਾ ਸੀ ਕਿਉਂਕਿ ਤਤਕਾਲੀਨ ਗ੍ਰਹਿ ਮੰਤਰੀ ਬੂਟਾ ਸਿੰਘ ਦੇ ਟੱਬਰ ਨਾਲ ਭੋਗਪੁਰ ਲਾਗੇ ਜੋ ਹੋਇਆ ਸੀ ਉਹ ਵੀ ਸਾਰੇ ਜਾਣਦੇ ਸਨ। ਖੈਰ! ਮੇਰੇ ਦੋ ਮਿੱਤਰ ਜਿਨ੍ਹਾਂ 'ਚੋਂ ਇਕ ਤਾਂ ਇਥੇ ਅਮਰੀਕਾ ਹੀ ਰਹਿੰਦਾ ਹੈ ਉਨ੍ਹਾਂ ਦੀ ਮਾੜੀ ਮੋਟੀ ਅਜਨੋਹੇ ਵਾਲੇ ਮੁੰਡਿਆਂ ਨਾਲ ਜਾਣ-ਪਛਾਣ ਸੀ। ਤੇ ਉਨ੍ਹਾਂ ਨੇ ਸਾਥ ਦਿੱਤਾ ਤੇ ਉਹ ਵਿਆਹ ਤੋਂ ਇਕ ਦਿਨ ਪਹਿਲਾਂ ਹੀ ਮਖਸੂਸਪੁਰ ਦੇ ਚੌਕੀਦਾਰ ਬਣ ਗਏ।



ਅਸ਼ੋਕ ਭੌਰਾ ਲਾਂਵਾਂ ਮੌਕੇ

ਬਹੁਤਿਆਂ ਨੂੰ ਯਾਦ ਹੋਵੇਗਾ ਕਿ ਉਨ੍ਹੀਂ ਦਿਨੀਂ ਭਾਵੇਂ ਕਈ ਅਖਬਾਰਾਂ ਨੇ ਪਹਿਲੇ ਪੰਨੇ 'ਤੇ ਖਬਰ ਛਾਪੀ ਸੀ ਕਿ ਵਿਆਹ ਭੌਰੇ ਦਾ ਬਰਾਤ ਕਲਾਕਾਰਾਂ ਦੀ। ਅਸਲ ਵਿਚ ਉਦੋਂ ਚੰਗੇ ਗਾਇਕਾਂ ਦੀ ਗਿਣਤੀ ਚਾਲੀ ਕੁ ਤੋਂ ਥੱਲੇ ਹੀ ਸੀ ਤੇ 22 ਜਣੇ ਮੇਰੀ ਬਰਾਤ 'ਚ ਸ਼ਾਮਿਲ ਸਨ। ਮੈਰਿਜ ਪੈਲਿਸਾਂ ਦਾ ਉਦੋਂ ਪਖੰਡ ਨਹੀਂ ਚੱਲਿਆ ਸੀ। ਤੇ ਮਿਲਣੀਆਂ-ਗਿਲਣੀਆਂ ਦਾ ਕੰਮ ਹਫੜਾ-ਦਫੜੀ 'ਚ ਕਾਹਲੀ-ਕਾਹਲੀ ਹੀ ਨਿਬੜੀ ਜਾਂਦਾ ਸੀ। ਕਿਉਂਕਿ ਸਹੁਰੇ ਵੀ ਚਾਹੁੰਦੇ ਸਨ ਵਿਆਹ 'ਚ ਬੀਅ ਦਾ ਲੇਖਾ ਨਾ ਪਵੇ। ਸਰਦੂਲ, ਨੂਰੀ, ਪਰਮਿੰਦਰ, ਬੂਟਾ, ਪੰਛੀ, ਜਸਪਿੰਦਰ, ਜਸਵੰਤ ਭੰਵਰਾ ਇਹ ਵਿਆਹ 'ਚ ਕਈ ਦਿਨ ਪਹਿਲਾਂ ਤੋਂ ਹੀ ਸ਼ਾਮਲ ਸਨ ਤੇ 'ਕੈਂਠੇ ਵਾਲਾ ਭਾਈ ਤੇਰਾ ਕੀ ਲਗਦਾ' ਵਾਲਾ ਮਨਜੀਤ ਰਾਹੀ ਭੱਲੇ ਹੋਰਾਂ ਵਾਲਾ ਕੰਮ ਕਰੀ ਜਾਂਦਾ ਸੀ। ਕਮਲਜੀਤ ਨੀਲੋਂ ਉਦੋਂ ਮਾਣੋ ਬਿੱਲੀ ਕਰਕੇ ਬਹੁਤ ਪ੍ਰਸਿੱਧ ਸੀ।

ਲਾਵਾਂ ਪੜ੍ਹਨ ਵਾਲਾ ਭਾਈ ਵੀ ਮੇਰੇ ਘਰ ਵਾਲੀ ਦਾ ਨਾਨਾ ਹੀ ਲਗਾ ਦਿੱਤਾ ਤਾਂ ਕਿ ਕੰਮ ਨਿਬੜਦਾ ਹੀ ਚੰਗਾ ਸੀ। ਅਨੰਦ ਕਾਰਜ ਭਾਵੇਂ ਆਰੰਭ ਹੋ ਗਿਆ ਸੀ ਪਰ ਮੇਰੇ ਉਤੇ-ਥੱਲੇ ਵਾਲੇ ਸਾਹ 'ਕੱਠੇ ਨਹੀਂ ਸਨ ਹੋ ਰਹੇ। ਤੇ ਫਿਰ ਹੋਈ ਉਹੀ ਗੱਲ, ਹਾਲੇ ਭਾਈ ਨੇ ਪਹਿਲੀ ਲਾਂਵ ਹੀ ਪੜ੍ਹੀ ਸੀ ਕਿ 'ਆ ਗਏ ਓਏ ਆ ਗਏ ਓਏ' ਹੋਣ ਲੱਗ ਪਈ। ਹਾਲੇ ਤਿੰਨ ਲਾਵਾਂ ਰਹਿੰਦੀਆਂ ਸਨ, ਜਾਣਾ ਕਿਥੇ ਨੂੰ ਸੀ? ਮਾੜੇ ਦਿਲ-ਗੁਰਦੇ ਵਾਲੇ ਖਿਸਕ ਗਏ। ਔਰਤਾਂ ਭੱਠੀ ਦੁਆਲੇ ਹੋ ਗਈਆਂ। ਸਾਹ 'ਚ ਸਾਹ ਉਦੋਂ ਆਇਆ ਜਦੋਂ ਉਹ ਨਹੀਂ ਆਏ ਸਨ, ਸਗੋਂ ਮਾਣਕ ਤੇ ਜੱਸੋਵਾਲ ਨੂੰ ਆਉਂਦਿਆਂ ਵੇਖ ਕੇ 'ਆ ਗਏ, ਆ ਗਏ' ਦੀ ਰੌਲੀ ਪੈ ਗਈ ਸੀ। ਰਣਜੀਤ ਮਣੀ ਤੇ ਪਾਲੀ ਦੇਤਵਾਲੀਆ ਮੇਰੇ ਸਿਹਰੇ ਦੇ ਗੁਣ ਗਾਉਣ ਪਰ ਮੇਰੀਆਂ ਡਰ ਨਾਲ 'ਕੱਠੇ ਹੋਏ ਦੀਆਂ ਲੱਤਾਂ ਕੰਬੀ ਜਾਣ। ਲਾਵਾਂ ਹੁਣ ਭਾਵੇਂ ਮੈਨੂੰ ਜ਼ੁਬਾਨੀ ਯਾਦ ਨੇ ਪਰ ਉਦੋਂ ਤਾਂ ਸਿਰਫ ਇਕੋ ਗੱਲ ਚੇਤੇ ਸੀ ਕਿ 'ਵਿਆਹ ਹੋਇਆ ਮੇਰੇ ਬਾਬਲਾ...।'

ਸੱਚ ਇਹ ਵੀ ਸੀ ਕਿ ਭਾਵੇਂ ਦੇਬੀ ਦਾ ਉਹ ਪਿੰਡ ਸੀ ਤੇ ਉਦੋਂ ਉਹ ਸਿਰਫ ਗਾਣੇ ਹੀ ਲਿਖਦਾ ਸੀ ਪਰ ਫਿਰ ਵੀ ਪਿੰਡ ਵਾਲਿਆਂ ਨੂੰ ਪਤਾ ਸੀ ਕਿ ਮੇਰੀ ਬਰਾਤ ਨਾਲ ਵਾਹਵਾ ਢੋਲਕੀਆਂ ਵਾਜੇ ਆਉਣਗੇ। ਤੇ ਉਨ੍ਹਾਂ ਨੇ ਪੱਠੇ-ਦੱਥੇ ਦਾ ਕੰਮ ਇਕ ਦਿਨ ਪਹਿਲਾਂ ਹੀ ਨਿਬੇੜ ਲਿਆ ਸੀ। ਲਾਵਾਂ ਤੋਂ ਬਾਅਦ ਫਿਰ ਸਾਢੇ ਛੇ ਘੰਟੇ ਅਖਾੜਾ ਚੱਲਿਆ, ਉਸ ਹਿਸਾਬ ਨਾਲ ਕਿ ਰੇੜ੍ਹੀਆਂ ਦੀ ਸਟੇਜ 'ਤੇ ਮੰਜੇ ਜੋੜ ਕੇ ਸਪੀਕਰ। ਭਾਵੇਂ ਮੇਰੇ ਵਫ਼ਾਦਾਰ ਚੌਕੀਦਾਰ ਬਣੇ ਮਿੱਤਰ ਮਨਜੀਤ ਤੇ ਤਰਲੋਚਨ ਜਿਵੇਂ ਰੋਗੀ ਦਾ ਸਫਲ ਆਪ੍ਰੇਸ਼ਨ ਹੋਣ ਤੋਂ ਬਾਅਦ ਆਖਦੇ ਨੇ ਹੁਣ ਫਿਕਰ ਵਾਲੀ ਗੱਲ ਨਹੀਂ, ਕਹੀ ਜਾਣ, ਪਰ ਚਿੱਤ ਨੂੰ ਚਿਤਮਣੀ ਲੱਗੀ ਹੀ ਰਹੀ। ਦਿਲਚਸਪ ਗੱਲ ਇਹ ਸੀ ਕਿ ਗਾਉਣ ਵਾਲਿਆਂ ਨੇ ਸ਼ਰੀਕੇਬਾਜ਼ੀ ਵੀ ਕੀਤੀ। ਮਾਣਕ ਦਫਾ ਹੋ ਜਾ ਨੀ ਅੱਖਾਂ ਤੋਂ ਓਹਲੇ... ਨਾਲ ਕਿਤੇ ਹੋਰ ਵਿਅੰਗ ਕੱਸਦਾ ਰਿਹਾ। ਸੁਚੇਤ ਬਾਲਾ 'ਮੈਨੂੰ ਘੜਾ ਚੁਕਾ ਕੇ ਜਾਈਂ ਵੇ ਚੋਬਰਾ...' ਨਾਲ ਤੇ ਸਰਦੂਲ-ਨੂਰੀ 'ਨੱਚ ਸਾਲੀਏ ਨੀ ਮੇਰੇ ਵੀਰ ਦੇ ਵਿਆਹ 'ਚ...' ਨਾਲ। ਤੇ ਕਿਸੇ ਨੇ ਗਿੱਧਾ ਪਾਇਆ ਹੋਊ, ਕੋਈ ਨੱਚਿਆ ਹੋਊ ਪਰ ਸਾਰੇ ਦਿਨ ਦੀ ਫਿਕਰਾਂ ਖਾਧੀ ਜ਼ਿੰਦਗੀ 'ਚ ਮੇਰੇ ਚਿਹਰੇ 'ਤੇ ਉਦੋਂ ਰੌਣਕ ਆਈ ਸੀ ਜਦੋਂ ਵਾਜੇ ਵਾਲਿਆਂ ਨੇ ਧੁਨ ਕੱਢੀ 'ਮੈਨੂੰ ਰੱਖ ਲੈ ਇਕ ਦਿਨ ਹੋਰ।' ਤੇ ਇਉਂ ਵਿਆਹ ਤਾਂ ਮੁੱਕ ਗਿਆ ਸੀ ਪਰ ਅੱਜ ਚੇਤਾ ਇਸ ਕਰਕੇ ਨਹੀਂ ਭੁੱਲਦਾ ਕਿ ਇਹ ਹੁਕਮ ਚੜ੍ਹਾਉਣ ਵਾਲੇ ਕਿਹੜਾ ਤਾਲਿਬਾਨ ਤੋਂ ਘੱਟ ਕਰ ਰਹੇ ਸਨ। ਵਿਆਹ ਲੋਕਾਂ ਨੂੰ ਹੋਰ ਤਰ੍ਹਾਂ ਚੇਤੇ ਰਹਿੰਦਾ। ਪਰ ਸਥਿਤੀ ਉਹੀ ਸੀ ਜਿਵੇਂ ਥੱਕੇ ਹੋਏ ਪਤੀ-ਪਤਨੀ ਜਦੋਂ ਮਿਲਦੇ ਹਨ ਤਾਂ ਉਬਾਸੀਆਂ ਹੀ ਲੈਂਦੇ ਹਨ।

ਫਿਰ ਇਕ ਹੋਰ ਗਿਲਾ ਮੇਰੇ ਸਿਰ ਨੂੰ ਚੜ੍ਹਿਆ ਰਿਹਾ ਕਿ ਜਿਸ ਨੂੰ ਮੈਂ ਮਾਂ ਮੰਨਦਾ ਰਿਹਾ, ਜਿਸ ਕੋਲ ਰੁਬੇਰਾ ਬਿਲਡਿੰਗ ਦਿੱਲੀ 'ਚ ਕਈ ਕਈ ਦਿਨ ਗੁਜ਼ਾਰਦਾ ਰਿਹਾ ਉਹ ਸੁਰਿੰਦਰ ਕੌਰ ਕਿਉਂ ਨਹੀਂ ਆਈ, ਨਰਿੰਦਰ ਬੀਬਾ ਕਿਉਂ ਨਹੀਂ ਆਈ..., ਗੁਲਸ਼ਨ ਕੋਮਲ ਤੇ ਗੁਰਮੀਤ ਬਾਵਾ ਕਿਉਂ ਨਹੀਂ ਆਈਆਂ...? ਕਈ ਸਾਲਾਂ ਬਾਅਦ ਭੇਦ ਖੁੱਲ੍ਹਿਆ ਕਿ ਮਾਮਲਾ ਸਿਰਫ ਇਕੋ ਸੀ ਕਿ ਕਿਤੇ ਵਿਆਹ 'ਚ ਸ਼ਾਮਲ ਹੋ ਗਈਆਂ ਤਾਂ ਪਾਥੀਆਂ ਨਾ ਪੱਥਣੀਆਂ ਪੈ ਜਾਣ। ਉਦੋਂ ਬਹੁਤੇ ਜਿਹੜੇ ਮੇਰੇ ਸੱਜੇ-ਖੱਬੇ ਰਹਿੰਦੇ ਸਨ, ਜਿਨ੍ਹਾਂ ਨੇ ਅਖ਼ਬਾਰੀ ਤੌਰ 'ਤੇ ਜਾਂ ਦੂਰਦਰਸ਼ਨ ਤੋਂ ਕੋਈ ਕੰਮ ਲੈਣਾ ਹੁੰਦਾ ਸੀ, ਉਹ ਵੀ ਬਹਾਨਿਆਂ ਦੀ ਗੰਢ ਡਰਦੇ ਮਾਰੇ ਬੰਨ੍ਹੀ ਬੈਠੇ ਸਨ।

ਮੇਰੇ ਵਿਆਹ ਨੂੰ ਦੋ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਹੈ। ਅੰਮ੍ਰਿਤਸਰ ਵਾਲੇ ਰਸੀਲੇ-ਮੋਹਣੀ ਨੇ 2005 'ਚ ਤਹਿ ਕੀਤਾ ਕਿ ਜਵਾਨੀ ਦਾ ਸੋਲ੍ਹਵਾਂ ਸਾਲ ਕੀਮਤੀ ਬੜਾ ਹੁੰਦਾ ਹੈ ਤੇ ਅਸੀਂ ਥੋਡੀ 16ਵੀਂ ਸਾਲਗਿਰ੍ਹਾ ਭੌਰੇ ਹੀ ਮਨਾਉਣੀ ਹੈ। ਤੇ ਫਿਰ ਦਿਨਾਂ ਦੀ ਹੇਰਾ ਫੇਰੀ ਸੀ ਕਿ ਲਾਲ ਬੱਤੀ ਵਾਲੀਆਂ ਗੱਡੀਆਂ ਬੜੀਆਂ ਆਈਆਂ। ਮਨਮੋਹਨ ਵਾਰਿਸ ਨੇ ਬਹਿ ਕੇ ਗਾਇਆ..., ਪ੍ਰਵੀਨ ਭਾਰਟਾ ਨੇ ਵੀ, ਪਰਮਿੰਦਰ ਨੇ ਵੀ, ਰਸੀਲੇ ਹੋਰੀਂ 'ਚੱਲੀ ਏ ਬਸ਼ੀਰਾਂ ਮੁਕਲਾਵੇ...।' ਮਾਣਕ ਦਿਨੇ ਗੇੜੀ ਦੇ ਕੇ ਚਲਾ ਗਿਆ, ਕੁਲਦੀਪ ਪਾਰਸ ਤੇ ਪਾਲੀ ਵੀ। ਬਬੀਤਾ ਪਾਲੀ ਹੋਰੀਂ ਰੱਜ ਕੇ ਨੱਚੀਆਂ। ਤੇ ਪੂਣੀਆਂ ਭਿੱਜਣ ਦੀ ਦੁਹਾਈ ਦੇਣ ਵਾਲਾ ਬਲਕਾਰ ਸਿੱਧੂ, ਚੰਗੇ ਆਂ ਜਾਂ ਮੰਦੇ... ਨਾਲ ਸ਼ੁਰੂ ਹੋ ਕੇ ਅੱਧੀ ਰਾਤ ਤੋਂ ਪਿੱਛੋਂ ਤੱਕ ਗਾਉਂਦਾ ਤੇ ਨੱਚਦਾ ਵੀ ਰਿਹਾ। ਦਿਲਚਸਪ ਗੱਲ ਇਹ ਸੀ ਕਿ ਉਹਨੇ ਜਿੰਨੇ ਪੈਗ ਪੀਤੇ ਉਨੀਆਂ ਗਿਲਾਸੀਆਂ ਤੋੜੀਆਂ, ਤਕਰੀਬਨ ਡੇਢ ਦਰਜਨ ਦੇ ਕਰੀਬ। ਦਿਲਚਸਪ ਗੱਲ ਇਹ ਸੀ ਕਿ ਜਿਹੜੇ ਗਾਇਕ ਵਿਆਹ 'ਚ ਸ਼ਾਮਿਲ ਹੋਣ ਤੋਂ ਡਰਦੇ ਸਨ ਉਹ ਸੋਲਾਂ ਸਾਲਾਂ ਪਿੱਛੋਂ ਜਾਣ ਦਾ ਨਾਂ ਨਹੀਂ ਲੈਂਦੇ ਸਨ। ਵਿਆਹ ਵਾਲਾ ਦਿਨ ਤਾਂ 9 ਘੰਟਿਆਂ 'ਚ ਮੁੱਕ ਗਿਆ ਸੀ ਪਰ ਸਾਲਗਿਰ੍ਹਾ ਵਾਲੀ ਸਾਰੀ ਰਾਤ ਸੰਗੀਤ 'ਚ ਲੰਘ ਗਈ ਸੀ।

ਬਹੁਤੇ ਪ੍ਰੇਮੀ ਛੇਤੀ ਸੌਣ ਦਾ ਯਤਨ ਇਸ ਕਰਕੇ ਕਰਦੇ ਹਨ ਕਿ ਉਨ੍ਹਾਂ ਦੇ ਸੁਪਨਿਆਂ ਵਿਚ ਕਿਸੇ ਨੇ ਆਉਣਾ ਹੁੰਦਾ ਹੈ ਤੇ ਬਹੁਤੇ ਪਤੀ ਇਸ ਕਰਕੇ ਛੇਤੀ ਸੌਣ ਦਾ ਬਹਾਨਾ ਕਰਦੇ ਹਨ ਕਿ ਦੋ ਭਾਂਡਿਆਂ ਦੇ ਖੜਕਣ ਦਾ ਡਰ ਖਾ ਰਿਹਾ ਹੁੰਦਾ ਹੈ।

ਮੈਂ ਵੀ ਸੋਚਦਾ ਹਾਂ ਵਿਆਹ ਤਾਂ ਚੰਗਾ ਹੋ ਗਿਆ ਪਰ ਉਨ੍ਹਾਂ ਦਿਨਾਂ ਦਾ ਡਰ ਹਾਲੇ ਵੀ ਨਹੀਂ ਨਿਕਲਦਾ। ਲਾਵਾਂ ਵਾਲਾ ਅੱਧਾ-ਪੌਣਾ ਘੰਟਾ ਇਸ ਕਰਕੇ ਵੀ ਨਹੀਂ ਭੁੱਲਦਾ ਕਿਉਂਕਿ ਡਰ ਤਾਂ ਖਾਂਦਾ ਸੀ ਪਰ ਜਿਹੜਾ ਪੱਲਾ ਬਾਬਲ ਨੇ ਫੜਾ ਕੇ ਬੰਨ੍ਹ ਦਿੱਤਾ ਸੀ ਉਹ ਛੱਡਿਆ ਨਹੀਂ ਜਾ ਸਕਦਾ ਸੀ।

ਵਿਆਹ ਹੁੰਦੇ ਆਏ ਨੇ, ਹੋਈ ਜਾਂਦੇ ਨੇ, ਹੋਈ ਜਾਣੇ ਨੇ ਤੇ ਕਈਆਂ ਲਈ ਵਿਆਹ ਦਾ ਦਿਨ ਸਵਰਗ ਵਰਗਾ ਸੀ, ਜਿਨ੍ਹਾਂ ਦੀ ਟੁੱਟ ਗਈ, ਤਲਾਕ ਹੋ ਗਏ, ਉਹ ਬਿਜਲੀ ਵਾਲਿਆਂ ਦੇ ਖੰਭੇ ਖਿਚਣ ਵਾਂਗ 'ਟੁੱਟੀ ਮੰਜੀ ਬਾਣ ਪੁਰਾਣਾ' ਆਖੀ ਜਾਂਦੇ ਨੇ। ਡਰ 'ਚ ਹੋਇਆ ਹੋਣ ਕਰਕੇ ਮੈਨੂੰ ਮੇਰਾ ਵਿਆਹ ਖਰਬੂਜ਼ੇ ਵਰਗਾ ਹੋ ਕੇ ਵੀ ਕਰੇਲੇ ਵਰਗਾ ਹੀ ਲੱਗਦਾ ਹੈ। ਪਰ ਚੋਰ ਜ਼ਿੰਦਰੇ ਵੇਖ ਕੇ ਉਦਾਸ ਨਹੀਂ ਹੁੰਦੇ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### *ਨੀ ਕੀ ਦੱਸਾਂ ਮੈਂ?*

ਜੋ ਕੋਇਲਾਂ ਦੇ ਵਾਂਗੂੰ ਮਿਠੜੇ ਬੋਲ ਸੁਣਾਉਂਦੇ ਸੀ, ਕੁੱਕੜਾਂ ਵਾਂਗੂੰ ਉਹੀ ਸਿੰਗ ਫਸਾਉਂਦੇ ਵੇਖੇ ਮੈਂ।
ਖ਼ੂਨ ਮਾੜੇ ਦਾ ਚੂਸ ਪਾਪ ਦੀ ਖੱਟੀ ਖਾਂਦੇ ਰਹੇ, ਧਰਮੀ ਬਣ ਕੇ ਉਹੀਓ ਪਾਠ ਕਰਾਉਂਦੇ ਵੇਖੇ ਮੈਂ।
ਜਿਨ੍ਹਾਂ ਮਾਂ ਦੀ ਗੁੱਤ ਤੀਵੀਂ ਤੋਂ ਆਪ ਪੁਟਾਈ ਸੀ, 'ਜੈ ਮਾਈਆ ਦੀ' ਉਹੀ ਜੈਕਾਰੇ ਲਾਉਂਦੇ ਵੇਖੇ ਮੈਂ।
ਜਿਨ੍ਹਾਂ ਲੂਤੀਆਂ ਲਾ ਕੇ ਵਸਦੇ ਘਰ ਉਜਾੜੇ, ਸੱਥ 'ਚ ਬਹਿ ਕੇ ਉਹੀਓ ਸੁਲ੍ਹਾ ਕਰਾਉਂਦੇ ਵੇਖੇ ਮੈਂ।
ਚਿੱਟੇ ਕੱਪੜੇ ਪਾ ਕੇ ਉਚੀਆਂ ਗੱਲਾਂ ਕਰਦੇ ਸੀ, ਅੰਦਰ ਵੜ੍ਹ ਕੇ ਅੰਦਰ ਕਾਲਖ ਲਾਉਂਦੇ ਵੇਖੇ ਮੈਂ।
ਜੋ ਮਸਖਰੇ ਸ਼ਾਮ ਪਈ ਤੀਕ ਲੋਕ ਹਸਾਉਂਦੇ ਸੀ, ਢਿੱਡ 'ਚ ਮੁੱਕੀਆਂ ਦੇ ਰਾਤ ਲੰਘਾਉਂਦੇ ਵੇਖੇ ਮੈਂ।
ਮਰ ਗਿਆ ਲੀਡਰ, ਮੁਰਦਾ ਲੈ ਕੇ ਚੱਲੇ ਕਬਰਾਂ ਨੂੰ, ਲੋਕੀਂ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਵੇਖੇ ਮੈਂ।

# ਬੰਦਾ ਸਿੰਘ ਬਹਾਦਰ 'ਤੇ ਲੱਗੇ ਦੋਸ਼ਾਂ ਦਾ ਨਿਰਣਾ

**ਸੁਰਜੀਤ ਸਿੰਘ ਪੰਛੀ***

ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਪਿੱਛੋਂ ਬੰਦਾ ਸਿੰਘ ਬਹਾਦਰ ਹੀ ਸੀ ਜਿਸ ਨੇ ਸਿੰਘਾਂ ਨੂੰ ਜ਼ੁਲਮ ਦੀ ਲਾਟ ਨੂੰ ਬੁਝਾਉਣ ਲਈ ਹਸਦਿਆਂ ਹਸਦਿਆਂ ਆਪਾ ਵਾਰਨਾ ਸਿਖਾਇਆ ਅਤੇ ਕੌਮੀਅਤ ਦਾ ਗਿਆਨ ਦਿੱਤਾ। ਬੰਦਾ ਸਿੰਘ ਪਹਿਲਾ ਆਦਮੀ ਸੀ ਜਿਸ ਨੇ ਪੰਜਾਬ ਵਿਚ ਮੁਗਲਾਂ ਦੇ ਜ਼ੁਲਮੀ ਰਾਜ ਨੂੰ ਕਰਾਰੀ ਸੱਟ ਮਾਰੀ ਅਤੇ 1710 ਈ: ਵਿਚ ਪੰਜਾਬ ਵਿਚ ਖਾਲਸੇ ਦੇ ਅਧੀਨ ਕੌਮੀ ਰਾਜ ਦੀ ਨੀਂਹ ਰੱਖੀ।

ਬੰਦਾ ਸਿੰਘ ਬਹਾਦਰ ਜਿਹੇ ਮਹਾਨ ਯੋਧੇ ਦੇ ਜੀਵਨ ਨੂੰ ਸਮਕਾਲੀ ਮੁਸਲਮਾਨ ਅਤੇ ਗੈਰ ਮੁਸਲਮਾਨ ਲਿਖਾਰੀਆਂ ਨੇ ਆਪਣੇ ਮਨਾਂ ਵਿਚ ਬੈਠੇ ਧਾਰਮਿਕ ਅਤੇ ਰਾਜਸੀ ਪੱਖਪਾਤ ਦੀ ਧੁੰਦ ਵਿਚ ਲਪੇਟ ਕੇ ਧੁੰਦਲਾ ਕਰ ਦਿੱਤਾ। ਗਿਆਨੀ ਗਿਆਨ ਸਿੰਘ ਅਤੇ ਰਤਨ ਸਿੰਘ ਭੰਗੂ ਆਦਿ ਨੇ, ਜੋ ਦੋਸ਼ ਉਸ ਦੇ ਵਿਰੋਧੀਆਂ ਨੇ ਲਾਏ, ਦਾ ਵੀ ਵਰਨਣ ਕੀਤਾ ਹੈ।

ਮੁਸਲਮਾਨ ਇਤਿਹਾਸਕਾਰਾਂ ਵਲੋਂ ਪਹਿਲਾ ਦੋਸ਼ ਇਹ ਲਾਇਆ ਜਾਂਦਾ ਹੈ ਕਿ ਉਹ ਲੁਟੇਰਾ ਅਤੇ ਧਾੜੇਮਾਰ ਸੀ। ਲੁਟੇਰਾ ਅਤੇ ਧਾੜੇਮਾਰ ਉਹ ਹੁੰਦਾ ਹੈ ਜੋ ਧਨ ਇਕੱਤਰ ਕਰਨ ਖਾਤਰ ਬਿਨਾਂ ਕਿਸੇ ਭੇਦ ਭਾਵ ਦੇ ਲੁੱਟ ਮਾਰ ਕਰੇ। ਬੰਦਾ ਸਿੰਘ ਬਹਾਦਰ ਨੇ ਲੁੱਟ ਮਾਰ ਧਨ ਇਕੱਤਰ ਕਰਨ ਖਾਤਰ ਨਹੀਂ ਕੀਤੀ। ਉਨ੍ਹਾਂ ਨੇ ਤਾਂ ਉਨ੍ਹਾਂ ਲੋਕਾਂ ਨੂੰ ਲੁੱਟਿਆ ਜਿਨ੍ਹਾਂ ਨੇ ਪੀੜ੍ਹੀ ਦਰ ਪੀੜ੍ਹੀ ਗਰੀਬ ਜਨਤਾ ਨੂੰ ਲੁੱਟ ਕੇ ਆਪਣੀਆਂ ਤਜੌਰੀਆਂ ਭਰੀਆਂ। ਬੰਦਾ ਸਿੰਘ ਦਾ ਮੰਤਵ ਲੁੱਟੇ ਹੋਏ ਮਾਲ ਨੂੰ ਪ੍ਰਾਪਤ ਕਰਕੇ ਸਹੀ ਮਾਲਕਾਂ ਤੱਕ ਪਹੁੰਚਾਉਣਾ ਸੀ। ਇਸ ਤਰ੍ਹਾਂ ਦੇ ਕਰਮ ਨੂੰ ਲੁੱਟ ਮਾਰ ਨਹੀਂ ਕਿਹਾ ਜਾ ਸਕਦਾ। ਬੰਦਾ ਸਿੰਘ ਬਹਾਦਰ ਨੇ ਸ਼ਾਸਕਾਂ ਤੇ ਉਨ੍ਹਾਂ ਦੇ ਬੰਦਿਆਂ ਕੋਲੋਂ ਲੁੱਟਿਆ ਧਨ ਮਾਲ ਲੋਕਾਂ ਵਿਚ ਬਰਾਬਰ ਵੰਡ ਦਿੱਤਾ। ਇਸੇ ਵਿਚਾਰ ਅਧੀਨ ਜ਼ਿਮੀਂਦਾਰੀ ਪ੍ਰਥਾ ਖਤਮ ਕਰਕੇ ਜ਼ਮੀਨ ਵਾਹੀਕਾਰਾਂ ਵਿਚ ਵੰਡ ਦਿੱਤੀ। ਇਸੇ ਦੇ ਉਲਟ ਤੱਤ ਖਾਲਸੇ ਨੇ ਮਾਤਾ ਸੁੰਦਰੀ ਕੋਲ ਸ਼ਿਕਾਇਤ ਕੀਤੀ ਸੀ ਕਿ ਬੰਦਾ ਸਿੰਘ ਬਹਾਦਰ ਲੁੱਟ ਤੋਂ ਸਿੱਖਾਂ ਨੂੰ ਵਰਜ਼ ਕੇ ਗੁਰੂ ਆਦੇਸ਼ਾਂ ਦੀ ਉਲੰਘਣਾ ਕਰਦਾ ਹੈ। ਸਾਰਾ ਧਨ ਸਾਥੀਆਂ ਵਿਚ ਵੰਡ ਕੇ ਯੁੱਧ, ਖਰਚਿਆਂ ਅਤੇ ਭੀੜਾਂ ਦੇ ਸਮੇਂ ਲਈ ਧਨ ਬਚਾ ਕੇ ਨਹੀਂ ਰਖਦਾ। ਰਤਨ ਸਿੰਘ ਭੰਗੂ ਆਪ ਲੋਕਾਂ ਵਿਚ ਧਨ ਵੰਡਣ ਬਾਰੇ ਲਿਖਦਾ ਹੈ :

ਦੀਵੇ ਪਾਵੈ ਤੇਲ ਤੇਲ।
ਇਕ ਮੋਹਰ ਤਿਹ ਦੇਵੈ ਮੇਲ।
ਰੂਠੀ ਭਾਂਡਾ ਲਿਆਵੈ ਘੁਮਿਆਰ,
ਦੇਵੇ ਮੋਹਰ ਕੱਢ ਖੀਸਿਓਂ ਡਾਰ।
ਲਕੜੀ ਚੂਹੜੋ ਲਿਆਵੈ ਕੋਈ।
ਮੋਹਰ ਖੀਸਿ ਦੇ ਦੋ ਓਈ।

ਮੁਸਲਮਾਨ ਇਤਿਹਾਸਕਾਰਾਂ ਦਾ ਦੂਜਾ ਦੋਸ਼ ਹੈ ਕਿ ਉਹ ਇਸਤਰੀਆਂ ਦੀ ਜਬਰੀ ਬੇਪਤੀ ਕਰਨ ਵਾਲਾ ਸੀ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਉਹ ਹਰ ਰੋਜ਼ ਢੰਡੋਰਾ ਪਿਟਵਾਉਂਦਾ ਸੀ ਕਿ ਇਸਤਰੀ ਦੇ ਤਨ ਦੇ ਗਹਿਣੇ ਨੂੰ ਕੋਈ ਸਿੱਖ ਸੈਨਿਕ ਹੱਥ ਨਾ ਲਾਵੇ। ਕਿਸੇ ਪੁਰਸ਼ ਦੀ ਪੁਸ਼ਾਕ ਅਤੇ ਪੱਗੜੀ ਨੂੰ ਵੀ ਹੱਥ ਨਾ ਪਾਇਆ ਜਾਵੇ। ਇਸਤਰੀ ਦੀ ਇੱਜ਼ਤ ਲੁੱਟਣੀ ਤਾਂ ਦਰਕਿਨਾਰ, ਉਹ ਆਪਣੇ ਹੁਕਮਨਾਮਿਆਂ ਵਿਚ 'ਚੋਰੀ ਯਾਰੀ ਨਾ ਕਰਨ' ਦਾ ਆਦੇਸ਼ ਦਿੰਦਾ ਸੀ?'

ਮੁਸਲਮਾਨਾਂ ਲੇਖਕਾਂ ਦੁਆਰਾ ਬੰਦਾ ਸਿੰਘ ਬਹਾਦਰ ਤੇ ਕਰੂਰ ਹਤਿਆਰਾ ਹੋਣ ਦਾ ਦੋਸ਼ ਲਾਇਆ ਜਾਂਦਾ ਹੈ। ਉਸ ਨੇ ਉਨ੍ਹਾਂ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਜਿਨ੍ਹਾਂ ਨੇ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ, ਗੁਰੂ ਜੀ ਦੇ ਸਾਹਿਬਜ਼ਾਦਿਆਂ ਤੇ ਹੋਰ ਸਿੰਘਾਂ ਅਤੇ ਲੋਕਾਂ ਉੱਤੇ ਜ਼ੁਲਮ ਢਾਹੇ ਸਨ। ਸਰਹਿੰਦ ਦਾ ਨਵਾਬ ਵਜ਼ੀਰ ਖਾਨ ਅਤੇ ਸੁੱਚਾ ਨੰਦ ਸਰਹਿੰਦ ਦੇ ਹੀ ਰਹਿਣ ਵਾਲੇ ਸਨ। ਕੀ ਸਰਹੰਦ ਦੇ ਲੋਕ ਜੋ ਬੱਚਿਆਂ ਨੂੰ ਕੰਧਾਂ ਵਿਚ ਚਿਣਨ ਸਮੇਂ ਤਮਾਸ਼ਾ ਦੇਖਦੇ ਰਹੇ, ਬੱਚਿਆਂ ਲਈ ਇਕ ਹੰਝੂ ਨਾ ਕੇਰਿਆ, ਅਜਿਹੇ ਦੁਸ਼ਟਾਂ ਨੂੰ ਸਜ਼ਾ ਦੇਣ ਵਾਲਾ ਕੀ ਹਤਿਆਰਾ ਸੀ? ਮੁਹੰਮਦ ਕਾਸਮ 'ਇਬਰਤਨਾਮਾ' ਵਿਚ ਲਿਖਦਾ ਹੈ, ''ਮੈਂ ਆਸ ਪਾਸ ਦੇ ਭਰੋਸੇਯੋਗ ਲੋਕਾਂ ਤੋਂ ਸੁਣਿਆ ਹੈ ਕਿ ਸ਼ਹੀਦ (ਵਜ਼ੀਰ ਖਾਨ) ਦੀ ਹਕੂਮਤ ਦੇ ਦਿਨੀਂ ਕਿਹੜਾ ਜ਼ੁਲਮ ਸੀ ਜੋ ਇਸ ਅਨਿਆਈ (ਸੁੱਚਾ ਨੰਦ) ਨੇ ਗਰੀਬਾਂ ਉੱਤੇ ਨਾ ਕੀਤਾ ਹੋਵੇ ਅਤੇ ਫਸਾਦ ਦਾ ਕਿਹੜਾ ਬੀਜ ਸੀ ਜੋ ਇਸ ਨੇ ਆਪਣੇ ਲਈ ਨਾ ਬੀਜਿਆ ਹੋਵੇ। ਜਿਸ ਦਾ ਫਲ ਇਸਨੂੰ ਪ੍ਰਾਪਤ ਹੋਇਆ।'' ਕਪੂਰੀ ਦਾ ਅਮਾਨੁੱਲਾ ਅਤੇ ਇਸ ਦਾ ਪੁੱਤਰ ਕਦਮੁਦੀਨ ਹਰ ਵਿਆਹੀ ਆਈ ਹਿੰਦੂ ਲੜਕੀ ਨੂੰ ਸੁਹਾਗ ਰਾਤ ਤੋਂ ਪਹਿਲਾਂ ਚਾਰ ਪੰਜ ਦਿਨ ਆਪਣੇ ਘਰ ਰਖਦੇ ਸਨ। ਕੀ ਏਹੋ ਜਿਹੇ ਕਰਮ ਕਰਨ ਵਾਲੇ ਵਿਅਕਤੀ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਸਜ਼ਾ ਦੇਣ ਵਾਲਾ ਹਤਿਆਰਾ ਸੀ?

ਉਸ ਦੇ ਅੱਗੇ ਜਦੋਂ ਕਿਸੇ ਨੇ ਈਨ ਮੰਨੀ ਤਾਂ ਉਸ ਥਾਂ ਉਸ ਨੇ ਕਤਲੋਗਾਰਤ ਨਹੀਂ ਕੀਤੀ ਜਿਵੇਂ ਮਲੇਰਕੋਟਲੇ ਦੇ ਲੋਕਾਂ ਨੇ ਕੀਤਾ। ਬੰਦਾ ਸਿੰਘ ਬਹਾਦਰ ਨੇ ਧਰਮ ਦੇ ਨਾਂ 'ਤੇ ਕੋਈ ਜ਼ੁਲਮ ਨਹੀਂ ਕੀਤਾ। ਨਾ ਕੋਈ ਉਸ ਨੇ ਕਬਰ ਪੁੱਟੀ ਅਤੇ ਨਾ ਹੀ ਕੋਈ ਮਕਬਰਾ ਢਾਹਿਆ। ਮਲੇਰਕੋਟਲੇ ਵਿਚ ਅਨੂਪ ਕੌਰ ਦੀ ਲਾਸ਼ ਲੱਭਣ ਸਮੇਂ ਹੋ ਸਕਦਾ ਹੈ ਕੁਝ ਕਬਰਾਂ ਪੁੱਟੀਆਂ ਗਈਆਂ ਹੋਣ ਪਰ ਹੋਰ ਕਿਸੇ ਥਾਂ 'ਤੇ ਉਸਨੇ ਕੋਈ ਕਬਰ ਨਹੀਂ ਪੁੱਟੀ, ਕੋਈ ਮਕਬਰਾ ਨਹੀਂ ਫੂਕਿਆ, ਕੋਈ ਮਸੀਤ ਨਹੀਂ ਢਾਹੀ। ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲ ਰਾਜ ਦੇ ਵਿਰੁਧ ਲੜਾਈ ਨੂੰ ਮਜ਼ਬੀ ਲੜਾਈ ਦਾ ਰੂਪ ਨਹੀਂ ਦਿੱਤਾ। ਉਸ ਨੇ ਮੁਸਲਮਾਨਾਂ ਉੱਤੇ



ਕੋਈ ਧਾਰਮਿਕ ਬੰਦਸ਼ਾਂ ਨਹੀਂ ਲਾਈਆਂ। ਬਾਦਸ਼ਾਹ ਕੋਲ 28 ਅਪਰੈਲ, 1701 ਈ: ਨੂੰ ਪੁੱਜੀ ਖਬਰ ਵਿਚ ਦਰਜ ਹੈ, ''ਉਸ (ਬੰਦਾ ਸਿੰਘ) ਨੇ ਬਚਨ ਅਤੇ ਇਕਰਾਰ ਕੀਤਾ ਹੈ ਕਿ ਮੈਂ ਮੁਸਲਮਾਨਾਂ ਨੂੰ ਕੋਈ ਦੁੱਖ ਨਹੀਂ ਦਿੰਦਾ। ਚੁਨਾਂਚਿ ਜੋ ਵੀ ਮੁਸਲਮਾਨ ਉਸ ਵਲੋਂ ਰੁਜੂ ਹੁੰਦਾ ਹੈ, ਉਸ ਦੀ ਦਿਹਾੜੀ ਅਤੇ ਤਨਖਾਹ ਨੀਯਤ ਕਰਕੇ ਉਸ ਦਾ ਧਿਆਨ ਰੱਖਦਾ ਹੈ ਅਤੇ ਉਸ ਨੇ ਆਗਿਆ ਦੇ ਦਿੱਤੀ ਹੋਈ ਹੈ ਕਿ ਨਮਾਜ਼ ਅਤੇ ਖਤਬਾ ਜਿਵੇਂ ਚਾਹੁਣ ਪੜ੍ਹਨ। ਚੁਨਾਂਚਿ ਪੰਜਾਹ ਹਜ਼ਾਰ ਮੁਸਲਮਾਨ ਉਸ ਦੇ ਸਾਥੀ ਬਣ ਗਏ ਹਨ ਅਤੇ ਸਿੰਘਾਂ ਦੀ ਫੌਜ ਵਿਚ ਬਾਂਗ ਅਤੇ ਨਮਾਜ਼ ਵਲੋਂ ਸੁੱਖ ਪਾ ਰਹੇ ਹਨ।'' ਇਹ ਬੰਦਾ ਸਿੰਘ ਦੀ ਧਾਰਮਕ ਉਦਾਰਤਾ ਅਤੇ ਨਿਰਪੱਖਤਾ ਦੀ ਆਪਣੇ ਮੂੰਹੋਂ ਬੋਲਦੀ ਤਸਵੀਰ ਹੈ।

ਕਤਲ, ਕਤਲ ਉਸ ਵੇਲੇ ਕਹਾਉਂਦਾ ਹੈ ਜਦੋਂ ਨਿਤਾਣੇ ਤੇ ਨਿਮਾਣੇ ਦਾ ਕੀਤਾ ਜਾਵੇ। ਜਦੋਂ ਜ਼ੁਲਮ ਅਨਿਆਂ, ਵਿਭਚਾਰ, ਅਧਰਮ ਵਿਰੁਧ ਲੜਦਿਆਂ ਸੱਥਰ ਲਾਹੇ ਜਾਣ ਤਾਂ ਉਹ ਜ਼ੁਲਮ ਨਹੀਂ ਪਰਸਵਾਰਥ ਹੈ। ਪਰਸਵਾਰਥੀ ਦੇ ਮਨ ਤੇ ਮਲਾਲ ਤਾਂ ਕੀ ਆਉਣਾ ਹੈ, ਇਕ ਸ਼ਿਕਨ ਵੀ ਨਹੀਂ ਪੈ ਸਕਦਾ। ਜੇ ਸੱਚ ਦੀ ਰਾਖੀ ਕਰਦਿਆਂ, ਮਜ਼ਲੂਮਾਂ ਤੇ ਜ਼ੁਲਮ ਨੂੰ ਰੋਕਦਿਆਂ, ਇਸਤਰੀਆਂ ਦੀ ਪੱਤ ਬਚਾਉਂਦਿਆਂ, ਕਤਲ ਹੋਏ, ਮਾਰਧਾੜ ਹੋਈ, ਉਹ ਨਾ ਤਾਂ ਕਤਲ ਸਨ ਨਾ ਮਾਰਧਾੜ। ਮਿ. ਥਾਰੰਟਨ ਨੇ ਪੰਜਾਬ ਬਾਰੇ ਇਤਿਹਾਸਕਾਰਾਂ ਨੂੰ ਇਕ ਸੁੰਦਰ ਗੱਲ ਕਹੀ ਹੈ, 'ਮੁਸਲਮਾਨ ਇਤਿਹਾਸਕਾਰਾਂ ਦੇ ਲਿਖੇ ਨੂੰ ਇੰਨ ਬਿੰਨ ਨਹੀਂ ਮੰਨ ਲੈਣਾ ਚਾਹੀਦਾ।' ਮਿੱਲਜ਼ ਨੇ ਇਸੇ ਗੱਲ ਵਲ ਇਸ਼ਾਰਾ ਕਰਦੇ ਹੋਏ ਲਿਖਿਆ ਹੈ ਕਿ ਆਪਣੇ ਦੀਨ ਭਰਾਵਾਂ ਨੂੰ ਜ਼ੇਰ ਹੁੰਦਾ ਵੇਖ ਕੇ ਮੁਸਲਮਾਨ ਲੇਖਕਾਂ ਨੇ ਹਰ ਕਿਸਮ ਦੇ ਅਤਿਆਚਾਰਾਂ ਦਾ ਜ਼ਿੰਮੇਵਾਰ ਬੰਦਾ ਸਿੰਘ ਬਹਾਦਰ ਨੂੰ ਠਹਿਰਾਇਆ ਤਾਂ ਕਿ ਭਰਾਵਾਂ ਅੰਦਰ ਜਜ਼ਬਾ ਭਰਿਆ ਜਾ ਸਕੇ। ਜੇ ਸਾਫ ਨੀਤੀ ਨਾਲ ਦੇਖਿਆ ਜਾਵੇ ਤਾਂ ਬੰਦਾ ਸਿੰਘ ਕੋਈ ਦੈਂਤ, ਜ਼ਾਲਮ, ਬੇਰਹਿਮ ਜਾਂ ਕਰੂਰ ਹਤਿਆਰਾ ਨਹੀਂ।

ਹਿੰਦੂ ਇਤਿਹਾਸਕਾਰ ਬੰਦਾ ਸਿੰਘ ਬਹਾਦਰ ਨੂੰ ਬੈਰਾਗੀ ਨਾਂ ਦਾ ਹਿੰਦੂ ਸੂਰਬੀਰ ਕਹਿੰਦੇ ਹਨ ਜਿਸ ਨੇ ਹਿੰਦੂ ਕੌਮ ਦੇ ਖੁੱਸੇ ਹੋਏ ਗੌਰਵ ਦੀ ਪੁਨਰਸਥਾਪਤੀ ਲਈ ਸੰਘਰਸ਼ ਕੀਤਾ। ਇਹ ਉਸ ਨੂੰ ਅੰਮ੍ਰਿਤਧਾਰੀ ਖਾਲਸਾ ਵੀ ਨਹੀਂ ਮੰਨਦੇ। ਕੀ ਗੁਰੂ ਗੋਬਿੰਦ ਸਿੰਘ ਨੇ ਇਕ ਅਜਿਹੇ ਬੰਦੇ ਨੂੰ ਜੋ ਅੰਮ੍ਰਿਤਧਾਰੀ ਨਹੀਂ, ਖਾਲਸਾ ਕੌਮ ਦਾ ਜਥੇਦਾਰ ਬਣਾ ਕੇ ਭੇਜਿਆ? ਬੰਦਾ ਸਿੰਘ ਬਹਾਦਰ ਆਪਣੇ ਹੁਕਮਨਾਮਿਆਂ ਵਿਚ ਅੰਮ੍ਰਿਤ ਦੀ ਰਹਿਤ ਉੱਤੇ ਜ਼ੋਰ ਦਿੰਦਾ ਸੀ, ''ਪੰਜ ਹਥਿਆਰ ਬੰਨ੍ਹ ਕੇ ਹੁਕਮ ਦੇਖਦਿਆਂ ਦਰਸ਼ਨ ਆਵਣਾ ਖਾਲਸੇ ਦੀ ਰਹਿਤ ਰਹਿਣਾ...।'' ਇਕ ਅੰਮ੍ਰਿਤਧਾਰੀ ਖਾਲਸਾ ਹੀ ਖਾਲਸੇ ਦੀ ਰਹਿਤ ਰਹਿਣ ਲਈ ਕਹਿ ਸਕਦਾ ਹੈ। ਨਵਾਬ ਅਮੀਨੁਦੋਲਾ ਲਿਖਦਾ ਹੈ, ''ਕੀ ਹਿੰਦੂ ਤੇ ਕੀ ਮੁਸਲਮਾਨ ਜੋ ਕੋਈ ਵੀ ਉਸ ਕੋਲ ਜਾਂਦਾ, ਇਹ ਉਸ ਨੂੰ ਸਿੰਘ ਕਰਕੇ ਬੁਲਾਉਂਦਾ। ਦੀਨਦਾਰ ਖਾਂ ਦੀਨਦਾਰ ਸਿੰਘ ਤੇ ਮੀਰ ਨਸੀਰੂਦੀਨ ਮੀਰ ਨਸੀਰ ਸਿੰਘ ਬਣ ਗਿਆ।'' ਕੀ ਮੁਸਲਮਾਨਾਂ ਤੇ ਹਿੰਦੂਆਂ ਨੂੰ ਸਿੱਖ ਬਣਾਉਣ ਵਾਲਾ ਆਪ ਸਿੱਖ ਨਹੀਂ ਸੀ? ਉਸ ਨੇ ਆਪਣੀ ਵਿਅਕਤੀਗਤ ਜਾਤੀ ਨੂੰ ਪੂਰੀ ਤਰ੍ਹਾਂ ਨਸ਼ਟ ਕਰਨ ਲਈ ਆਪਣੇ ਆਪ ਨੂੰ ਸੋਢੀ ਬੰਸੀ ਅਖਵਾਇਆ ਅਤੇ ਉਸ ਦੀ ਬੰਸ ਹੁਣ ਤੱਕ ਸੋਢੀ ਅਖਵਾਉਂਦੀ ਹੈ। ਰਤਨ ਸਿੰਘ ਭੰਗੂ ਲਿਖਦੇ ਹਨ:-

ਜੋ ਬੰਦੇ ਦੀ ਭਈ ਉਲਾਦ,
ਗੋਤ ਉਚਾਰੈ ਸੋਢੀ ਤਾਦ।
ਹਮ ਗੁਰੂ ਗੋਬਿੰਦ ਸਿੰਘ ਬੰਸੀ ਆਹੀ।
ਇਮ ਕਰ ਸੋਢੀ ਬੰਸ ਕਹਾ ਹੀ।

ਗੁਰੂ ਜੀ ਨੇ ਉਸ ਨਾਲ ਪੰਜ ਸਿੰਘ ਹੀ ਭੇਜੇ ਸਨ ਕੋਈ ਬੈਰਾਗੀ ਨਹੀਂ ਸੀ। ਨਾ ਹੀ ਉਸ ਕੋਲ ਲੜਨ ਵਾਲੀ ਬੈਰਾਗੀ ਸੈਨਾ ਸੀ। ਜੋ ਉਸ ਦੇ ਨਾਲ ਸ਼ਹੀਦ ਹੋਏ ਸਾਰੇ ਸਿੰਘ ਸਨ, ਕੋਈ ਵੀ ਬੈਰਾਗੀ ਨਹੀਂ ਸੀ। ਬੰਦਾ ਸਿੰਘ ਬਹਾਦਰ ਨੇ ਸਿੱਕਿਆਂ ਅਤੇ ਮੋਹਰਾਂ ਤੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਖੁਦਵਾਇਆ। ਜੇ ਉਹ ਹਿੰਦੂ ਹੁੰਦਾ ਤਾਂ ਕਿਸੇ ਦੇਵੀ ਦੇਵਤੇ ਜਾਂ ਆਪਣਾ ਨਾਂ ਖੁਦਵਾਉਂਦਾ। ਜੇ ਉਹ ਸਿੱਖ ਸੀ ਤਾਂ ਹੀ ਗੁਰੂਆਂ ਦੇ ਨਾਂ ਖੁਦਵਾਏ। ਸ਼ਹੀਦੀ ਸਮੇਂ ਵੀ ਉਸ ਨੇ ਤੇ ਸਿੰਘਾਂ ਨੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੇ ਸਿੰਘ ਹੀ ਕਿਹਾ। ਕਿਸੇ ਹਿੰਦੂ ਦੇਵੀ ਦੇਵਤੇ ਦਾ ਨਾਂ ਨਹੀਂ ਲਿਆ। ਜੇਕਰ ਬੰਦਾ ਸਿੰਘ ਬਹਾਦਰ ਸਿੱਖ ਨਹੀਂ ਸੀ ਤਾਂ ਸਿੱਖਾਂ ਦੇ ਇਸ ਧੜੇ ਨੂੰ 'ਬੰਦਈ ਖਾਲਸਾ' ਕਿਉਂ ਕਿਹਾ ਗਿਆ? ਰਤਨ ਸਿੰਘ ਭੰਗੂ ਜੋ ਬੰਦੇ ਨੂੰ ਅੰਮ੍ਰਿਤਧਾਰੀ ਨਹੀਂ ਮੰਨਦਾ ਉਹ ਆਪ ਹੀ ਖਾਲਸਾ ਕਹਿ ਰਿਹਾ ਹੈ:

ਗੱਡ ਖਾਲਸੇ ਝੰਡੇ ਝੁਲਾਏ।
ਤੁਰਕਨ ਕੈ ਸੋ ਪੱਟ ਗਿਰਾਏ।

ਹਿੰਦੂ ਲੇਖਕਾਂ ਦਾ ਇਹ ਕਹਿਣਾ ਕਿ ਬੰਦਾ ਬੈਰਾਗੀ ਨਾਮ ਦਾ ਇਕ ਸੂਰਬੀਰ ਸੀ ਜਿਸ ਨੇ ਹਿੰਦੂ ਕੌਮ ਦੇ ਖੁੱਸੇ ਹੋਏ ਗੌਰਵ ਦੀ ਪੁਨਰ ਜਾਗਰਤੀ ਲਈ ਜਦੋਜਹਿਦ ਕੀਤੀ, ਗ਼ਲਤ ਹੈ।

ਭੰਗੂ ਦਾ ਇਹ ਦੋਸ਼ ਕਿ ਬੰਦੇ ਨੇ ਪਹਾੜੀ ਇਲਾਕੇ ਵਿਚ ਆਪਣੇ ਆਪ ਨੂੰ ਗੁਰੂ ਅਖਵਾਇਆ ਅਤੇ ਜੁਝਾਰ ਸਿੰਘ ਨਾਂ ਰੱਖਿਆ। ਬੰਦਾ ਸਿੰਘ ਬਹਾਦਰ ਨੇ ਆਪਣੇ ਆਪ ਨੂੰ ਕਦੇ ਵੀ ਗੁਰੂ ਨਹੀਂ ਕਹਾਇਆ। ਉਹ ਤਾਂ ਆਪਣੇ ਆਪ ਨੂੰ 'ਗੁਰੂ ਦਾ ਬੰਦਾ' ਕਹਿੰਦਾ ਸੀ ਭਾਵ 'ਗੁਰੂ ਸੇਵਕ'। ਜੁਝਾਰ ਸਿੰਘ ਵਾਲੀ ਗੱਲ ਭੰਗੂ ਦਾ ਭੁਲੇਖਾ ਹੀ ਹੈ। ਅਸਲ ਵਿਚ ਜੁਝਾਰ ਸਿੰਘ ਉਸ ਦੇ ਪੋਤਰੇ ਦਾ ਨਾਂ ਸੀ। ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਕੈਦ ਹੋ ਕੇ ਸ਼ਹਾਦਤ ਦੇਣ ਸਮੇਂ ਗੁਰੂ ਦੇ ਨਾਂ ਤੇ ਸ਼ਹਾਦਤ ਦੇਣ ਬਾਰੇ ਭੰਗੂ ਲਿਖਦਾ ਹੈ:

ਆਗੈ ਭੀ ਸਿਰ ਗੁਰੂਅਨ ਦੀਓ।
ਹਮ ਭੀ ਚਾਹੈਂ ਉਸ ਸਾਕੋ ਕੀਯੋ।

ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੰਘ ਗੁਰਦਾਸ ਨੰਗਲ ਵਿਚ ਗੁਰੂ ਜੀ ਦਾ ਨਾਂ ਜਪਦੇ ਲੜਦੇ ਸਨ।

ਅਲੀ ਅਲੀ ਉਤ ਤੁਰਕ ਪੁਕਾਰੈ।
ਗੁਰੂ ਗੁਰੂ ਇਤ ਸਿੱਖ ਉਚਾਰੈ।

ਗਿਆਨੀ ਗਿਆਨ ਸਿੰਘ ਵੀ ਲਿਖਦੇ ਹਨ, ''ਬਾਬਾ ਜੀ ਨਾਲ ਪਕੜੇ ਸਿੰਘ ਮੌਤ ਤੋਂ ਬੇਪਰਵਾਹ ਹੋ ਕੇ ਸ਼ਬਦ ਪੜ੍ਹਦੇ ਸਨ।'' ਰਤਨ ਸਿੰਘ ਭੰਗੂ ਵੀ ਲਿਖਦਾ ਹੈ:

ਸ਼ਬਦ ਪੜ੍ਹੈ ਜੋ ਮਰਨੇ ਵਾਰੇ।
ਜੀਵਨ ਝੂਠੋ ਸ਼ਬਦ ਉਚਾਰੇ।
ਇਮ ਕਰ ਦੁਖ ਸੁਖ ਕਰ ਮਾਨਾ।
ਜੀਵਨ ਤਜ ਬਹਿ ਮਰਨ ਮਨ ਭਾਨਾ।
ਸਬਦਨ ਪੜ੍ਹੈ ਖੜਿ ਕਰੈਂ ਅਰਦਾਸਾ।
ਦੁਸ਼ਟ ਤੁਰਕਨ ਕੋ ਆਖੈ ਨਾਸ।
ਜਹਿ ਜਹਿ ਖਾਲਸੇ ਹੁਇ ਪਰਗਾਸ।
ਖਾਲਸੈ ਨਿਬਾਹੂ ਹੈਂ ਕੇਸੀ ਸਾਸ।

ਫਰੱਖਸੀਅਰ ਦੇ ਸਾਹਮਣੇ ਫਤਹਿ ਗੁੰਜਾਉਣ ਅਤੇ 'ਸਤਿ ਸ੍ਰੀ ਅਕਾਲ' ਕਹਿਣ ਵਾਲਾ ਬੰਦਾ ਸਿੰਘ ਕਿਵੇਂ ਧਰਮ ਤੋਂ ਬੇਮੁੱਖ ਸੀ।

ਡਾ. ਗੰਡਾ ਸਿੰਘ ਲਿਖਦੇ ਹਨ, ''ਉਸ ਨੇ ਕਦੇ ਵੀ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੀ ਥਾਂ ਗੁਰੂ ਨਹੀਂ ਕਹਾਇਆ ਅਤੇ ਨਾ ਹੀ ਦਰਬਾਰ ਸਾਹਿਬ ਵਿਚ ਗੁਰੂ ਦੀ ਥਾਂ ਗਦੈਲਾ ਲਾ ਕੇ ਬੈਠਣ ਦੀ ਊਜ ਵਿਚ ਕੋਈ ਸੱਚਾਈ ਹੈ। ਜਦ ਉਹ ਅੰਮ੍ਰਿਤਸਰ ਜਾ ਹੀ ਨਹੀਂ ਸਕਿਆ ਤਾਂ ਹੋਰ ਕੋਈ ਗੱਲ ਹੋ ਹੀ ਨਹੀਂ ਸਕਦੀ। ਸਭ ਤੋਂ ਵੱਡੀ, ਵਧੀਆ ਅਤੇ ਭਰੋਸੇਯੋਗ ਗਵਾਹੀ ਜਉਨਪੁਰ ਖਾਲਸੇ ਨੂੰ ਲਿਖੇ ਹੁਕਮਨਾਮੇ ਤੋਂ ਪ੍ਰਗਟ ਹੁੰਦੀ ਹੈ, ''ਸਰਬੱਤ ਖਾਲਸਾ ਜਉਨਪੁਰ ਕਾ ਗੁਰੂ ਰੱਖੇਗਾ। ਗੁਰੂ ਗੁਰੂ ਜਪਣਾ-ਤੁਸੀਂ ਅਕਾਲ ਪੁਰਖ ਕਾ ਖਾਲਸਾ ਹੋ। ਮੇਰਾ ਹੁਕਮ ਹੈ ਜੋ ਖਾਲਸੇ ਦੀ ਰਹਿਤ ਰਹੇਗਾ ਤਿਸ ਦੀ ਗੁਰੂ ਬਹੁੜੀ ਕਰੇਗਾ।'' ਗੁਰੂ ਸ਼ਬਦ ਵੱਖਰਾ ਆਉਂਦਾ ਹੈ ਅਤੇ ਆਪਣੇ ਲਈ ਉਸ ਨੇ 'ਮੇਰਾ' ਸ਼ਬਦ ਵੱਖਰਾ ਵਰਤਿਆ ਹੈ।

ਭੰਗੂ ਸਾਹਿਬ ਪਹਾੜ ਵਿਚ ਜਾ ਕੇ ਗੁਰੂ ਹੋਣ ਦਾ ਐਲਾਨ ਹੋਇਆ ਕਹਿੰਦੇ ਹਨ। ਪਹਾੜ ਵਿਚ ਜਾ ਕੇ ਐਲਾਨ ਕਰਨ ਦੀ ਕੀ ਲੋੜ ਸੀ ਜਦ ਕਿ ਉਸ ਦੀ ਪ੍ਰਸਿੱਧੀ ਪਹਾੜਾਂ ਨਾਲੋਂ ਪੰਜਾਬ ਵਿਚ ਵਧੇਰੇ ਸੀ। ਪਹਾੜਾਂ ਵਿਚ ਤਾਂ ਉਸ ਨੇ ਗੁਪਤਵਾਸ ਕੀਤਾ ਸੀ। ਗੁਰੂ ਆਖ ਕੇ ਉਸ ਨੂੰ ਪ੍ਰਗਟ ਹੋਣ ਦੀ ਕੀ ਲੋੜ ਪੈ ਗਈ।

ਭੰਗੂ ਸਾਹਿਬ ਦਾ ਅਗਲਾ ਦੋਸ਼ ਹੈ ਕਿ ਬੰਦੇ ਨੇ ਮਾਤਾ ਸੁੰਦਰੀ ਨੂੰ ਕਿਹਾ ਕਿ ਮੈਂ ਤੁਹਾਡਾ ਸਿੱਖ ਨਹੀਂ ਮੈਂ ਬੈਰਾਗੀ ਸਾਧੂ ਹਾਂ। ਹੋ ਸਕਦਾ ਹੈ ਬੰਦਾ ਸਿੰਘ ਬਹਾਦਰ ਨੇ ਇਹ ਕਿਹਾ ਹੋਵੇ ਕਿਉਂਕਿ ਬਿਨੋਦ ਸਿੰਘ ਦੁਆਰਾ ਮਾਤਾ ਸੁੰਦਰੀ ਨੂੰ ਉਕਸਾਉਣ ਅਤੇ ਬਾਦਸ਼ਾਹ ਵਲੋਂ ਦਬਾ ਪਾ ਕੇ ਲਿਖਾਏ ਪੱਤਰ ਬਾਰੇ ਸ਼ੰਕਾ ਹੋ ਗਿਆ ਹੋਵੇ। ਭੰਗੂ ਲਿਖਦਾ ਹੈ:

ਜਬ ਮਾਤਾ ਸਰਾਪ ਕਰ ਦੀਆ।
ਬਯਾਕੁਲ ਬੰਦਾ ਤਿਸ ਦਿਨ ਤੇ ਥੀਆ।
ਅਤੇ
ਸਿਰੜ ਕਰੈ ਔ ਸੀਸ ਹਿਲਾਵੈ।
ਮੂੰਹੋਂ ਬਕੇ ਕਛ ਸਮਝ ਨਾ ਆਵੇ।

ਅਜਿਹੀ ਪਾਗਲਾਂ ਵਾਲੀ ਸਥਿਤੀ ਵਿਚ ਬੰਦਾ ਸਿੰਘ ਬਹਾਦਰ ਸਭ ਕੁਝ ਕਹਿ ਸਕਦਾ ਹੈ। ਅਜਿਹੀ ਸਥਿਤੀ ਵਿਚ ਆਪਣੇ ਆਪ 'ਤੇ ਕਾਬੂ ਨਹੀਂ ਰਹਿੰਦਾ। ਬੰਦਾ ਸਿੰਘ ਮਾਤਾ ਸੁੰਦਰੀ ਨੂੰ ਕਹਿ ਰਿਹਾ ਹੈ ਕਿ ਮੈਂ ਤੁਹਾਡਾ ਸਿੱਖ ਨਹੀਂ ਭਾਵ ਕਿ ਉਹ ਮਾਤਾ ਸੁੰਦਰੀ ਦਾ ਸਿੱਖ ਨਹੀਂ ਗੁਰੂ ਜੀ ਦਾ ਹੈ ਜਿਨ੍ਹਾਂ ਦੇ ਮਿਸ਼ਨ ਨੂੰ ਸਿਰੇ ਚੜ੍ਹਾਉਣ ਲਈ ਉਸ ਨੇ ਆਪਣਾ ਸਾਰਾ ਜੀਵਨ ਲੇਖੇ ਲਾ ਦਿੱਤਾ ਹੈ। ਗੁਰੂ ਜੀ ਤੋਂ ਕਦੇ ਬੇਮੁੱਖ ਨਹੀਂ ਹੋਇਆ। ਅੰਮ੍ਰਿਤ ਛਕਣ ਪਿੱਛੋਂ ਉਸ ਨੇ ਕਦੀ ਵੀ ਬੈਰਾਗੀ ਸ਼ਬਦ ਆਪਣੇ ਨਾਂ ਨਾਲ ਨਹੀਂ ਜੋੜਿਆ। ਉਹ ਹਮੇਸ਼ਾ ਕਹਿੰਦਾ ਸੀ:

ਮੈਂ ਹੂੰ ਉਸੀ ਪੁਰਖ ਕਾ ਦਾਸਾ।
ਕੀਯੋ ਜਿਸ ਖਾਲਸਾ ਪ੍ਰਕਾਸ਼ਾ।

ਭੰਗੂ ਦਾ ਅਗਲਾ ਦੋਸ਼ ਹੈ, ''ਮੈਂ ਫਤਹਿ ਦਰਸ਼ਨ ਬੋਲਾਂਗਾ ਅਤੇ 'ਵਾਹਿਗੁਰੂ ਜੀ ਕੀ ਫਤਹਿ' ਹਟਾਵਾਂਗਾ। ਇਹ ਠੀਕ ਹੈ ਕਿ ਉਸ ਨੇ ਜੰਗੀ ਨਾਹਰੇ 'ਫਤਹਿ ਦਰਸ਼ਨ' ਨੂੰ ਚਾਲੂ ਕੀਤਾ। ਡਾ. ਗੰਡਾ ਸਿੰਘ ਲਿਖਦੇ ਹਨ, ''ਬੰਦਾ ਸਿੰਘ ਦੀ ਕਦੇ ਵੀ ਮਨਸ਼ਾ ਨਹੀਂ ਸੀ ਕਿ ਇਸਨੂੰ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਦੀ ਥਾਂ ਵਰਤਿਆ ਜਾਵੇਗਾ। ਕਿਉਂਕਿ ਹੌਲੀ ਹੌਲੀ ਇਸਦੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੀ ਥਾਂ ਵਰਤੇ ਜਾਣ ਦਾ ਡਰ ਪੈ ਗਿਆ ਜਾਪਦਾ ਸੀ। ਇਸ ਲਈ ਖਾਲਸੇ ਨੇ ਇਸ ਨੂੰ ਅਪ੍ਰਵਾਨ ਕਰ ਦਿੱਤਾ। ਬੰਦਾ ਸਿੰਘ ਨੇ ਇਸ ਦੇ ਜਾਰੀ ਰੱਖਣ ਲਈ ਕੋਈ ਅੜੀ ਨਹੀਂ ਕੀਤੀ। ਇਸ ਲਈ ਇਸ ਸਬੰਧ ਵਿਚ ਬੰਦਾ ਸਿੰਘ ਅਤੇ ਖਾਲਸੇ ਦਰਮਿਆਨ ਕੋਈ ਮੱਤਭੇਦ ਵੀ ਨਹੀਂ ਹੋਇਆ।'' ਇਹ ਆਪਣੇ ਆਪ ਹੀ ਬੰਦ ਹੋ ਗਿਆ ਸੀ ਤੇ ਖਾਲਸਾ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਹੀ ਗੁੰਜਾਉਂਦਾ ਰਿਹਾ।

ਭੰਗੂ ਜੀ ਅਗਲਾ ਦੋਸ਼ ਲਾਉਂਦੇ ਹਨ, ''ਉਹ ਕਹਿੰਦਾ ਸੀ ਗੁਰੂ ਦਾ ਪੰਥ ਖੋਟਾ ਹੈ ਮੈਂ ਆਪਣਾ ਪੰਥ ਚਲਾਵਾਂਗਾ। ਮੈਂ ਸੋਢੀਆਂ ਤੋਂ ਵੱਡਾ ਸ਼ਕਤੀਵਾਨ ਹਾਂ।'' ਉਹ ਆਪ ਹੀ ਲਿਖ ਰਿਹਾ ਹੈ ਜੋ ਆਪਾ ਵਿਰੋਧੀ ਹੈ:

ਆਗੈ ਭੀ ਸਿਰ ਗੁਰੂਅਨ ਦੀਓ।
ਹਮ ਭੀ ਚਹੈਂ ਉਸ ਸਾਕੋ ਕੀਯੋ।

ਉਹ ਆਪ ਸਿਰ ਦੇ ਕੇ ਗੁਰੂਆਂ ਜਿਹਾ ਸਾਕਾ ਕਰਨਾ ਚਾਹੁੰਦਾ ਹੈ। ਇਸ ਤਰ੍ਹਾਂ ਦੀ ਸ਼ਰਧਾ ਰੱਖਣ ਵਾਲਾ ਬੰਦਾ ਸਿੰਘ ਬਹਾਦਰ ਕਿਵੇਂ ਕਹਿ ਸਕਦਾ ਹੈ ਕਿ ਗੁਰੂ ਦਾ ਪੰਥ ਖੋਟਾ ਹੈ। ਬੰਦਾ ਸਿੰਘ ਬਹਾਦਰ ਦੀ ਜ਼ਿੰਦਗੀ ਵਿਚ ਕੋਈ ਵੱਖਰੀ ਸੰਪਰਦਾਇ ਵੀ ਖੜੀ ਨਹੀਂ ਹੋਈ। ਨਾ ਹੀ ਖਾਲਸੇ ਅਤੇ ਦੂਸਰੇ ਉਨ੍ਹਾਂ ਲੋਕਾਂ ਵਿਚਾਲੇ ਜੋ ਬੰਦਾ ਸਿੰਘ ਬਹਾਦਰ ਦੇ ਬਚਨਾਂ ਨੂੰ ਸਤਿ ਕਰਕੇ ਪ੍ਰਵਾਨ ਕਰਨ ਦੇ ਹੱਕ ਵਿਚ ਸਨ, ਕੋਈ ਖੱਟ-ਪੱਟ ਹੋਈ। ਜੇਕਰ ਉਹ ਸੋਢੀਆਂ ਤੋਂ ਵੱਡਾ ਸ਼ਕਤੀਵਾਨ ਕਹਾਉਂਦਾ ਸੀ ਤਾਂ ਆਪਣੇ ਨਾਂ ਨਾਲ ਸੋਢੀ ਕਿਉਂ ਜੋੜਦਾ। ਉਹ ਤਾਂ ਆਪਣਾ ਵੰਸ਼ ਛੱਡ ਕੇ ਸੋਢੀ ਕਹਾਇਆ।

ਭੰਗੂ ਦਾ ਅਗਲਾ ਦੋਸ਼ ਹੈ, 'ਮੈਂ ਵਾਹਿਗੁਰੂ ਨਹੀਂ ਜਪਾਂਗਾ।' ਭਲਾ ਉਹ ਪੁਰਖ ਆਪ ਵਾਹਿਗੁਰੂ ਕਿਉਂ ਨਹੀਂ ਜਪੇਗਾ ਜਿਹੜਾ ਹੁਕਮਨਾਮਿਆਂ ਵਿਚ ਦੂਜਿਆਂ ਨੂੰ ਵਾਹਿਗੁਰੂ ਜਪਣ ਦਾ ਉਪਦੇਸ਼ ਦਿੰਦਾ ਹੈ। ਭੰਗੂ ਤਾਂ ਆਪ ਇਸੇ ਦਾ ਖੰਡਨ ਕਰਦਿਆਂ ਲਿਖਦਾ ਹੈ:

ਵਾਹਿਗੂਰੂ ਕਾ ਜਾਪ ਜਪਾਵੈ।
ਜੋ ਮਾਂਗੇ ਤਿਸ ਸੋਊ ਦਿਵਾਵੈ।
ਬੰਦਾ ਖਾਲਸੈ ਦੀਵਾਨ ਲਗਵਾਵੈ।
ਵਾਹਿਗੂਰੂ ਕੀ ਫਤਹਿ ਬੁਲਾਵੈ।
ਅਕਾਲ ਉਸਤਿਤ ਵਾਚ ਚੰਡੀ ਪੜ੍ਹਾਵੈ।
ਅਕਾਲ ਅਕਾਲ ਕਾ ਜਾਪ ਜਪਾਵੈ।

ਭੰਗੂ ਦਾ ਦੋਸ਼ ਹੈ, ''ਉਸਨੇ ਮੰਡੀ ਦੀ ਇਕ ਰੰਡੀ ਨਾਲ ਵਿਆਹ ਕਰ ਲਿਆ ਅਤੇ ਜਤ ਨਾ ਰੱਖ ਕੇ ਗੁਰੂ ਆਗਿਆ ਦਾ ਉਲੰਘਣ ਕੀਤਾ। ਬੰਦਾ ਸਿੰਘ ਬਹਾਦਰ ਦਾ ਪਹਿਲਾ ਵਿਆਹ ਚੰਬੇ ਦੇ ਰਾਜੇ ਦੀ ਭਤੀਜੀ ਸੁਸ਼ੀਲ ਕੌਰ ਨਾਲ ਅਤੇ ਦੂਜਾ ਵਿਆਹ ਹਰੀ ਰਾਮ ਖੱਤਰੀ ਦੀ ਲੜਕੀ ਸਾਹਿਬ ਕੌਰ ਨਾਲ ਪੂਰਨ ਵਿਧੀ ਅਨੁਸਾਰ ਹੋਇਆ। ਗੁਰੂ ਜੀ ਨੇ ਬੰਦਾ ਸਿੰਘ ਨੂੰ ਜਤੀ ਰਹਿਣ ਲਈ ਕਿਹਾ ਸੀ। ਆਪਣੀਆਂ ਇਸਤਰੀਆਂ ਨਾਲ ਸੰਬੰਧ ਜਤ ਵਿਚ ਗਿਣੇ ਜਾਂਦੇ ਹਨ, ਵਿਭਚਾਰ ਨਹੀਂ। ਬਾਬਾ ਵਿਨੋਦ ਸਿੰਘ ਵਰਗੇ ਅਜਿਹਾ ਦੋਸ਼ ਲਾਉਣ ਵਾਲੇ ਆਪ ਵੀ ਤਾਂ ਵਿਆਹੇ ਹੋਏ ਸਨ। ਪੁੱਤ-ਪੋਤਿਆਂ ਵਾਲੇ ਸਨ। ਡਾ. ਗੰਡਾ ਸਿੰਘ ਲਿਖਦੇ ਹਨ, ''ਇਹ ਠੀਕ ਹੈ ਕਿ ਉਸ ਨੇ ਵਿਆਹ ਕਰ ਲਿਆ ਸੀ, ਪਰ ਇਸ ਵਿਚ ਉਸਨੇ ਗੁਰੂ ਜੀ ਦੇ ਕਿਸੇ ਹੁਕਮ ਜਾਂ ਖਾਲਸੇ ਦੀ ਰਹਿਤ ਦੀ ਉਲੰਘਣਾ ਨਹੀਂ ਸੀ ਕੀਤੀ, ਉਸ ਨੇ ਕੋਈ ਕੁਰਹਿਤ ਨਹੀਂ ਕੀਤੀ। ਵਿਆਹ ਕਰਨਾ ਸਿੱਖੀ ਵਿਚ ਵਿਵਰਜਿਤ ਗੱਲ ਨਹੀਂ ਬਲਕਿ ਸੰਸਾਰ-ਤਿਆਗੀ ਜੀਵਨ ਨੂੰ ਸਿੱਖੀ ਕੋਈ ਬਹੁਤਾ ਉੱਚਾ ਜੀਵਨ ਨਹੀਂ ਸਮਝਦੀ। ਇਸ ਲਈ ਗੁਰੂ ਗੋਬਿੰਦ ਸਿੰਘ ਬੰਦਾ ਸਿੰਘ ਨੂੰ ਕੋਈ ਅਜਿਹਾ ਹੁਕਮ ਨਹੀਂ ਸੀ ਦੇ ਸਕਦੇ ਅਤੇ ਨਾ ਹੀ ਕੋਈ ਸਮਕਾਲੀ ਲਿਖਤ ਜਾਂ ਹੁਕਮਨਾਮਾ ਹੈ ਜਿਸ ਵਿਚ ਕਿਸੇ ਐਸੇ ਹੁਕਮ ਦਾ ਜ਼ਿਕਰ ਹੋਵੇ।... ਉਸ ਨੇ ਆਪਣੀ ਵਿਆਹੀ ਇਸਤਰੀ ਤੋਂ ਬਿਨਾਂ ਕਿਸੇ ਨਾਲ ਕੁਸੰਗ ਨਹੀਂ ਕੀਤਾ।

ਗੁਰੂ ਗੋਬਿੰਦ ਸਿੰਘ ਤਾਂ ਆਪ ਕਹਿੰਦੇ ਹਨ:

ਨਿਜ ਨਾਰੀ ਕੇ ਸਾਥ ਨੇਹ ਤੁਮ ਨਿੱਤ ਬਢੈਯਹੁ। ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ। (ਚਰਿਤ੍ਰ 21, 51)

ਗੁਜਰਾਤ ਦੇ ਸਾਹਦੌਲਾ ਦੇ ਚੇਲਿਆਂ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਛੇਵੇਂ ਪਾਤਸ਼ਾਹ ਹਰਿਗੋਬਿੰਦ ਸਿੰਘ ਜੀ ਕਹਿੰਦੇ ਹਨ, ''ਔਰਤ ਈਮਾਨ, ਪੁੱਤਰ ਨਿਸ਼ਾਨ, ਦੌਲਤ ਗੁਜ਼ਰਾਨ, ਫਕੀਰ ਨਾ ਹਿੰਦੂ ਨਾ ਮੁਸਲਮਾਨ।''

ਅਗਲਾ ਦੋਸ਼ ਹੈ ਕਿ ਉਹ ਸੂਹੇ ਕਪੜੇ ਪਹਿਨਦਾ ਸੀ। ਕੀ ਬੰਦਾ ਸਿੰਘ ਬਹਾਦਰ ਦੁਆਰਾ

*(ਬਾਕੀ ਸਫਾ 33 'ਤੇ)*

# ਮਾਵਾਂ ਠੰਢੀਆਂ ਛਾਵਾਂ

**ਡਾ. ਗੁਰਨਾਮ ਕੌਰ**

ਸਮਰਾਲੇ ਜਦੋਂ ਮੈਨੂੰ ਪੜ੍ਹਨ ਪਾਇਆ ਗਿਆ ਤਾਂ ਪਿੰਡ ਵਿਚ ਵਾਹਵਾ ਚਰਚਾ ਹੋਈ। ਬਹੁਤਿਆਂ ਲਈ ਇਹ ਅਲੋਕਾਰੀ ਗੱਲ ਸੀ ਕਿ ਕੁੜੀ ਨੂੰ ਮੁੰਡਿਆਂ ਦੇ ਬਰਾਬਰ ਸ਼ਹਿਰ ਪੜ੍ਹਨ ਭੇਜਿਆ ਜਾਵੇ। ਪੜ੍ਹਨ ਤੇ ਭਾਵੇਂ ਅਸੀਂ ਦੋਵੇਂ ਭੂਆ-ਭਤੀਜੀ (ਮੈਂ ਅਤੇ ਮੇਰੇ ਤਾਏ ਦੀ ਪੋਤੀ) ਲੱਗੀਆਂ ਸੀ, ਪਰ ਸਭ ਨੂੰ ਪਤਾ ਸੀ ਕਿ ਪਹਿਲ ਮੇਰੇ ਪੜ੍ਹਨ ਦੀ ਹੀ ਹੋਈ ਹੈ, ਉਹ ਤਾਂ ਬੱਸ ਮੇਰੇ ਕਾਰਨ ਦਾਖਲ ਹੋ ਗਈ। ਕਈਆਂ ਨੇ ਨੱਕ-ਬੁੱਲ੍ਹ ਵੀ ਮਾਰੇ ਜਿਵੇਂ ਪਿੰਡ ਵਿਚ ਬਹੁਤ ਔਰਤਾਂ ਨੂੰ ਆਦਤ ਹੁੰਦੀ ਹੈ। ਕਈਆਂ ਨੇ ਮੇਰੀ ਮਾਂ ਅਤੇ ਵੱਡੀ ਭੈਣ ਨੂੰ ਸੁਣਾ ਸੁਣਾ ਕੇ ਕਿਹਾ ਵੀ, "ਲੈ ਭੈਣੇ! ਹੁਣ ਤਾਂ ਲੋਹੜਾ ਹੀ ਆ ਗਿਆ, ਕੁੜੀਆਂ ਵੀ ਸਮਰਾਲੇ ਜਾਣ ਲੱਗ ਪਈਆਂ।"



ਡਾ. ਗੁਰਨਾਮ ਕੌਰ

ਮੇਰੀ ਤਾਈ ਵੀ ਮੇਰੀ ਮਾਂ ਨੂੰ ਖਾਸਾ ਬੋਲੀ, ਕਹਿੰਦੀ "ਕਿਉਂ ਕੁੜੀ 'ਤੇ ਪੈਸੇ ਖਰਚਦੀ ਹੈਂ? ਬਿਗਾਨੇ ਘਰ ਚਲੀ ਜਾਣੈ। ਮੁੰਡਿਆਂ ਜੋਗਾ ਨਹੀਂ ਕੁਝ ਬਚਾ ਕੇ ਰੱਖਣਾ?" ਉਸ ਦੀ ਪੋਤੀ ਤਾਂ ਇਸ ਕਰਕੇ ਲੱਗ ਗਈ ਸੀ ਕਿਉਂਕਿ ਉਸ ਦੇ ਮਾਂ-ਪਿਓ ਬਾਕੀ ਪਰਿਵਾਰ ਤੋਂ ਵੱਖਰੇ ਰਹਿੰਦੇ ਸੀ ਤੇ ਮੇਰੀ ਉਸ ਭਰਜਾਈ ਦੀ ਮੇਰੀ ਤਾਈ ਨਾਲ ਬਣਦੀ ਨਹੀਂ ਸੀ। ਮੇਰੇ ਪਰਿਵਾਰ ਨੇ ਖਾਸ ਕਰਕੇ ਮੇਰੇ ਬੇ ਜੀ ਨੇ ਕਿਸੇ ਦੇ ਬੋਲਣ ਦੀ ਪ੍ਰਵਾਹ ਨਹੀਂ ਕੀਤੀ ਅਤੇ ਮੇਰੀ ਪੜ੍ਹਾਈ ਲਈ ਆਪਣਾ ਇਰਾਦਾ ਪੱਕਾ ਰੱਖਿਆ। ਜੇ ਕੋਈ ਨੇੜੇ ਦੀ ਬਹੁਤਾ ਹੀ ਕਹਿੰਦੀ ਤਾਂ ਬੇ ਜੀ ਦਾ ਇਕੋ ਜੁਆਬ ਹੁੰਦਾ, "ਮੁੰਡਿਆਂ ਦੀ ਮਰਜ਼ੀ ਹੈ। ਜੇ ਉਨ੍ਹਾਂ ਦਾ ਆਪਣੀ ਭੈਣ ਨੂੰ ਪੜ੍ਹਾਉਣ ਨੂੰ ਜੀਅ ਕਰਦਾ ਹੈ ਤਾਂ ਉਹ ਜਾਣਨ।" ਸਾਡੇ ਨੇੜੇ ਦੇ ਰਿਸ਼ਤੇਦਾਰ ਇਸ ਗੱਲ 'ਤੇ ਖੁਸ਼ ਸਨ, ਖਾਸ ਕਰਕੇ ਮੇਰਾ ਮਾਮਾ ਅਤੇ ਮੇਰੀ ਵੱਡੀ ਭਾਬੀ ਦੇ ਭੈਣ ਭਰਾ ਕਿ ਕੁੜੀ ਪੜ੍ਹਨ ਲਾਈ ਹੈ।

ਵੱਡੀਆਂ ਕਲਾਸਾਂ ਦੇ ਵੱਡੀ ਉਮਰ ਦੇ ਕਾਫੀ ਲੜਕੇ ਸਾਡੇ ਪਿੰਡੋਂ ਤੁਰ ਕੇ ਸਮਰਾਲੇ ਪੜ੍ਹਨ ਜਾਂਦੇ। ਉਨ੍ਹਾਂ ਵੱਡੇ ਲੜਕਿਆਂ ਨੇ ਵੱਡੀਆਂ-ਵੱਡੀਆਂ ਪਲਾਂਘਾਂ ਪੁੱਟਦੇ ਅੱਗੇ ਅੱਗੇ ਜਾਣਾ ਅਤੇ ਅਸੀਂ ਛੋਟਿਆਂ ਨੇ ਭੱਜ-ਭੱਜ ਕੇ ਉਨ੍ਹਾਂ ਨਾਲ ਰਲਣ ਦੀ ਕੋਸ਼ਿਸ਼ ਕਰਨੀ। ਘੁੰਗਰਾਲੀ ਤੋਂ ਸਮਰਾਲੇ ਨੂੰ ਦੋ ਰਾਹ ਜਾਂਦੇ ਹਨ, ਇਕ ਲੁਧਿਆਣਾ-ਚੰਡੀਗੜ੍ਹ ਰੋਡ ਵਾਲਾ ਜੋ ਲੰਬਾ ਰਾਹ ਹੈ, ਤਕਰੀਬਨ 6 ਕਿਲੋਮੀਟਰ। ਦੂਸਰਾ ਉਚੀ ਬੌਂਦਲ ਰਾਹੀਂ ਜਿਸ ਨੂੰ ਉਦੋਂ ਬੋਲਦੇ ਹੀ 'ਸਮਰਾਲੇ ਵਾਲਾ ਰਾਹ' ਸੀ ਜੋ ਤਿੰਨ ਕੁ ਮੀਲ ਦਾ ਪੈਂਡਾ ਹੈ। ਪਹਿਲੇ ਪਹਿਲ ਬੇ ਜੀ ਨੇ ਸਾਨੂੰ ਘਰਖਣਾ ਦੀ ਟਿੱਬੀ ਤੱਕ, ਖਾਸ ਕਰਕੇ ਸੁਨਿਆਰਾਂ ਦੀ ਖੂਹੀ ਤੱਕ ਛੱਡ ਕੇ ਆਉਣਾ ਅਤੇ ਸਕੂਲੋਂ ਆਉਣ ਵੇਲੇ ਵੀ ਰਾਹ ਵਲ ਦੇਖਦੇ ਰਹਿਣਾ। ਗਰਮੀਆਂ ਦੇ ਮਹੀਨੇ ਸਕੂਲ ਸਵੇਰੇ 7 ਵਜੇ ਲੱਗਦਾ ਸੀ। ਇਸ ਲਈ ਸਵੇਰ ਦਾ ਪੈਂਡਾ ਤਾਂ ਸਵੇਰੇ ਠੰਢੇ-ਠੰਢੇ ਨਿਕਲ ਜਾਂਦਾ ਸੀ ਪਰ ਦੁਪਹਿਰੇ ਜਦੋਂ ਵਾਪਸ ਆਈਦਾ ਸੀ ਤਾਂ ਕੜਕਦੀ ਧੁੱਪ ਵਿਚ, ਸਮਰਾਲੇ ਤੋਂ ਉਚੀ ਬੌਂਦਲ ਤੱਕ ਤਾਂ ਕੱਚੀ ਸੜਕ ਦੇ ਦੋਵੇਂ ਪਾਸੇ ਅੰਬਾਂ ਦੇ ਲੱਗੇ ਰੁੱਖਾਂ ਦੀ ਛਾਂ ਹੇਠ ਸਫਰ ਸੌਖਾ ਨਿਕਲ ਜਾਂਦਾ ਸੀ ਪਰ ਅੱਗੋਂ ਮੁਸਾਫਿਰਾਂ ਲਈ ਲਾਏ ਨਲਕੇ ਤੋਂ ਪਾਣੀ ਪੀ ਕੇ ਬੌਂਦਲ ਦੇ ਉਚੇ ਥੇਹ ਦੇ ਨਾਲ-ਨਾਲ ਬਣੇ ਗਰਮ ਧੁੱਦਲ ਵਾਲੇ ਰਾਹ ਤੋਂ ਲੰਘਦਿਆਂ ਮੱਚ ਜਾਈਦਾ ਸੀ। ਉਚੀ ਬੌਂਦਲ ਥੇਹ 'ਤੇ ਵਸਿਆ ਹੋਇਆ ਪਿੰਡ ਜਿਸ ਬਾਰੇ ਦੰਦ-ਕਥਾ ਹੈ ਕਿ ਇਹ ਵੀ ਸੰਘੋਲ ਦੀ ਤਰ੍ਹਾਂ ਕਦੀ ਬੜਾ ਵੱਡਾ ਸ਼ਹਿਰ ਹੁੰਦਾ ਸੀ। ਸੰਘੋਲ ਦੇ ਥੇਹ ਦੀ ਖੁਦਾਈ ਕਰਕੇ ਤਾਂ ਹੜੱਪਾ ਅਤੇ ਮਹਿੰਜੋਦੜੋ ਦੀ ਸਭਿਅਤਾ ਦੀਆਂ ਕਾਫੀ ਨਿਸ਼ਾਨੀਆਂ ਮਿਲੀਆਂ ਹਨ ਪਰ ਬੌਂਦਲ ਲੱਭਣ ਦੀ ਕਿਸੇ ਨੇ ਖੁਦਾਈ ਨਹੀਂ ਕੀਤੀ। ਬੌਂਦਲ ਸਾਡੇ ਲਈ ਇਕ "ਵੰਡਰਲੈਂਡ" ਸੀ ਜਿਸ ਨੂੰ ਉਤੇ ਚੜ੍ਹ ਕੇ ਦੇਖਣ ਨੂੰ ਜੀ ਕਰਦਾ ਸੀ ਪਰ ਰਸਤਾ ਛੱਡ ਕੇ ਥੇਹ ਉਤੇ ਚੜ੍ਹਨ ਦੀ ਹਿੰਮਤ ਨਹੀਂ ਸੀ। ਸਾਡੇ ਪਿੰਡ ਦੇ ਸੁਨਿਆਰਾਂ ਨੇ ਟਿੱਬੀ ਦੇ ਸਿਰੇ 'ਤੇ ਖੂਹੀ ਲਗਵਾਈ ਹੋਈ ਸੀ ਜਿਸ 'ਤੇ ਅੰਬਾਂ ਦੇ ਦਰਖਤ ਵੀ ਲੱਗੇ ਸਨ। ਇਥੋਂ ਪਾਣੀ ਪੀ ਕੇ ਫਿਰ ਅੱਗੇ ਹੰਭਲਾ ਮਾਰ ਕੇ ਤੁਰਨਾ। ਟਿੱਬੀ ਵਿਚ ਸਿਵਾਏ ਕਿਤੇ-ਕਿਤੇ ਵਿਰਲੀਆਂ ਉਗੀਆਂ ਕੰਡਿਆਂ ਵਾਲੀਆਂ ਕਿੱਕਰਾਂ ਅਤੇ ਅੱਕ ਦੇ ਬੂਟਿਆਂ ਦੇ ਹੋਰ ਕੁਝ ਨਹੀਂ ਸੀ ਹੁੰਦਾ। ਅੱਕ ਦੀਆਂ ਕੁਕੜੀਆਂ ਦੀ ਰੂੰ ਚਾਰ ਚੁਫੇਰੇ ਹਵਾ ਨਾਲ ਉਡਦੀ ਰਹਿੰਦੀ, ਅਤੇ ਅਸੀਂ ਇਹ ਮਾਈਆਂ ਬੁੱਢੀਆਂ ਭੱਜ ਭੱਜ ਫੜ੍ਹਦੇ।

ਟਿੱਬੀ ਵਿਚੋਂ ਲੰਘਦਿਆਂ ਜੇ ਵਾ-ਵਰੋਲਾ ਆ ਜਾਣਾ ਤਾਂ ਡਰਦੇ ਮਾਰੇ "ਵਾਹਿਗੁਰੂ, ਵਾਹਿਗੁਰੂ" ਮਨੋ ਮਨੀ ਕਰਨਾ। ਸੁਣ ਰੱਖਿਆ ਸੀ ਕਿ ਵਾ-ਵਰੋਲਿਆਂ ਵਿਚ ਭੂਤ ਨੱਚਦੇ ਹਨ, ਜੋ ਬੰਦੇ ਨੂੰ ਨਾਲ ਹੀ ਉਡਾ ਲੈ ਜਾਂਦੇ ਹਨ। ਇਹ ਤਾਂ ਬਾਅਦ ਵਿਚ ਪਤਾ ਲੱਗਾ ਕਿ ਅਸਲ ਵਾ-ਵਰੋਲੇ ਤਾਂ ਹਾਲਾਤ ਹੁੰਦੇ ਹਨ ਜਿਨ੍ਹਾਂ ਦੀ ਘੁੰਮਣਘੇਰੀ ਵਿਚ ਫਸਿਆ ਮਨੁੱਖ ਪਤਾ ਨਹੀਂ ਕਿੱਥੇ ਦਾ ਕਿਥੇ ਜਾ ਡਿੱਗਦਾ ਹੈ। ਉਹ ਤਾਂ ਬੜੀ ਸੁੱਖ ਦੀ ਜ਼ਿੰਦਗੀ ਸੀ ਜਦੋਂ ਸੁੱਤੇ ਉਠਣ ਤੋਂ ਪਹਿਲਾਂ ਹੀ ਗਲੀ ਵਿਚ ਲੱਗੇ ਸਾਂਝੇ ਨਲਕੇ ਤੋਂ (ਇਹ ਨਲਕੇ ਦਾ ਰਿਵਾਜ ਆਉਣ 'ਤੇ ਅੱਠ ਦਸ ਗੁਆਂਢਣਾਂ ਨੇ ਪੈਸੇ ਇਕੱਠੇ ਕਰਕੇ ਲੁਆ ਲਿਆ ਸੀ।) ਮਾਂ ਨੇ ਸਾਡੇ ਨਹਾਉਣ ਲਈ ਪਾਣੀ ਦੀਆਂ ਬਾਲਟੀਆਂ ਭਰ ਕੇ ਰੱਖ ਦੇਣੀਆਂ। ਭਾਬੀਆਂ ਨੇ ਸਵੇਰੇ-ਸਵੇਰੇ ਖਾਣ ਲਈ ਅਤੇ ਸਕੂਲੇ ਜਾਣ ਲਈ ਪਰਾਉਂਠੇ ਪਕਾ ਦੇਣੇ। ਪੈਦਲ ਜਾਣ ਦਾ ਸਿਲਸਿਲਾ ਗਰਮੀ ਦੀਆਂ ਛੁੱਟੀਆਂ ਤੱਕ ਕਾਇਮ ਰਿਹਾ।

ਇਤਿਹਾਸਕ ਗੁਰਦੁਆਰਿਆਂ ਚਮਕੌਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਸ਼ਹੀਦੀ ਜੋੜ ਮੇਲਿਆਂ 'ਤੇ ਜਾਣਾ, ਹੋਲੇ-ਮਹੱਲੇ 'ਤੇ ਅਨੰਦਪੁਰ ਸਾਹਿਬ ਜਾਣਾ ਸਾਡੇ ਘਰ ਦੀ ਪਰੰਪਰਾ ਵਿਚ ਸ਼ਾਮਲ ਸੀ। ਪੰਜਵੀਂ ਤੱਕ ਪੜ੍ਹਦਿਆਂ ਇਨ੍ਹਾਂ ਸਭ ਦੀ ਯਾਤਰਾ ਕਰ ਲਈ ਸੀ। ਇਥੇ ਗਿਆਨੀ ਸੋਹਣ ਸਿੰਘ ਸੀਤਲ ਅਤੇ ਢਾਡੀ ਦਇਆ ਸਿੰਘ ਦਿਲਬਰ ਨੂੰ ਸੁਣਿਆ ਸੀ। ਗਰਮੀ ਦੀਆਂ ਛੁੱਟੀਆਂ ਵਿਚ ਇਕ ਗੁਆਂਢਣ ਦੇ ਬਹੁਤ ਕਹਿਣ 'ਤੇ, ਜਿਨ੍ਹਾਂ ਦਾ ਪਰਿਵਾਰ ਰਾੜੇ ਵਾਲੇ ਸੰਤਾਂ ਦਾ ਚੇਲਾ ਸੀ, ਬੇ ਜੀ ਨੇ ਹੋਰ ਗੁਆਂਢਣਾਂ ਨਾਲ ਰਾੜਾ ਸਾਹਿਬ ਜਾਣ ਦਾ ਪ੍ਰੋਗਰਾਮ ਬਣਾਇਆ। ਉਦੋਂ ਬੱਸ ਸਿਰਫ ਸਮਰਾਲੇ ਤੋਂ 'ਨੀਲੋਂ' ਦੇ ਪੁਲ ਤੱਕ ਜਾ ਸਕਦੀ ਸੀ ਅੱਗੇ ਸਰਹਿੰਦ ਨਹਿਰ ਦੇ ਕੰਢੇ-ਕੰਢੇ ਧੁਰ ਰਾੜੇ ਤੱਕ ਤੁਰ ਕੇ ਜਾਈਦਾ ਸੀ। ਮੈਂ, ਮੇਰੀ ਵੱਡੀ ਭੈਣ, ਤਾਏ ਦੀਆਂ ਦੋਵੇਂ ਵੱਡੀਆਂ ਪੋਤੀਆਂ ਵੀ ਨਾਲ ਜਾਣ ਲਈ ਤਿਆਰ ਹੋਈਆਂ। ਸਾਡੇ ਘਰ ਦੇ ਹੁਣ ਤੱਕ ਵੀ ਸੰਤਾਂ ਦੇ ਡੇਰਿਆਂ 'ਤੇ ਨਹੀਂ ਜਾਂਦੇ ਇਸ ਲਈ ਇਹ ਸਾਡਾ ਪਹਿਲਾ ਤਜਰਬਾ ਸੀ। ਡੇਰਾ ਕਹੋ ਜਾਂ ਗੁਰਦੁਆਰਾ-ਦੂਰੋਂ ਚਿੱਟੀ ਬਿਲਡਿੰਗ ਵਿਚ ਸਰੂ ਦੇ ਦਰੱਖਤ ਬਹੁਤ ਸੋਹਣੇ ਲੱਗਦੇ ਸੀ। ਅੰਦਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅੱਗੇ ਮੱਥਾ ਟੇਕਿਆ। ਗੁਰਦੁਆਰੇ ਅੰਦਰ ਸੰਤ ਈਸ਼ਰ ਸਿੰਘ ਦੀਆਂ ਤਸਵੀਰਾਂ ਨਾਲ ਕੰਧਾਂ ਭਰੀਆਂ ਹੋਈਆਂ ਸੀ, ਕਿਤੇ ਜਹਾਜ਼ ਚੜ੍ਹਦਿਆਂ ਦੀਆਂ ਅਤੇ ਕਿਤੇ ਅਫਰੀਕਾ ਦੀ ਧਰਤੀ ਉਤੇ ਜਹਾਜੋਂ ਉਤਰਦਿਆਂ ਦੀਆਂ। ਕਾਲੀਆਂ ਐਨਕਾਂ ਸਫੈਦ ਬਸਤਰ। ਉਨ੍ਹਾਂ ਦਿਨਾਂ ਵਿਚ ਸਿੱਖ ਪਰਿਵਾਰ ਜ਼ਿਆਦਾ ਅਫਰੀਕਾ, ਸਿੰਗਾਪੁਰ ਅਤੇ ਥਾਈਲੈਂਡ ਰਹਿੰਦੇ ਸੀ। ਕੈਨੇਡਾ, ਅਮਰੀਕਾ ਜਾਂ ਇੰਗਲੈਂਡ ਨਹੀਂ। ਇਸ ਲਈ ਸੰਤਾਂ ਦੀ ਯਾਤਰਾ ਵੀ ਇਨ੍ਹਾਂ ਮੁਲਕਾਂ ਵਿਚ ਹੀ ਲੱਗੀ ਰਹਿੰਦੀ। ਉਦੋਂ ਹੁਣ ਵਾਂਗ ਸੰਤਾਂ ਦੇ ਡੇਰੇ ਵੀ ਥਾਂ-ਥਾਂ ਨਹੀਂ ਸੀ ਹੁੰਦੇ। ਸਾਡੇ ਇਲਾਕੇ ਵਿਚ ਦੋ ਹੀ ਡੇਰੇ ਸਨ-ਰਾਮਪੁਰ ਅਤੇ ਰਾੜਾ। ਸੰਤ ਈਸ਼ਰ ਸਿੰਘ ਆਪਣੀ ਮਿੱਠੀ ਆਵਾਜ਼ ਵਿਚ ਕੀਰਤਨ ਕਰਨ ਕਰਕੇ ਜ਼ਿਆਦਾ ਮਸ਼ਹੂਰ ਸਨ।

ਫੋਟੋਆਂ ਵਾਲਾ ਇਹ ਸਿਲਸਿਲਾ ਬੇ ਜੀ ਨੂੰ ਅਟਪਟਾ ਲੱਗਾ ਕਿਉਂਕਿ ਉਨ੍ਹਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਉਤੇ ਕੋਈ ਫੋਟੋ ਨਹੀਂ ਲੱਗਣੀ ਚਾਹੀਦੀ। ਉਨ੍ਹਾਂ ਤੋਂ ਰਿਹਾ ਨਾ ਗਿਆ ਅਤੇ ਉਨ੍ਹਾਂ ਜ਼ਰਾ ਉਚੀ ਆਵਾਜ਼ ਵਿਚ ਸੇਵਾਦਾਰਾਂ ਨੂੰ ਸੁਣਾ ਕੇ ਕਿਹਾ, "ਆਹ ਕੀ ਭਾਈ, ਗੁਰੂ ਮਹਾਰਾਜ ਤੋਂ ਉਪਰ ਬੰਦੇ ਦੀਆਂ ਤਸਵੀਰਾਂ ਲਾਈਆਂ। ਇਹ ਤਾਂ ਮੈਨੂੰ ਜਮਾ ਈ ਠੀਕ ਨਹੀਂ ਲੱਗਿਆ।" ਕੋਲ ਖੜ੍ਹੇ ਸੇਵਾਦਾਰਾਂ ਨੇ ਘੂਰ ਕੇ ਵੇਖਿਆ ਪਰ ਬੇ ਜੀ ਆਪਣੀ ਗੱਲ ਕਹਿ ਚੁੱਕੇ ਸਨ। ਸਾਡੇ ਘਰ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾਉਣ ਵੇਲੇ ਪ੍ਰਕਾਸ਼ ਹੁੰਦਾ ਸੀ ਤਾਂ ਛੱਤ ਉਤੇ ਉਸ ਥਾਂ ਨੂੰ ਦਰੱਖਤਾਂ ਦੀਆਂ ਝਿੰਗਾਂ ਨਾਲ ਵਲ ਦਿੱਤਾ ਜਾਂਦਾ ਸੀ ਤਾਂ ਕਿ ਬੰਦਾ ਤਾਂ ਕੀ ਕੋਈ ਕੁੱਤਾ, ਬਿੱਲੀ ਵੀ ਉਥੋਂ ਨਾ ਲੰਘੇ। ਲੰਗਰ ਛਕਿਆ ਜੋ ਬਹੁਤ ਹੀ ਤਰਤੀਬ ਵਿਚ ਸਾਫ-ਸੁਥਰੇ ਸੁੱਕੇ ਬਰਤਨਾਂ ਵਿਚ, ਸੁਆਦ ਦਾਲ-ਸਬਜ਼ੀ ਅਤੇ ਸੁਆਦ ਖੀਰ ਦਾ ਸੀ।

ਦੀਵਾਨ ਵਿਚ ਜਾ ਬੈਠੀਆਂ ਤਾਂ ਦੇਖਿਆ ਇਕ ਮਾਈ ਨੇ ਕਮਰ-ਕੱਸਾ ਬੰਨ੍ਹਿਆ ਸੀ ਅਤੇ ਸਿਰ 'ਤੇ ਚੁੰਨੀ ਪੱਗ ਵਾਂਗ ਬੰਨ੍ਹੀ ਸੀ, ਹੱਥ ਵਿਚ ਪਤਲੀ ਛਟੀ ਸੀ। ਗੁਰਦੁਆਰੇ ਦੀ ਬਿਲਡਿੰਗ 'ਤੇ ਜਿਧਰ ਵੀ ਕਾਂ ਆ ਕੇ ਬੈਠਦੇ, ਉਹ ਆਪਣੀ ਛਟੀ ਉਧਰ ਸੇਧ ਦਿੰਦੀ ਅਤੇ ਕਾਂ ਉਡ ਜਾਂਦੇ। ਪੁੱਛਣ 'ਤੇ ਪਤਾ ਲੱਗਿਆ ਕਿ ਮਾਈ ਦਾ ਕੋਈ ਲੜਕਾ ਨਹੀਂ ਸੀ ਅਤੇ ਢਾਈ ਸੌ ਵਿੱਘੇ ਜ਼ਮੀਨ ਸੀ। ਸ਼ਰੀਕਾਂ ਤੋਂ ਡਰਦੀ ਨੇ ਜ਼ਮੀਨ ਡੇਰੇ ਨੂੰ ਦਾਨ ਕਰ ਦਿੱਤੀ ਅਤੇ ਆਪ ਉਥੇ ਰਹਿ ਕੇ ਹੀ ਸੇਵਾ ਕਰਨ ਲੱਗ ਪਈ। ਪਤਾ ਨਹੀਂ ਮਾਈ ਨੂੰ ਡੇਰੇ ਨੂੰ ਜ਼ਮੀਨ ਦੇ ਕੇ ਕੋਈ ਸਕੂਨ ਮਿਲਿਆ ਜਾਂ ਨਾ ਪਰ ਇਹ ਪੱਕ ਹੈ ਕਿ ਡੇਰੇ ਦੀ ਮੌਜ ਲੱਗ ਗਈ ਸੀ।

ਗਰਮੀ ਦਾ ਮਹੀਨਾ ਹੋਣ ਕਰਕੇ ਦੀਵਾਨ ਖੁੱਲ੍ਹੇ ਪੰਡਾਲ ਵਿਚ ਵਰਾਂਡੇ ਦੇ ਨਾਲ ਸਜਿਆ ਸੀ। ਕੀਰਤਨ ਹੁੰਦੇ-ਹੁੰਦੇ ਰੌਸ਼ਨੀਆਂ ਬੁਝਾ ਦਿੱਤੀਆਂ ਗਈਆਂ। ਪਤਾ ਲੱਗਿਆ ਕਿ ਸੰਤ ਈਸ਼ਰ ਸਿੰਘ ਆਪ ਕੀਰਤਨ ਕਰਨ ਆ ਰਹੇ ਹਨ। ਜਿੰਨੀ ਦੇਰ ਉਹ ਕੀਰਤਨ ਕਰਨਗੇ, ਰੌਸ਼ਨੀਆਂ ਬੰਦ ਰਹਿਣਗੀਆਂ। ਇਹ ਗੱਲ ਵੀ ਮਾਂ ਨੂੰ ਸਿੱਖੀ ਪਰੰਪਰਾ ਦੇ ਖਿਲਾਫ ਲੱਗੀ ਕਿ ਭਲਾਂ ਸੰਗਤ ਨੂੰ ਦਰਸ਼ਨ ਕਿਉਂ ਨਹੀਂ ਦੇਣੇ, ਕੀਰਤਨ ਹਨ੍ਹੇਰੇ ਵਿਚ ਕਿਉਂ ਕਰਨਾ? ਬੇ ਜੀ ਨੇ ਇਹ ਸਭ ਵੀ ਉਚੀ ਉਚੀ ਮੂੰਹੋਂ ਕਹਿ ਵੀ ਦਿੱਤਾ। ਆਲੇ ਦੁਆਲੇ ਬੈਠੇ ਡੇਰੇ ਦੇ ਸ਼ਰਧਾਲੂ ਉਨ੍ਹਾਂ ਵੱਲ ਘੂਰ ਘੂਰ ਵੇਖਦੇ ਰਹੇ। ਸਵੇਰੇ ਇਸ਼ਨਾਨ ਕਰਕੇ, ਲੰਗਰ ਪਾਣੀ ਛੱਕ ਕੇ ਗੁਰਦੁਆਰੇ ਅੰਦਰ ਮੱਥਾ ਟੇਕਿਆ ਕਿ ਵਾਪਸ ਜਾਇਆ ਜਾਵੇ। ਪਤਾ ਲੱਗਿਆ ਕਿ ਸੰਤਾਂ ਦੀ ਕੁਰਸੀ ਲੱਗਣੀ ਹੈ। ਜਿਥੋਂ ਸੰਤਾਂ ਨੇ ਲੰਘਣਾ ਸੀ ਰਸਤੇ ਦੇ ਦੋਵੇਂ ਪਾਸੇ ਸੰਗਤ ਬੜੀ ਉਤਸੁਕਤਾ ਨਾਲ ਖੜ੍ਹੀ ਇੰਤਜ਼ਾਰ ਕਰ ਰਹੀ ਸੀ। ਸੰਤ ਬੜੀ ਤੇਜ਼ ਚਾਲ ਆ ਕੇ ਕਮਰੇ ਵਿਚ ਲੱਗੇ ਆਸਣ 'ਤੇ ਬਿਰਾਜਮਾਨ ਹੋ ਗਏ। ਸੰਗਤ ਨੂੰ ਪੰਗਤਾਂ ਬਣਾ ਕੇ ਵਾਰੀ-ਵਾਰੀ ਅੰਦਰ ਭੇਜਿਆ ਜਾਂਦਾ ਅਤੇ ਮੱਥਾ ਟੇਕ ਕੇ ਸੰਗਤ ਬਾਹਰ ਆ ਜਾਂਦੀ। ਅਸੀਂ ਵੀ ਬੇ ਜੀ ਦੇ ਪਿੱਛੇ-ਪਿੱਛੇ ਅੰਦਰ ਗਈਆਂ। ਬੇ ਜੀ ਨੇ ਮੱਥਾ ਟੇਕਣ ਦੀ ਥਾਂ ਇਕ ਸਿੱਖ ਬੀਬੀ ਵਾਂਗ ਸਤਿ ਸ੍ਰੀ ਅਕਾਲ ਬੁਲਾਈ ਅਤੇ ਅਸੀਂ ਵੀ ਇਸੇ ਤਰ੍ਹਾਂ ਕੀਤਾ। ਲੋਕ ਸਾਡੇ ਵਲ ਅਜੀਬ ਨਜ਼ਰਾਂ ਨਾਲ ਦੇਖਣ ਲੱਗੇ ਕਿਉਂਕਿ ਪੈਰੀਂ ਹੱਥ ਨਾ ਲਾਉਣਾ ਅਤੇ ਸਤਿ ਸ੍ਰੀ ਅਕਾਲ ਬੁਲਾਉਣੀ ਉਥੋਂ ਦੀ ਪਰੰਪਰਾ ਦੇ ਉਲਟ ਗੱਲ ਸੀ। ਉਥੋਂ ਬਾਹਰ ਆ ਕੇ ਸਾਡੇ ਜਥੇ ਦੀ ਲੀਡਰ ਅਮਰ ਕੌਰ ਗੁਆਂਢਣ ਨੇ ਬੇ ਜੀ ਨੂੰ ਸੰਤਾਂ ਤੋਂ "ਨਾਮ" ਲੈਣ ਲਈ ਕਿਹਾ। ਬੇ ਜੀ ਨੇ ਕਿਹਾ ਕਿ ਉਨ੍ਹਾਂ ਨੇ ਗੁਰੂ ਦਾ ਅੰਮ੍ਰਿਤ ਛਕਿਆ ਹੈ, ਉਨ੍ਹਾਂ ਲਈ ਉਹੀ "ਨਾਮ" ਹੈ। ਇਸ ਤੋਂ ਬਾਅਦ ਬੇ ਜੀ ਨੇ ਮੁੜ ਰਾੜਾ ਸਾਹਿਬ ਵੱਲ ਕਦੇ ਮੂੰਹ ਨਾ ਕੀਤਾ।

ਪਿੰਡ ਪਹੁੰਚ ਕੇ ਪਤਾ ਲੱਗਾ ਕਿ ਗਿਆਰਾਂ ਸਾਲ ਅਤੇ ਉਸ ਤੋਂ ਵੱਡੀ ਉਮਰ ਦੀਆਂ ਕੁੜੀਆਂ ਦਾ, ਕੋਟਲਾ ਸ਼ਮਸ਼ਪੁਰ ਦੇ ਸਕੂਲ ਦੀ ਬਿਲਡਿੰਗ ਵਿਚ ਬਲਾਕ ਡਿਵੈਲਪਮੈਂਟ ਅਫਸਰ ਦੇ ਦਫਤਰ ਵਲੋਂ ਕੈਂਪ ਲੱਗਣਾ ਹੈ। ਸਾਡੇ ਪਿੰਡ ਤੋਂ ਸਾਡੇ ਚਾਰਾਂ ਜਣੀਆਂ (ਅਸੀਂ ਦੋਵੇਂ ਭੈਣਾਂ ਅਤੇ ਤਾਏ ਦੀਆਂ ਪੋਤੀਆਂ) ਦੇ ਨਾਂ ਗ੍ਰਾਮ ਸੇਵਕਾ ਸੁਰਿੰਦਰ ਕੌਰ ਲਿਖ ਕੇ ਲੈ ਗਈ ਹੈ। ਸੋ ਅਸੀਂ ਦੂਸਰੇ ਦਿਨ ਸ਼ੁਰੂ ਹੋਣ ਵਾਲੇ ਕੈਂਪ ਵਿਚ ਆਪਣਾ ਬੋਰੀਆ-ਬਿਸਤਰਾ ਲੈ ਕੇ ਸ਼ਾਮਲ ਹੋ ਗਈਆਂ। ਇਹ ਕੈਂਪ ਪੰਦਰਾਂ ਦਿਨ ਦਾ ਸੀ ਜਿਸ ਦੀ ਕਮਾਂਡਰ ਰਾਜਿੰਦਰ ਕੌਰ ਗਿੱਲ ਐਲ.ਐਸ.ਡੀ.ਓ. ਸੀ ਅਤੇ ਸਹਾਇਕ ਗ੍ਰਾਮ ਸੇਵਕਾਵਾਂ ਸੁਰਿੰਦਰ ਕੌਰ ਅਤੇ ਬਲਵੰਤ ਕੌਰ ਸਨ। ਕੈਂਪ ਦੀ ਰੋਜ਼ ਦੀ ਕਾਰਗੁਜ਼ਾਰੀ ਵਿਚ ਕਿਸੇ ਇਕ ਪਿੰਡ ਵਿਚ ਜਾ ਕੇ ਗਲੀਆਂ-ਨਾਲੀਆਂ ਦੀ ਸਫਾਈ ਕਰਨਾ, ਘਰਾਂ ਨੂੰ ਕਿਵੇਂ ਸਾਫ ਰੱਖਣਾ ਹੈ, ਸਬਜ਼ੀਆਂ ਆਦਿ ਦੇ ਛਿਲੜ ਕਿਵੇਂ ਸੰਭਾਲ ਕੇ ਇਕ ਥਾਂ ਪਾਉਣੇ ਹਨ, ਧੂੰਆਂ-ਰਹਿਤ ਚੁੱਲ੍ਹਾ ਬਣਾਉਣਾ, ਗੋਬਰ ਦੀ ਰੂੜੀ ਵਾਸਤੇ ਬੱਚਤ ਕਰਨ ਲਈ ਰਿੜਕਣ ਵਾਲੇ ਦੁੱਧ ਨੂੰ ਹਾਰੇ ਵਿਚ ਕਾੜ੍ਹਨ ਦੀ ਥਾਂ ਉਬਾਲੀ ਦੇ ਕੇ ਹੇ-ਬੌਕਸ (ਤੂੜੀ ਦੀ ਭੜੋਲੀ) ਵਿਚ ਰੱਖਣਾ ਹੈ ਆਦਿ ਆਦਿ। ਸ਼ਾਮ ਨੂੰ ਸਮਾਜ-ਸੁਧਾਰ ਸਬੰਧੀ ਕੋਈ ਨਾ ਕੋਈ ਹਸਤੀ ਭਾਸ਼ਣ ਕਰਨ ਆਉਂਦੀ ਜਾਂ ਕਿਸੇ ਕਵੀ ਕੋਲੋਂ ਸਮਾਜ ਸੁਧਾਰ ਸਬੰਧੀ ਕਵਿਤਾਵਾਂ ਸੁਣੀਆਂ ਜਾਂਦੀਆਂ। ਇਥੇ ਬਲਜੀਤ ਕੌਰ ਤੁਲਸੀ ਅਤੇ ਉਸ ਦੇ ਕਵੀ ਪਤੀ ਮਾਸਟਰ ਅਰਸ਼ੀ ਦੀਆਂ ਕਵਿਤਾਵਾਂ ਸੁਣੀਆਂ। ਇਸ ਕੈਂਪ ਵਿਚ ਹੀ ਸ਼ਾਮ ਨੂੰ ਇਕ ਦਿਨ ਬੀਬਾ ਨਿਰਲੇਪ ਕੌਰ (ਗਿਆਨ ਸਿੰਘ ਰਾੜੇ ਵਾਲੇ ਦੀ ਧੀ) ਦਾ ਭਾਸ਼ਣ ਸੀ। ਉਹ ਜਿੰਨੀ ਸੋਹਣੀ ਸੀ ਅਤੇ ਜਿੰਨੇ ਮਿੱਠੇ ਬੋਲਾਂ ਨਾਲ ਉਸ ਨੇ ਭਾਸ਼ਣ ਦਿੱਤਾ ਮੈਂ ਬਹੁਤ ਹੀ ਪ੍ਰਭਾਵਿਤ ਹੋਈ। ਮੈਂ ਅੱਜ ਤੱਕ ਕਿਸੇ ਹੋਰ ਔਰਤ ਨੂੰ ਨਾ ਹੀ ਏਨਾ ਮਿੱਠਾ ਬੋਲਦਿਆਂ ਸੁਣਿਆ ਹੈ ਅਤੇ ਨਾ ਹੀ ਕੋਈ ਹੋਰ ਏਨੀ ਸੋਹਣੀ ਲੱਗੀ ਹੈ। ਰਾਜਿੰਦਰ ਕੌਰ ਗਿੱਲ ਅਤੇ ਬੀਬਾ ਨਿਰਲੇਪ ਕੌਰ ਵਰਗੀਆਂ ਉਚੀਆਂ ਲੰਮੀਆਂ, ਸੋਹਣੀਆਂ ਕੁੜੀਆਂ ਨੂੰ ਪਿੰਡਾਂ ਦੇ ਸੁਧਾਰ ਲਈ ਕੰਮ ਕਰਦਿਆਂ ਦੇਖ ਕੇ ਮਨ ਵਿਚ ਉਚੀ ਸਿੱਖਿਆ ਪ੍ਰਾਪਤ ਕਰਨ ਅਤੇ ਨੌਕਰੀ ਕਰਨ ਦੀ ਚਿਣਗ ਲੱਗੀ।



ਕੈਂਪ ਖਤਮ ਹੋਣ ਤੋਂ ਪਹਿਲਾਂ ਸਾਰੀਆਂ ਕੁੜੀਆਂ ਨੂੰ ਕਿਰਾਏ ਤੇ ਬੱਸ ਕਰਕੇ ਚੰਡੀਗੜ੍ਹ ਅਤੇ ਪਿੰਜੌਰ ਗਾਰਡਨ, ਸੂਰਜਪੁਰ ਦਿਖਾਇਆ ਗਿਆ। ਇਹ 1958 ਦੀ ਗੱਲ ਹੈ ਅਤੇ ਉਦੋਂ ਚੰਡੀਗੜ੍ਹ ਹਾਲੇ ਬਣ ਰਿਹਾ ਸੀ। ਸਾਨੂੰ ਹਾਈਕੋਰਟ ਦੇ ਅੰਦਰ ਬਿਠਾ ਕੇ ਚਲਦੀ ਕਾਰਵਾਈ ਦਿਖਾਈ ਗਈ। ਸੈਕਟਰੀਏਟ ਦੀਆਂ ਮੰਜ਼ਲਾਂ ਵੀ ਹਾਲੇ ਪੂਰੀਆਂ ਨਹੀਂ ਸੀ ਹੋਈਆਂ। ਪਿੰਜੌਰ ਬਾਗ ਉਦੋਂ ਪੰਜਾਬ ਦੀ ਮਲਕੀਅਤ ਸੀ ਅਤੇ ਪਾਣੀ ਦੀ ਕੋਈ ਥੁੜ ਨਾ ਹੋਣ ਕਰਕੇ ਉਸ ਦੇ ਫੁਹਾਰੇ ਚਲ ਰਹੇ ਸਨ। ਵਾਪਸ ਪਰਤਣ ਤੱਕ ਰਾਤ ਪੈ ਗਈ ਸੀ ਅਤੇ ਚੰਡੀਗੜ੍ਹ ਦੇ 22 ਸੈਕਟਰ ਦੀਆਂ ਰੌਸ਼ਨੀਆਂ ਬੜੀਆਂ ਮਨਮੋਹਕ ਲੱਗ ਰਹੀਆਂ ਸਨ। ਅਖੀਰਲੇ ਦਿਨ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਨੂੰ ਦੇਖਣ ਆਲੇ-ਦੁਆਲੇ ਦੇ ਪਿੰਡਾਂ ਤੋਂ ਲੋਕ ਆਏ। ਅਸੀਂ ਛੋਟੀਆਂ ਕੁੜੀਆਂ ਮੈਂ, ਹਰਪ੍ਰੀਤ ਕੰਗ, ਬੇਅੰਤ ਕੰਗ ਅਤੇ ਮੱਲ-ਮਾਜਰੇ ਵਾਲੀ ਅਮਰੀਕ ਨੇ "ਬੇਬੇ ਦੀ ਫੈਮਲੀ ਗੁਆਚ ਗਈ" ਡਰਾਮਾ ਪੇਸ਼ ਕੀਤਾ, ਜੋ ਸਾਨੂੰ ਸੁਰਿੰਦਰ ਕੌਰ ਨੇ ਤਿਆਰ ਕਰਾਇਆ ਸੀ।

## ਰੰਗ-ਬੇਰੰਗ

ਇਨ੍ਹਾਂ ਛੁੱਟੀਆਂ ਵਿਚ ਹੀ ਮੇਰੇ ਭਤੀਜੇ ਨੇ ਸਾਈਕਲ ਸਿੱਖ ਲਿਆ ਅਤੇ ਮੈਨੂੰ ਪਿੱਛੇ ਬਿਠਾ ਕੇ ਲੈ ਜਾਣ ਲੱਗਾ। ਇਸ ਤਰ੍ਹਾਂ ਪੈਦਲ ਤੁਰਨ ਤੋਂ ਖਹਿੜਾ ਛੁੱਟ ਗਿਆ। ਤਾਏ ਦੀ ਪੋਤੀ ਨੇ ਆਪਣੀ ਭੂਆ ਕੋਲੋਂ ਰਾਜੇਵਾਲ ਤੋਂ ਆਉਣਾ ਸ਼ੁਰੂ ਕਰ ਦਿੱਤਾ। ਸਾਡੇ ਪਿੰਡ ਤੋਂ ਅਸੀਂ ਸਿਰਫ ਦੋ ਹੀ ਕੁੜੀਆਂ ਪੜ੍ਹਨ ਜਾਂਦੀਆਂ। ਸਾਡੇ ਰੂਟ ਕੋਟਲੇ ਤੋਂ ਬਹੁਤੇ ਮੁੰਡੇ-ਕੁੜੀਆਂ ਨਵੇਂ ਖੁੱਲ੍ਹੇ ਖਾਲਸਾ ਹਾਈ ਸਕੂਲ ਵਿਚ ਜਾਂਦੇ। ਖੰਨਾ ਰੋਡ ਤੋਂ ਰਾਜੇਵਾਲ, ਕੁੱਲੇਵਾਲ ਅਤੇ ਉਟਾਲਾਂ ਪਿੰਡ ਤੋਂ ਬਹੁਤ ਲੜਕੀਆਂ ਪੜ੍ਹਨ ਆਉਂਦੀਆਂ ਅਤੇ ਸਭ ਇਕੱਠੀਆਂ ਹੋ ਕੇ ਤੁਰ ਕੇ ਆਉਂਦੀਆਂ। ਸਮਰਾਲਾ ਉਦੋਂ ਆਸ-ਪਾਸ ਦੇ ਪਿੰਡਾਂ ਲਈ ਪੜ੍ਹਾਈ ਦਾ ਇਕੋ ਇਕ ਕੇਂਦਰ ਸੀ। ਸੌਂਸਪੁਰ, ਛੋਟਾ ਸਮਰਾਲਾ, ਪੜੌਦੀ, ਨਾਗਰੇ, ਭਰਥਲਾ, ਘੁਲਾਲ, ਬਿਜਲੀ ਪੁਰ ਸਾਰੇ ਪਿੰਡਾਂ ਦੀਆਂ ਕੁੜੀਆਂ ਗੌਰਮਿੰਟ ਗਰਲਜ਼ ਹਾਈ ਸਕੂਲ ਵਿਚ ਪੜ੍ਹਨ ਆਉਂਦੀਆਂ। ਸਮਰਾਲੇ ਦੇ ਸਿਟਿੰਗ ਐਮ.ਐਲ.ਏ.ਅਮਰੀਕ ਸਿੰਘ ਢਿੱਲੋਂ ਦੀ ਪਤਨੀ ਦਸਵੀਂ ਤੱਕ ਮੇਰੀ ਜਮਾਤਣ ਰਹੀ ਜਿਸ ਦਾ ਪਿੰਡ ਨਾਗਰਾ ਹੈ।

ਘਰ ਆ ਕੇ ਅਸੀਂ ਜੇ ਕੋਈ ਗਣਿਤ ਜਾਂ ਅੰਗਰੇਜ਼ੀ ਦਾ ਸਵਾਲ ਪੁੱਛਣਾ ਹੁੰਦਾ ਤਾਂ ਸਾਡਾ ਇਕੋ ਇਕ ਵਸੀਲਾ ਜਗੀਰ ਸਿੰਘ ਵੀਰ, ਮੇਰੇ ਤਾਏ ਦਾ ਲੜਕਾ ਹੁੰਦਾ ਜੋ ਮੈਥੋਂ 35 ਕੁ ਸਾਲ ਵੱਡਾ ਸੀ। ਉਹ ਉਨ੍ਹਾਂ ਪੁਰਾਣੇ ਜ਼ਮਾਨਿਆਂ ਦੀ ਦਸਵੀਂ ਪਾਸ ਸੀ ਜਦੋਂ ਨੌਕਰੀਆਂ ਆਸਾਨੀ ਨਾਲ ਮਿਲ ਜਾਂਦੀਆਂ ਸਨ। ਉਹ ਅੱਛਰੂ ਰਾਮ ਓਝਾ ਦਾ ਜਮਾਤੀ ਰਿਹਾ ਸੀ। ਜਗੀਰ ਵੀਰ ਨੇ ਨਾ ਕੋਈ ਨੌਕਰੀ ਕੀਤੀ ਅਤੇ ਨਾ ਹੀ ਖੇਤੀ ਦੇ ਕੰਮ ਨੂੰ ਬਹੁਤਾ ਹੱਥ ਪਾਇਆ। ਉਂਵ ਦੋਵੇਂ ਘਰ ਸਾਰੇ ਕੰਮ ਉਸ ਦੀ ਸਲਾਹ ਨਾਲ ਕਰਦੇ। ਉਸ ਦੇ "ਕੁਝ ਨਾ ਕਰਨ" ਕਰਕੇ ਉਸ ਦੇ ਛੋਟੇ ਤਿੰਨ ਭਰਾਵਾਂ ਅਤੇ ਮੇਰੇ ਦੋਹਾਂ ਵੀਰਾਂ ਨੂੰ ਘਰਦਿਆਂ ਨੇ ਪੜ੍ਹਨ ਤਾਂ ਲਾਇਆ ਪਰ ਸਕੂਲ ਛੱਡ ਦੇਣ ਤੇ ਕੋਈ ਬਹੁਤ ਅਫਸੋਸ ਨਹੀਂ ਕੀਤਾ ਅਤੇ ਖੇਤੀ ਦੇ ਕੰਮ ਵਿਚ ਪਾ ਦਿੱਤਾ। ਉਸ ਨੇ ਆਪਣੇ ਦੋ ਮੁੰਡਿਆਂ ਨੂੰ ਦਸਵੀਂ ਕਰਾ ਕੇ ਆਈ.ਟੀ.ਆਈ. ਦੀ ਟ੍ਰੇਨਿੰਗ ਦੁਆ ਦਿੱਤੀ ਅਤੇ ਨੌਕਰੀਆਂ ਤੇ ਲਾ ਦਿੱਤਾ। ਉਸ ਨੂੰ ਗੱਲਾਂ ਮਾਰਨ ਦਾ ਬਹੁਤ ਸ਼ੌਕ ਸੀ। ਉਸ ਦੀ ਘਰ ਵਾਲੀ ਸਾਡੀ ਭਾਬੀ ਨੂੰ ਜੇ ਕੋਈ ਕੰਮ ਪੈਣਾ ਅਤੇ ਵੀਰ ਨੇ ਘਰ ਨਾ ਲੱਭਣਾ ਤਾਂ ਉਸ ਨੇ ਕਾਹਲੀ ਕਾਹਲੀ ਬੂਹਿਉਂ ਬਾਹਰ ਆਉਣਾ ਤੇ ਸਾਨੂੰ ਕਹਿਣਾ, "ਕੁੜੇ ਵੀਰ! ਦੇਖੀਂ ਤਾਂ ਤੇਰੇ ਵੀਰ ਨੂੰ ਹਾਕ ਮਾਰੀਂ। ਇਥੇ ਕਿਤੇ ਖੜ੍ਹਾ ਜੀਭ ਤੱਤੀ ਕਰਦਾ ਹੋਣੈ।" ਮੈਂ ਆਪਣੀ ਜਮਾਤ ਵਿਚ ਸਵਾਲ ਕੱਢਣ ਅਤੇ ਬਾਕੀ ਵਿਸ਼ਿਆਂ ਵਿਚ ਵੀ ਤੇਜ਼ ਸੀ ਪਰ ਜਦੋਂ ਛੇਵੀਂ ਦਾ ਨਤੀਜਾ ਨਿਕਲਿਆ ਤਾਂ ਫਸਟ ਚੁਲਬਲੀ ਜਿਹੀ ਉਰਮਿਲਾ ਨੂੰ ਕੱਢ ਦਿੱਤਾ, ਮੈਨੂੰ ਸੈਕਿੰਡ ਅਤੇ ਥਰਡ ਲੜਕਿਆਂ ਦੇ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਦੀ ਲੜਕੀ ਨੂੰ। ਸਤਵੀਂ ਵਿਚ ਅਸੀਂ ਤਿੰਨ ਸਹੇਲੀਆਂ ਮੈਂ, ਬਿਜਲੀ ਪੁਰ ਵਾਲੀ ਲਾਭ ਅਤੇ ਛੋਟੇ ਸਮਰਾਲੇ ਦੀ ਭੁਪਿੰਦਰ ਢਿੱਲੋਂ ਪੜ੍ਹਨ ਨੂੰ ਤੇਜ਼ ਸੀ। ਪਰ ਸਾਲਾਨਾ ਨਤੀਜੇ ਵਿਚ ਫੇਰ ਪੱਖਪਾਤ ਹੋਇਆ। ਫਸਟ ਪ੍ਰਿੰਸੀਪਲ ਦੀ ਲੜਕੀ ਆਈ, ਸੈਕਿੰਡ ਪ੍ਰਕਾਸ਼ਵਤੀ ਭੈਣ ਜੀ ਦੀ ਮਨਪਸੰਦ ਵਿਦਿਆਰਥਣ ਕ੍ਰਿਸ਼ਨਾ ਅਤੇ ਥਰਡ ਬਿਜਲੀਪੁਰ ਵਾਲੀ ਮਹਿੰਦਰਾ। ਪਹਿਲੀ ਵਾਰ ਮੈਂ ਰੋਈ ਅਤੇ ਮੈਨੂੰ ਬਹੁਤ ਅਫਸੋਸ ਲੱਗਿਆ। ਅੱਠਵੀਂ ਵਿਚ ਪਤਵੰਤ ਭੈਣ ਜੀ ਸਵੇਰੇ ਸਵੇਰੇ ਮੈਥ ਦਾ ਓਵਰ ਟਾਈਮ ਲਾਉਂਦੇ। ਸਾਈਕਲ ਚਲਾਉਂਦਿਆਂ ਹੱਥ ਠਰੇ ਹੋਣ 'ਤੇ ਭੈਣ ਜੀ ਨੇ ਕਲਾਸ ਵਿਚ ਵੜਦਿਆਂ ਹੀ ਬੋਰਡ ਤੇ ਸਵਾਲ ਸਮਝਾਉਣ ਲਾ ਦੇਣਾ ਕਿਉਂਕਿ ਮੈਂ ਜਮਾਤ ਵਿਚ ਸਵਾਲ ਸਭ ਤੋਂ ਪਹਿਲਾਂ ਕੱਢ ਲੈਂਦੀ ਸੀ। ਮੇਰੀ ਛੋਟੀ ਭੈਣ ਨਰਮਿੰਦਰ ਵੀ ਛੇਵੀਂ ਵਿਚ ਦਾਖਲ ਹੋ ਗਈ ਸੀ ਜੋ ਪੜ੍ਹਨ ਵਿਚ ਮੇਰੇ ਤੋਂ ਵੀ ਤੇਜ਼ ਸੀ। ਅੱਠਵੀਂ ਦਾ ਇਮਤਿਹਾਨ ਬੋਰਡ ਦਾ ਸੀ। ਜਦੋਂ ਨਤੀਜਾ ਨਿਕਲਿਆ ਤਾਂ ਮੈਂ ਆਪਣੇ ਸਕੂਲ ਵਿਚੋਂ ਫਸਟ ਆਈ, ਲਾਭ ਸੈਕਿੰਡ ਅਤੇ ਭੁਪਿੰਦਰ ਥਰਡ। ਇਥੋਂ ਹੀ ਘੁੰਗਰਾਲੀ ਦਾ ਸਕੂਲ ਵਿਚ ਨਾਂ ਬਣ ਗਿਆ। ਹੈਡਮਿਸਟਰੈਸ ਨੇ ਲੇਟ ਹੋ ਜਾਣ 'ਤੇ ਜੇ ਰਾਜੇਵਾਲ ਵਾਲੇ ਪਾਸੇ ਦੀਆਂ ਕੁੜੀਆਂ ਨੂੰ ਝਿੜਕਣਾ ਤਾਂ ਨਾਲ ਹੀ ਕਹਿਣਾ, "ਰਾਜੇਵਾਲ ਵਾਲੀਓ! ਘੁੰਗਰਾਲੀ ਵਾਲੀਆਂ ਕੁੜੀਆਂ ਦਾ ਜੂਠਾ ਪਾਣੀ ਪੀਆ ਕਰੋ ਤਾਂ ਕਿ ਤੁਹਾਨੂੰ ਵੀ ਪੜ੍ਹਨਾ ਆ ਜਾਵੇ।" ਸਕੂਲ ਤੇ ਪੜ੍ਹਾਈ ਦੀਆਂ ਬਾਕੀ ਗੱਲਾਂ ਫੇਰ।

# ਨੋਬਲ ਇਨਾਮ ਕਮੇਟੀ ਦਾ ਝੁਕਾ ਹਮੇਸ਼ਾ ਪੱਛਮ ਵਲ ਰਿਹਾ



## ਨੋਬਲ ਪੁਰਸਕਾਰ ਦੀ ਸਿਆਸਤ


-ਗੁਰਬਚਨ

ਦੁਨੀਆਂ ਦਾ ਕੋਈ ਸਾਹਿਤ ਪੁਰਸਕਾਰ ਸਿਆਸਤ ਦੀ ਛੂਹ ਤੋਂ ਬਗ਼ੈਰ ਨਹੀਂ ਹੁੰਦਾ। ਨੋਬਲ ਕਮੇਟੀ ਵਾਲੇ ਹਮੇਸ਼ਾਂ ਸਿਆਸੀ ਚੌਕਸੀ ਤੋਂ ਕੰਮ ਲੈਂਦੇ ਹਨ; ਕਿਸੇ ਅਜਿਹੇ ਸਾਹਿਤਕਾਰ ਨੂੰ ਪੁਰਸਕਾਰ ਨਹੀਂ ਦੇਣਾ ਚਾਹੁੰਦੇ ਜੋ ਯੌਰਪੀ ਸੰਸਕ੍ਰਿਤੀ ਦੇ ਮੁੱਲਾਂ ਨੂੰ ਨਕਾਰਦਾ ਹੋਵੇ। ਇਕ ਸਮਾਂ ਸੀ ਜਦ ਨੋਬਲ ਪੁਰਸਕਾਰ ਸਿਆਸੀ ਫਤਵੇ ਵਾਲਾ ਕੰਮ ਕਰਦਾ ਰਿਹਾ; "ਠੰਡੀ ਜੰਗ" ਦੌਰਾਨ ਅਕਸਰ ਏਦਾਂ ਹੁੰਦਾ ਰਿਹਾ। ਸੋਵੀਅਤ ਸੰਘ ਦੇ ਨਾਵਲਕਾਰ ਬੋਰਿਸ ਪਾਸਤ੍ਰਨਾਕ ਨੂੰ ਜਦ ਨੋਬਲ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਤਦ ਖਰੁਸ਼ਚੋਵ ਦੌਰ ਦਾ ਸੋਵੀਅਤ ਸੰਘ ਪੱਛਮੀ ਤਾਕਤਾਂ ਨੂੰ ਵੰਗਾਰ ਰਿਹਾ ਸੀ। ਤਹਿ ਵਿਚ ਭੇੜ ਸਮਾਜਵਾਦ ਬਨਾਮ ਪੂੰਜੀਵਾਦ ਅਤੇ ਇਨ੍ਹਾਂ ਸਿਸਟਮਾਂ ਬਾਰੇ ਪੈਦਾ ਹੋਏ ਵਿਵਾਦ ਦੀ ਸੀ। ਪਾਸਤ੍ਰਨਾਕ ਦੇ ਨਾਵਲ "ਡਾਕਟਰ ਜ਼ਿਵਾਗੋ" ਨੂੰ ਇਨਾਮ ਦੇਣ ਪਿੱਛੇ ਇਰਾਦਾ ਸੋਵੀਅਤ ਸਿਸਟਮ ਦੇ ਖੋਟ ਦਾ ਪਰਚਾਰ ਕਰਨਾ ਵੀ ਸੀ। ਇਸ ਫ਼ੈਸਲੇ ਨੇ ਕੁੱਲ ਦੁਨੀਆਂ ਵਿਚ ਵਿਚਾਰਧਾਰਕ ਪੱਧਰ 'ਤੇ ਗਰਮਾ-ਗਰਮੀ ਪੈਦਾ ਕਰ ਦਿੱਤੀ। ਨੋਬਲ ਕਮੇਟੀ ਇਸ ਫੈਸਲੇ ਰਾਹੀਂ ਜੋ ਕਹਿਣਾ ਚਾਹੁੰਦੀ ਸੀ ਉਹ ਕਿਹਾ ਜਾ ਚੁੱਕਾ ਸੀ। ਇਹਦੇ ਨਾਲ ਇਸ ਇਨਾਮ ਦੀ ਸਿਆਸਤ ਬਾਰੇ ਵੀ ਚਰਚਾ ਹੋਣ ਲੱਗਾ। ਏਦਾਂ ਦਾ ਹੀ ਰੌਲਾ ਬਾਦ ਵਿਚ ਪਿਆ ਜਦ ਸੋਲਜ਼ੇਨਿਤਸਿਨ ਨੇ ਆਪਣੇ ਬਿਰਤਾਂਤ ਵਿਚ ਸਤਾਲਨੀ ਤਸ਼ੱਦਦ ਨੂੰ ਬੇਪਰਦ ਕੀਤਾ। ਸੋਲਜ਼ੇਨਿਤਸਿਨ ਨੂੰ, ਪਾਸਤਰਨਾਕ ਵਾਂਗ, ਪੁਰਸਕਾਰ ਦਾ ਹੱਕਦਾਰ ਉਸ ਦੇ ਨਾਵਲਾਂ ਵਿਚਲੀ ਪੇਸ਼ ਸਮੱਗਰੀ ਕਰਕੇ ਮੰਨਿਆ ਗਿਆ। ਇਹ ਸਮੱਗਰੀ ਪੱਛਮੀ ਏਜੰਸੀਆਂ ਚਿਰਾਂ ਤੋਂ ਮੁਹੱਈਆ ਕਰ ਰਹੀਆਂ ਸਨ। ਜਦ ਸੋਵੀਅਤ ਸਿਸਟਮ ਦੇ ਸ਼ਿਕਾਰ ਲੇਖਕਾਂ ਦੀ ਰਚਨਾ 'ਚ ਇਸ ਨੂੰ ਦੇਖਿਆ ਗਿਆ ਤਾਂ ਨੋਬਲ ਕਮੇਟੀ ਵਾਲੇ ਇਸ ਤੋਂ ਅਚੇਤ ਹੀ ਪ੍ਰਭਾਵਿਤ ਹੋਏ। ਪਾਸਤ੍ਰਨਾਕ ਅਤੇ ਸੋਲਜ਼ੇਨਿਤਸਿਨ ਨੂੰ ਐਵਾਰਡ ਦੇਣ ਨਾਲ ਉਨ੍ਹਾਂ ਦੀ ਦੁਨੀਆਂ ਭਰ 'ਚ ਚਰਚਾ ਹੋਈ।

ਤਹਿ 'ਚ ਗੱਲ ਇਹ ਹੈ ਕਿ ਇਹ ਨਹੀਂ ਕਿ ਇਨ੍ਹਾਂ ਦੋਨਾਂ ਨਾਵਲਕਾਰਾਂ ਨੇ ਸੋਵੀਅਤ ਸਿਸਟਮ ਦਾ ਗ਼ੈਰ-ਮਨੁੱਖੀ ਚਿਹਰਾ ਜੋ ਪ੍ਰਸਤੁਤ ਕੀਤਾ ਉਹ ਗਲਤ ਸੀ। ਇਸ ਤੋਂ ਵੀ ਬਦਤਰ ਪੂੰਜੀਵਾਦੀ ਸਿਸਟਮ ਨੂੰ ਪ੍ਰਸਤੁਤ ਕੀਤਾ ਜਾ ਸਕਦਾ ਹੈ, ਪਰ ਅਜਿਹੀ ਰਚਨਾਕਾਰੀ ਕਿਸੇ ਵੀ ਤਰ੍ਹਾਂ ਨੋਬਲ ਕਮੇਟੀ ਦੇ ਧਿਆਨ 'ਚ ਨਹੀਂ ਆ ਸਕਦੀ। ਉਸ ਸਮੇਂ ਪੱਛਮ ਦੇ ਪੂੰਜੀ ਸਭਿਆਚਾਰ ਲਈ ਆਪਣੀ ਅਪਾਰਤਾ ਨੂੰ ਪ੍ਰਮਾਣਿਤ ਕਰਨਾ ਜਿਊਣ ਮਰਨ ਦਾ ਸੁਆਲ ਜੋ ਬਣਿਆ ਹੋਇਆ ਸੀ ਉਹ ਅਜੇ ਵੀ ਕਾਇਮ ਹੈ ਤੇ ਨੋਬਲ ਕਮੇਟੀ ਵਾਲੇ ਇਸ ਦੇ ਆਰਪਾਰ ਸੋਚਣ ਦੇ ਸਮਰਥ ਨਹੀਂ ਹਨ। ਪੱਛਮੀ ਯੌਰਪ ਅਤੇ ਅਮਰੀਕਾ ਦੇ ਦੇਸ਼ਾਂ ਵਾਂਗ ਨੋਬਲ ਕਮੇਟੀ ਸਮਾਜਵਾਦੀ ਤਜਰਬੇ ਦੇ ਹੱਕ ਵਿਚ ਸੋਚ ਹੀ ਨਹੀਂ ਸੀ ਸਕਦੀ। ਸੋਵੀਅਤ ਯੂਨੀਅਨ ਚਹੁੰ-ਪਾਸੀਂ ਵਿਰੋਧ ਕਰਕੇ ਜਿਸ ਤਰ੍ਹਾਂ ਦੀ ਹੰਗਾਮੀ ਸਥਿਤੀ ਵਿਚ ਸੀ ਉਹਦੇ ਨਾਲ ਬੇਸ਼ੱਕ ਕਈ ਵਿਗਾੜ ਪੈਦਾ ਹੋ ਚੁੱਕੇ ਸਨ। 'ਸਟੇਟ ਮਨੁੱਖ ਲਈ' ਦੀ ਜਗ੍ਹਾ 'ਮਨੁੱਖ ਸਟੇਟ ਲਈ' ਦਾ ਰਾਹ ਜਦ ਅਪਨਾਇਆ ਗਿਆ ਤਾਂ ਸੋਵੀਅਤ ਲੋਕਾਂ ਨੂੰ ਚੋਖੇ ਕਸ਼ਟ ਸਹਿਣੇ ਪਏ। ਇਹ ਗੱਲ ਪੱਛਮੀ ਮੁਲਕਾਂ ਨੇ ਜਿਸ ਤਰ੍ਹਾਂ ਉਭਾਰੀ ਉਹ ਕਿਸੇ ਵੱਡੇ ਪਰਿਪੇਖ ਤੋਂ ਤੋੜ ਕੇ ਉਭਾਰੀ ਗਈ ਸੀ, ਐਨ ਉਸੇ ਇਰਾਦੇ ਨਾਲ ਜਿਸ ਨਾਲ ਅਮਰੀਕੀ ਏਜੰਸੀਆਂ ਕਰ ਰਹੀਆਂ ਸਨ। ਸੋਵੀਅਤ ਸਿਸਟਮ ਨੂੰ ਸ਼ੈਤਾਨ ਦੀ ਉਪਜ ਜੋ ਦੱਸਿਆ ਜਾਂਦਾ ਸੀ, ਇਹ ਗੱਲ ਪੱਛਮ ਦੇ ਆਮ ਲੋਕਾਂ ਦੀ ਸੂਝ ਦਾ ਅੰਗ ਬਣ ਚੁੱਕੀ ਸੀ। 'ਨਿੱਜੀ ਸੁਤੰਤਰਤਾ' ਦੀ ਆੜ 'ਚ ਇਹ ਸੂਖਮ ਤਰਜ਼ ਦੀ 'ਬ੍ਰੇਨ ਵਾਸ਼ਿੰਗ' ਸੀ। ਪਾਸਤਰਨਾਕ ਨੂੰ ਨੋਬਲ ਪੁਰਸਕਾਰ ਦੇਣ ਦਾ ਫੈਸਲਾ ਕਰਕੇ ਨੋਬਲ ਕਮੇਟੀ ਸਾਹਿਤਕ ਕਾਰਜ ਦੇ ਨਾਲ ਸਿਆਸੀ ਏਜੰਡੇ ਦੀ ਪਾਲਣਾ ਕਰ ਰਹੀ ਸੀ।

ਸਵੀਡਨ ਦੀ ਨੋਬਲ ਅਕਾਦਮੀ ਆਪਣੇ ਆਪ 'ਚ ਤਾਕਤਵਰ ਸਥਾਪਨਾ ਹੈ। ਹਰ ਸੰਸਥਾ ਆਪਣੇ ਆਪ 'ਚ ਸਥਾਪਨਾ/ਸੱਤਾ ਹੁੰਦੀ ਹੈ। ਥਿਰਵਾਦੀ। ਤਬਦੀਲੀ ਨੂੰ ਕਾਟੇ ਹੇਠ ਰੱਖਣ ਵਾਲੀ। ਰਚਨਾਤਮਿਕਤਾ ਅਤੇ ਸੱਤਾ ਇਕ ਦੂਜੇ ਦੇ ਵਿਰੋਧ 'ਚ ਖੜਦੇ ਹਨ। ਇਵੇਂ ਹੀ ਸਾਡੇ ਪੰਜਾਬੀ 'ਚ ਪ੍ਰਗਤੀਵਾਦ ਦੇ ਨਾਂ ਹੇਠ ਸੰਸਥਾਵਾਂ ਬਣਾ ਕੇ ਇਨਾਮ ਸਨਮਾਨ ਦਾ ਐਲਾਨ ਕੀਤਾ ਜਾਂਦਾ ਹੈ। ਅਜਿਹਾ ਕਰਨ ਵਾਲੇ ਮੌਕਾਪ੍ਰਸਤ ਬੰਦੇ ਹਨ ਜਿਨ੍ਹਾਂ ਲਈ 'ਪ੍ਰਗਤੀਵਾਦ' ਆਪਣਾ ਨਾਂ ਚਮਕਾਉਣ ਜਾਂ ਚਲਦਾ ਰੱਖਣ ਦਾ ਜ਼ਰੀਆ ਬਣ ਜਾਂਦਾ ਹੈ। ਅਜਿਹੇ ਬੰਦੇ ਨਿਕੰਮੇ ਲੇਖਕ ਹੁੰਦੇ ਹਨ ਜੋ ਨਾ ਪ੍ਰਗਤੀ ਅਤੇ ਨਾ ਸਾਹਿਤ ਦਾ ਕੁਝ ਸੰਵਾਰਦੇ ਹਨ। ਇਹ ਸਾਹਿਤ ਦੀ ਅਤਿ ਨਿਮਨ ਸਿਆਸਤ ਦੇ ਵਾਹਕ ਹੁੰਦੇ ਹਨ।

ਨੋਬਲ ਪੁਰਸਕਾਰ ਨੂੰ ਆਰੰਭ ਤੋਂ ਹੀ ਮਾਨਵੀ ਆਦਰਸ਼ਾਂ ਨਾਲ ਜੋੜਿਆ ਗਿਆ ਹੈ, ਯਾਨਿ ਕਿ ਸਾਹਿਤ ਦਾ ਨੋਬਲ ਉਸ ਸਾਹਿਤਕਾਰ ਨੂੰ ਦਿੱਤਾ ਜਾਵੇ ਜੋ 'ਉਚੇਰੇ ਮਾਨਵੀ ਆਦਰਸ਼ਾਂ ਦੀ ਪਾਲਣਾ' ਕਰਦਾ ਹੈ। ਅੰਗਰੇਜ਼ੀ 'ਚ ਇਹਦੇ ਲਈ ਸ਼ਬਦ ਵਰਤੇ ਗਏ ਹਨ: "lofty and sound idealism"। ਆਦਰਸ਼ਵਾਦ ਅਜਿਹਾ ਪ੍ਰਤੀਮਾਨ ਹੈ ਜਿਸ ਨੇ ਮਨੁੱਖੀ ਸੋਚ ਨੂੰ ਪਿੱਛਲ-ਪੈਰੀਂ ਤੋਰਨਾ ਹੁੰਦਾ ਹੈ। ਇਹ ਆਦਰਸ਼ ਸੱਜੇਪਖੀ ਸਿਆਸਤ ਦੇ ਪੂਰਕ ਹੁੰਦੇ ਹਨ। ਸਾਹਿਤਕਾਰ ਯੁਗ 'ਚ ਸੱਚ ਦਾ ਬੁਲਾਰਾ ਹੁੰਦਾ ਹੈ, ਅਜਿਹਾ ਸੱਚ ਜਿਸ ਦੇ ਨਿਕਟ ਕੋਈ ਸਿਆਸੀ ਬੰਦਾ ਨਹੀਂ ਗਿਆ ਹੁੰਦਾ। ਜਿਸ 'ਆਦਰਸ਼ਕ ਦਿਸ਼ਾ' ਦੀ ਗੱਲ ਨੋਬਲ ਪੁਰਸਕਾਰ ਦੇ ਸੰਵਿਧਾਨ 'ਚ ਦਰਜ ਹੈ ਉਹ ਪੱਛਮੀ ਸਮਾਜ ਦੇ 'ਸੱਚ' ਦੀ ਬਣਤ ਅਨੁਕੂਲ ਹੈ। ਸਥਾਪਿਤ ਆਦਰਸ਼ਾਂ ਦਾ ਨਾਤਾ ਸਥਾਪਿਤ ਮੁੱਲਾਂ ਨਾਲ ਹੈ, ਤੇ ਇਹ ਮੁੱਲ ਜਮਾਤੀ ਹਿਤਾਂ ਨਾਲ ਵੀ ਜੁੜੇ ਹੋਏ ਹੁੰਦੇ ਹਨ। ਇਹੀ ਕਾਰਨ ਹੈ ਕਿ ਨੋਬਲ ਕਮੇਟੀ ਨੂੰ ਏਸ਼ੀਆ, ਲਾਤੀਨੀ ਅਮਰੀਕਾ, ਜਿਸ ਨੂੰ 'ਤੀਸਰੀ ਦੁਨੀਆ' ਕਿਹਾ ਜਾਂਦਾ, 'ਚ ਜੋ ਲਿਖਿਆ ਜਾ ਰਿਹਾ ਉਹ ਅਕਸਰ ਦਿਖਾਈ ਨਹੀਂ ਦੇਂਦਾ।



ਨਾਇਪਾਲ

ਸੱਚ ਦੀ ਤਲਾਸ਼ ਵਾਲਾ ਸਾਹਿਤਕਾਰ ਸਮਾਜ ਦੇ 'ਸਥਾਪਿਤ ਆਦਰਸ਼ਾਂ' ਦਾ ਰਾਹ ਨਹੀਂ ਅਪਨਾਉਂਦਾ। ਵੱਖਰੀ ਦ੍ਰਿਸ਼ਟੀ ਵਾਲਾ ਹੋਣ ਕਰਕੇ ਉਹਦਾ ਮਾਨਵੀ ਵਰਤਾਰੇ 'ਚ ਦਖ਼ਲ ਅਨੂਠੀ ਅਹਿਮੀਅਤ ਰੱਖਦਾ ਹੈ। ਉਹਨੇ ਕਿੰਨਾ ਕੁਝ ਦੇ ਉਲਟ ਸੋਚਣਾ ਹੁੰਦਾ, ਅਲੱਭ ਦੀ ਥਾਹ ਪਾਉਣੀ ਹੁੰਦੀ ਹੈ। ਉਹ ਸਥਾਪਿਤ ਧਾਰਨਾਵਾਂ ਦੇ ਆਦਰਸ਼ ਨੂੰ ਕਿਵੇਂ ਸਵੀਕਾਰ ਕਰ ਸਕਦਾ ਹੈ?

ਪੁਰਸਕਾਰ ਦੇਣ ਵਾਲੀ ਹਰ ਸੰਸਥਾ 'ਚ ਘਿਸੀ ਸੋਚ ਵਾਲੇ ਬੰਦੇ ਹੁੰਦੇ ਹਨ; ਅਜਿਹੇ ਨੁਕਸਾਂ ਦੇ ਸ਼ਿਕਾਰ ਜੋ ਸੱਤਾ ਦਾ ਲੁਤਫ਼ ਲੈਣ ਵਾਲਿਆਂ 'ਚ ਦੇਖੇ ਜਾਂਦੇ ਹਨ। ਜੋੜ-ਤੋੜ ਦੀ ਸਿਆਸਤ ਤੋਂ ਬਗ਼ੈਰ ਇਹ ਲੋਕ ਕਿਸੇ ਸੰਸਥਾ/ਸੱਤਾ 'ਚ ਟਿਕ ਨਹੀਂ ਸਕਦੇ। ਗਲਤ ਫੈਸਲਿਆਂ ਨੂੰ ਦਰੁਸਤ ਦੱਸਣ ਲਈ ਇਨ੍ਹਾਂ ਕੋਲ ਦਲੀਲਾਂ ਹੁੰਦੀਆਂ ਹਨ। ਇਨ੍ਹਾਂ ਨੇ ਫਾਈਲਾਂ ਦਾ ਢਿੱਡ ਭਰਨਾ ਹੁੰਦਾ ਹੈ। ਦਿੱਲੀ ਦੀ ਸਾਹਿਤ ਅਕਾਦਮੀ ਦੀ ਮਿਸਾਲ ਲਈ ਜਾ ਸਕਦੀ ਹੈ ਜਦ ਦੇਵਿੰਦਰ ਸਤਿਆਰਥੀ ਦਾ ਨਾਂ ਉਹਦੀ ਕਿਤਾਬ ਬਾਰੇ ਤਕਨੀਕੀ ਘੁਣਤਰ ਕਢ ਕੇ ਰੱਦ ਕਰ ਦਿਤਾ ਗਿਆ।

ਨੋਬਲ ਕਮੇਟੀ ਕੋਲ ਪਹਿਲੇ ਵੀਹ ਪੱਚੀ ਸਾਲ "lofty and sound idealism" ਦਾ ਬਹਾਨਾ ਸੀ। ਸ਼ੁਰੂ ਦੇ ਸਾਲਾਂ 'ਚ ਜਿਨ੍ਹਾਂ ਲੇਖਕਾਂ ਨੂੰ ਪੁਰਸਕਾਰ ਦਿੱਤਾ ਉਹ ਅਜਿਹੇ ਆਦਰਸ਼ਾਂ ਦੀ ਪਾਲਣਾ ਕਰਨ ਵਾਲੇ ਪਰ ਨਿਕੰਮੇ ਲੇਖਕ ਸਨ। 'ਆਦਰਸ਼' ਦੇ ਪੂਰਨਿਆਂ 'ਤੇ ਚਲਦਿਆਂ ਪਹਿਲਾ ਇਨਾਮ 1901 'ਚ ਫਰਾਂਸ ਦੇ ਸਲੀ ਪਰੁਡੋਮ ਨਾਂ ਦੇ ਕਵੀ ਨੂੰ ਦਿੱਤਾ ਗਿਆ। ਉਸ ਨੂੰ ਨਾ ਕੋਈ ਉਦੋਂ ਤੇ ਨਾ ਬਾਦ ਵਿਚ ਜਾਣਦਾ ਸੀ। ਸੰਸਾਰ ਭਰ ਦੇ 42 ਲੇਖਕਾਂ ਨੇ ਲਿਖਤੀ ਰੂਪ 'ਚ ਇਸ ਇਨਾਮ ਦੀ ਭੰਡੀ ਕੀਤੀ। ਆਉਂਦੇ ਦਸ ਸਾਲਾਂ ਤੱਕ, ਯਾਨਿ ਕਿ 1910 ਤੱਕ, ਜਿਨ੍ਹਾਂ ਲੇਖਕਾਂ ਨੇ ਸਮੁੱਚੇ ਸੰਸਾਰ ਸਾਹਿਤ ਦੀ ਤਾਸੀਰ ਬਦਲ ਕੇ ਰੱਖ ਦਿੱਤੀ, ਤੇ ਰਚਨਾਤਮਿਕਤਾ 'ਚ ਅਪਾਰ ਦਰਜੇ ਦਾ ਵੱਢ ਮਾਰਿਆ, ਉਨ੍ਹਾਂ 'ਚੋਂ ਕਿਸੇ ਨੂੰ ਵੀ ਨੋਬਲ ਇਨਾਮ ਦੇ ਯੋਗ ਨਾ ਸਮਝਿਆ ਗਿਆ। ਉਹ ਨਾਂ ਹਨ: ਨਾਰਵੇ ਦਾ ਹੈਨਰਿਕ ਇਬਸਨ, ਡੈਨਮਾਰਕ ਦਾ ਆਗਸਤ ਸਟ੍ਰਿੰਬਰਗ, ਅਮਰੀਕਾ ਦਾ ਮਾਰਕ ਟਵੇਨ, ਫਰਾਂਸ ਦਾ ਐਮਿਲ ਜ਼ੋਲਾ ਤੇ ਰੂਸ ਦੇ ਐਂਤੋਨ ਚੈਖਵ ਅਤੇ ਲਿਓ ਤਾਲਸਤਾਏ।

ਰਚਨਾਕਾਰ ਕਈ ਤਰ੍ਹਾਂ ਦੇ ਹੁੰਦੇ ਹਨ। ਉੱਤਰ ਬਸਤੀਵਾਦੀ ਦੌਰ 'ਚ ਏਸ਼ੀਆ/ਅਫਰੀਕਾ 'ਚ ਸਥਾਪਨਾ ਪਸੰਦ ਅਤੇ ਤਿਕੜਮੀ ਕਿਸਮ ਦੇ ਸਾਹਿਤਕਾਰ ਉਭਰ ਰਹੇ ਹਨ ਜਿਨ੍ਹਾਂ ਲਈ ਸਾਹਿਤਕ ਪਿੜ ਦਾ ਸ਼ੋਸ਼ਣ ਧੰਦਾ ਬਣ ਚੁੱਕਾ ਹੈ। ਇਨ੍ਹਾਂ ਨੇ ਸਾਹਿਤਕ ਪਿੜ ਨੂੰ ਮਾਰਧਾੜ ਦਾ ਮੈਦਾਨ ਬਣਾ ਰੱਖਿਆ ਹੈ, ਜਿਵੇਂ ਪੰਜਾਬੀ 'ਚ ਹੈ। ਨੋਬਲ ਤੱਕ ਅਜਿਹੇ ਲੇਖਕਾਂ ਦੀ ਰਸਾਈ ਨਹੀਂ। ਪੰਜਾਬੀ 'ਚ ਗੋਪਾਲ ਸਿੰਘ ਦਰਦੀ ਨੇ ਚੁਸਤੀ ਵਰਤ ਕੇ ਆਪਣਾ ਨਾਂ ਨੋਬਲ ਕਮੇਟੀ ਤੱਕ ਪਹੁੰਚਾਣ ਦੀ ਕੋਸ਼ਿਸ਼ ਕੀਤੀ ਤੇ ਅਖ਼ਬਾਰਾਂ 'ਚ ਰੌਲਾ ਪਾਇਆ।

ਸਾਹਿਤਕਾਰ ਲਈ ਰਚਨਾਕਾਰੀ 'ਹੋਣ' ਦਾ ਪ੍ਰਾਜੈਕਟ ਹੁੰਦੀ ਹੈ। ਉਹਦੇ ਤਸੱਵਰ ਨਿੱਜ ਨਾਲ ਜੁੜੇ ਹੋਏ ਨਹੀਂ ਹੁੰਦੇ। ਅਜਿਹਾ ਸਾਹਿਤਕਾਰ ਆਪਣੀ ਕਲਾ ਤੇ ਵਿਚਾਰਾਂ ਦੀ ਤਾਜ਼ਗੀ ਦੇ ਜ਼ੋਰ 'ਤੇ ਵਿਸ਼ਵ ਪੱਧਰ ਤੱਕ ਪੁੱਜਦਾ ਹੈ। ਉਹਨੂੰ ਸਹਿਜੇ ਕੀਤੇ 'ਇਗਨੋਰ' ਕਰਨਾ ਸੌਖਾ ਨਹੀਂ ਹੁੰਦਾ। ਪਰ ਏਥੇ ਵੀ ਭਾਸ਼ਾ ਦੀ ਸਿਆਸਤ ਦਾ ਦਖ਼ਲ ਹੋਣ ਲੱਗਦਾ ਹੈ। ਜਿਹੜੇ ਲੇਖਕ ਯੌਰਪੀ ਭਾਸ਼ਾਵਾਂ 'ਚ ਲਿਖਦੇ ਹਨ, ਜਿਵੇਂ ਅੰਗਰੇਜ਼ੀ, ਫਰਾਂਸੀਸੀ, ਜਰਮਨ ਤੇ ਸਕੈਂਡੇਨੇਵੀਅਨ ਭਾਸ਼ਾਵਾਂ, ਜੋ ਬਹੁਤੀਆਂ ਇਕੋ ਸਭਿਆਚਾਰਕ ਇਤਿਹਾਸ ਰਾਹੀਂ ਵਿਕਸਤ ਹੋਈਆਂ ਹੁੰਦੀਆਂ ਹਨ, ਉਨ੍ਹਾਂ ਦੀ ਹੀ ਗਿਣਤੀ ਹੁੰਦੀ ਹੈ। ਜਦ ਏਸ਼ੀਆ ਦੇ ਕਿਸੇ ਸਾਹਿਤਕਾਰ ਨੂੰ ਨੋਬਲ ਮਿਲਦਾ, ਜਿਵੇਂ ਕਿ ਵੀ ਐਸ ਨਾਇਪਾਲ ਨੂੰ ਮਿਲਿਆ, ਉਹਦੀ ਰਗ ਅਕਸਰ ਯੌਰਪੀ ਹੁੰਦੀ ਹੈ। ਨੋਬਲ ਕਮੇਟੀ ਦਾ ਉਲਾਰ ਇਸ ਗੱਲ ਤੋਂ ਵੀ ਦਿਸਦਾ ਹੈ ਕਿ ਸਵੀਡਨ ਦੇ ਨੋਬਲ ਪ੍ਰਾਪਤ ਸਾਹਿਤਕਾਰਾਂ ਦੀ ਗਿਣਤੀ ਕੁੱਲ ਏਸ਼ੀਆ ਦੇ ਪੁਰਸਕ੍ਰਿਤ ਸਾਹਿਤਕਾਰਾਂ ਨਾਲੋਂ ਜ਼ਿਆਦਾ ਹੈ। ਇਸ ਪੁਰਸਕਾਰ ਦਾ ਨਿਰਮਾਤਾ ਐਲਫਰਡ ਨੋਬਲ ਆਪ ਸਵੀਡਨ ਦਾ ਰਹਿਣ ਵਾਲਾ ਸੀ ਅਤੇ ਇਨਾਮ ਦੇਣ ਵਾਲੀ ਕਮੇਟੀ ਸਵੀਡਸ਼ ਸਾਹਿਤਕਾਰਾਂ ਦੀ ਹੁੰਦੀ ਹੈ।

ਅਰੰਭਕ ਵਰ੍ਹਿਆਂ ਦੀ 'ਆਦਰਸ਼ਵਾਦੀ' ਅਤੀ ਤੋਂ ਬਾਦ ਨੋਬਲ ਕਮੇਟੀ ਦਾ ਰਵੱਈਆ ਜ਼ਿਆਦਾ ਖੁੱਲ੍ਹ ਵਾਲਾ ਹੋ ਜਾਂਦਾ ਹੈ। ਪਿਛਲੇ ਕੁਝ ਸਮੇਂ ਤੋਂ, ਜਦ ਤੋਂ ਸੋਵੀਅਤ ਯੂਨੀਅਨ ਟੁੱਟਾ ਹੈ, ਜ਼ੋਰ ਕਲਾਤਮਿਕ ਜਟਿਲਤਾਵਾਂ 'ਚ ਸਫ਼ਲ ਹੋਣ ਵਾਲੀ ਰਚਨਾਕਾਰੀ 'ਤੇ ਦਿੱਤਾ ਜਾਣ ਲੱਗ ਪਿਆ ਹੈ। ਸਰਵ-ਮਾਨਵੀ ਪ੍ਰਸੰਗ ਅਤੇ ਕਲਾਤਮਿਕ ਪੁੱਖਤਗੀ ਦਾ ਸੁਮੇਲ ਨੋਬਲ ਕਮੇਟੀ ਦਾ ਪ੍ਰਤੀਮਾਨ ਬਣ ਗਿਆ। ਬਹੁਤ ਸਾਰੇ ਅਜਿਹੇ ਸਾਹਿਤਕਾਰਾਂ ਨੂੰ ਨੋਬਲ ਇਨਾਮ ਦਿੱਤਾ ਗਿਆ ਜਿਨ੍ਹਾਂ ਨੂੰ ਇਸ ਪੁਰਸਕਾਰ ਦੀ ਕਦੀ ਤਵੱਕੋ ਵੀ ਨਹੀਂ ਸੀ। ਉਨ੍ਹਾਂ ਦੀ ਕਲਮ ਦੀ ਵਿਜੈ ਹੀ ਸਵੈ ਦੀ ਤਾਕਤ ਸੀ। ਅਮਰੀਕਾ ਦੇ ਵਿਲੀਅਮ ਫੌਕਨਰ ਨੂੰ ਜਦ ਨੋਬਲ ਇਨਾਮ ਦੇਣ ਦਾ ਫੈਸਲਾ ਹੋਇਆ ਤਾਂ ਇਸ ਵਿਚ ਕਿਸੇ ਨੂੰ ਹੈਰਾਨੀ ਨਾ ਹੋਈ। ਨਾ ਫੌਕਨਰ ਨੂੰ ਇਹਦੀ ਕੋਈ ਜ਼ਿਆਦਾ ਖੁਸ਼ੀ ਹੋਈ ਕਿਉਂਕਿ ਉਹ ਆਪਣੇ ਬਿਰਤਾਂਤ ਦੀ ਬੇਮਿਸਾਲ ਪੁੱਖਤਗੀ ਰਾਹੀਂ ਨੋਬਲ ਤੋਂ ਕਿਤੇ ਵੱਧ ਸ਼ੁਹਰਤ ਹਾਸਲ ਕਰ ਚੁੱਕਾ ਸੀ। ਇਵੇਂ ਹੀ ਨਾਟਕਕਾਰ ਆਰਥਰ ਮਿੱਲਰ ਨੂੰ ਇਹ ਇਨਾਮ ਕਦੇ ਨਾ ਦਿੱਤਾ ਗਿਆ। ਜੋ ਨੋਬਲ ਕਮੇਟੀ ਦੀ ਸੂਖਮ ਸਿਆਸਤ ਨੂੰ ਸਮਝਦੇ ਹਨ ਉਨ੍ਹਾਂ ਦਾ ਕਹਿਣਾ ਹੈ ਕਿ ਮਿੱਲਰ ਨੂੰ ਪੁਰਸਕਾਰ ਨਾ ਦੇਣ ਦਾ ਕਾਰਨ ਉਹਦਾ ਖੱਬੇਪਖੀ ਵਿਚਾਰਾਂ ਦਾ ਹੋਣਾ ਹੈ। ਜਦੋਂ ਆਰਥਰ ਮਿੱਲਰ ਆਪਣੇ ਨਾਟਕਾਂ 'ਇਕ ਸੇਲਜ਼ਮੈਨ ਦੀ ਮੌਤ' ਅਤੇ 'ਆਲ ਮਾਈ ਸਨਜ਼' ਰਾਹੀਂ ਧੁੰਮਾਂ ਪਾ ਰਿਹਾ ਸੀ ਤਾਂ ਉਸ 'ਤੇ ਅਮਰੀਕੀ ਸਿਆਸੀ ਸਥਾਪਨਾ ਵਲੋਂ ਕਮਿਊਨਿਸਟ ਹੋਣ ਦਾ ਦੋਸ਼ ਲਗਾਇਆ ਗਿਆ। ਮਿੱਲਰ ਲਈ ਇਹ ਇਨਾਮ, ਉਹਦੀ ਵਿਸ਼ਵ ਮਹਿਮਾ ਨੂੰ ਦੇਖਦੇ, ਤੁੱਛ ਸੀ। ਵਿਚਾਰ ਇਹ ਵੀ ਬਣਿਆ ਹੋਇਆ ਹੈ, ਅਤੇ ਸਵੀਡਸ਼ ਅਕਾਦਮੀ ਵਾਲੇ ਇਹ ਕਹਿੰਦੇ ਵੀ ਹਨ ਕਿ ਬੁਲੰਦ ਸਾਹਿਤ ਦਾ ਕੇਂਦਰ ਯੌਰਪ ਹੈ। ਪਿਛਲੇ ਸਾਲ ਫਰਾਂਸ ਦੇ ਗੁਸਤਾਵ ਕਲੇਜ਼ੀਓ ਨੂੰ ਅਤੇ ਇਸ ਵਾਰ ਰੋਮਾਨੀਆ 'ਚ ਜਨਮੀ ਜਰਮਨ ਲੇਖਿਕਾ ਹਰਤਾ ਮੂੱਲਰ ਨੂੰ ਸਾਹਿਤ ਦਾ ਨੋਬਲ ਦਿੱਤਾ ਗਿਆ। ਉਸ ਤੋਂ ਪਹਿਲਾਂ ਇੰਗਲੈਂਡ ਦੀ ਡੋਰਿਸ ਲੈਸਿੰਗ ਨੂੰ ਪੁਰਸਕ੍ਰਿਤ ਕੀਤਾ। ਇਹ ਗੱਲ ਸਾਬਤ ਕਰਦੀ ਹੈ ਕਿ ਭਾਸ਼ਾ ਦੀ ਰਾਜਨੀਤੀ ਕਿਵੇਂ ਕੰਮ ਕਰਦੀ ਹੈ। ਯੌਰਪੀ ਭਾਸ਼ਾਵਾਂ ਦੀ ਚੜ੍ਹਤ ਏਸ਼ੀਆ/ਅਫਰੀਕਾ ਨੂੰ ਪਛਾੜ ਰਹੀ ਹੈ। ਵੀ ਐਸ ਨਾਇਪਾਲ ਜੇ ਕਿਸੇ ਭਾਰਤੀ ਭਾਸ਼ਾ ਦਾ ਸਾਹਿਤਕਾਰ ਹੁੰਦਾ ਤਾਂ ਨੋਬਲ ਉਹਨੂੰ ਕਦੇ ਨਾ ਮਿਲਦਾ। ਜੇ ਹਿੰਦੀ ਦਾ ਬਿਰਤਾਂਤਕਾਰ ਨਿਰਮਲ ਵਰਮਾ ਏਨੀ ਹੀ ਪੁੱਖਤਗੀ ਨਾਲ ਅੰਗਰੇਜ਼ੀ 'ਚ ਲਿਖਦਾ, ਜਾਂ ਜੇ ਉਹ ਯੌਰਪੀ ਹੁੰਦਾ ਤਾਂ ਨੋਬਲ ਇਨਾਮ ਉਸਨੂੰ ਮਿਲ ਜਾਂਦਾ। ਪਿਛਲੇ ਵਰ੍ਹੇ ਅਤੇ ਇਸ ਵਰ੍ਹੇ ਪੁਰਸਕਾਰ ਦਾ ਐਲਾਨ ਕਰਨ ਵੇਲੇ ਸਾਹਿਤਕਾਰਾਂ ਦੀਆਂ ਜੋ ਖੂਬੀਆਂ ਦੱਸੀਆਂ ਗਈਆਂ ਹਨ ਉਹ ਖੂਬੀਆਂ ਅੱਜ ਤੋਂ ਤਿੰਨ ਦਹਾਕੇ ਪਹਿਲਾਂ ਨਿਰਮਲ ਵਰਮਾ ਦੇ ਬਿਰਤਾਂਤ 'ਚ ਮਿਲਦੀਆਂ ਹਨ ਪਰ ਨਿਰਮਲ ਵਰਮਾ ਨੂੰ ਨਾਮਵਰ ਸਿੰਘ ਦੀ ਘਟੀਆ ਸਿਆਸਤ ਕਰਕੇ ਗਿਆਨ ਪੀਠ ਵੀ ਗੁਰਦਿਆਲ ਸਿੰਘ ਨਾਲ ਸਾਂਝਾ ਕਰਨਾ ਪਿਆ।

ਇਹ ਮੰਨ ਕੇ ਚਲਣਾ ਚਾਹੀਦਾ ਹੈ ਕਿ ਪੁਰਸਕਾਰ ਦਾ ਉੱਤਮ ਸਾਹਿਤਕਾਰ ਲਈ ਕੋਈ ਅਰਥ ਨਹੀਂ। ਬਹੁਤੀ ਵੇਰ ਪੁਰਸਕਾਰ ਉਹਦਾ ਘਾਣ ਕਰਦਾ ਹੈ। ਘਾਣ, ਦਰਅਸਲ, ਉਸ ਦਾ ਹੁੰਦਾ ਹੈ ਜੋ ਲਕੜ ਦਾ ਘੋੜਾ ਹੋਵੇ। ਉਹ ਦੋ ਨੰਬਰ ਦਾ ਲੇਖਕ ਹੁੰਦਾ ਹੈ। ਇਨਾਮ ਲੈ ਕੇ ਵਿਹਲਾ ਹੋ ਜਾਂਦਾ ਹੈ। ਪੰਜਾਬੀ 'ਚ ਬਾਵਾ ਬਲਵੰਤ ਨੂੰ ਕੋਈ ਪੁਰਸਕਾਰ ਨਹੀਂ ਦਿੱਤਾ ਗਿਆ। ਅੱਜ ਉਹ ਹਰ ਪੁਰਸਕਾਰ ਤੋਂ ਉੱਪਰ ਹੈ। ਪੰਜਾਬੀ 'ਚ ਜਿਨ੍ਹਾਂ ਨੂੰ ਗਿਆਨ ਪੀਠ ਜਾਂ ਸਰਸਵਤੀ ਐਵਾਰਡ ਮਿਲਿਆ ਉਨ੍ਹਾਂ ਦੇ ਬਿੰਬ ਨੂੰ ਸੱਟ ਵੱਜੀ ਹੈ ਕਿਉਂਕਿ ਉਹ ਅੱਵਲ ਦਰਜੇ ਦੇ ਸਾਹਿਤਕਾਰ ਨਹੀਂ ਕਹੇ ਜਾ ਸਕਦੇ। ਸੰਤ ਸਿੰਘ ਸੇਖੋਂ ਨੂੰ ਅੰਮ੍ਰਿਤਾ ਪ੍ਰੀਤਮ ਨੇ ਕਿੰਨੇ ਸਾਲ ਇਨਾਮ ਨਹੀਂ ਲੈਣ ਦਿੱਤਾ। ਸੇਖੋਂ ਦੀ ਅਹਿਮੀਅਤ ਵੱਧਦੀ ਗਈ ਤੇ ਅੰਮ੍ਰਿਤਾ ਦਾ ਸਿਵਾਏ ਇਮਰੋਜ਼ ਦੇ ਕੋਈ ਨਾਂ ਨਹੀਂ ਲੈਂਦਾ। ਕਮਾਲ ਸਾਡੇ



ਹਰਤਾ ਮੂਲਰ

ਪੰਜਾਬੀ 'ਚ ਹੋਰ ਇਹ ਵਾਪਰੀ ਕਿ ਜਦ ਮਨਜੀਤ ਟਿਵਾਣਾ ਨੂੰ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ ਉਦੋਂ ਪਾਸ਼ ਦੀ ਕਿਤਾਬ 'ਸਾਡੇ ਸਮਿਆਂ ਵਿਚ' ਵੀ ਸਿਖਰਲੀ ਸੂਚੀ 'ਚ ਸੀ। ਸਥਿਤੀ ਦਾ ਵਿਅੰਗ ਦੇਖੋ: ਪਾਸ਼ ਬਨਾਮ ਮਨਜੀਤ ਟਿਵਾਣਾ!

ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲੇ ਸਿਖਰ ਦੇ ਪ੍ਰਤਿਭਾਸ਼ੀਲ ਸਾਹਿਤਕਾਰ ਵੀ ਹੋਏ ਹਨ। ਨੋਬਲ ਇਨਾਮ ਨੇ ਉਨ੍ਹਾਂ 'ਤੇ ਕੋਈ ਅਸਰ ਨਹੀਂ ਪਾਇਆ। ਪੁਰਸਕਾਰ ਪ੍ਰਾਪਤ ਕਰਕੇ ਉਹ ਵੱਡੇ ਨਹੀਂ ਬਣੇ, ਚਰਚਾ 'ਚ ਜ਼ਰੂਰ ਆਉਂਦੇ ਹਨ ਪਰ ਇਹ ਚਰਚਾ ਵਕਤੀ ਹੁੰਦੀ ਹੈ। ਤਾਲਸਤਾਏ, ਗੋਰਕੀ ਜਾਂ ਚੈਖਵ ਜਾਂ ਗਰਾਹਮ ਗਰੀਨ ਜਾਂ ਆਰਥਰ ਮਿਲਰ ਕਿਸੇ ਵੀ ਨੋਬਲ ਤੋਂ ਵੱਡੇ ਹਨ, ਤੇ ਰਹਿਣਗੇ।

ਨੋਬਲ ਕਮੇਟੀ ਨੇ ਕੁਝ ਇਨਾਮ ਵਿਰੋਧੀ ਧਿਰ ਨੂੰ ਚਿੜਾਉਣ ਜਾਂ ਠਿਠ ਕਰਨ ਲਈ ਵੀ ਦਿੱਤੇ। ਬੋਰਿਸ ਪਾਸਤਰਨਾਕ ਨੂੰ ਪੁਰਸਕਾਰ ਜਦ ਸੁਣਾਇਆ ਗਿਆ ਤਾਂ ਇਹਨੇ ਵਿਸ਼ਵ ਰਾਜਨੀਤੀ 'ਚ ਖਲਲ ਪੈਦਾ ਕਰ ਦਿੱਤਾ। ਜੋ ਕੰਮ ਅਮਰੀਕਾ ਦਾ ਪ੍ਰਚਾਰ ਵਿਭਾਗ ਅਰਬਾਂ ਡਾਲਰ ਖਰਚ ਕੇ ਕਰਦਾ ਰਿਹਾ ਸੀ, ਉਹ ਨੋਬਲ ਕਮੇਟੀ ਨੇ ਕਰ ਦਿੱਤਾ। ਸਤਹ 'ਤੇ ਇਰਾਦਾ ਮਾਨਵੀ ਹੱਕਾਂ ਦੀ ਪੈਰਵਾਈ ਕਰਨਾ ਸੀ।

ਕੋਈ ਵੀ ਵੱਡਾ ਲੇਖਕ ਅਜਿਹਾ ਨਹੀਂ ਹੁੰਦਾ ਜੋ ਸਥਾਪਨਾ ਦੀ ਭਾਸ਼ਾ ਨੂੰ ਨਹੀਂ ਤੋੜਦਾ। ਇਹਦੇ ਲਈ ਉਹ ਕੀਮਤ ਦੇਂਦਾ ਹੈ। ਪ੍ਰਾਪਤੀ ਜਾਂ ਸਫਲਤਾ ਆਦਿ ਕੈਰੀਅਰਵਾਦੀ ਸੰਕਲਪ ਹਨ, ਨਿਮਨ ਪੱਧਰ ਦੇ ਬੁਰਜੂਆ ਸੰਕਲਪ। ਸਾਹਿਤਕਾਰ ਜਾਂ ਕਲਾਕਾਰ ਵੱਖਰਾ ਜੇ ਹੈ ਤਾਂ ਇਸ ਕਰਕੇ ਕਿ ਉਹਦੇ ਹੋਣ ਸੋਚਣ ਦੀ ਸ਼ੈਲੀ ਆਮ ਬੁਰਜੂਆ ਮਨੁੱਖ ਜਿਹੀ ਨਹੀਂ ਹੋ ਸਕਦੀ। ਨੋਬਲ ਪੁਰਸਕਾਰ ਦੀ ਤਹਿ 'ਚ 'ਬਦਮਾਸ਼ੀ' ਵਾਲਾ ਕੰਮ ਇਹਦੇ ਰਾਹੀਂ ਮਿਲਣ ਵਾਲੀ ਰਾਸ਼ੀ ਕਰਦੀ ਹੈ, ਜਿਵੇਂ ਪੰਜਾਬੀ 'ਚ ਭਾਸ਼ਾ ਵਿਭਾਗ ਨੇ ਜਦ ਤੋਂ ਇਨਾਮਾਂ ਦੀ ਰਾਸ਼ੀ ਵਧਾਈ ਹੈ ਆਪੋਧਾਪੀ ਵੀ ਵੱਧ ਗਈ ਹੈ। ਨੋਬਲ ਪੁਰਸਕਾਰ ਨੂੰ ਵੱਡਾ ਵੀ ਇਹਦੇ ਰਾਹੀਂ ਪ੍ਰਾਪਤ ਹੋਣ ਵਾਲੀ 40 ਕਰੋੜ ਦੀ ਰਾਸ਼ੀ ਕਰਕੇ ਮੰਨਿਆ ਜਾਂਦਾ ਹੈ। ਇਹ ਰਾਸ਼ੀ ਕਿਸੇ ਵੀ ਸਾਹਿਤਕਾਰ ਨੂੰ 'ਨਰਮ' ਕਰ ਸਕਦੀ ਹੈ। ਵੱਡੀ ਮਿਸਾਲ ਆਲਬੇਅਰ ਕਾਮੂ ਦੀ ਹੈ।

ਜਦੋਂ ਕਾਮੂ ਨੂੰ ਪੁਰਸਕਾਰ ਦੇਣ ਦਾ ਐਲਾਨ ਹੋਇਆ ਤਾਂ ਉਹ ਨਮੋਸ਼ੀ ਵਿਚ ਡੁੱਬ ਗਿਆ। ਨਮੋਸ਼ੀ ਇਸ ਗੱਲ ਦੀ ਕਿ ਉਹਦਾ ਯਾਂ ਪੋਲ ਸਾਰਤਰ ਨਾਲ ਵਿਚਾਰਧਾਰਕ ਤਕਰਾਰ ਚਲ ਰਿਹਾ ਸੀ। ਕਾਮੂ ਆਪਣੀ ਯੁਵਕ ਅਵਸਥਾ 'ਚ ਕਮਿਊਨਿਸਟ ਵਿਚਾਰਾਂ ਦਾ ਸੀ; ਬਾਅਦ ਵਿਚ ਜਦ ਉਹਨੇ ਸਤਾਲਿਨ ਦੇ ਸੋਵੀਅਤ ਯੂਨੀਅਨ 'ਚ ਕਾਰਨਾਮੇ ਸੁਣੇ ਤਾਂ ਉਹਦਾ ਪੰਗਾ ਸਾਰਤਰ ਨਾਲ ਪੈ ਗਿਆ। ਕਾਮੂ ਦਾ ਲਾਜਵਾਬ ਰਚਨਾਵਾਂ ਕਰਕੇ ਕਾਫੀ ਨਾਂ ਹੋ ਗਿਆ ਸੀ, ਪਰ ਸਾਰਤਰ ਦਾ ਨਾਂ ਉਹਦੇ ਨਾਲੋਂ ਵੀ ਉੱਚਾ ਮੰਨਿਆ ਜਾਂਦਾ ਸੀ। ਸਾਰਤਰ ਤੇ ਕਾਮੂ ਦੋਵੇਂ ਤਬਦੀਲੀਕਾਰ ਐਕਟੀਵਿਸਟ ਸਨ। ਸਾਰਤਰ ਆਪਣੇ ਯੁੱਗ ਦੀ ਜ਼ਮੀਰ ਸੀ, ਸਮੂਹ ਮਾਨਵੀ ਸੰਕਟਾਂ ਨੂੰ ਮੁਖ਼ਾਤਿਬ ਹੋਣ ਵਾਲਾ ਐਕਟੀਵਿਸਟ। ਕਾਮੂ ਦੀ ਸੋਚ-ਕੁੰਡੀ ਪੱਛਮ ਦੇ ਸ਼ਖ਼ਸੀ ਆਜ਼ਾਦੀ ਦੇ ਸੰਕਲਪ 'ਚ ਬੁਰੀ ਤਰ੍ਹਾਂ ਫਸੀ ਹੋਈ ਸੀ ਤੇ ਵਿਰਾਟ ਪੱਧਰ 'ਤੇ ਪੈਦਾ ਹੋਣ ਵਾਲੇ ਪਰਿਪੇਖ ਨੂੰ ਇਗਨੋਰ ਕਰ ਰਹੀ ਸੀ। ਸਮੇਂ ਨਾਲ ਕਾਮੂ ਬਾਂਹ-ਕੁਰਸੀ ਸਾਹਿਤਕਾਰ/ਚਿੰਤਕ ਬਣ ਗਿਆ ਸੀ, ਜੋ ਆਪਣੇ ਆਪ 'ਚ ਉਹਦੀ ਦਿਆਨਤਦਾਰੀ ਦੀ ਹੀ ਦੱਸ ਪਾਉਂਦਾ ਸੀ। ਉਹ ਸਤਾਲਿਨ ਦੇ ਬੇਤਹਾਸ਼ਾ ਤਸ਼ੱਦਦ ਕਰਕੇ ਸਕਤੇ 'ਚ ਖੁੱਭ ਚੁੱਕਾ ਸੀ ਕਿ ਮਾਨਵ ਜਾਤੀ ਕੋਲ ਹੁਣ ਕਿਹੜਾ ਰਾਹ ਬਚਿਆ ਹੋਇਆ ਹੈ? ਕਿਹੜਾ ਰਾਹ ਸਹੀ ਹੈ, ਕੋਈ ਰਾਹ ਹੈ ਵੀ ਜਾਂ ਨਹੀਂ? ਜਾਂ ਮਾਨਵ ਸਥਿਤੀ 'ਐਬਸਰਡ' ਹੈ। ਸਾਰਤਰ ਦਾ ਵਿਚਾਰ ਸੀ ਬਾਕੀ ਸੁਆਲ ਬਾਦ 'ਚ ਵਿਚਾਰੇ ਜਾ ਸਕਦੇ ਹਨ, ਬੁਨਿਆਦੀ ਸੁਆਲ ਉਸ ਸੀਨਾਜ਼ੋਰੀ ਤੋਂ ਮੁਕਤ ਹੋਣ ਦਾ ਹੈ ਜੋ ਯੌਰਪੀ ਪੂੰਜੀ ਦਾ ਸਾਮਰਾਜਵਾਦ ਫੈਲਾ ਰਿਹਾ ਹੈ। ਸਾਰਤਰ ਨੇ ਯੌਰਪੀ ਯੂਥ ਤੋਂ ਇਲਾਵਾ ਏਸ਼ੀਆ ਅਫਰੀਕਾ ਦੇ ਚਿੰਤਕਾਂ ਦੀ ਸੋਚ 'ਚ ਫਰਕ ਪੈਦਾ ਕੀਤਾ। ਉਹ ਸਹੀ ਅਰਥਾਂ ਵਿਚ ਚਿੰਤਕ-ਐਕਟੀਵਿਸਟ ਸੀ। ਯੌਰਪ 'ਚ ਇਨ੍ਹਾਂ ਦੋਵਾਂ ਨਾਵਾਂ ਦੁਆਲੇ ਵਿਚਾਰ ਚਰਚਾ ਭਖੀ ਹੋਈ ਸੀ। ਸਵੀਡਸ਼ ਅਕਾਦਮੀ ਵਾਲਿਆਂ ਨੇ ਅਚਾਨਕ 43 ਸਾਲਾਂ ਦੇ ਕਾਮੂ ਨੂੰ ਨੋਬਲ ਪੁਰਸਕਾਰ ਦੇਣ ਦਾ ਫੈਸਲਾ ਕੀਤਾ। ਅਸਲ 'ਚ ਇਹ ਫੈਸਲਾ ਅਸਿੱਧੇ ਢੰਗ ਨਾਲ ਕਾਮੂ-ਸਾਰਤਰ ਦੇ ਵਿਚਾਰਧਾਰਕ ਤਕਰਾਰ 'ਚ ਕਾਮੂ ਨੂੰ ਦਰੁਸਤ ਦੱਸਣਾ ਸੀ। ਅਜਿਹਾ ਕਰਦਿਆਂ ਨੋਬਲ ਵਾਲਿਆਂ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡੇ। ਉਨ੍ਹਾਂ ਲਈ ਸਿਆਸੀ ਨਿਸ਼ਾਨਾ ਕਿਤੇ ਜ਼ਿਆਦਾ ਅਹਿਮ ਸੀ।

ਅਕਾਦਮੀ ਨੇ ਇਕ ਪਾਸੇ ਕਾਮੂ ਦੀ ਅਪਾਰ ਰਚਨਾਤਮਿਕ ਬੁਲੰਦੀ ਦੀ ਨਿਸ਼ਾਨਦੇਹੀ ਕੀਤੀ ਅਤੇ ਨਾਲ ਹੀ ਸਾਰਤਰ ਦੇ ਖੱਬੇ-ਪੱਖੀ ਦਰਸ਼ਨ ਨੂੰ ਨਕਾਰ ਦਿੱਤਾ। ਸਾਰਤਰ ਦੇ ਪ੍ਰਸ਼ੰਸਕ ਖੁਸ਼ ਸਨ ਕਿ ਕਾਮੂ ਨੂੰ ਸਮਰਥਨ ਦੇਣ ਵਾਲੀ ਅਜਿਹੀ ਸੰਸਥਾ ਹੈ ਜਿਸ ਦਾ ਸਿਆਸੀ ਖਾਸਾ ਸ਼ੱਕੀ ਹੈ। ਇਸ ਅਕਾਦਮੀ ਨਾਲ ਜੁੜ ਕੇ ਕਾਮੂ ਦੇ ਰੁਤਬੇ ਨੂੰ ਢਾਹ ਲੱਗਦੀ ਸੀ। ਉਹ ਨੈਤਿਕ ਟੀਸੀ 'ਤੇ ਇਸ ਪੁਰਸਕਾਰ ਨੂੰ ਰੱਦ ਕਰਕੇ ਹੀ ਬੈਠ ਸਕਦਾ ਸੀ। ਇਸ ਘੁੰਡੀ ਕਰਕੇ ਕਾਮੂ 'ਡਿਪਰੈਸ਼ਨ' ਦਾ ਸ਼ਿਕਾਰ ਹੋ ਗਿਆ। ਸੁਆਲ ਸੀ ਪੁਰਸਕਾਰ ਤੋਂ ਛੁਟਕਾਰਾ ਕਿਵੇਂ ਪਾਇਆ ਜਾਵੇ। ਅੰਤ ਜਿਸ ਗੱਲ ਨੇ ਉਸ ਨੂੰ ਪੁਰਸਕਾਰ ਦੇ ਹੱਕ 'ਚ ਖੜਾ ਕੀਤਾ ਉਹ ਇਹਦੇ ਰਾਹੀਂ ਪ੍ਰਾਪਤ ਹੋਣ ਵਾਲੀ ਰਾਸ਼ੀ ਸੀ। ਜੋ ਕੰਮ ਕਾਮੂ ਨਾ ਕਰ ਸਕਿਆ ਉਹ ਸਾਰਤਰ ਨੇ ਕਰ ਦਿਖਾਇਆ। ਸਾਰਤਰ ਨੂੰ ਕਿੰਨੇ ਹੋਰ ਸਾਲ 'ਇਗਨੋਰ' ਕਰਕੇ ਸਵੀਡਸ਼ ਅਕਾਦਮੀ ਵਾਲੇ ਆਪਣੀ ਸਿਆਸਤ ਪੁਗਾਉਂਦੇ ਰਹੇ। ਸਾਰਤਰ ਨੂੰ ਫਰਕ ਪੈਣ ਵਾਲਾ ਨਹੀਂ ਸੀ। ਦੁਨੀਆਂ ਭਰ ਤੋਂ ਸਾਰਤਰ ਨੂੰ ਇਨਾਮ ਦੇਣ ਦੀਆਂ ਸਿਫਾਰਸ਼ਾਂ ਦਾ ਸਿਲਸਿਲਾ ਏਨਾ ਵੱਧ ਗਿਆ ਕਿ ਨੋਬਲ ਅਕਾਦਮੀ ਨੂੰ ਸਾਰਤਰ ਦੇ ਹੱਕ 'ਚ ਫੈਸਲਾ ਕਰਨਾ ਪਿਆ। ਸਾਰਤਰ ਨੂੰ ਭਿਣਕ ਪੈ ਗਈ। ਉਹਨੇ ਤਾਰ ਭੇਜੀ ਕਿ ਜੇ ਤੁਸੀਂ ਮੇਰੇ ਹੱਕ 'ਚ ਫੈਸਲਾ ਕੀਤਾ ਹੈ ਤਾਂ ਐਲਾਨ ਨਾ ਕੀਤਾ ਜਾਵੇ, ਮੈਂ ਇਹ ਪੁਰਸਕਾਰ ਸਵੀਕਾਰ ਨਹੀਂ ਕਰਾਂਗਾ। ਕਮੇਟੀ ਵਾਲਿਆਂ ਨੇ ਫਿਰ ਵੀ ਸਾਰਤਰ ਨੂੰ ਪੁਰਸਕਾਰ ਦੇਣ ਦਾ ਐਲਾਨ ਕਰ ਦਿੱਤਾ। ਕਾਰਨਾਮਾ ਇਹ ਦੇਖੋ ਕਿ ਸਾਰਤਰ ਦੀ ਗ਼ੈਰ-ਹਾਜ਼ਰੀ ਵਿਚ ਪੁਰਸਕਾਰ ਸਮਾਗਮ ਰਚਿਆ ਗਿਆ। ਸਾਰਤਰ

(ਅਗਲੇ ਸਫੇ 'ਤੇ ਜਾਰੀ)

# ਭੁਲਾਇਆ ਨਹੀਂ ਜਾ ਸਕੇਗਾ ਸੀਤਲ ਸਿੰਘ ਸੀਤਲ ਦੇ ਗੀਤਾਂ ਨੂੰ

## 'ਭਾਬੀ ਤੇਰੀ ਗੁੱਤ ਵਰਗਾ ਸੱਪ ਲੈ ਕੇ ਬੰਗਾਲੀ ਆਇਆ'

ਸਵਰਨ ਸਿੰਘ ਟਹਿਣਾ*


ਸਵਰਨ ਸਿੰਘ ਟਹਿਣਾ

ਪੰਜਾਬੀ ਗਾਇਕੀ ਦਾ ਚੌਮੁਖੀਆ ਦੀਵਾ ਸੀਤਲ ਸਿੰਘ ਸੀਤਲ ਜਵਾਨੀ ਵਿਚ ਲਟ-ਲਟ ਬਲ ਤੇ ਹਯਾਤੀ ਦੇ ਅੰਤਲੇ ਸਾਲਾਂ 'ਚ ਮੱਠੀ-ਮੱਠੀ ਲੋਅ ਵੰਡਦਾ ਪਿਛਲੇ ਦਿਨੀਂ ਇਕਦਮ ਬੁਝ ਗਿਆ। ਪੰਜਾਬੀ ਗਾਇਕੀ ਨੂੰ ਬੜੀ ਵੱਡੀ ਦੇਣ ਹੈ ਉਸਦੀ। ਐਲ.ਪੀ. ਰਿਕਾਰਡਾਂ ਵਾਲੇ ਹਮਉਮਰ ਗਾਇਕਾਂ ਵਾਂਗ ਕੈਸਿਟ ਕਲਚਰ ਦੇ ਯੁੱਗ ਨੇ ਉਸ ਨੂੰ ਐਸੀ ਠਿੱਬੀ ਲਾਈ ਕਿ ਅਖੀਰ ਤੱਕ ਉਹ ਮੁੜ ਪਹਿਲਾਂ ਵਾਲਾ ਸਮਾਂ ਦੇਖਣ ਲਈ ਜੂਝਦਾ ਰਿਹਾ। ਪਰ ਦੇਰ ਬਹੁਤ ਹੋ ਗਈ ਸੀ, ਗਾਇਕੀ ਪੈਸਾ ਪ੍ਰਧਾਨ ਹੋ ਚੁੱਕੀ ਸੀ, ਸਿੱਟੇ ਵਜੋਂ ਉਸ ਦੀਆਂ ਆਸਾਂ ਨੂੰ ਬੂਰ ਨਾ ਲੱਗਾ। ਥੋੜ੍ਹਾ ਕੁ ਗਰਮ ਮਿਜ਼ਾਜ਼, ਬਣ-ਠਣ ਕੇ ਰਹਿਣ ਵਾਲਾ ਸੀਤਲ ਸਿੰਘ ਸੀਤਲ ਕੋਟਕਪੂਰੇ ਦੇ ਗੀਤਕਾਰ ਅਮਰ ਸਿੰਘ ਮਸਤਾਨਾ ਦਾ ਗੁਰਭਾਈ ਜਾਪਦਾ ਸੀ ਕਿਉਂਕਿ ਦੋਹਾਂ ਦਾ ਚਿਹਰਾ-ਮੋਹਰਾ ਇੱਕੋ ਜਿਹਾ ਸੀ।

ਸੀਤਲ ਨੇ ਜ਼ਿੰਦਗੀ ਨੂੰ ਹੱਸ ਕੇ ਜੀਵਿਆ, ਮੁਸ਼ਕਲ ਘੜੀ 'ਚ ਹੌਸਲਾ ਨਾ ਹਾਰਿਆ। ਉਸ ਨਾਲ ਜਦੋਂ ਵੀ ਮੁਲਾਕਾਤ ਹੋਈ, ਉਹ ਯੋਜਨਾਵਾਂ 'ਚ ਮਸਤ ਦਿਸਿਆ। ਮੀਡੀਏ ਦਾ ਉਹ ਬੜਾ ਕਦਰਦਾਨ ਸੀ ਤੇ ਪੁਰਾਣੀਆਂ ਯਾਦਾਂ ਨੂੰ ਚੇਤੇ ਕਰਕੇ ਗਦ-ਗਦ ਹੋ ਉਠਦਾ। ਲੰਘਿਆ ਵੇਲ਼ਾ ਚੇਤੇ ਕਰਦਿਆਂ ਉਸ ਦੀਆਂ ਅੱਖਾਂ 'ਚ ਅਵੱਲੀ ਜਿਹੀ ਚਮਕ ਆ ਜਾਂਦੀ...ਬਾਦਸ਼ਾਹਾਂ ਵਾਂਗ। ਉਸ ਨੇ ਸਿਰੇ ਦਾ ਚੰਗਾ ਵੇਲ਼ਾ ਵੀ ਦੇਖਿਆ ਤੇ ਰੱਜ ਕੇ ਗਰੀਬੀ ਵੀ। ਇੱਕ ਵੇਲ਼ਾ ਅਜਿਹਾ ਸੀ ਜਦੋਂ ਉਹ ਲੁਧਿਆਣਾ ਮੰਡੀ ਦਾ ਸਭ ਤੋਂ ਅਮੀਰ ਗਵੱਈਆ ਹੁੰਦਾ ਸੀ, ਫੇਰ ਉਹ ਵਕਤ ਵੀ ਆਇਆ ਜਦੋਂ ਦੋ ਡੰਗ ਦੀ ਰੋਟੀ ਵੀ ਔਖਿਆਂ ਹੋ ਕੇ ਜੁੜਦੀ ਹੈ। ਉਹ ਨੇ ਹਰ ਸ਼ੌਕ ਪੂਰਾ ਕੀਤਾ, ਕੋਈ ਰੀਝ ਤ੍ਰਿਹਾਈ ਨਾ ਛੱਡੀ, ਕਲਾਕਾਰਾਂ ਵਾਲਾ ਹਰ ਲੁਤਫ਼ ਲਿਆ, ਪਰ ਮਾਨਸਿਕ ਝਮੇਲਿਆਂ ਦੇ ਚੱਲਦਿਆਂ ਉਸ ਦੇ ਸਾਹਾਂ ਦੀ ਡੋਰ ਟੁੱਟ ਗਈ।

ਸੀਤਲ ਸਿੰਘ ਦੀ ਮੌਤ ਵਾਲੇ ਦਿਨ ਜਦੋਂ ਪਹਿਲਾ ਸੋਗਮਈ ਫ਼ੋਨ ਆਇਆ ਤਾਂ ਅੱਖਾਂ ਅੱਗੇ ਉਸ ਨਾਲ ਬਿਤਾਏ ਵਕਤ ਦੀ ਰੀਲ੍ਹ ਚੱਲ ਪਈ। ਪਹਿਲੇ ਦਿਨ ਦੀ ਮਿਲਣੀ ਚੇਤੇ ਆਉਣ ਲੱਗੀ। 'ਸੁਰਾਂ ਦੇ ਵਾਰਿਸ' ਪੁਸਤਕ ਵਿਚ ਉਸ ਨੂੰ ਸ਼ਾਮਲ ਕਰਨ ਲਈ ਨੂਰਮਹਿਲ ਜਾਣ ਵਾਲਾ ਦਿਨ ਚੇਤੇ ਆ ਗਿਆ। ਜਦੋਂ ਉਸ ਨੂੰ ਦੱਸਿਆ ਕਿ ਉਨ੍ਹਾਂ ਗਵੱਈਆਂ 'ਤੇ ਕਿਤਾਬ ਤਿਆਰ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀ ਤਵਿਆਂ ਵਾਲੇ ਯੁੱਗ ਵਿਚ ਗਾਇਕੀ ਨੂੰ ਵੱਡੀ ਦੇਣ ਹੈ, ਪਰ ਅੱਜ ਉਹ ਗੁਰਬਤ ਭਰੀ ਜ਼ਿੰਦਗੀ ਜੀਅ ਰਹੇ ਨੇ, ਉਨ੍ਹਾਂ ਦੀ ਪਛਾਣ ਖੁੱਸ ਚੁੱਕੀ ਹੈ, ਕੋਈ ਸਾਰ ਨਹੀਂ ਲੈਂਦਾ ਉਨ੍ਹਾਂ ਦੀ, ਤਾਂ ਉਹ 'ਵਧੀਆ ਕੰਮ ਐ...ਵਧੀਆ ਕੰਮ ਐ...' ਕਹਿਣ ਸਾਰ ਬੋਲਿਆ, 'ਮੇਰੇ ਕੋਲ ਤਾਂ ਪ੍ਰੋਗਰਾਮ ਹੈਗੇ ਆ...ਮੇਰੀ ਪਛਾਣ ਤਾਂ ਨਹੀਂ ਖੁੱਸੀ...ਜੀਹਨੂੰ ਮਰਜ਼ੀ ਪੁੱਛ ਲਵੋ...।'

ਜਿਸ ਨੇ ਚੰਗਾ ਵੇਲ਼ਾ ਦੇਖਿਆ ਹੁੰਦੈ, ਉਹ 'ਮਾੜਾ' ਮੰਨਣ ਨੂੰ ਤਿਆਰ ਨਹੀਂ ਹੁੰਦਾ। ਸਭ ਜਾਣਦੇ ਨੇ ਕਿ ਅੱਜ ਪੁਰਾਣੇ ਕਲਾਕਾਰਾਂ ਦੀ ਕੋਈ ਪੁੱਛ-ਪ੍ਰਤੀਤ ਨਹੀਂ ਰਹੀ, ਇੱਥੋਂ ਤੱਕ ਕਿ ਜਿਹੜੇ ਗਵੱਈਏ ਸਾਲ 'ਚ ਵੀਹ-ਵੀਹ ਲੱਖ ਰੁਪਿਆ ਕੈਸਿਟਾਂ 'ਤੇ ਲਾਉਂਦੇ ਨੇ, ਉਨ੍ਹਾਂ ਨੂੰ ਵੀ ਕੋਈ ਨਹੀਂ ਪੁੱਛਦਾ ਤਾਂ ਕਿਸੇ ਦਾ ਚੇਤਾ ਏਨਾ ਨਰੋਆ ਕਿਵੇਂ ਹੋ ਸਕਦੈ ਕਿ ਵੀਹ-ਪੱਚੀ ਸਾਲ ਪਹਿਲਾਂ ਵਾਲੇ ਗਾਇਕ ਨੂੰ ਚੇਤੇ ਰੱਖੇ।



ਮੈਂ ਆਖਿਆ, 'ਹਾਂ...ਹਾਂ...ਪਰ ਮੇਰਾ ਇਰਾਦਾ ਏ ਕਿ ਤੁਹਾਡੇ ਬਾਰੇ ਵੀ ਕਿਤਾਬ 'ਚ ਲਿਖਿਆ ਜਾਵੇ...ਤੁਹਾਡੇ ਸਮਕਾਲੀ ਚਤਰ ਸਿੰਘ ਪਰਵਾਨਾ, ਮਿਰਜ਼ਾ ਸੰਗੋਵਾਲੀਆ, ਗੁਰਪਾਲ ਸਿੰਘ ਪਾਲ, ਉਤਮ ਸਿੰਘ ਭੋਲਾ ਨਾਥ, ਅਮਰ ਸਿੰਘ ਮਸਤਾਨਾ, ਅਮਰ ਨਾਥ ਤਾਨਸੈਨ ਸਾਰੇ ਹੋਣਗੇ ਉਸ ਕਿਤਾਬ ਵਿਚ...।' ਉਸ ਆਖਿਆ, 'ਠੀਕ ਐ...ਲਿਖ ਫਿਰ...ਮੈਂ ਏਦਾਂ ਸਫ਼ਰ ਸ਼ੁਰੂ ਕੀਤਾ...ਏਦਾਂ ਮੇਰੀ ਚੜ੍ਹਤ ਹੋਣੀ ਸ਼ੁਰੂ ਹੋਈ...ਪਹਿਲੇ ਰਿਕਾਰਡ ਨੂੰ ਏਦਾਂ ਦਾ ਹੁੰਗਾਰਾ ਮਿਲਿਆ...ਬੜਿਆਂ ਨੇ ਮੇਰੇ ਪੈਰ ਮਿੱਧੇ...ਸੀਮਾ ਨਾਲ ਮੈਂ ਏਨੇ ਪ੍ਰੋਗਰਾਮ ਲਾਏ...ਫੇਰ ਸੀਮਾ ਦੀ ਨਿਗ੍ਹਾ ਬਦਲ ਗਈ...ਉਹ ਸਭ ਕੁੱਝ ਝਪਟ ਕੇ ਲੈ ਗਈ...ਮੈਂ ਬਿਮਾਰ ਹੋ ਗਿਆ...ਉਹ ਮਰ ਗਈ...ਮੈਂ ਅੱਜ ਵੀ ਗਾਉਂਦਾ ਤੇ ਜਿਊਂਦਾ ਹਾਂ...।'

ਉਹਦੀਆਂ ਦੱਸੀਆਂ ਗੱਲਾਂ ਲੋਕਾਂ ਮੂੰਹੋਂ ਸੁਣੀਆਂ ਗੱਲਾਂ ਨਾਲ ਕਾਫੀ ਹੱਦ ਤੱਕ ਮਿਲਦੀਆਂ ਸਨ। ਸਭ ਕੁੱਝ ਚੰਗੀ ਤਰ੍ਹਾਂ ਘੋਖ-ਪਰਖ ਕੇ ਲੇਖ ਲਿਖਿਆ, ਜਿਹੜਾ ਬਹੁਤ ਸਾਰੇ ਪੰਜਾਬੀ ਅਖ਼ਬਾਰਾਂ ਵਿਚ ਛਪਿਆ। ਫੇਰ ਉਹ ਲੇਖ 'ਸੁਰਾਂ ਦੇ ਵਾਰਿਸ' 'ਚ ਛਾਪਿਆ ਤਾਂ ਸੀਤਲ ਨੇ ਕਿਸੇ ਕੋਲ ਸੁਨੇਹਾ

**ਸੰਗੀਤ ਦੀ ਦੁਨੀਆਂ**

ਭੇਜਿਆ, 'ਮੇਰਾ ਤਾਂ ਕੰਮ-ਕਾਜ ਵਧੀਆ ਚੱਲ ਰਿਹੈ...ਮੇਰੇ ਬਾਰੇ 'ਗਰੀਬ' ਸ਼ਬਦ ਐਵੇਂ ਵਰਤ ਦਿੱਤਾ...।'

ਜਦੋਂ ਕਿਤਾਬ ਦੇ ਆਧਾਰ 'ਤੇ 'ਮਾਈ ਐਫ. ਐਮ' ਰੇਡੀਓ ਵਲੋਂ ਚੈਰਿਟੀ ਇਕੱਠੀ ਕਰਕੇ ਗੁਰਪਾਲ ਸਿੰਘ ਪਾਲ, ਉਤਮ ਸਿੰਘ ਭੋਲਾ ਨਾਥ, ਦਲੀਪ ਸਿੰਘ ਦੀਪ, ਮੋਹਣ ਸਿੰਘ ਮਸਤਾਨਾ ਤੇ ਲੱਖੀ ਵਣਜਾਰਾ ਨੂੰ ਸਨਮਾਨਿਆ ਗਿਆ ਤਾਂ ਉਹ ਨੇ ਫਿਰ ਫ਼ੋਨ ਕੀਤਾ, 'ਅਗਲੀ ਵਾਰ ਮੇਰਾ ਨਾਂ ਵੀ...।'

ਇੱਕ ਵਾਰ ਸੀਤਲ ਜਦੋਂ ਰਜਿੰਦਰ ਕੁਮਾਰ ਵਾਂਗ ਬਣ-ਠਣ ਕੇ ਦਫ਼ਤਰ ਆਇਆ ਤਾਂ ਮੈਂ ਵੀ ਟਪਲਾ ਖਾ ਗਿਆ। ਤੇਲ ਨਾਲ ਚੋਪੜ ਕੇ ਟੇਢੇ ਚੀਰ ਨਾਲ ਵਾਹੇ ਵਾਲ, ਅੱਖਾਂ 'ਤੇ ਕਾਲ਼ੇ ਰੰਗ ਦੀ ਐਨਕ, ਪੈਂਟ-ਸ਼ਰਟ ਪਹਿਨੀ, ਜਦੋਂ ਨੇੜੇ ਆਇਆ ਤਾਂ ਕਿਹਾ, 'ਪੈ ਗਿਆ ਨਾ ਭੁਲੇਖਾ...ਕਲਾਕਾਰ ਕਦੇ ਬੁੱਢਾ ਨਹੀਂ ਹੁੰਦਾ...।'

ਉਹ ਦੇ ਨੂਰਮਹਿਲੀਏ ਸਾਥੀ ਤੇ ਲੁਧਿਆਣਾ ਮੰਡੀ ਦੇ ਕਲਾਕਾਰ ਦੱਸਦੇ ਨੇ ਬੜੀ ਚੜ੍ਹਤ ਸੀ ਸੀਤਲ ਤੇ ਸੁਰਿੰਦਰ ਸੀਮਾ ਦੀ। ਸੀਤਲ ਉਹਦੇ 'ਤੇ ਹੱਦੋਂ ਵੱਧ ਭਰੋਸਾ ਕਰਦਾ ਸੀ। 'ਕੱਠੇ ਖਾਣ-ਪੀਣ, ਗਾਉਣ-ਵਜਾਉਣ, ਰਹਿਣ-ਸਹਿਣ, ਹਰ ਤਰ੍ਹਾਂ ਦੀ ਨੇੜਤਾ। ਸੀਤਲ ਉਹਨੂੰ ਸਮਰਪਿਤ ਸੀ, ਪਰ ਉਹ ਮੌਕਾਤਾੜੂ ਸੀ। ਗਾ-ਗਾ ਸੀਤਲ ਨੇ ਕਾਰਾਂ, ਪਲਾਟ, ਕੋਠੀ ਸਭ ਕੁੱਝ ਖਰੀਦਿਆ। ਸੀਮਾ ਨੇ ਉਹਦੀਆਂ ਚੀਜ਼ਾਂ 'ਤੇ ਅੱਖ ਰੱਖੀ। ਉਹ ਨੂੰ ਆਪਣੇ ਚੁੰਗਲ 'ਚ ਚੰਗੀ ਤਰ੍ਹਾਂ ਫਸਾ ਕੇ ਸਭ ਕੁੱਝ ਆਪਣੇ ਨਾਂ ਕਰਾ ਲਿਆ, ਫੇਰ ਪਿੱਠ 'ਤੇ ਲੱਤ ਮਾਰ ਦਿੱਤੀ ਤੇ ਸੀਤਲ ਵਿਚਾਰਾ ਮੁੜ ਉਥੇ ਆ ਗਿਆ, ਜਿੱਥੋਂ ਤੁਰਿਆ ਸੀ।

ਸੀਤਲ ਸਿੰਘ ਸੀਤਲ ਨੇ ਬਾਰਾਂ ਸਾਲ ਸੁਰਿੰਦਰ ਸੀਮਾ ਨਾਲ ਗਾਇਆ। ਮੁਹੰਮਦ ਸਦੀਕ-ਰਣਜੀਤ ਕੌਰ, ਸੁਰਿੰਦਰ ਸ਼ਿੰਦਾ-ਗੁਲਸ਼ਨ ਕੋਮਲ, ਅਮਰ ਨਾਥ ਤਾਨਸੈਨ-ਸਵਰਨ ਲਤਾ ਵਾਂਗ ਇਨ੍ਹਾਂ ਦੀ ਜੋੜੀ ਮਕਬੂਲ ਹੋਈ ਪਰ ਅਖੀਰ ਉਹ ਹੋਇਆ, ਜਿਸ ਦਾ ਚਿੱਤ ਚੇਤਾ ਵੀ ਨਹੀਂ ਸੀ। ਸੀਤਲ ਨੂੰ ਕੱਖੋਂ ਹੌਲਾ ਕਰਕੇ ਉਹ ਤੁਰ ਗਈ ਤੇ ਸੀਤਲ ਵਿਸ਼ਵਾਸ ਕਰਨ ਦਾ ਪਛਤਾਵਾ ਅਖੀਰ ਤੱਕ ਕਰਦਾ ਰਿਹਾ। ਸੀਤਲ ਨੇ ਸੁਰਿੰਦਰ ਕੌਰ, ਨਰਿੰਦਰ ਬੀਬਾ, ਸਵਰਨ ਲਤਾ, ਸੁਰਿੰਦਰ ਸੋਨੀਆ, ਸਤਿੰਦਰ ਬੀਬਾ, ਪਰਮਿਲਾ ਪੰਮੀ, ਹਰਜੀਤ ਗਿੱਲ ਤੇ ਸੰਤੋਸ਼ ਕੁਮਾਰੀ ਨਾਲ ਗਾਇਆ।

ਸੀਤਲ ਦਾ ਜਨਮ 1947 ਦੀ 26 ਨਵੰਬਰ ਨੂੰ ਜਲੰਧਰ ਜ਼ਿਲ੍ਹੇ ਦੇ ਪਿੰਡ ਸੰਗੋਵਾਲ 'ਚ ਹੋਇਆ। ਗਾਉਣ ਦਾ ਝੱਸ ਉਸ ਨੂੰ ਆਪਣੇ ਮਾਮੇ ਵੱਲ ਦੇਖ ਕੇ ਛੋਟੀ ਉਮਰੇ ਹੀ ਪੈ ਗਿਆ ਤੇ ਪੰਡਤ ਜਵਾਹਰ ਲਾਲ ਨਹਿਰੂ ਵਲੋਂ ਉਸ ਬਾਬਤ ਕੀਤੀ ਭਵਿੱਖਬਾਣੀ ਸੱਚ ਸਾਬਤ ਹੋਈ। ਸੀਤਲ ਖੁਦ ਦੱਸਿਆ ਕਰਦਾ ਸੀ, "ਮੈਂ ਉਦੋਂ ਛੇਵੀਂ ਜਮਾਤ 'ਚ ਸਾਂ, ਜਦੋਂ ਪੰਡਤ ਨਹਿਰੂ ਨੂਰਮਹਿਲ ਆਏ। ਮੈਂ ਗੀਤ ਗਾਇਆ, 'ਮੇਰੇ ਦੇਸ ਦਿਆ ਕਿਰਸਾਨਾ ਜੁਗ ਜੁਗ ਜੀਵੇਂ ਜਗ 'ਤੇ...', ਨਹਿਰੂ ਨੇ ਮੈਨੂੰ ਗੋਦੀ 'ਚ ਬਿਠਾ ਲਿਆ ਤੇ ਕਿਹਾ, 'ਯੇ ਬੱਚਾ ਬੜਾ ਹੋ ਕਰ ਅੱਛਾ ਫ਼ਨਕਾਰ ਬਨੇਗਾ।'"

ਸੀਤਲ ਸਿੰਘ ਦਾ ਪਲੇਠਾ ਰਿਕਾਰਡ ਐਚ.ਐਮ.ਵੀ. ਕੰਪਨੀ ਨੇ ਰਿਲੀਜ਼ ਕੀਤਾ। ਪੱਥਰ ਵਾਲੇ ਉਸ ਰਿਕਾਰਡ ਵਿਚ ਦੋ ਗੀਤ ਸਨ, 'ਚਰ੍ਹੀਆਂ ਛੂਕਦੀਆਂ ਰੋਟੀ ਲੈ ਕੇ ਕਿੱਧਰ ਨੂੰ ਆਵਾਂ' ਤੇ 'ਭਾਬੀ ਤੇਰੀ ਗੁੱਤ ਵਰਗਾ ਸੱਪ ਲੈ ਕੇ ਬੰਗਾਲੀ ਆਇਆ।' ਪਰਮਿਲਾ ਪੰਮੀ ਨਾਲ ਆਏ ਉਸ ਦੇ ਇੱਕ ਹੋਰ ਰਿਕਾਰਡ ਵਿਚਲੇ ਗੀਤ 'ਢੋਲ ਸ਼ਰਾਬੀ ਨਾਲ ਗੋਰੀਏ ਨਾ ਲੜ ਨੀਂ' ਅਤੇ 'ਪਹਿਲੀ ਰਾਤ ਮੁਕਲਾਵਾ ਬੂਹ ਮਾਹੀਆ' ਖੂਬ ਚੱਲੇ। ਨਰਿੰਦਰ ਬੀਬਾ ਨਾਲ ਆਏ ਉਸ ਦੇ ਰਿਕਾਰਡਾਂ ਵਿਚੋਂ 'ਰੋਕ ਡਰਾਈਵਰ ਗੱਡੀ ਵੇ ਮੈਂ ਬੱਸ ਭੁਲੇਵੇ ਚੜ੍ਹ ਗਈ ਆਂ' ਗੀਤ ਚੰਗਾ ਚੱਲਿਆ। ਸਤਿੰਦਰ ਬੀਬਾ ਨਾਲ 'ਨਾਲ ਡਰਾਈਵਰ ਕੁੜੀਓ ਨੀਂ ਕੋਈ ਵਿਆਹ ਕਰਵਾਇਓ ਨਾ', 'ਕੁੜਤੀ ਸਵਾ ਕੇ ਦਿੱਤੀ ਤੰਗ ਮਿੱਤਰਾ', 'ਮੁੰਡਾ ਮੰਗੇ ਮਸਰਾਂ ਦੀ ਦਾਲ ਮਾਏ,' 'ਪੱਟੇ ਗਏ ਵੇ ਅੱਖਾਂ ਲਾਈਆਂ ਨਾ ਵਿਚਾਰ ਕੇ' ਅਤੇ 'ਜੱਟ ਨੇ ਲਾਲ ਪਰੀ ਸਿਖਰ ਦੁਪਹਿਰੇ ਪੀਤੀ' ਚੰਗੇ ਚੱਲੇ। ਸੁਰਿੰਦਰ ਸੋਨੀਆ ਨਾਲ ਰਿਲੀਜ਼ ਹੋਏ ਇੱਕ ਰਿਕਾਰਡ ਵਿਚਲਾ ਗੀਤ 'ਆਈ ਹੂਰ ਹਵੇਲੀਓਂ ਹੋ ਕੇ, ਬੂਰੀਆਂ ਮਹੀਆਂ ਦਾ ਦੁੱਧ ਚੋਅ ਕੇ' ਵੀ ਵਧੀਆ ਰਿਹਾ।

ਸੀਤਲ ਤੇ ਸੀਮਾ ਦਾ ਗੀਤ 'ਦੁੱਧ ਦੇ ਗਿਲਾਸ ਵਿਚ ਮੱਖਣਾ ਘੁਲ ਜਾਵਾਂ ਖੰਡ ਬਣ ਕੇ' ਉਨ੍ਹੀਂ ਦਿਨੀਂ ਹਰ ਗਲੀ ਮੁਹੱਲੇ ਵੱਜਿਆ। ਸੀਤਲ ਨੇ ਤਿੰਨ ਪੰਜਾਬੀ ਫ਼ਿਲਮਾਂ 'ਤੇਰੀ ਮੇਰੀ ਇੱਕ ਜਿੰਦੜੀ,' 'ਭੁਲੇਖਾ' ਅਤੇ 'ਨਿੰਮੋ' ਵਿਚ ਗਾਇਆ। ਜਦੋਂ ਤਵਿਆਂ ਵਾਲੇ ਯੁੱਗ ਦਾ ਅੰਤ ਹੋ ਗਿਆ ਤਾਂ ਐਚ.ਐਮ.ਵੀ. ਨੇ ਉਸ ਦੇ ਗੀਤਾਂ ਦੀਆਂ ਕੈਸਿਟਾਂ ਰਿਲੀਜ਼ ਕਰਨੀਆਂ ਸ਼ੁਰੂ ਕਰ ਦਿੱਤੀਆਂ, ਜਿਨ੍ਹਾਂ ਵਿਚੋਂ 'ਘੁੰਡ ਵਿਚ ਦੀ ਸ਼ਰਾਰਤ,' 'ਦਿਲ ਕਰੇ ਧਕ ਧਕ,' 'ਜੇਠ ਤੋਂ ਮੈਂ ਬਚਗੀ,' 'ਛੜਿਆਂ ਦਾ ਘੁੱਗੂ,' 'ਕੁੜਤੀ ਸੂਆ ਦਿੱਤੀ ਤੰਗ' ਅਤੇ 'ਰੱਖਦੀ ਉਡੀਕਾਂ ਤੇਰੀਆਂ' ਚੰਗੀਆਂ ਰਹੀਆਂ।

ਸੀਤਲ ਨੂੰ ਇਸ ਗੱਲ ਦਾ ਮਾਣ ਸੀ ਕਿ ਉਹ ਰੇਡੀਓ ਦਾ 'ਬੀ ਹਾਈ' ਕਲਾਕਾਰ ਹੈ, ਪਰ ਦੁੱਖ ਵੀ ਸੀ ਕਿ ਪੈਸੇ ਦੇ ਪੁੱਤ ਬਣੇ ਰੇਡੀਓ ਤੇ ਦੂਰਦਰਸ਼ਨ ਵਲੋਂ ਪੁਰਾਣੇ ਕਲਾਕਾਰਾਂ ਦੀ ਕਦਰ ਨਹੀਂ ਕੀਤੀ ਜਾਂਦੀ। ਕੰਪਨੀ ਵੀ ਪਹਿਲਾਂ ਉਸ ਨੂੰ ਰਾਇਲਟੀ ਦਿੰਦੀ ਰਹੀ, ਪਰ ਫੇਰ ਬੰਦ ਕਰ ਦਿੱਤੀ। ਚੰਗੇ ਦਿਨਾਂ ਨੂੰ ਚੇਤੇ ਕਰਦਾ ਉਹ ਵਾਰ-ਵਾਰ ਕਹਿੰਦਾ, 'ਪੂਰੀ ਝੰਡੀ ਰਹੀ ਐ ਆਪਣੀ...ਛੇ ਵਾਰ ਮੈਂ ਅਮਰੀਕਾ ਗਿਆਂ, ਸੱਤ ਵਾਰ ਇੰਗਲੈਂਡ, ਦੋ-ਦੋ ਵਾਰ ਜਰਮਨੀ, ਨਿਊਜ਼ੀਲੈਂਡ, ਆਸਟ੍ਰੇਲੀਆ,



ਜਪਾਨ ਤੇ ਹੋਰ ਮੁਲਕਾਂ 'ਚ।'

ਸੀਤਲ ਨੂੰ ਚੰਗਾ ਵੇਲ਼ਾ ਖੁੱਸ ਜਾਣ ਦਾ ਮਲਾਲ ਜ਼ਰੂਰ ਸੀ, ਪਰ ਉਹ ਹਰ ਵੇਲ਼ੇ ਮਰੂੰ-ਮਰੂੰ ਨਹੀਂ ਸੀ ਕਰਦਾ। ਦਾਰੂ ਨਾਲ ਵੀ ਉਹਦੀ ਖਾਸੀ ਨੇੜਤਾ ਰਹੀ, ਪਰ ਉਹ ਕਹਿੰਦਾ ਸੀ, 'ਗਮ ਭੁਲਾਉਣ ਲਈ ਪੀਣੀ ਪੈਂਦੀ ਐ...।'

ਇੱਕ ਵਾਰ ਜਦੋਂ ਮੈਂ ਉਹਨੂੰ ਸਵਾਲ ਕੀਤਾ, 'ਤੁਹਾਡੇ ਬਾਰੇ ਗੱਲਾਂ ਹੁੰਦੀਆਂ ਕਿ ਤੁਸੀਂ ਆਪਣੀ ਕਮਾਈ ਸੰਭਾਲ ਕੇ ਨਹੀਂ ਰੱਖੀ...' ਤਾਂ ਉਹਨੇ ਜਵਾਬ ਦਿੱਤਾ, 'ਭਲਾ ਇਹ ਦੱਸੋ... ਹੱਥੀਂ ਕੀਤੀ ਕਮਾਈ ਗੁਆਉਣੀ ਕੌਣ ਚਾਹੁੰਦੈ...ਬੰਦੇ ਦਾ ਤਾਂ ਨਾਂ ਲੱਗਦੈ...ਹੋਣਾ ਤਾਂ ਉਹੀ ਹੁੰਦੈ ਜੋ ਲਿਖਿਆ ਹੁੰਦੈ...ਮੇਰੇ ਕੋਲ ਆਇਆ ਪੈਸਾ ਪਾਣੀ ਵਰਗਾ ਸੀ, ਕੁਝ ਦੇਰ ਲਈ ਰੁਕਿਆ ਤੇ ਅੱਗੇ ਚਲਾ ਗਿਆ...ਆਹ ਫਰੇਮ ਕੀਤੀਆਂ ਫੋਟੋਆਂ ਤੇ ਕੈਸਿਟਾਂ ਦੇ ਕਵਰ ਦੇਖੋ...ਕਿਸੇ ਵਿਚ ਮੈਂ ਕਿਹੜੇ ਮੰਤਰੀ ਨਾਲ ਬੈਠਾਂ...ਕਿਸੇ ਵਿਚ ਕਿਹੜੇ ਗਵੱਈਏ ਨਾਲ ਖੜ੍ਹਾਂ...ਕਿਸੇ ਵਿਚ ਵਲੈਤ ਹਾਂ...ਕੀ ਇਹ ਮੇਰੀ ਕਮਾਈ ਨਹੀਂ...?'

ਸੀਤਲ ਸਿੰਘ ਛੇਤੀ ਤੈਸ਼ 'ਚ ਆ ਜਾਂਦਾ ਸੀ। ਵਕਤ ਨੇ ਉਸ ਨੂੰ ਥੋੜ੍ਹਾ ਖਿਝੂ ਜਿਹਾ ਬਣਾ ਦਿੱਤਾ ਸੀ। ਉਸ ਦਾ ਏਦਾਂ ਦਾ ਬਣਨਾ ਕੁਦਰਤੀ ਵੀ ਸੀ ਕਿਉਂਕਿ ਜੀਹਨੇ ਚੜ੍ਹਤ ਵਾਲੇ ਦਿਨ ਦੇਖੇ ਹੋਣ, ਇੱਕ ਦਿਨ ਉਹਨੂੰ ਮਿਹਨਤ ਮਜਦੂਰੀਆਂ ਕਰਨੀਆਂ ਪੈਣ ਤਾਂ ਸੁਭਾਅ 'ਚ ਫ਼ਰਕ ਪੈ ਹੀ ਜਾਂਦੈ... ਕਿਹੜਾ ਕਲਾਕਾਰ ਚਾਹੁੰਦੈ ਕਿ ਉਹ ਦੀ ਕਮਾਈ ਵੀ ਹੱਥਾਂ 'ਚੋਂ ਰੇਤ ਵਾਂਗ ਕਿਰ ਜਾਵੇ ਤੇ ਪਛਾਣ ਵੀ।

ਸੀਤਲ ਸਿੰਘ ਸੀਤਲ ਹੋਰ ਜਿਊਣ ਦਾ ਸ਼ੌਕੀਨ ਸੀ। ਬਦਲੇ ਸੰਗੀਤਕ ਦੌਰ ਵਿਚ ਕਰ ਭਾਵੇਂ ਉਹ ਕੁੱਝ ਨਹੀਂ ਸੀ ਸਕਦਾ, ਪਰ ਇੱਛਾ ਉਸ ਦੀ ਇਹੀ ਸੀ ਕਿ ਉਹ ਮੁੜ ਅੱਗੇ ਆਵੇ। ਦੁੱਖ ਹੈ ਕਿ ਉਸ ਦੀ ਇਹ ਇੱਛਾ ਪੂਰੀ ਨਹੀਂ ਹੋ ਸਕੀ। ਭਾਵੇਂ ਉਹ 11 ਅਪਰੈਲ ਨੂੰ ਅਚਾਨਕ ਸਾਡੇ ਕੋਲੋਂ ਬਹੁਤ ਦੂਰ ਚਲਾ ਗਿਆ, ਪਰ ਉਸ ਨੂੰ ਚਾਹੁਣ ਵਾਲੇ ਉਸ ਦੀ ਯਾਦ ਹਮੇਸ਼ਾ ਤਾਜ਼ਾ ਰੱਖਣ ਦੀ ਕੋਸ਼ਿਸ਼ ਕਰਨਗੇ।

*ਫੋਨ:9814-78883

# ਨੋਬਲ ਪੁਰਸਕਾਰ ਦੀ ਸਿਆਸਤ

ਨੇ ਪੁਰਸਕਾਰ ਨੂੰ ਇਹ ਕਹਿ ਕੇ ਠੁਕਰਾਇਆ ਕਿ ਇਸ ਪੁਰਸਕਾਰ ਨੂੰ ਪ੍ਰਾਪਤ ਕਰਕੇ ਮੈਂ ਪਹਿਲਾਂ ਵਰਗਾ ਨਹੀਂ ਰਹਾਂਗਾ, ਯਾਨਿ ਕਿ ਕਿਸੇ ਸੰਸਥਾ ਦਾ ਨਾਂ ਮੇਰੇ ਨਾਂ 'ਤੇ ਸਵਾਰ ਹੋ ਜਾਵੇਗਾ। ਕਾਮੂ ਅਜਿਹਾ ਨਾ ਕਰ ਸਕਿਆ ਜਦ ਕਿ ਤਹਿ-ਦਿਲੋਂ ਉਹ ਵੀ ਏਦਾਂ ਹੀ ਮਹਿਸੂਸ ਕਰਦਾ ਸੀ। ਕਾਮੂ ਏਨੀ ਵੱਡੀ ਰਾਸ਼ੀ ਠੁਕਰਾਉਣ ਦੇ ਸਮਰਥ ਨਹੀਂ ਸੀ ਤੇ ਸਾਰਤਰ ਅਜਿਹਾ ਕਰ ਸਕਦਾ ਸੀ।

ਜੌਰਜ ਬਰਨਾਰਡ ਸ਼ਾਅ ਵੀ ਨੋਬਲ ਪੁਰਸਕਾਰ ਨੂੰ ਤੁੱਛ ਸਮਝਦਾ ਸੀ। ਇਸ ਪੁਰਸਕਾਰ ਨੂੰ ਠੁਕਰਾਣ ਵਾਲਾ ਉਹ ਪਹਿਲਾ ਸਾਹਿਤਕਾਰ ਸੀ। ਉਦੋਂ ਬਰਨਾਰਡ ਸ਼ਾਅ ਦੁਨੀਆ ਭਰ ਵਿਚ ਸਭ ਤੋਂ ਜ਼ਿਆਦਾ ਰੌਇਲਟੀ ਪ੍ਰਾਪਤ ਕਰਨ ਵਾਲਾ ਨਾਟਕਕਾਰ ਸੀ। ਉਹਦੇ ਲਈ ਨੋਬਲ ਦੀ ਰਾਸ਼ੀ ਦੇ ਕੋਈ ਅਰਥ ਨਹੀਂ ਸਨ, ਨਾ ਇਹਦੇ ਰਾਹੀਂ ਪ੍ਰਾਪਤ ਹੋਣ ਵਾਲੇ ਸਨਮਾਨ ਦੀ ਉਹਨੂੰ ਤਲਬ ਸੀ।

ਨੋਬਲ ਕਮੇਟੀ ਦੇ ਅਰੰਭਕ ਸਾਲਾਂ 'ਚ ਆਦਰਸ਼ ਵਾਲੇ ਟੀਚੇ 'ਚ ਫਰਕ ਬੇਸ਼ੱਕ ਹੈ ਪਰ ਇਹਦੀ ਸਿਆਸਤ ਅਜੇ ਵੀ ਕਾਇਮ ਹੈ। ਸਿਆਸੀ ਇਰਾਦੇ ਨੂੰ ਸੂਖਮ ਸ਼ਬਦਾਵਲੀ 'ਚ ਲਪੇਟ ਦਿੱਤਾ ਜਾਂਦਾ ਹੈ। ਇਹਨੂੰ ਮਾਨਵੀ ਦੱਸਣ ਲਈ ਵਿਚਾਰਾਂ ਦੇ ਅਮੂਰਤ ਸਮੀਕਰਨ ਬਣਾਏ ਜਾਂਦੇ ਹਨ। ਜੇ ਕਿਸੇ ਅਜਿਹੇ ਸਾਹਿਤਕਾਰ ਨੂੰ ਇਨਾਮ ਦੇਣਾ ਹੈ ਜਿਸ ਦੀ ਸਿਆਸੀ ਦ੍ਰਿਸ਼ਟੀ ਨੂੰ ਚੋਣਕਾਰ ਤਰਜੀਹ ਦਿੰਦੇ ਹਨ ਤਾਂ ਐਵਾਰਡ ਪ੍ਰਾਪਤ ਕਰਨ ਵਾਲੇ ਨੂੰ ਅਮੂਰਤ ਅਤੇ ਵਿਆਪਕ ਮਾਨਵੀ ਮੁੱਲਾਂ ਦਾ ਪੇਸ਼ਕਾਰ ਕਹਿ ਦਿੱਤਾ ਜਾਂਦਾ ਹੈ ਜਾਂ ਸ਼ਬਦਾਂ ਦੇ ਹੋਰ ਪ੍ਰਭਾਵਸ਼ਾਲੀ ਸਮੀਕਰਨ ਬਣਾ ਕੇ ਦੱਸੇ ਜਾਂਦੇ ਹਨ, ਤਹਿ ਵਿਚ ਕਾਰਨ ਸਿਆਸੀ ਹੁੰਦੇ ਹਨ। ਸੂਖਮ ਸ਼ਬਦਾਵਲੀ ਦੀਆਂ ਦੋ ਮਿਸਾਲਾਂ ਲੈਂਦੇ ਹਾਂ। ਪਿਛਲੇ ਸਾਲ ਗੁਸਤਾਵ ਕਲੇਜ਼ੀਓ ਦੇ ਹੱਕ ਵਿਚ ਫੈਸਲਾ ਐਲਾਨਦਿਆਂ ਇਹ ਕਿਹਾ ਗਿਆ ਕਿ ਉਹ "author of new departures, poetic adventure and sensual ecstasy, explorer of a humanity beyond and below the reigning civilization" ਇਸ ਵਰ੍ਹੇ ਜਰਮਨ ਦੀ ਹਰਤਾ ਮੂਲਰ ਨੂੰ ਨੋਬਲ ਪੁਰਸਕਾਰ ਦਿੰਦਿਆਂ ਉਹਦਾ ਕਮਾਲ ਇਸ ਗੱਲ 'ਚ ਦੱਸਿਆ ਕਿ ਮੂਲਰ ਦੀ ਰਚਨਾਕਾਰੀ 'ਚ 'landscape of the dispossessed' ਹੈ ਅਤੇ ਉਹ ਆਪਣੀ ਪੇਸ਼ਕਾਰੀ ਨੂੰ "concentration of poetry" ਅਤੇ "frankness of prose" ਨਾਲ ਲੈਸ ਕਰਦੀ ਹੈ। ਲਿਖਣਕਾਰੀ 'ਚ ਇਹ ਐਸੀਆਂ ਖਾਸੀਅਤਾਂ ਹਨ ਜੋ ਕਿਸੇ ਵੀ ਚੰਗੇ ਲੇਖਕ ਬਾਰੇ ਕਹੀਆਂ ਜਾ ਸਕਦੀਆਂ ਹਨ। ਗੁਸਤਾਵ ਕਲੋਜ਼ੀਓ ਨੇ ਪ੍ਰਾਪਤ ਹੋਏ ਨੋਬਲ ਬਾਰੇ ਕਿਹਾ: "ਮੇਰੇ ਤੋਂ ਚੰਗਾ ਲਿਖਣ ਵਾਲੇ ਬਹੁਤ ਹਨ; ਇਹ ਐਵਾਰਡ ਕਿਸੇ ਨੂੰ ਵੀ ਮਿਲ ਸਕਦਾ ਸੀ। ਮੈਂ ਆਪਣੇ ਚੁਣੇ ਜਾਣ 'ਤੇ ਹੈਰਾਨ ਹਾਂ। ਚੋਣਕਾਰਾਂ ਦੇ ਚਿਤ 'ਚ ਜ਼ਰੂਰ ਕੋਈ ਗੱਲ ਹੋਵੇਗੀ ਕਿ ਉਨ੍ਹਾਂ ਮੈਨੂੰ ਤਰਜੀਹ ਦਿੱਤੀ।"

ਜਿਵੇਂ ਕਿਹੈ, ਕਮੇਟੀ ਵਾਲੇ ਏਸ਼ੀਆ ਨੂੰ ਬਹੁਤਾ ਗੌਲਦੇ ਨਹੀਂ, ਇਹ ਸਿਆਸਤ ਉਨ੍ਹਾਂ ਦੇ ਹੱਡਾਂ 'ਚ ਰਚੀ ਹੋਈ ਹੈ। ਕਦੇ ਕਦਾਈਂ ਹੀ ਕਿਸੇ ਏਸ਼ੀਅਨ ਨੂੰ ਇਹ ਪੁਰਸਕਾਰ ਦੇਣ ਦਾ ਐਲਾਨ ਹੁੰਦਾ ਹੈ, ਉਹ ਵੀ ਉਸ ਸਾਹਿਤਕਾਰ ਨੂੰ ਜੀਹਨੇ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਆਪ ਨੂੰ ਯੌਰਪ ਵਿਚ ਮਸ਼ਹੂਰ ਕਰ ਲਿਆ ਹੁੰਦਾ ਹੈ, ਜਿਵੇਂ ਭਾਰਤੀ ਮੂਲ ਦੇ ਵਿਦਿਆਧਰ ਨਾਇਪਾਲ ਤੇ ਸਲਮਾਨ ਰਸ਼ਦੀ ਹਨ। ਨਾਇਪਾਲ ਨੂੰ 2004 'ਚ ਇਹ ਪੁਰਸਕਾਰ ਦਿੱਤਾ ਗਿਆ। ਸਲਮਾਨ ਰਸ਼ਦੀ ਨੂੰ ਇਹ ਆਉਂਦੇ ਕਿਸੇ ਸਾਲ ਵੀ ਮਿਲ ਜਾਣਾ ਹੈ। ਇਹ ਅਜਿਹੇ ਨਾਵਲਕਾਰ ਹਨ ਜਿਨ੍ਹਾਂ ਦਾ ਪੱਛਮੀਕਰਨ ਹੋ ਚੁੱਕਾ ਹੈ। ਇਹ ਯੌਰਪੀ ਸਰਕਟ ਦੇ ਕੇਂਦਰ ਵਿਚ ਰਹਿਣ ਵਾਲੇ ਸਾਹਿਤਕਾਰ ਹਨ।

# ਕਹਾਣੀ




### ਬੰਤ ਸਿੰਘ ਚੱਠਾ

ਬਿਸ਼ਨੀ ਨੇ ਆਪਣੀ ਗਲੀ ਦੀਆਂ ਔਰਤਾਂ ਤਾਂ ਇਕੱਠੀਆਂ ਕਰ ਹੀ ਲਈਆਂ ਸਨ। ਉਹ ਐਨੀ ਹਿੰਮਤੀ ਸੀ ਕਿ ਉਸ ਨੇ ਤਾਂ ਦੂਜੀ ਬੀਹੀ 'ਚ ਪੈਂਦੇ ਚੱਠਿਆਂ ਦੇ ਅਗਵਾੜ ਦੀਆਂ ਧੰਨੋ, ਦੇਬੋ, ਆਸੋ ਤੇ ਕਿਸ਼ਨੀ ਵੀ ਸੱਦ ਲਈਆਂ ਸਨ। ਉਹ ਸਭ ਨੂੰ ਵਾਰ-ਵਾਰ ਇਹ ਵੀ ਸਮਝਾ ਰਹੀ ਸੀ ਕਿ 'ਜੋ ਆਪਣੇ ਬੱਸਾਂ 'ਤੇ ਚੜ੍ਹਨ ਲਈ ਮੁਫ਼ਤ ਪਾਸ ਬਣੇ ਐ, ਉਹ ਕਿਸੇ ਨੇ ਨੀਂ ਭੁੱਲਣੇ। ਫੇਰ ਉਥੇ ਖੜੀਆਂ ਝਾਕੀ ਜਾਮੋਂਗੀਆਂ। ਜੇ ਕਿਸੇ ਦਾ ਪਾਸ ਘਰੇ ਰਹਿ ਗਿਆ ਤਾਂ ਆਪਾਂ ਇਕ ਦੀ ਖ਼ਾਤਰ ਸਾਰੀਆਂ ਲੇਟ ਹੋ ਜਾਂਗੀਆਂ।'

ਬਿਸ਼ਨੀ ਭਾਵੇਂ ਆਪ ਸੱਤਰ ਸਾਲਾਂ ਨੂੰ ਪਹੁੰਚਣ ਵਾਲੀ ਸੀ, ਉਸਦੇ ਪਤਲੇ ਤੇ ਫੁਰਤੀ ਵਾਲੇ ਸਰੀਰ 'ਚ ਅਜੇ ਵੀ ਪੂਰੀ ਤਾਕਤ ਤੇ ਜੋਸ਼ ਸੀ। ਉਹ ਪਿੰਡ ਦੀ ਪੰਚਣੀ ਜਾਂ ਸਰਪੰਚਣੀ ਵੀ ਨਹੀਂ ਸੀ ਪਰ ਉਹ ਮੁਫ਼ਤ ਪਾਸ ਅਤੇ ਬੁਢਾਪਾ ਪੈਨਸ਼ਨ ਬਣਾਉਣ ਸਮੇਂ ਆਪਣੇ ਪਿੰਡ 'ਚ ਆਏ ਅਫ਼ਸਰਾਂ ਅਤੇ ਮੁਲਾਜ਼ਮਾਂ ਸਾਹਮਣੇ ਆਪ ਔਰਤਾਂ ਨੂੰ ਉਨ੍ਹਾਂ ਦੇ ਘਰਾਂ ਵਿਚੋਂ ਸੱਦ-ਸੱਦ ਕੇ ਲਿਆਈ ਸੀ। ਇਸ ਲਈ ਇਹ ਸਭ ਔਰਤਾਂ ਉਸ ਦਾ ਕਹਿਣਾ ਮੰਨਦੀਆਂ ਸਨ।

ਬਿਸ਼ਨੀ ਦੇ ਪੇਕੇ ਚੰਗੇ ਖਾਂਦੇ-ਪੀਂਦੇ ਬੰਦੇ ਸਨ। ਉਹ ਬਹੁਤ ਸਾਰੀ ਜ਼ਮੀਨ ਦੇ ਮਾਲਕ ਸਨ। ਬਿਸ਼ਨੀ ਆਪਣੇ ਚਾਰ ਭਰਾਵਾਂ ਦੀ ਇਕੋ ਭੈਣ ਸੀ। ਇਹ ਆਪਣੇ ਭਰਾਵਾਂ ਨਾਲ ਹੀ ਖੁੱਲ੍ਹਾ-ਡੁੱਲ੍ਹਾ ਖਾਂਦੀ ਪੀਂਦੀ ਸੀ। ਬਿਸ਼ਨੀ ਸਰੀਰਕ ਪੱਖੋਂ ਤਕੜੀ ਅਤੇ ਨਰੋਈ ਸੀ। ਇਸ ਦੀ ਸੂਰਤ ਸੋਹਣੀ ਅਤੇ ਸੁਭਾਅ ਦੀ ਤਿੱਖੀ ਸੀ। ਘਰ 'ਚ ਬਿਸ਼ਨੀ ਦੀ ਬੋਲ-ਚਾਲ ਆਪਣੇ ਭਰਾਵਾਂ ਵਰਗੀ ਹੀ ਸੀ। ਜਦੋਂ ਕਦੀ ਉਹ ਆਪਣੇ ਭਰਾਵਾਂ ਨਾਲ ਲੜਦੀ ਤਾਂ ਉਨ੍ਹਾਂ ਨੂੰ ਢੁਕਵਾਂ ਜਵਾਬ ਦਿੰਦੀ ਸੀ। ਜਦੋਂ ਉਸਦੀ ਮਾਂ ਬਿਸ਼ਨੀ ਨੂੰ ਮੁੰਡਿਆਂ ਨਾਲ ਲੜਨ ਤੋਂ ਰੋਕਦੀ ਤਾਂ ਮਾਂ ਨੂੰ ਵੀ ਦੰਦੀਆਂ ਚਿੜਾ ਜਾਂਦੀ ਸੀ।

ਬਿਸ਼ਨੀ ਜਦ ਮੁਟਿਆਰ ਹੋਈ ਤਾਂ ਬੀਹੀ ਜਾਂ ਪਿੰਡ ਵਿਚੋਂ ਕਿਸੇ ਮੁੰਡੇ ਦੀ ਕੀ ਮਜ਼ਾਲ ਸੀ ਕਿ ਕੋਈ ਅੱਖ ਪੱਟ ਕੇ ਵੀ ਝਾਕ ਸਕਦਾ। ਪਿੰਡ ਦੇ ਗੱਭਰੂਆਂ ਨੂੰ ਬਿਸ਼ਨੀ ਦੇ ਭਰਾਵਾਂ ਦਾ ਡਰ ਵਰਗਾ ਪ੍ਰਭਾਵ ਸੀ। ਫਿਰ ਬਿਸ਼ਨੀ ਦਾ ਰੋਹਬਦਾਰ ਚਿਹਰਾ ਜੋ ਆਪਣੇ ਵਲ ਕਿਸੇ ਦਾ ਪਰਛਾਵਾਂ ਵੀ ਨਾ ਪੈਣ ਦਿੰਦਾ। ਇਸ ਲਈ ਉਹ ਕਈ ਵਾਰ ਪ੍ਰੇਸ਼ਾਨ ਵੀ ਹੁੰਦੀ।

ਬਿਸ਼ਨੀ ਨੂੰ ਜੇਕਰ ਕੋਈ ਪਿੰਡ ਦਾ ਜੁਆਨ ਮੁੰਡਾ ਚੰਗਾ ਲੱਗਦਾ, ਉਹ ਉਸਤੋਂ ਵੀ ਦੂਰ ਰਹਿ ਗਈ ਸੀ। ਬਿਸਨੀ ਦਾ ਕਈ ਵਾਰ ਮਨਭਾਉਂਦੇ ਹਾਣੀ ਨੂੰ ਬੁਲਾਉਣ ਲਈ ਚਿੱਤ ਕਰਦਾ। ਬਿਸ਼ਨੀ ਕੋਲੋਂ ਲੰਘਦੇ ਗੱਭਰੂ ਦੀ ਨੀਵੀਂ ਪਾਈ ਹੁੰਦੀ। ਲੰਘਦੇ ਮੁੰਡੇ ਨੂੰ ਵੇਖ ਕੇ ਬਿਸ਼ਨੀ ਦਿਲ 'ਚ ਹੀ ਆਪਣੇ ਪਿਆਰ ਦਾ ਉਮੜਦਾ ਹੜ੍ਹ ਰੋਕ ਲੈਂਦੀ। ਹੁਣ ਬਿਸ਼ਨੀ ਆਪਣੇ ਆਪ 'ਚ ਹੀ ਖਿਝਦੀ ਰਹਿੰਦੀ। ਆਪਣੇ ਤੇਜ਼ ਸੁਭਾਅ ਦੇ ਗਲੀ-ਗੁਆਂਢ ਹੁੰਦੇ ਚਰਚੇ ਵੀ ਉਸਨੂੰ ਪਿਆਰ ਵਿਹੂਣੀ ਰਹਿਣ ਲਈ ਜ਼ਿੰਮੇਵਾਰ ਸਨ।

ਜਦ ਉਹ ਸ਼ੀਸ਼ਾ ਵੇਖਦੀ, ਆਪਣੀ ਸੋਹਣੀ ਸੂਰਤ ਵੇਖ ਕੇ ਫੁੱਲੀ ਨਾ ਸਮਾਉਂਦੀ। ਫਿਰ ਪਲ ਭਰ 'ਚ ਹੀ ਨਿਰਾਸ਼ ਜਿਹੀ ਹੋ ਜਾਂਦੀ। ਉਹ ਸੋਚਦੀ ਇਹੋ ਜਿਹੀ ਸੂਰਤ ਕਿਸ ਕੰਮ ਜੋ ਮੈਨੂੰ ਮੇਰਾ ਹਾਣੀ ਚਾਹੁੰਦੇ ਹੋਏ ਵੀ ਬੁਲਾ ਨਹੀਂ ਸਕਦਾ। ਉਸਦਾ ਮਨ ਕਰਦਾ ਕਿ ਉਹ ਸ਼ੀਸ਼ਾ ਤੋੜ ਦੇਵੇ। ਮੁੜ ਆਪਣੀ ਸ਼ਕਲ ਸ਼ੀਸ਼ੇ 'ਚ ਨਾ ਵੇਖੇ।

ਬਿਸ਼ਨੀ ਦੀਆਂ ਚਾਰ-ਪੰਜ ਸਹੇਲੀਆਂ ਸਨ। ਇਹ ਆਪਣੀ ਬੋਲ-ਚਾਲ 'ਚ ਜ਼ਿੱਦੀ ਹੋਣ ਕਰਕੇ ਉਨ੍ਹਾਂ ਤੋਂ ਆਪਣੀ ਹਰ ਗੱਲ ਜ਼ੋਰ ਨਾਲ ਮੰਨਵਾ ਲੈਂਦੀ ਸੀ। ਗਰਮੀਆਂ ਦੀਆਂ ਤਿੱਖੜ ਦੁਪਹਿਰਾਂ 'ਚ ਬਿਸ਼ਨੀ ਕੇ ਵੱਡੇ ਦਰਵਾਜ਼ੇ ਵਿਚ ਕੁੜੀਆਂ ਚਰਖੇ ਕੱਤਦੀਆਂ ਹੁੰਦੀਆਂ ਸਨ। ਉਹ ਗੀਤ ਗਾਉਂਦੀਆਂ। ਹੱਸਦੀਆਂ, ਖੇਡਦੀਆਂ, ਮਚਲਦੀਆਂ ਅਤੇ ਲੋਟ ਪੋਟ ਹੁੰਦੀਆਂ ਸਨ। ਜਦੋਂ ਵੀ ਕੋਈ ਪਿੰਡ ਦਾ ਜਵਾਨ ਮੁੰਡਾ ਦਰਵਾਜ਼ੇ ਦੇ ਬਾਰ ਮੂਹਰਦੀ ਲੰਘਦਾ, ਉਸਨੂੰ ਵੇਖ ਕੇ ਕੁੜੀਆਂ ਇਕ ਦੂਜੀ ਵਲ ਵੇਖ ਕੇ ਟਕੋਰਾਂ ਮਾਰਦੀਆਂ, ਖਿੜ-ਖਿੜ ਕਰਕੇ ਦੰਦ ਕੱਢਦੀਆਂ। ਉਸ ਲੰਘਣ ਵਾਲੇ ਮੁੰਡੇ ਨੂੰ ਏਨ੍ਹਾਂ ਦਾ ਹਾਸਾ ਪਿੱਛੇ ਮੁੜ ਕੇ ਵੇਖਣ ਲਈ ਮਜਬੂਰ ਕਰਦਾ।

ਚਰਖੇ ਕੱਤ ਰਹੀਆਂ ਕੁੜੀਆਂ ਵਿਚੋਂ ਕਈਆਂ ਦੇ ਆਪਣੇ ਹਾਣੀ ਸਨ। ਇਹ ਕੁੜੀਆਂ ਆਪਸ ਵਿਚ ਗੁੱਝੇ ਇਸ਼ਕ ਦੇ ਚਰਚੇ ਕਰਦੀਆਂ ਸਨ। ਇਹ ਇਕ ਦੂਜੀ ਨੂੰ ਆਪਣੇ ਪਿਆਰ ਦੀਆਂ ਪਿਆਰ ਭਰੀਆਂ ਰਸਭਰੀਆਂ ਵਰਗੀਆਂ ਗੱਲਾਂ ਦੱਸਦੀਆਂ ਪਰ ਇਹ ਪਿਆਰ 'ਚ ਰੰਗੀਆਂ ਕੁੜੀਆਂ ਆਪਣੀ ਸਹੇਲੀ ਬਿਸ਼ਨੀ ਤੋਂ ਓਹਲਾ ਰੱਖਦੀਆਂ। ਜੇਕਰ ਬਿਸ਼ਨੀ ਨੂੰ ਕਿਸੇ ਸਹੇਲੀ ਦੀ ਸੁਗੰਧ ਭਰੀ ਗੱਲ ਸੁਣ ਵੀ ਜਾਂਦੀ ਬਿਸ਼ਨੀ ਉਨ੍ਹਾਂ ਦੇ ਨੇੜੇ ਹੁੰਦੀ, ਪਿਆਰ ਭਰੀ ਗੱਲ ਦਾ ਪਤਾ ਕਰਨ ਦੀ ਕੋਸ਼ਿਸ਼ ਕਰਦੀ। ਉਹ ਤਰਸੇਵਾਂ ਕਰਦੀ ਪੁੱਛਦੀ- "ਅੜੀਓ ਤੁਸੀਂ ਮੈਨੂੰ ਵੀ ਆਪਣੀ ਕੋਈ ਸਤਰੰਗੀ ਪੀਂਘ ਅਰਗੀ ਗੱਲ ਦੱਸ ਦਿਆ ਕਰੋ। ਮੇਰੇ 'ਚੋਂ ਏਹੋ ਜਿਹੀ ਕਿਹੜੀ ਭੂਰੀ ਕੀੜੀ ਥੋਡੇ ਲੜਦੀ ਐ। ਤੁਸੀਂ ਮੈਨੂੰ ਗੱਲ ਵੀ ਨੀਂ ਦੱਸਦੀਆਂ। ਮੈਂ ਵੀ ਥੋਡੀ ਸਹੇਲੀ ਆਂ। ਮੇਰਾ ਵੀ ਥੋਡੇ ਅਰਗਾ ਜੀਅ ਐ। ਮੈਨੂੰ ਕਿਉਂ ਆਵਦੀਆਂ ਗੱਲਾਂ ਤੋਂ ਤਰਸਾਉਨੀਓਂ।"

ਬਿਸ਼ਨੀ ਦੀ ਗੱਲ ਸੁਣ ਕੁੜੀਆਂ ਤਾਂ ਜਿਵੇਂ ਚੁੱਪ ਹੀ ਕਰ ਜਾਂਦੀਆਂ। ਜਿਵੇਂ ਕੋਈ ਦਵਾਈ ਸੁੰਘੀ ਹੋਵੇ। ਉਨ੍ਹਾਂ ਨੂੰ ਬਿਸ਼ਨੀ ਦੀ ਐਨ ਝੇਂਪ ਸੀ ਕਿ ਕੋਈ ਵੀ ਗੱਲ ਉਸਨੂੰ ਦੱਸ ਨਹੀਂ ਸਨ ਸਕਦੀਆਂ ਸਨ। ਬਿਸ਼ਨੀ ਨੂੰ ਵਿਚੇ ਵਿਚ ਤਾਂ ਸਭ ਬਾਰੇ ਪਤਾ ਸੀ ਕਿ ਕਿਹੜੀ ਕੁੜੀ ਕਿਹੜੇ ਮੁੰਡੇ ਨੂੰ ਚਾਹੁੰਦੀ ਐ ਪਰ ਕੋਈ ਵੀ ਕੁੜੀ ਬਿਸ਼ਨੀ ਨੂੰ ਆਪਣੇ ਬਾਰੇ ਦੱਸਣ ਤੋਂ ਕੰਨੀਂ ਕਤਰਾਉਂਦੀ ਸੀ। ਬਿਸ਼ਨੀ ਤੋਂ ਸਭ ਕੁੜੀਆਂ ਆਪਣਾ ਭੇਤ ਛੁਪਾਉਂਦੀਆਂ ਸਨ।

ਆਪਣੀਆਂ ਸਹੇਲੀਆਂ ਨਾਲ ਬਿਸ਼ਨੀ ਇਨ੍ਹਾਂ ਗੱਲਾਂ ਪਿੱਛੇ ਗੁੱਸੇ ਵੀ ਹੋ ਜਾਂਦੀ। ਉਹ ਮਨ 'ਚ ਸੋਚਦੀ, "ਮੇਰੀ ਅਜਿਹੀ ਕੋਈ ਸਹੇਲੀ ਨਹੀਂ। ਜਿਹੜੀ ਮੈਨੂੰ ਆਪਣੇ ਦਿਲ ਦੀ ਗੱਲ ਦੱਸ ਸਕੇ ਤੇ ਮੇਰੇ ਦਿਲ ਦੀ ਸੁਣ ਸਕੇ।"

ਦਰਵਾਜ਼ੇ ਵਿਚ ਚਰਖੇ ਕੱਤ ਰਹੀਆਂ ਕੁੜੀਆਂ ਨੂੰ ਬਿਸ਼ਨੀ ਇਕ ਰੋਹਬਦਾਰ ਤੇ ਆਪਹੁਦਰੀ ਮਹਿਸੂਸ ਹੁੰਦੀ। ਬਿਸ਼ਨੀ ਨਾਲੋਂ ਤਾਂ ਉਸ ਦੀ ਭਰਜਾਈ ਛੋਪ ਕੱਤ ਰਹੀਆਂ ਕੁੜੀਆਂ ਨਾਲ ਬਹੁਤਾ ਹਾਸਾ ਮਜ਼ਾਕ ਕਰ ਲੈਂਦੀ। ਪਿਆਰ ਤੇ ਜਵਾਨੀ ਦੇ ਮਸਤ ਦਿਨਾਂ ਦੀਆਂ ਬਹਾਰਾਂ ਦੀਆਂ ਟਕੋਰਾਂ ਉਹ ਕੁੜੀਆਂ ਨੂੰ ਮਾਰਦੀ। ਮੁਟਿਆਰਾਂ ਕੁੜੀਆਂ ਬਿਸ਼ਨੀ ਦੀ ਭਰਜਾਈ ਤੋਂ ਪਿਆਰ ਦੇ ਤਜਰਬੇ ਦੀਆਂ ਗੱਲਾਂ ਚਸਕੇ ਲੈ-ਲੈ ਕੇ ਸੁਣਦੀਆਂ। ਕੁੜੀਆਂ ਉਸਨੂੰ ਭਾਬੀ-ਭਾਬੀ ਕਹਿੰਦੀਆਂ ਉਸਦੀ ਹਿੱਕ 'ਚੋਂ ਕਿਸੇ ਨਿੰਘੀ ਖੁਸ਼ਬੂ ਦੀ ਭਾਲ ਕਰਦੀਆਂ। ਜਦੋਂ ਬਿਸ਼ਨੀ ਉਨ੍ਹਾਂ 'ਚ ਆ ਬੈਠਦੀ ਚਰਖਿਆਂ ਦੀ ਘੂਕ 'ਚੋਂ ਪਿਆਰ ਦੀਆਂ ਮਸਤ ਬਹਾਰਾਂ ਰੁਮਕਣੋਂ ਹਟ ਜਾਂਦੀਆਂ।

ਬਿਸ਼ਨੀ ਆਪਣੇ ਤਿੰਨ ਭਰਾਵਾਂ ਤੋਂ ਛੋਟੀ ਹੋਣ ਕਰਕੇ ਉਹ ਆਪਣੀਆਂ ਵੱਡੀਆਂ ਭਰਜਾਈਆਂ ਨਾਲ ਵੀ ਕਦੇ ਬਹੁਤਾ ਹੱਸੀ ਨਹੀਂ ਸੀ। ਇਉਂ ਵੀ ਨਹੀਂ ਸੀ ਕਿ ਬਿਸ਼ਨੀ ਕਦੇ ਆਪਣੀਆਂ ਭਾਬੀਆਂ ਨਾਲ ਰੁੱਸੀ ਹੋਵੇ। ਭਾਵੇਂ ਉਹ ਬਿਸ਼ਨੀ ਦੇ ਸੁਹੱਪਣ ਦੀਆਂ ਗੱਲਾਂ ਕਰਕੇ ਠੱਠਾ ਮਜ਼ਾਕ ਕਰ ਲੈਂਦੀਆਂ ਪਰ ਬਿਸ਼ਨੀ ਉਨ੍ਹਾਂ ਨੂੰ ਥੋੜੀ ਜਿਹੀ ਮੁਸਕਰਾਹਟ ਹੀ ਦਿੰਦੀ। ਉਸਦੇ ਅੰਦਰ ਭਾਵੇਂ ਪਿਆਰ ਭਰੀ ਝਨਾਂ ਖੌਰੂ ਪਾ ਰਹੀ ਸੀ ਪਰ ਉਹ ਬੇਬੱਸ ਸੀ ਕਿਉਂਕਿ ਕੁੜੀਆਂ ਉਸ ਦੀਆਂ ਸਹੇਲੀਆਂ ਬਣ ਕੇ ਵੀ ਬਹੁਤਾ ਉਸ ਨਾਲ ਖੁੱਲ੍ਹੀਆਂ ਨਹੀਂ ਸਨ। ਬਿਸ਼ਨੀ ਦੇ ਦਿਮਾਗ ਵਿਚ ਆਪਣੇ ਭਰਾਵਾਂ ਦੀ ਝੇਂਪ ਅਤੇ ਸ਼ਾਨ ਘਰ ਕਰੀ ਬੈਠੀ ਸੀ। ਉਹ ਸੋਚਦੀ ਸੀ ਕਿ ਜੇ ਮੇਰੀ ਕਿਸੇ ਹਾਣ ਦੇ ਮੁੰਡੇ ਨਾਲ ਕੋਈ ਬੋਲ-ਚਾਲ ਹੋ ਗਈ ਤਾਂ ਇਸ 'ਚ ਮੇਰੇ ਭਰਾਵਾਂ ਦੀ ਹਾਨੀ ਹੈ। ਇਸ ਲਈ ਇਸ਼ਕ ਦੀ ਝਨਾਂ ਬਿਸ਼ਨੀ ਦੇ ਅੰਦਰ ਛਾਲਾਂ ਤਾਂ ਮਾਰਦੀ ਸੀ ਪਰ ਉਸਨੇ ਆਪਣੇ ਇਸ਼ਕ ਨੂੰ ਤੈਰਨਾ ਨਹੀਂ ਸਿਖਾਇਆ ਸੀ। ਉਹ ਆਪਣੀਆਂ ਸਹੇਲੀਆਂ ਨਾਲ ਹੁਣ ਚਿੜ-ਚਿੜਾ ਸੁਭਾਅ ਰੱਖਦੀ ਸੀ।

ਦਿਨ ਲੰਘਦੇ ਗਏ। ਬਿਸ਼ਨੀ ਦੇ ਵੱਡੇ ਦਰਵਾਜ਼ੇ 'ਚੋਂ ਚਰਖਿਆਂ ਦੀ ਘੂਕਰਾਂ ਦੀਆਂ ਅਠਖੇਲੀਆਂ ਲੈਂਦੀਆਂ ਮਸਤ ਜਵਾਨੀਆਂ ਰੇਤ ਦੀ ਮੁੱਠੀ ਵਾਂਗ ਅੱਲ੍ਹੜ ਪਿਆਰਾਂ ਨੂੰ ਕੇਰਦੀਆਂ ਰਹੀਆਂ। ਇਹ ਸਭ ਕੁੜੀਆਂ ਆਪਣੇ ਪੇਕੇ ਘਰ ਚਰਖੇ ਕੰਧਾਂ ਨਾਲ ਖੜ੍ਹੇ ਕਰਕੇ ਆਪਣੇ-ਆਪਣੇ ਸਹੁਰੀਂ ਵਿਦਾ ਹੋ ਗਈਆਂ ਸਨ। ਬਿਸ਼ਨੀ ਦਾ ਵੀ ਵਿਆਹ ਹੋ ਗਿਆ ਸੀ। ਉਸ ਦਾ ਮਰਦ ਸੌ ਮਰਦਾਂ ਵਿਚੋਂ ਇਕ ਸੀ। ਮਾਂ ਪਿਉ ਦਾ ਉਹ ਇਕਲੌਤਾ ਪੁੱਤਰ ਸੀ। ਉਸਦਾ ਸੁਭਾਅ ਖੁੱਲ੍ਹਾ-ਡੁੱਲ੍ਹਾ ਸੀ। ਉਸ ਦਾ ਅਸਮਾਨ ਦੀ ਛੱਤ ਵਰਗਾ ਚਿਹਰਾ ਹਸੂੰ-ਹਸੂੰ ਕਰਦਾ ਸੀ। ਬਿਸ਼ਨੀ ਉਸ ਲਈ ਇਕ ਗ਼ਜ਼ਲ ਵਰਗੀ ਮੁਟਿਆਰ ਸੀ। ਪੁੰਨਿਆ ਦੇ ਚੰਨ ਵਰਗਾ ਬਿਸ਼ਨੀ ਦਾ ਮੁਖੜਾ ਉਸ ਲਈ ਰੱਬੋਂ ਮਿਲਿਆ ਵਰਦਾਨ ਸੀ।

ਬਿਸ਼ਨੀ ਨੇ ਆਪਣੇ ਮੁਟਿਆਰ ਹੋਣ ਤਕ ਜੋ ਸੁਪਨੇ ਗੂੜ੍ਹੀ ਨੀਂਦ ਲੈਂਦਿਆਂ ਵੇਖੇ ਸਨ, ਉਨ੍ਹਾਂ ਦਾ ਰੰਗ ਬਿਖਰਿਆ ਨਹੀਂ ਸੀ। ਬਿਸ਼ਨੀ ਦਾ ਆਪਣੇ ਅੱਲ੍ਹੜਪੁਣੇ 'ਚ ਹੰਢਾਇਆ ਸੰਤਾਪ ਅੱਜ ਤਕ ਹਕੀਕਤ ਰੂਪ ਵਿਚ ਸੱਤਰੰਗੇ ਫੁੱਲਾਂ ਦੀ ਖੁਸ਼ਬੋ ਬਣ ਗਿਆ ਸੀ। ਬਿਸ਼ਨੀ ਅੰਤਾਂ ਦੀ ਖੁਸ਼ ਸੀ। ਉਸਦਾ ਪਤੀ ਪਹਾੜਾਂ ਤੋਂ ਵਹਿੰਦਾ ਝਰਨਾ ਸੀ। ਬਿਸ਼ਨੀ ਦੀ ਰੂਹ ਉਸ ਦੇ ਨਿਰਮਲ ਪਾਣੀਆਂ 'ਚ ਟੁੱਭੀਆਂ ਭਰ ਰਹੀ ਸੀ। ਉਸਨੇ ਆਪਣੇ ਸੀਨੇ ਨੂੰ ਠੰਡਾ-ਠਾਰ ਕਰ ਲਿਆ ਸੀ। ਬਿਸ਼ਨੀ ਨੇ ਆਪਣੇ ਸੁਪਨਿਆਂ 'ਚ ਮਸਤ ਬਹਾਰਾਂ ਦੇ ਮੌਸਮ ਚਿਤਵੇ ਸਨ। ਉਹੀ ਸਾਕਾਰ ਰੂਪ ਵਿਚ ਉਸਦੇ ਸੁਹੱਪਣ ਦਾ ਅਟੁੱਟ ਅੰਗ ਬਣ ਗਏ ਸਨ। ਉਸਨੂੰ ਆਪਣੇ ਪਤੀ ਦਾ ਸੁਭਾਅ ਫੁੱਲ ਪੱਤੀਆਂ ਦੇ ਚਿਹਰੇ ਵਰਗਾ ਕੋਮਲ ਲੱਗਿਆ ਸੀ। ਹੀਰੇ ਵਰਗੇ ਉਸ ਦੇ ਪਤੀ ਦੀ ਖਿੱਚ ਬਿਸ਼ਨੀ ਦੇ ਅੰਦਰਲੇ ਹਨੇਰੇ ਨੂੰ ਰੁਸ਼ਨਾ ਗਈ ਸੀ।

ਬਿਸ਼ਨੀ ਜਿਵੇਂ ਆਪਣੇ ਮਰਦ ਲਈ ਇਕ ਅਤਿ ਸੁੰਦਰ ਝੀਲ ਹੋਵੇ। ਇਸ ਝੀਲ ਦੇ ਕੁਦਰਤੀ ਸੋਮਿਆਂ ਵਿਚ ਉਸ ਪੁੰਨਿਆ ਦੇ ਚੰਨ ਦੀ ਚਾਨਣੀ ਉਸ ਖੂਬਸੂਰਤ ਨਜ਼ਾਰੇ ਵਿਚ ਮਸਤ ਹੋ ਕੇ ਬਿਹਬਲ ਹੋ ਰਹੀ ਹੋਵੇ। ਇਸ ਝੀਲ ਦੀ ਪਿਆਸ ਨੂੰ ਜੋਬਨ ਮੱਤੀਆਂ ਜਵਾਨੀਆਂ ਦੇ ਸੁਮੇਲ ਵਿਚੋਂ ਕਿਸੇ ਬੁਰੀ ਨਜ਼ਰ ਦਾ ਡਰ ਹੋਵੇ। ਬਿਸ਼ਨੀ ਦਾ ਦਿਲ ਇਹ ਸੋਚ ਕੇ ਧੜਕਦਾ।

ਜ਼ਿੰਦਗੀ ਦਾ ਵਹਿਣ ਵਹਿੰਦਾ ਰਿਹਾ। ਸਮਾਂ ਸਰਕਦਾ ਰਿਹਾ। ਬਿਸ਼ਨੀ ਦੇ ਪਹਾੜਾਂ ਜਿੱਡੇ ਸੁਪਨੇ ਅੱਧਵਾਟੇ ਹੀ ਰੁਲ-ਖੁਲ ਗਏ ਸਨ। ਬਿਸ਼ਨੀ ਇਨ੍ਹਾਂ ਦਾ ਦਰਦ ਅੰਦਰੇ-ਅੰਦਰ ਹੰਢਾਉਂਦੀ ਰਹੀ ਸੀ। ਉਸ ਦੀ ਇਕੋ ਇਕ ਧੀ ਮੁਟਿਆਰ ਹੋ ਰਹੀ ਸੀ। ਉਸਨੇ ਆਪਣੀ ਜਾਨ ਵਰਗੀ ਧੀ ਨੂੰ ਆਪਣੇ ਵਾਲਾਂ 'ਚ ਛੋਟਾ ਜਿਹਾ ਗੇਂਦੇ ਦਾ ਫੁੱਲ ਟੁੰਗਦੀ ਨੂੰ ਵੇਖਿਆ।

ਝੱਟ ਉਹ ਆਪਣੀ ਸੁਗੰਧਾਂ ਭਰੀ ਧੀ ਕੋਲ ਗਈ। ਉਸਨੂੰ ਬਿਸ਼ਨੀ ਨੇ ਧਾਅ ਗਲਵੱਕੜੀ ਪਾ ਲਈ। ਆਪਣੀ ਧੀ ਨੂੰ ਮੋਹ ਦੀਆਂ ਤੰਦਾਂ 'ਚ ਲਪੇਟੀ ਨੇ ਉਸ ਦੇ ਦਿਲ ਦੀ ਧੜਕਣ ਵਿਚੋਂ ਕੋਈ ਰੰਗਲੀ ਆਹਟ ਸੁਣੀ। ਧੀ ਦੇ ਦਿਲ 'ਤੇ ਹੱਥ ਰੱਖਦੀ ਬਿਸ਼ਨੀ ਦਾ ਚਿਹਰਾ ਹੱਕਾ-ਬੱਕਾ ਹੋ ਗਿਆ। ਆਪਣੀ ਵਰ੍ਹਿਆਂ ਪੁਰਾਣੀ ਮਸਤੀ ਦੀਆਂ ਪਿਆਰ ਵਿਹੂਣੀਆਂ ਅੰਗੜਾਈਆਂ ਵਿਚੋਂ ਇਕ ਬਿਰਹਾ ਭਰੀ ਹੂਕ ਨਿਕਲੀ। ਉਸਨੇ ਆਪਣੀ ਧੀ ਨੂੰ ਪੁੱਛਿਆ- "ਆਹ ਤੇਰੇ ਵਾਲਾਂ 'ਚ ਟੁੰਗੇ ਫੁੱਲਾਂ ਦੀ ਸਜਾਵਟ ਉਸ ਬਗੀਚੀ ਦਾ ਕਿਸੇ ਭੌਰੇ ਨੂੰ ਸੁਹਣੇ ਖ਼ਿਆਲਾਂ ਦੀ ਲੜੀ 'ਚ ਪਰੋਣਾ ਸਾਜਗਾਰ ਕਰਦਾ ਹੈ। ਕਿਸੇ ਦੇ ਮਨ ਦੀਆਂ ਯਾਦਾਂ ਨੂੰ ਕਿਆਸਣ ਨਾਲੋਂ ਜ਼ਿੰਦਗੀ ਨੂੰ ਰੰਗੀਨ ਬਣਾ ਲੈਣਾ ਹੀ ਅਸਲ ਮਕਸਦ ਹੁੰਦਾ ਹੈ। ਨਹੀਂ ਤਾਂ ਕਿਆਸਅਰਾਈਆਂ ਕੱਚ ਦੀਆਂ ਮੁੰਦਰਾਂ ਵਾਂਗ ਤੜੱਕ ਕਰ ਜਾਂਦੀਆਂ ਹਨ। ਜੋ ਦਿਲ ਉਤੇ ਅਜਿਹਾ ਘਾਣ ਕਰ ਜਾਂਦੀਐਂ ਜਿਨ੍ਹਾਂ 'ਤੇ ਫਿਰ ਸਾਰੀ ਉਮਰ ਮਲ੍ਹਮ ਲਾਉਣੀ ਪੈਂਦੀ ਐ। ਫਿਰ ਨਾ ਤਾਂ ਏਹ ਚੰਦਰੀ ਜਾਨ ਛੁੱਟਦੀ ਐ, ਨਾ ਹੀ ਸੌਖਾ ਸਮਾਂ ਹੱਥ ਲੱਗਦੈ। ਕਿਸੇ ਦੇ ਪਿੰਜਰੇ 'ਚ ਕੈਦ ਹੋਈ ਰੂਹ ਬਿਨ ਪਾਣੀਓਂ ਮਛਲੀ ਵਾਂਗ ਤੜਪਦੀ ਐ...ਧੀਏ ਮੇਰੀਏ।"

ਬਿਸ਼ਨੀ ਦੀਆਂ ਅੱਖਾਂ ਵਹਿ ਤੁਰੀਆਂ। ਉਸਦੇ ਅੰਦਰੋਂ ਨਿਕਲੀ ਚੀਕ ਕੋਲ ਬੈਠੀ ਧੀ ਦਾ ਦਿਲ ਹਿਲਾ ਗਈ ਸੀ। ਧੀ ਨੇ ਮਾਂ ਨੂੰ ਜੱਫੀ 'ਚ ਲੈ ਲਿਆ। ਬਿਸ਼ਨੀ ਦੀ ਕਾਲਜੀਏਟ ਧੀ ਆਪਣਾ ਮੂੰਹ ਉਤਾਂਹ ਚੁੱਕਦੀ ਮਾਂ ਵਲ ਬਿਟਰ-ਬਿਟਰ ਵੇਖਣ ਲੱਗੀ। ਮਾਂ ਦੀਆਂ ਤਰੀੜਾਂ ਭਰੀਆਂ ਗੱਲਾਂ ਸੁਣ ਕੇ ਤੇ ਆਕਾਸ਼ ਪਾੜਵੀਂ ਚੀਕ ਨੇ ਧੀ ਦਾ ਚਿਹਰਾ ਹਾਰ ਹੰਭ ਚੁੱਕੀ ਮਰਗਾਈ ਵਰਗਾ ਕਰ ਦਿੱਤਾ ਸੀ। ਜਿਹੜੀ ਬਿਮਾਰੀ ਨੇ ਹੁਣੇ-ਹੁਣੇ ਜ਼ਖਮੀ ਕੀਤੀ ਸੀ। ਧੀ ਦਾ ਧੜਕਦਾ ਦਿਲ ਇਕ ਵਾਰ ਰੁਕ ਗਿਆ ਸੀ।

ਉਹ ਆਪਣੀ ਮਾਂ ਨੂੰ ਆਖਣ ਲੱਗੀ- "ਮੰਮ! ਤੇ ਤੁਸੀਂ...?"

ਮੁਟਿਆਰ ਕੁੜੀ ਨੇ ਆਪਣੀ ਮਾਂ ਨੂੰ ਇਸ ਹਾਲਤ 'ਚ ਪਹਿਲੀ ਵਾਰ ਵੇਖਿਆ ਸੀ।

ਬਿਸ਼ਨੀ ਆਪਣੇ ਆਪ 'ਚ ਠੀਕ ਹੁੰਦੀ ਨੇ ਧੀ ਨੂੰ ਟਾਲਦਿਆਂ ਕਿਹਾ, "ਨਹੀਂ! ਨਹੀਂ ਕੁਛ ਨ੍ਹੀਂ! ਬਸ ਐਵੇਂ ਈ ਤੇਰੇ ਪਾਪਾ ਦੀ ਯਾਦ ਆ ਗਈ ਸੀ। ਤੈਨੂੰ ਸਿਰ ਦੇ ਵਾਲਾਂ 'ਚ ਫੁੱਲ ਟੁੰਗਦੀ ਵੇਖ ਕੇ।"

ਬਿਸ਼ਨੀ ਦੇ ਘਰ ਵਾਲਾ ਡਾਲਰਾਂ ਦੀ ਭੁੱਖ ਕਾਰਨ ਕੈਨੇਡਾ ਚਲਾ ਗਿਆ ਸੀ। ਬਿਸ਼ਨੀ ਨੇ ਉਸਨੂੰ ਮਿੰਨਤ ਤਰਲਾ ਕੀਤਾ ਸੀ ਕਿ ਤੂੰ ਓਧਰ ਨਾ ਜਾ। ਆਪਣੇ ਇਕ ਧੀ ਐ। ਇਥੇ ਕਿਹੜਾ ਆਪਾਂ ਨੂੰ ਕਿਸੇ ਗੱਲ ਦਾ ਘਾਟਾ ਐ ਐਵੇਂ ਪਰਦੇਸਾਂ 'ਚ ਜਾ ਕੇ ਨਾਲੇ ਤੂੰ ਆਪ ਰੁਲੇਂਗਾ, ਨਾਲੇ ਮੈਨੂੰ ਵਿਯੋਗ ਸਹਿਣ ਲਈ ਏਥੇ ਸੁੱਕਣੀ ਪਾਜੇਂਗਾ।'

ਬਿਸ਼ਨੀ ਦੇ ਘਰਵਾਲੇ ਨੇ ਉਸਦੀ ਇੱਕ ਵੀ ਗੱਲ ਨਹੀਂ ਸੁਣੀ ਸੀ। ਹੁਣ ਉਸਨੂੰ ਕੈਨੇਡਾ ਗਏ ਨੂੰ ਸੱਤਵਾਂ ਸਾਲ ਸੀ। ਉਸਨੇ ਆਪਣੇ ਘਰ ਵਲ ਪਿੱਛੇ ਮੁੜ ਕੇ ਨਹੀਂ ਵੇਖਿਆ ਸੀ। ਬਿਸ਼ਨੀ ਦੀ ਜਵਾਨੀ ਦੀ ਅੱਗ ਭਾਂਬੜ ਬਣਦੀ ਹੁਣ ਧੁਖਦੀ ਧੂਣੀ ਬਣ ਕੇ ਰਹਿ ਗਈ ਸੀ।

ਬਿਸ਼ਨੀ ਨੂੰ ਕੈਨੇਡਾ ਗਏ ਪਤੀ ਬਾਰੇ ਪਿੰਡ 'ਚੋਂ ਬਹੁਤ ਸਾਰੀਆਂ ਗੱਲਾਂ ਦੀ ਕਨਸੋਅ ਮਿਲਦੀ ਰਹੀ ਸੀ ਪਰ ਉਸਨੂੰ ਪਤੀ ਤੇ ਅੰਤਾਂ ਦਾ ਵਿਸ਼ਵਾਸ ਸੀ। ਉਹ ਕਿਸੇ ਵੀ ਗੱਲ ਦੀ ਪਰਵਾਹ ਨਹੀਂ ਕਰਦੀ ਸੀ।

ਪਰ ਪਿਛਲੇ ਸਾਲ ਗੁਆਂਢੀ ਪਿੰਡ ਦਾ ਬੰਦਾ ਕੈਨੇਡਾ ਤੋਂ ਆਇਆ ਸੀ। ਉਹ ਬਿਸ਼ਨੀ ਨੂੰ ਮਿਲ ਕੇ ਗਿਆ ਸੀ। ਉਸਨੇ ਦੱਸਿਆ ਸੀ ਕਿ ਰਿੰਪੀ ਦੇ ਪਾਪਾ ਨੇ ਕਿਹਾ ਕਿ ਮੈਂ ਤਾਂ ਏਧਰ ਮੌਜਾਂ ਕਰਦਾ। ਜਦੋਂ ਬਿਸ਼ਨੀ ਨੇ ਧੀ ਰਿੰਪੀ ਦਾ ਵਿਆਹ ਕਰਨਾ ਹੋਇਆ ਤਾਂ ਮੈਂ ਹੋਰ ਡਾਲਰ ਭੇਜ ਦੇਵਾਂਗਾ।

ਬਿਸ਼ਨੀ ਨੇ ਉਸ ਆਦਮੀ ਨੂੰ ਚਾਹ ਪਾਣੀ ਪਿਆਉਣ ਤੋਂ ਪਿੱਛੋਂ ਪੁੱਛਿਆ ਸੀ ਕਿ ਤੂੰ ਰਿੰਪੀ ਦੇ ਪਾਪਾ ਬਾਰੇ ਦੱਸ ਕਿ ਉਹ ਐਨੇ ਸਾਲਾਂ ਦਾ ਕਿਉਂ ਨਹੀਂ ਆਇਆ। ਬਸ ਰਿੰਪੀ ਨੂੰ ਉਸ ਦੇ ਪਿਆਰ ਭਰੀ ਚਿੱਠੀ ਅਤੇ ਮੈਨੂੰ ਡਾਲਰ ਮਿਲ ਜਾਂਦੇ ਐ। ਚਿੱਠੀ ਪੜ੍ਹ ਕੇ ਕੁੜੀ ਆਪਣੇ ਪਾਪਾ ਨੂੰ ਉਡੀਕਦੀ ਰਹਿੰਦੀ ਐ। ਇਹ ਰੋਂਦੀ ਰਹਿੰਦੀ ਐ ਆਪਣੇ ਪਾਪਾ ਨੂੰ ਯਾਦ ਕਰਕੇ।

ਉਸ ਆਦਮੀ ਨੇ ਬਿਸ਼ਨੀ ਦੀ ਗੱਲ ਸੁਣ ਕੇ ਹੌਲੀ ਜਿਹੀ ਆਖਿਆ ਸੀ, "ਜੀ ਤੁਸੀਂ ਮੇਰਾ ਨਾਂ ਤਾਂ ਨਾ ਲਿਉ। ਉਹ ਤਾਂ ਆਪਣੇ ਘਰ ਇਕ ਮੇਮ ਨੂੰ ਰੱਖੀ ਬੈਠੈ।"

ਉਸ ਆਦਮੀ ਦੀ ਗੱਲ ਸੁਣ ਕੇ ਬਿਸ਼ਨੀ ਜਿਵੇਂ ਥਾਏਂ ਹੀ ਘਾਊਂ-ਮਾਊਂ ਹੋ ਗਈ ਹੋਵੇ। ਬਿਸ਼ਨੀ ਨੇ ਆਪਣੇ ਆਪਨੂੰ ਸੰਭਾਲਦੇ ਕਿਹਾ, "ਭਾਈ! ਉਸਨੂੰ ਕੈਨੇਡਾ ਜਾ ਕੇ ਕਹਿ ਦੇਈਂ ਕਿ ਕੁੜੀ ਦੇ ਵਿਆਹ ਲਈ ਬਿਸ਼ਨੀ ਨੂੰ ਤੇਰੇ ਡਾਲਰਾਂ ਦੀ ਲੋੜ ਨਹੀਂ ਰਹੀ ਹੁਣ। ਅੱਜ ਤੋਂ ਪਿੱਛੋਂ ਉਹ ਮੇਰੀ ਧੀ ਰਿੰਪੀ ਨੂੰ ਕੋਈ ਵੀ ਚਿੱਠੀ ਨਾ ਲਿਖੇ। ਉਸਦੀ ਰਿੰਪੀ ਹੁਣ ਕੁਛ ਨ੍ਹੀਂ ਲਗਦੀ। ਉਸ ਕਲਯੁਗੀ ਨੂੰ ਮੇਰਾ ਇਹ ਸੁਨੇਹਾ ਲਾ ਦੇਈਂ ਮੇਰਾ ਭਰਾ ਬਣ ਕੇ।"

ਉਸਤੋਂ ਪਿਛੋਂ ਆਹ ਦਿਨ ਆ ਗਏ ਸਨ। ਬਿਸ਼ਨੀ ਨੇ ਆਪਣੀ ਰਿੰਪੀ ਨੂੰ ਉਸਦੇ ਪਾਪਾ ਬਾਰੇ ਕੋਈ ਵੀ ਗੱਲ ਨਹੀਂ ਦੱਸੀ ਸੀ। ਜਦ ਕਦੀ ਕੁੜੀ ਆਪਣੀ ਮਾਂ ਨੂੰ ਆਪਣੇ ਪਾਪਾ ਦੇ ਆਉਣ ਬਾਰੇ ਪੁੱਛਦੀ ਤਾਂ ਆਨੀਂ ਬਹਾਨੀਂ ਮਾਂ ਉਸਨੂੰ ਕੈਨੇਡਾ ਦੇ ਸਖ਼ਤ ਕਾਨੂੰਨ ਹੋਣ ਬਾਰੇ ਦੱਸ ਕੇ ਝੂਠ ਬੋਲਦੀ ਰਹਿੰਦੀ।

ਇਹ ਗੱਲ ਆਪਣੀ ਧੀ ਨਾਲ ਕਰਕੇ ਮਾਂ ਦੂਰ ਜਾ ਕੇ ਚੁੰਨੀ ਦੇ ਲੜ ਨਾਲ ਆਪਣੀਆਂ ਨਮ ਹੋਈਆਂ ਅੱਖਾਂ ਪੂੰਝ ਲੈਂਦੀ।

ਹੁਣ ਜਦ ਕੁੜੀ ਘਰੋਂ ਕਾਲਜ ਪੜ੍ਹਨ ਚਲੀ ਜਾਂਦੀ। ਬਿਸ਼ਨੀ ਅੰਦਰੋਂ ਬਾਰ ਨੂੰ ਕੁੰਡਾ ਲਾ ਕੇ ਬੁੱਕੀਂ-ਬੁੱਕੀਂ ਰੋਂਦੀ ਰਹਿੰਦੀ। ਆਪਣੇ ਮਰਦ ਦੇ ਝੂਠੇ ਤੇ ਬੇਵਫ਼ਾ ਹੋਣ ਦੇ ਆਪਣੇ ਮਨ 'ਚ ਤਾਹਨੇ ਮਾਰਦੀ। ਆਪਣੇ ਆਪ ਨੂੰ ਕੋਸਦੀ, ਦਾਣਿਆਂ ਵਾਲੀ ਭੱਠੀ ਦੇ ਗਿੱਲੇ ਬਾਲਣ ਵਾਂਗ ਧੁਖਦੀ ਰਹਿੰਦੀ। ਹੁਣ ਉਸ ਨੂੰ ਸਾਰੇ ਆਦਮੀ ਹੀ ਦਗ਼ਾਬਾਜ਼ ਲਗਦੇ।

ਇਸ ਲਈ ਤਾਂ ਅੱਜ ਉਹ ਆਪਣੀ ਰਿੰਪੀ ਦੇ ਸਿਰ ਦੇ ਵਾਲਾਂ ਵਿਚੋਂ ਟੁੰਗੇ ਫੁੱਲ ਵਿਚੋਂ ਕਿਸੇ ਅਜਿਹੀ ਹੀ ਬੇਕਦਰੇ ਮਰਦ ਦਾ ਚਿਹਰਾ-ਮੁਹਰਾ ਵੇਖ ਕੇ ਫ਼ਿਕਰਾਂ ਦੇ ਪਾਣੀਆਂ 'ਚ ਡੁੱਬ ਗਈ ਸੀ। ਉਸ ਦੀ ਆਪਣੀ ਜ਼ਿੰਦਗੀ ਟਿੱਬਿਆਂ ਦੀ ਰੇਤ ਸੀ। ਉਹ ਇਕ ਪਿਆਸੀ ਨਦੀ ਸੀ। ਉਸ ਦੇ ਇਸ਼ਕ ਦਾ ਵਿਯੋਗ ਅੱਗ ਵਰਗੀ ਜਵਾਨੀ ਵਿਚੋਂ ਸੇਕ ਮਾਰਦਾ ਲੰਘ ਗਿਆ ਸੀ। ਭਾਵੇਂ ਹੁਣ ਉਸਦੀ ਉਮਰ ਲੰਘ ਚੁੱਕੀ ਸੀ ਪਰ ਧੀ ਦੇ ਜਲਵੇ ਨੇ ਉਸਦੀ ਅੰਦਰਲੀ ਨਦੀ ਦਾ ਹੜ੍ਹ ਵਹਾਅ ਦਿੱਤਾ ਸੀ। ਹੁਣ ਉਹ ਸਮੁੰਦਰ ਨੂੰ ਵੀ ਡੀਕ ਲਾ ਕੇ ਪੀਣਾ ਲੋਚਦੀ ਸੀ।

ਬਿਸ਼ਨੀ ਦੇ ਮਨ 'ਚੋਂ ਜ਼ਿੰਦਗੀ ਭਰ ਦਾ ਤੜਪਨਾ ਭਰਿਆ ਸੇਕ ਉਸ ਦੀਆਂ ਅੱਖਾਂ ਨੂੰ ਸਾਗਰ ਬਣਾ ਗਿਆ ਸੀ। ਉਸਨੇ ਆਪਣੀਆਂ ਅੱਖਾਂ ਪੁਰਾਣੀ ਚੁੰਨੀ ਦੇ ਪੱਲੇ ਨਾਲ ਹੀ ਸਾਫ਼ ਕੀਤੀਆਂ।

ਹੁਣ ਬਿਸ਼ਨੀ ਨੇ ਘਰ ਦੇ ਵਿਹੜੇ ਵਲ ਤੱਕਿਆ। ਉਹਦੀ ਨਿਗ੍ਹਾ ਕਮਰਿਆਂ ਦੇ ਉਦਾਸ ਬਨੇਰਿਆਂ ਨਾਲ ਖਹਿ ਗਈ। ਉਹ ਆਪਣੀ ਧੀ ਰਿੰਪੀ ਕੋਲ ਆ ਕੇ ਸਮੁੰਦਰ ਦੇ ਗਹਿਰੇ ਖਾਰੇ ਪਾਣੀਆਂ ਜਿਹੀ ਸਮਝੌਤੀ ਦਿੰਦੀ ਬੋਲੀ, "ਵੇਖ ਨੀ ਧੀਏ! ਇਸ਼ਕ ਦੀਆਂ ਚੋਟੀਆਂ ਉਤੇ ਚੜ੍ਹਨ ਆਲੇ ਕੁਝ ਹੀ ਕਰਮਾਂ ਦੇ ਮਾਲਕ ਹੁੰਦੇ ਹਨ। ਨਹੀਂ ਤਾਂ ਏਨ੍ਹਾਂ ਦਾ ਹਸ਼ਰ ਥਲਾਂ 'ਚ ਰੁਲਦਾ ਸੁਣਿਐ। ਜੰਗਲ ਬੇਲਿਆਂ 'ਚ ਭਟਕਦਾ ਰਿਹੈ। ਜੰਡ ਵਰਗੇ ਰੁੱਖਾਂ ਨੂੰ ਅਮਰ ਕਰਦਾ ਇਸ਼ਕ ਆਪ ਵੱਢਿਆ ਟੁੱਕਿਆ ਗਿਐ। ਇਸ਼ਕ ਧੀਏ ਛੇਤੀ ਕੀਤਿਆਂ ਪਰਵਾਨ ਨਹੀਂ ਹੋਇਆ। ਜੇ ਇਸ਼ਕ ਪਰਵਾਨ ਚੜ੍ਹ ਜਾਏ ਤਾਂ ਇਸ਼ਕ ਨਹੀਂ ਰਹਿੰਦਾ। ਬਸ ਪਿਆਰ ਕਰਨ ਆਲਿਆਂ ਦਾ ਅਲੰਕਾਰ ਬਿਰਹਾ ਹੈ ਜੋ ਤੜਪਦਾ ਹੋਇਆ ਏਹ ਜਹਾਨੋਂ ਕੂਚ ਕਰ ਜਾਂਦੈ। ਮਿਲਾਪ ਦੀਆਂ ਚੰਦ ਘੜੀਆਂ ਹੀ ਪਿਆਰਿਆਂ ਨੂੰ ਜੀਵਨ ਭਰ ਲਈ ਤੜਪਨਾ ਦੇ ਤੱਤੇ ਕੜਾਹੇ 'ਚ ਪਾ ਕੇ ਕਿਧਰੇ ਟੁਰ ਜਾਂਦੀਐ ਪਰ ਫਿਰ ਵਾਪਸ ਨਹੀਂ ਪਰਤਦੀਆਂ। ਇਸ ਪੀੜ ਭਰੇ ਰਸਤੇ 'ਤੇ ਚੱਲਣਾ ਹੀ ਆਪਾ ਵਾਰ ਦੇਣਾ ਹੁੰਦਾ ਹੈ।"

ਬਿਸ਼ਨੀ ਇਹ ਮਿੱਠੇ ਮਹੁਰੇ ਵਰਗੀ ਗੱਲ ਸੁਣਾ ਕੇ ਧੀ ਵਲ ਆਪਣੀ ਉਦਾਸ ਭਰੀਆਂ ਅੱਖਾਂ ਨਾਲ ਉਸਦਾ ਚਿਹਰਾ ਨਿਹਾਰਨ ਲੱਗੀ।

ਕੁੜੀ ਆਪਣੀ ਮਾਂ ਤੋਂ ਦਰਦ ਭਰੀ ਦਾਸਤਾਨ ਸੁਣ ਕੇ ਹੈਰਾਨ ਰਹਿ ਗਈ ਸੀ। ਹੁਣ ਰਿੰਪੀ ਨੂੰ ਇਉਂ ਲੱਗ ਰਿਹਾ ਸੀ

ਕਿ ਕੋਈ ਕੁੜੀਆਂ ਦਾ ਚੰਬਾ ਆਪਣੇ ਇਸ਼ਕ ਦੀਆਂ ਬਾਤਾਂ ਦੱਸ ਰਿਹਾ ਸੀ। ਇਹ ਪਿਆਰ ਦੀ ਦਰਦਾਂ ਭਰੀ ਕਹਾਣੀ ਦੀ ਹੱਡ ਬੀਤੀ ਉਹ ਅਣਭੋਲ ਕੁੜੀ ਭਲਾ ਕੀ ਜਾਣੇ। ਜਿਸ ਨੇ ਹਾਲੇ ਕਿਸੇ ਦੀ ਯਾਦ 'ਚ ਵਾਲਾਂ 'ਚ ਇਕ ਫੁੱਲ ਹੀ ਟੁੰਗਿਆ ਸੀ। ਹਾਲੇ ਉਹ ਫਿਰ ਇਸ਼ਕ ਦੇ ਪੈਰਾਂ 'ਚ ਕੰਡੇ ਪੁੜਨ ਦੀ ਚੀਸ ਦਾ ਦਰਦ ਕਿਵੇਂ ਮਹਿਸੂਸ ਕਰੇ। ਰਿੰਪੀ ਨੇ ਤਾਂ ਹਾਲੇ ਸ਼ਹਿਦ ਤੋਂ ਮਿੱਠੇ ਉਨ੍ਹਾਂ ਫੁੱਲਾਂ 'ਤੇ ਪੈਰ ਹੀ ਧਰਿਆ ਸੀ। ਉਸ ਦੇ ਪੈਰਾਂ ਦੀਆਂ ਤਲੀਆਂ ਨੂੰ ਹਾਲੇ ਖੁਸ਼ਬੂ ਹੀ ਮਿਲੀ ਸੀ। ਇਸ ਲਈ ਤਾਂ ਉਹ ਵਾਲਾਂ 'ਚ ਫੁੱਲ ਟੁੰਗਦੀ ਮਸਤ ਬਹਾਰਾਂ ਦੇ ਗੀਤ ਗਾ ਰਹੀ ਸੀ।

ਪਰ ਰਿੰਪੀ ਨੂੰ ਇਹ ਗੱਲ ਅੱਲ੍ਹੜ ਕੁੜੀਆਂ ਨੇ ਨਹੀਂ ਦੱਸੀ ਸੀ। ਸਗੋਂ ਇਹ ਗੱਲ ਕਰਨ ਵਾਲੀ ਤਾਂ ਉਸਦੀ ਮਾਂ ਸੀ। ਮੁਟਿਆਰ ਕੁੜੀ ਹੁਣ ਇਹ ਗੱਲ ਵੀ ਸਮਝ ਗਈ ਸੀ ਕਿ ਉਸਦੀ ਮਾਂ ਨੂੰ ਉਸ ਦਾ ਪਾਪਾ ਹਮੇਸ਼ਾ ਤੜਪਨ ਲਈ ਛੱਡ ਗਿਐ। ਇਸ ਲਈ ਤਾਂ ਇਹ ਵਿਯੋਗ ਦੀ ਮੂਰਤੀ ਮੈਨੂੰ ਮੇਰੇ ਇਸ਼ਕ ਤੇ ਭਵਿੱਖ ਬਾਰੇ ਸਮਝੌਤੀ ਦਿੰਦੀ ਹੈ। ਜਿਹੜੀ ਆਪ ਗਿੱਲੇ ਗੋਹੇ ਦੀ ਧੂਣੀ ਬਣ ਕੇ ਸੁਲਗ ਰਹੀ ਐ। ਇਸ ਸੁਲਗ ਰਹੀ ਧੂਣੀ ਵਰਗੇ ਆਪਣੇ ਮਾਂ ਦੇ ਚਿਹਰੇ ਤੋਂ ਕੁੜੀ ਆਪਣੇ ਪਾਪਾ ਦੀ ਤਸਵੀਰ ਸਾਕਾਰ ਰੂਪ ਵਿਚ ਵੇਖ ਰਹੀ ਸੀ। ਕੁੜੀ ਆਪਣੀ ਮਾਂ ਦੇ ਹੱਡਾਂ ਨੂੰ ਅੰਦਰੇ ਅੰਦਰ ਬਲਦਾ ਮਹਿਸੂਸ ਕਰਕੇ ਅੰਤਾਂ ਦੀ ਦੁਖੀ ਹੋਈ ਸੀ। ਉਸਨੂੰ ਆਪਣੇ ਪਾਪਾ 'ਤੇ ਪਹਾੜ ਜਿੱਡਾ ਗੁੱਸਾ ਆਇਆ, ਜਿਸ ਨੂੰ ਵਿਦੇਸ਼ੋਂ ਵਾਪਸ ਪਰਤਣਾ ਹੀ ਭੁੱਲ ਗਿਆ ਸੀ।

ਬਿਸ਼ਨੀ ਆਪਣੀ ਧੀ ਕੋਲ ਆਪਣੇ ਛੁਪੇ ਦੁੱਖਾਂ ਦੀ ਗੱਲ ਕਰਕੇ ਜਿਵੇਂ ਫੁੱਲ ਵਰਗੀ ਹੌਲੀ ਹੋ ਗਈ ਹੋਵੇ। ਹੁਣ ਬਿਸ਼ਨੀ ਆਪਣੀ ਧੀ ਨੂੰ ਵਿਰਸੇ ਦੇ ਚੇਤਿਆਂ ਦੀ ਗੱਲ ਕਰਦੀ ਬੋਲੀ, "ਵੇਖ ਧੀਏ! ਸਦੀਆਂ ਤੋਂ ਲੋਕ ਕਹਿੰਦੇ ਆਏ ਨੇ ਕਿ ਮਾਵਾਂ ਧੀਆਂ ਦਾ ਪਰਦਾ ਇਕ ਹੁੰਦੈ। ਇਸ ਲਈ ਤਾਂ ਭਵਿੱਖ ਦੀ ਤੜਪਣਾ ਦੇ ਸੇਕ ਤੋਂ ਤੈਨੂੰ ਚੌਕੰਨੀ ਕਰ ਰਹੀ ਹਾਂ। ਕਿਤੇ ਇਸ ਵਰਤਮਾਨ ਦੀ ਤਪਸ਼ ਤੇਰੇ ਭਵਿੱਖ ਨੂੰ ਰਾਖ ਨਾ ਬਣਾ ਦੇਵੇ। ਤੇਰੀ ਨੰਨ੍ਹੀ ਅਤੇ ਪਿਆਰੀ ਜਿਹੀ ਜਿੰਦ ਨੂੰ ਬਿਰਹੋਂ ਦੀ ਭੱਠੀ 'ਚ ਸਿੱਟ ਕੇ ਆਪ ਫਿਰ ਉਹ ਬੱਤੀ ਬਾਹ ਜਾਏ।"

ਰਿੰਪੀ ਨੇ ਆਪਣੀ ਮਾਂ ਦੇ ਮੂੰਹ ਉਤੇ ਦੋਵੇਂ ਹੱਥ ਰੱਖ ਦਿੱਤੇ। ਉਹ ਬੋਲੀ, "ਮੰਮ ਮੰਮ ਬਸ! ਤੂੰ ਮੈਨੂੰ ਬਿਰਹੋਂ 'ਚ ਤੜਪਦੀ ਕਿਤੇ ਕੋਈ ਅਚੇਤ ਹੀ ਸਰਾਪ ਵਰਗੀ ਗੱਲ ਨਾ ਕਹਿ ਦੇਵੀਂ। ਕਿਤੇ ਮੈਂ ਵੀ ਤੇਰੇ ਵਾਂਗ ਰਾਤਾਂ ਨੂੰ ਤਾਰੇ ਗਿਣਦੀ ਜ਼ਿੰਦਗੀ ਸੁੰਨੀਆਂ ਰਾਤਾਂ ਦੀ ਝੋਲੀ ਨਾ ਪਾ ਦੇਵਾਂ।"

ਫਿਰ ਮਾਵਾਂ ਧੀਆਂ ਕਿੰਨਾ ਚਿਰ ਹੀ ਚੁੱਪ ਬੈਠੀਆਂ ਰਹੀਆਂ।

ਧੀ ਦੇ ਮਨ ਅੰਦਰ ਉਨ੍ਹਾਂ ਜੁਗਨੂੰਆਂ ਦਾ ਵਾਸਾ ਸੀ ਜਿਹੜੇ ਉਸਦੇ ਹੁਣ ਦੇ ਚੰਚਲ ਮਨ ਨੂੰ ਰੁਸ਼ਨਾ ਰਹੇ ਸਨ।

ਰਿੰਪੀ ਦੀ ਮਾਂ ਇਕ ਉਹ ਸੁੱਕੀ ਨਦੀ ਵਾਂਗ ਸੀ, ਜਿਸ ਦਾ ਸੀਨਾ ਸੌ ਸੂਰਜਾਂ ਦੀ ਤਪਸ਼ ਨੇ ਸਾੜ ਸੁੱਟਿਆ ਸੀ। ਉਸਦੀ ਪੇਕੇ ਘਰ ਦੀ ਅੱਲ੍ਹੜ ਉਮਰ ਤੋਂ ਲੈ ਕੇ ਪ੍ਰੌੜ੍ਹ ਉਮਰ ਤਕ ਜੇਠ ਹਾੜ ਦੀਆਂ ਲੂਆਂ ਨੇ ਉਸ ਦੇ ਅਰਮਾਨਾਂ ਨੂੰ ਤਪਸ਼ ਹੀ ਦਿੱਤੀ ਸੀ।

ਬਸ ਇਕ ਵਾਰ ਕਿਸੇ ਸੁਰਗ ਦੇ ਝੂਟੇ ਵਰਗੀ ਜ਼ਿੰਦਗੀ ਦੇ ਦਿਨਾਂ ਨੇ ਰਿੰਪੀ ਧੀ ਉਸਦੀ ਝੋਲੀ ਪਾਈ ਸੀ।

ਸਮੇਂ ਦੀ ਹਿੱਕ 'ਤੇ ਰੰਗੀਨ ਹਰਫ਼ ਲਿਖੇ ਗਏ। ਬਿਸ਼ਨੀ ਨੂੰ ਧੀ ਵਲੋਂ ਕੁਝ ਠੰਡੀ ਹਵਾ ਦੇ ਬੁੱਲ੍ਹੇ ਆਏ। ਬਿਸ਼ਨੀ ਨੇ ਰਿੰਪੀ ਦੀ ਮਰਜ਼ੀ ਅਨੁਸਾਰ ਉਸਦਾ ਵਿਆਹ ਕਰ ਦਿੱਤਾ ਸੀ। ਰਿੰਪੀ ਦੇ ਘਰ ਵਾਲਾ ਸੁਨੱਖਾ ਜੁਆਨ ਸੀ। ਕੁੜੀ ਨੇ ਆਪਣੀ ਮਾਂ ਦੀ ਪਿਆਰ ਭਰੀ ਸਲਾਹ ਨਾਲ ਹੀ ਆਪਣੀ ਸੁਹਣੀ-ਸੁਆਰੀ ਜ਼ਿੰਦਗੀ ਦੀ ਸ਼ੁਰੂਆਤ ਕੀਤੀ।

ਬਿਸ਼ਨੀ ਨੇ ਰਿੰਪੀ ਨੂੰ ਆਪਣੇ ਕੋਲ ਹੀ ਰੱਖ ਲਿਆ ਸੀ। ਰਿੰਪੀ ਦਾ ਘਰ ਵਾਲਾ ਸਾਊ ਮੁੰਡਾ ਇੰਜੀਨੀਅਰ ਸੀ। ਰਿੰਪੀ ਸਕੂਲ ਵਿਚ ਮਾਸਟਰਨੀ ਲੱਗ ਗਈ ਸੀ। ਥੋੜ੍ਹੇ ਸਾਲਾਂ 'ਚ ਹੀ ਇਨ੍ਹਾਂ ਨੇ ਸ਼ਹਿਰ 'ਚ ਕੋਠੀ ਪਾ ਲਈ ਸੀ। ਪਿਛਲੇ ਸਾਲ ਹੀ ਉਹ ਸ਼ਹਿਰ ਜਾ ਕੇ ਰਹਿਣ ਲੱਗੇ ਸਨ। ਪਰ ਬਿਸ਼ਨੀ ਪਿੰਡ ਹੀ ਰਹਿੰਦੀ ਸੀ। ਉਹ ਮਹੀਨੇ ਵੀਹ ਦਿਨੀਂ ਰਿੰਪੀ ਕੋਲ ਸ਼ਹਿਰ 'ਚ ਦੋ ਚਾਰ ਦਿਨ ਰਹਿ ਕੇ ਆਉਂਦੀ। ਉਹ ਰਿੰਪੀ ਨੂੰ ਕਹਿੰਦੀ, 'ਆਹ ਭਾਈ ਸ਼ਹਿਰ 'ਚ ਵੀ ਕੋਈ ਜ਼ਿੰਦਗੀ ਐ। ਭੀੜ-ਭੜੱਕਾ। ਭੇਡਾਂ ਦੀ ਬਿਆਂ-ਬਿਆਂ ਆਂਗੂੰ ਵੱਜਦੇ ਹਾਰਨ ਸੁਣਨ ਆਲੇ ਦੇ ਕੰਨ ਪਾੜ ਦਿੰਦੇ ਆ। ਨਾ ਏਥੇ ਖਾਲਸ ਦੁੱਧ ਮਿਲਦੈ। ਸ਼ਹਿਰ 'ਚ ਤਾਂ ਬਣਾਉਟੀ ਚੀਜ਼ਾ ਖਾ ਕੇ ਲੋਕ ਬਨਾਉਟੀ ਜ਼ਿੰਦਗੀ ਜਿਊਂਦੇ ਐ। ਪਿੰਡ 'ਚ ਤਾਂ ਆਪਣੇ ਇਕ ਦੂਜੇ ਦੇ ਘਰ ਆਉਣ ਜਾਣ ਨਾਲ ਰੌਣਕਾਂ ਲੱਗੀਆਂ ਰਹਿੰਦੀ ਐ। ਏਥੇ ਕੋਈ ਇਕ ਦੂਜੇ ਨੂੰ ਬੁਲਾਉਂਦਾ ਨ੍ਹੀ। ਮੇਰਾ ਤਾਂ ਭਾਈ ਧੀਏ ਏਥੇ ਜਮਾਂ ਦਿਲ ਨ੍ਹੀਂ ਲੱਗਦਾ। ਮੈਂ ਤਾਂ ਪਿੰਡ ਈ ਰਹੂੰ ਆਪਣੇ ਘਰੇ।"

ਰਿੰਪੀ ਮਾਂ ਨੂੰ ਕਹਿੰਦੀ, "ਮੰਮ! ਤੁਸੀਂ ਪਿੰਡ ਕੱਲੇ ਕੀਹਦੇ ਕੋਲ ਰਹੋਂਗੇ। ਤੁਸੀਂ ਮੇਰੇ ਕੋਲ ਮੌਜਾਂ ਨਾਲ ਰਹੋ।"

ਪਰ ਬਿਸ਼ਨੀ ਨੇ ਧੀ ਦੀ ਕੋਈ ਗੱਲ ਨਾ ਮੰਨੀ। ਬਿਸ਼ਨੀ ਨੇ ਆਪਣੀ ਧੀ ਨੂੰ ਪਿਆਰ ਨਾਲ ਸਮਝਾਇਆ, "ਵੇਖ ਧੀਏ! ਤੂੰ ਆਪਣੇ ਘਰ ਸੁੱਖੀ ਸਾਂਦੀ ਵੱਸ। ਮੇਰਾ ਸ਼ਹਿਰ 'ਚ ਰਹਿ ਕੇ ਜੀਅ ਘਬਰਾਉਂਦੈ। ਜਦੋਂ ਮੇਰਾ ਦਿਲ ਕਰਿਆ ਕਰੂ। ਆਪੇ ਤੈਨੂੰ ਮਿਲ ਜਾਇਆ ਕਰੂੰ।'

ਰਿੰਪੀ ਆਪਣੀ ਮਾਂ ਨੂੰ ਉਸਦੇ ਪਿੰਡ ਰਹਿਣ ਬਾਰੇ ਕੁਝ ਨਾ ਬੋਲ ਸਕੀ। ਬਿਸ਼ਨੀ ਪਿੰਡ ਰਹਿੰਦੀ। ਬਿਸ਼ਨੀ ਕੋਲ ਆਂਢ-ਗੁਆਂਢ ਦੀਆਂ ਬੁੜੀਆਂ ਆਉਂਦੀਆਂ ਜਾਂਦੀਆਂ ਰਹਿੰਦੀਆਂ। ਬਿਸ਼ਨੀ ਆਪ ਵੀ ਸਭ ਦੇ ਘਰ ਜਾ ਜਾ ਕੇ ਗੱਲਾਂ-ਬਾਤਾਂ ਕਰ ਆਉਂਦੀ। ਬਿਸ਼ਨੀ ਔਰਤਾਂ ਦੇ ਨਿੱਕੇ-ਨਿੱਕੇ ਕੰਮ ਆਪ ਮੂਹਰੇ ਲੱਗ ਕੇ ਕਰਵਾ ਦਿੰਦੀ ਸੀ। ਔਰਤਾਂ ਵੀ ਆਪਣੇ ਕੰਮ ਧੰਦੇ ਲੈ ਕੇ ਬਿਸ਼ਨੀ ਕੋਲ ਹੀ ਆਉਂਦੀਆਂ। ਪਿੰਡ ਦਾ ਸਰਪੰਚ ਬਿਸ਼ਨੀ ਦੀ ਬਹੁਤ ਕਦਰ ਕਰਦਾ ਸੀ। ਉਸਨੂੰ ਪਤਾ ਸੀ ਕਿ ਬਿਸ਼ਨੀ ਨੂੰ ਗੱਲਬਾਤ ਕਰਨ ਦਾ ਢੰਗ ਹੈ। ਪਿੰਡ ਵਿਚੋਂ ਕਿਸੇ ਨੇ ਵੀ ਪੈਨਸ਼ਨ ਲਵਾਉਣੀ ਹੁੰਦੀ ਤਾਂ ਵੀ ਬਿਸ਼ਨੀ ਆਪ ਮੂਹਰੇ ਲੱਗ ਕੇ ਸਭ ਦੇ ਫਾਰਮ ਭਰਵਾ ਰਹੀ ਹੁੰਦੀ। ਪੀਲੇ ਕਾਰਡ ਬਣਾਉਣੇ ਹੁੰਦੇ ਤਾਂ ਬਿਸ਼ਨੀ ਕਦੇ ਕਿਸੇ ਅਫਸਰ ਨੂੰ ਮਿਲਣ ਸਮੇਂ ਨਹੀਂ ਝਿਜਕਦੀ ਸੀ। ਸਭ ਦੇ ਕੰਮ ਕਰਵਾ ਕੇ ਬਿਸ਼ਨੀ ਨੂੰ ਅੰਦਰੋਂ ਸ਼ਾਂਤੀ ਮਿਲਦੀ ਸੀ।

ਦਿਨ ਸਮੇਂ ਬਿਸ਼ਨੀ ਆਪਣੇ ਆਪ ਨੂੰ ਲੋਕਾਂ ਦੇ ਕੰਮ ਧੰਦਿਆਂ 'ਚ ਉਲਝਾਈ ਰੱਖਦੀ ਸੀ ਪਰ ਰਾਤ ਸਮੇਂ ਉਸ ਨੂੰ ਆਪਣੇ ਘਰ ਵਾਲੇ ਦੀ ਬੇਵਫਾਈ ਸਤਾਉਂਦੀ ਰਹਿੰਦੀ ਸੀ। ਵਿਆਹ ਨੂੰ ਉਹ ਇਕ ਸੁਪਨਾ ਆਇਆ ਹੀ ਸਮਝਦੀ ਸੀ। ਉਸਨੇ ਆਪਣੇ ਪਤੀ ਨਾਲ ਸਿਰਫ ਚਾਰ ਸਾਲ ਹੀ ਗੁਜ਼ਾਰੇ ਸਨ। ਉਨ੍ਹਾਂ ਤੀਆਂ ਵਰਗੇ ਦਿਨਾਂ ਦੀ ਯਾਦ ਉਸਨੂੰ ਸਤਾ ਰਹੀ ਸੀ। ਉਹ ਸੋਚਦੀ ਸੀ ਕਿ ਕਿੰਨੀਆਂ ਹੀ ਔਰਤਾਂ ਦੇ ਮਰਦ ਪਰਦੇਸੀ ਜਾਂਦੇ ਹਨ। ਉਹ ਉਥੇ ਬਥੇਰੀ ਸੁਆਹ ਖੇਹ ਉਡਾਉਂਦੇ ਹੋਣਗੇ ਪਰ ਦੋ-ਚਾਰ ਵਰ੍ਹਿਆਂ ਤੋਂ ਬਾਅਦ ਤਾਂ ਉਹ ਆਪਣੇ ਘਰ ਫਿਰ ਵੀ ਗੇੜਾ ਮਾਰਦੇ ਹਨ। ਮੇਰੇ ਨਾਲ ਤਾਂ ਜੱਗੋਂ ਤੇਰਵੀਂ ਹੋਈ ਐ। ਜਿਸਦਾ ਮਰਦ ਆਪਣਾ ਪਿਛਲਾ ਸਭ ਕੁਝ ਭੁੱਲ ਕੇ ਉਸ ਮੇਮ ਦਾ ਬਣ ਗਿਐ ਓਸ ਜੱਟ ਨੂੰ ਮੇਰਾ ਜਾਂ ਆਪਣੀ ਧੀ ਦਾ ਮੋਹ ਜਮ੍ਹਾ ਈ ਨੀਂ ਜਾਗਿਆ ਡਾਲਰਾਂ ਦੀ ਭੁੱਖ ਕਰਕੇ। ਪਤਾ ਨੀ ਕੀ ਉਸਦੀ ਬੁੱਧ-ਭ੍ਰਿਸ਼ਟ ਹੋਗੀ। ਮੈਨੂੰ ਤੇ ਰਿੰਪੀ ਨੂੰ ਮਨੋਂ ਈ ਵਿਸਾਰ ਗਿਆ ਚੰਦਰਾ।"

ਇਹ ਸਭ ਸੋਚਦੀ ਬਿਸ਼ਨੀ ਲੰਮੇ-ਲੰਮੇ ਹੌਕੇ ਭਰਦੀ ਕਮਰੇ ਦੀਆਂ ਕੰਧਾਂ ਨੂੰ ਵੀ ਉਦਾਸ ਕਰ ਦਿੰਦੀ। ਆਪਣੇ ਮੰਜੇ 'ਚ ਪਈ ਉੱਸਲਵੱਟੇ ਲੈਂਦੀ ਰਹਿੰਦੀ। ਕਦੀ ਕਦੀ ਉਸਦੇ ਮਨ 'ਚ ਵਿਦਰੋਹ ਉਠਦਾ। ਉਹ ਦੂਜੀ ਗਲੀ 'ਚ ਰਹਿੰਦੇ ਗੁਰਾਂਦਿੱਤੇ ਨੂੰ ਯਾਦ ਕਰਦੀ। ਜਿਸਨੇ ਕਈ ਵਾਰੀ ਬਿਸ਼ਨੀ ਨਾਲ ਹੱਸਦੇ ਵਕਤ ਖੁੱਲ੍ਹੀਆਂ ਜਿਹੀਆਂ ਗੱਲ੍ਹਾਂ ਕੀਤੀਆਂ ਸਨ। ਗੁਰਾਂਦਿੱਤਾ ਮਖ਼ੌਲੀਆ ਜਿਹਾ ਪੰਜਾਹ ਕੁ ਸਾਲ ਦਾ ਖੁਸ਼ਦਿਲ ਬੰਦਾ ਸੀ। ਜਦੋਂ ਉਹ ਬਿਸ਼ਨੀ ਨੂੰ ਮਿਲਦਾ ਤਾਂ ਹੱਸਦਾ ਕਹਿੰਦਾ- "ਭਾਬੀਏ ਤੂੰ ਮੇਰੇ ਵੱਡੇ ਭਾਈ ਨੂੰ ਏਹੋ ਜੀ ਕੀ ਦਵਾਈ ਸੰਘਾਈ ਐ ਕਿ ਉਹ ਮੁੜ ਵਤਨੀਂ ਨੀ ਪਰਤਿਆ। ਜਦੋਂ ਥੋੜੀ ਜ਼ਿੰਦਗੀ ਹੀ 'ਖ਼ਾਲੀ' ਲੰਘਗੀ, ਫੇਰ ਤੁਸੀਂ ਡਾਲਰ ਕੀ ਸੁਰਗਾਂ 'ਚ ਨਾਲ ਲਿਜਾਣੇ ਐਂ, ਪੰਡਾਂ ਬੰਨ੍ਹ ਕੇ। ਤੂੰ ਬਾਈ ਨੂੰ ਕੋਈ ਚਿੱਠੀ ਲਿਖ ਕੇ ਭੇਜ ਕਿ ਆਹ ਦਿਨ ਨੀਂ ਮੁੜ ਕੇ ਆਉਣੈਂ! ਤੂੰ ਆ ਕੇ ਆਵਦੀ ਬਿਸ਼ਨੀ ਦੀ ਸਾਰ ਲੈ।"

ਗੁਰਾਂਦਿੱਤੇ ਦੀ ਸਿੱਧੀਆਂ ਤੇ ਸੱਚੀਆਂ ਗੱਲਾਂ ਸੁਣ ਕੇ ਬਿਸ਼ਨੀ ਦੇ ਅੰਦਰੋਂ ਇਕ ਉਦਾਸ ਹੌਕਾ ਨਿਕਲਦਾ। ਬਿਸ਼ਨੀ ਗੁਰਾਂਦਿੱਤੇ ਨੂੰ ਕੋਈ ਜਵਾਬ ਨਾ ਦੇ ਸਕਦੀ।

ਹੁਣ ਬਿਸ਼ਨੀ ਦੀਆਂ ਰਾਤਾਂ ਦੀ ਤੜਪ ਵਿਚੋਂ ਗੁਰਾਂਦਿੱਤਾ ਉਸਨੂੰ ਚੰਗਾ-ਚੰਗਾ ਲੱਗਦਾ। ਉਹ ਰਾਤਾਂ ਨੂੰ ਮੰਜੇ 'ਤੇ ਪਈ ਪੱਕਾ ਇਰਾਦਾ ਕਰਦੀ ਸੋਚਦੀ ਕਿ ਜਦੋਂ ਉਸਨੂੰ ਹੁਣ ਗੁਰਾਂਦਿੱਤਾ ਮਿਲਿਆ ਤਾਂ ਮੈਂ ਉਸ ਨੂੰ ਕਹੂੰਗੀ ਕਿ ਚੰਦਰਿਆ, ਜੇ ਤੈਨੂੰ ਮੇਰੇ ਨਾਲ ਕੋਈ ਸਨੇਹ ਐ ਤਾਂ ਏਸ ਧੁਖਦੀ ਧੂਣੀ ਨੂੰ ਸ਼ਾਂਤ ਕਰਨ ਲਈ ਤੂੰ ਹੀ ਕੋਈ ਪਾਣੀ ਦੇ ਛਿੱਟੇ ਮਾਰ ਦੇ। ਫੇਰ ਤੂੰ ਹੀ ਦੱਸੀਂ ਕਿ ਏਸ ਬਿਸ਼ਨੀ ਦਾ ਮੋਹ ਡਾਲਰਾਂ ਨਾਲ ਐ ਜਾ ਜ਼ਿੰਦਗੀ ਦੇ ਰੰਗੀਨ ਸੁਫ਼ਨਿਆਂ ਨਾਲ।

ਬਿਸ਼ਨੀ ਨੂੰ ਇਸ ਤਰ੍ਹਾਂ ਸੋਚਦੀ ਨੂੰ ਨੀਂਦ ਦੇ ਉਦਰੇਵੇਂ ਭਰੇ ਸੁਪਨੇ ਘੇਰ ਲੈਂਦੇ। ਜਦੋਂ ਦਿਨ ਚੜ੍ਹ ਜਾਂਦਾ ਤਾਂ ਉਹ ਰਾਤ ਭਰ ਲਈਆਂ ਕਰਵਟਾਂ ਅਤੇ ਸੁਪਨਿਆਂ ਤੋਂ ਡਰ ਜਿਹੀ ਜਾਂਦੀ। ਗੁਰਾਂਦਿੱਤੇ ਨੂੰ ਕੋਈ ਗੱਲ ਕਹਿਣ ਤੋਂ ਸੰਗ ਜਿਹੀ ਜਾਂਦੀ। ਦਿਨੇ ਪਤਾ ਨਹੀਂ ਆਪਣੇ ਮਨ 'ਚ ਕਿਹੜੀਆਂ ਆਸਾਂ ਨੂੰ ਲੈ ਕੇ ਆਪਣੇ ਹਾਣ ਦੀਆਂ ਔਰਤਾਂ ਨਾਲ ਹੱਸਦੀ ਖੇਡਦੀ ਰਹਿੰਦੀ ਸੀ।

ਇਕ ਦਿਨ ਕੱਠੀਆਂ ਹੋਈਆਂ ਔਰਤਾਂ ਨੂੰ ਬਿਸ਼ਨੀ ਨੇ ਕਿਹਾ ਸੀ। ਹੁਣ ਆਪਾਂ ਹਰ ਮਹੀਨੇ ਮੱਸਿਆ ਨਹਾਉਣ ਜਾਇਆ ਕਰਾਂਗੀਆਂ। ਊਂ ਤਾਂ ਆਪਾਂ ਨੂੰ ਕਿਤੇ ਘਰੋਂ ਬਾਹਰ ਆਉਣ ਜਾਣ ਦਾ ਮੌਕਾ ਨੀ ਮਿਲਦਾ। ਹੁਣ ਜਦੋਂ ਆਪਣੇ ਆਹ ਮੁਫ਼ਤ ਪਾਸ ਬਣੇ ਐਂ ਬੱਸ 'ਚ ਆਉਣ ਜਾਣ ਦੇ ਤਾਂ ਆਪਾਂ ਮਹੀਨੇ ਪਿੱਛੇ ਤੁਰ ਫਿਰ ਕੇ ਇਨ੍ਹਾਂ ਬਣੇ ਪਾਸਾਂ ਦਾ ਲਾਹਾ ਖੱਟ ਲਿਆ ਕਰੀਏ।

ਇਸ ਲਈ ਤਾਂ ਬਿਸ਼ਨੀ ਦੇ ਦਰਵਾਜ਼ੇ ਮੂਹਰੇ ਅੱਜ ਮੱਸਿਆ ਵਾਲੇ ਦਿਨ ਔਰਤਾਂ ਇਕੱਠੀਆਂ ਹੋਈਆਂ ਖੜੀਆਂ ਸਨ। ਬਿਸ਼ਨੀ ਨੇ ਉਚੀ 'ਵਾਜ 'ਚ ਛਿੰਦੋ ਨੂੰ ਕਿਹਾ, "ਬੈਤਲੇ! ਅਜੇ ਕੱਲ੍ਹ ਤੂੰ ਸਾਡੇ ਸਾਹਮਣੇ ਬਿਹਾਈ ਆਈ ਐਂ। ਅਜੇ ਤੇਰੀ ਉਮਰ ਈ ਕੀ ਐ ਨੀਂ। ਮਸਾਂ ਚਾਲੀ ਦੀ ਹੋਵੇਂਗੀ। ਆਹ ਝਾਟਾ ਸਾਰਾ ਈ ਬੱਗਾ ਕਰੀ ਫਿਰਦੀ ਐਂ। ਕੀ ਲਾਇਐ ਨੀਂ ਸਿਰ ਦੇ ਵਾਲਾਂ ਨੂੰ।" ਛਿੰਦੋ ਮਿੰਨਾ ਜਿਹਾ ਹੱਸੀ।

ਕਿਸ਼ਨੀ ਨੇ ਬਿਸ਼ਨੀ ਦੀ ਗੱਲ ਦਾ ਜਵਾਬ ਦਿੱਤਾ, "ਲੈ ਜੇ ਬਿਸ਼ਨੀਏ ਤੂੰ ਸੱਤਰੀ-ਬਹੱਤਰੀ ਹੋ ਕੇ ਆਹ ਸਾਰਾ ਝਾਟਾ ਕਾਲਾ ਕਰੀ ਫਿਰਦੀ ਐਂ। ਜੇ ਆਹ ਮੁਫਤ ਪਾਸ ਬਣਵਾਉਣ ਲਈ ਛਿੰਦੋ ਨੇ ਕਾਲਿਆਂ ਤੋਂ ਬੱਗੇ ਕਰ ਲੇ ਤਾਂ ਕੀ ਲੋਹੜਾ ਆ ਗਿਆ। ਨਾਲੇ ਤੂੰ ਹੀ ਤਾਂ ਛਿੰਦੋ ਨੂੰ ਬੁੜੀ ਬਣਾ ਕੇ ਅਫਸਰ ਦੇ ਪੇਸ਼ ਕੀਤਾ ਸੀ। ਪਾਸ ਬਣਾਉਣ ਲਈ।"

ਆਹ ਦੇਖ ਨੀਂ ਆਸੋ ਮੇਰੇ ਨਾਲੋਂ ਪੰਦਰਾਂ ਵਰ੍ਹੇ ਛੋਟੀ ਐ। ਹੁਣ ਦੇਖ, ਏਸ ਨੂੰ ਮੇਰੇ ਨਾਲੋਂ ਵੀ ਬੁੜ੍ਹੀ ਲਗਦੀ ਐ। ਇਕ ਔਰਤ ਵਿਚੋਂ ਹੀ ਬੋਲੀ, "ਬੇਬੇ ਬਿਸ਼ਨੀਏ ਤੇਰੀਆਂ ਈ ਮਿਹਰਬਾਨੀਐ। ਪਾਸ ਬਣਾਉਣ ਲਈ ਤੂੰ ਜੀਹਨੂੰ ਮਰਜ਼ੀ ਬੁੜੀ ਬਣਾ ਦਿੰਨੀ ਐਂ।"

ਇਸ ਤਰ੍ਹਾਂ ਇਕ ਦੂਜੀ ਨੂੰ ਟਕੋਰਾਂ ਲਾਉਂਦੀਆਂ ਏਹ ਸਭ ਪਿੰਡ ਦੇ ਬਾਹਰ ਬਣੇ ਬੱਸ ਅੱਡੇ 'ਤੇ ਪਹੁੰਚ ਗਈਆਂ ਸਨ। ਬੱਸ ਅੱਡੇ 'ਤੇ ਹੋਰ ਸਵਾਰੀਆਂ ਵੀ ਬਹੁਤ ਸਨ। ਹੁਣ ਉਥੇ ਜਿਹੜੀ ਬੱਸ ਵੀ ਹੌਲੀ ਹੋ ਕੇ ਖੜਨ ਲੱਗਦੀ। ਡਰਾਈਵਰ ਬੁੜ੍ਹੀਆਂ ਦੇ ਝੋਲੇ ਹੱਥਾਂ 'ਚ ਵੇਖ ਕੇ ਬਿਨਾਂ ਖੜਾਏ ਹੀ ਬੱਸ ਭਜਾ ਕੇ ਲੈ ਜਾਂਦਾ। ਦੂਜੀਆਂ ਸਵਾਰੀਆਂ ਵੀ ਏਨ੍ਹਾ ਮੁਫ਼ਤ ਪਾਸਾਂ ਵਾਲੀਆਂ ਪੰਦਰਾਂ ਬੁੜ੍ਹੀਆਂ ਨੂੰ ਮੂੰਹ 'ਚ ਬੁੜ-ਬੁੜ ਕਰਨ ਲੱਗੀਆਂ ਸਨ, ਇਨ੍ਹਾਂ ਪਾਸਾਂ ਵਾਲੀਆਂ ਨੂੰ ਵੇਖ ਕੇ ਕੋਈ ਵੀ ਬੱਸ ਨਾ ਰੁਕਦੀ। ਏਨ੍ਹਾਂ ਨੇ ਸਾਨੂੰ ਵੀ ਲੇਟ ਕਰਾ ਦਿੱਤੈ।

ਅੱਕ-ਥੱਕ ਕੇ ਬਿਸ਼ਨੀ ਨੇ ਸੜਕ ਦੇ ਵਿਚਾਲੇ ਬੈਠ ਕੇ ਕਿਹਾ, "ਆ ਜੇ ਲੰਘ ਕੇ ਵਿਖਾਵੇ ਹੁਣ ਮੇਰੇ ਪਿਉ ਦਾ ਸਾਲਾ ਕਿਮੇਂ ਲੰਘਾਉਂਦੈ ਆਪਣੀ ਮਾਂ ਬੱਸ ਨੂੰ। ਆਹ ਬੈਠੀ ਆਂ। ਜੇ ਕੋਈ ਬੱਸ ਲੰਘਾਊ ਤਾਂ ਬਿਸ਼ਨੀ ਦੇ ਉਤੋਂ ਦੀ ਲੰਘਾਊ ਹੁਣ। ਜੇ ਆਹ ਪਾਸਾਂ ਆਲੀ ਸਹੂਲਤ ਸਾਨੂੰ ਸਰਕਾਰ ਨੇ ਦਿੱਤੀ ਐ ਤਾਂ ਅਸੀਂ ਆਵਦੇ ਹੱਕ ਦੀ ਖ਼ਾਤਰ ਲੜਾਂਗੀਆਂ।"

ਬਿਸ਼ਨੀ ਨੇ ਸਾਰੀਆਂ ਬੁੜੀਆਂ ਨੂੰ ਅੱਡੇ ਦੇ ਉਹਲੇ ਲੁਕ ਕੇ ਖੜ ਜਾਣ ਨੂੰ ਕਿਹਾ। ਥੋੜੀ ਦੇਰ ਪਿੱਛੋਂ ਬਸ ਆਈ। ਬਿਸ਼ਨੀ ਸੜਕ 'ਤੇ ਲੰਮੀ ਪੈ ਗਈ। ਡਰਾਈਵਰ ਨੇ ਹਾਰਨ ਮਾਰੇ। ਬਿਸ਼ਨੀ ਟੱਸ ਤੋਂ ਮਸ ਨਾ ਹੋਈ।

ਆਖ਼ਰ ਬੱਸ ਰੁਕ ਗਈ। ਡਰਾਈਵਰ ਖਿੜਕੀ ਵਿਚੋਂ ਮੂੰਹ ਕੱਢ ਕੇ ਬੋਲਿਆ, "ਬੁੜੀਏ ਜੇ ਮਰਨੈਂ ਤਾਂ ਤੂੰ ਘਰ ਜਾ ਕੇ ਮਰ। ਮੇਰੀ ਬੱਸ ਥੱਲੇ ਆ ਕੇ ਮੇਰੇ ਕਿਉਂ ਜੁਆਕ ਰੋਲਦੀ ਐਂ।" ਬਿਸ਼ਨੀ ਕੁਝ ਨਾ ਬੋਲੀ।

ਸਭ ਮੱਸਿਆ ਨਹਾਉਣ ਵਾਲੀਆਂ ਬੁੜੀਆਂ ਛੇਤੀ-ਛੇਤੀ ਬਸ ਚੜ੍ਹ ਗਈਆਂ। ਹੁਣ ਬਿਸ਼ਨੀ ਸੜਕ ਤੋਂ ਉੱਠੀ। ਡਰਾਈਵਰ ਸਭ ਚੜ੍ਹ ਰਹੀਆਂ ਸਵਾਰੀਆਂ ਵਲ ਵੇਖ ਕੇ ਉੱਚੀ ਹੱਸਦਾ ਬੋਲਿਆ- "ਅੱਛਾ ਅੱਛਾ! ਹੁਣ ਗੱਲ ਸਮਝ ਆਈ ਐ ਮੈਨੂੰ ਕਿ ਆਹ ਰਸਤਾ ਰੋਕੋ ਅੰਦੋਲਨ ਕਿਉਂ ਸ਼ੁਰੂ ਹੋਇਐ। ਏਹ ਤਾਂ ਸਾਰੇ ਐਮ.ਐਲ.ਏ. ਈ ਨੇ।"

ਬਿਸ਼ਨੀ ਹੁਣ ਡਰਾਈਵਰ ਦੀ ਬਾਰੀ ਕੋਲ ਜਾ ਕੇ ਬੋਲੀ, "ਦਾਦੇ ਮੰਗਾਉਣਿਆਂ! ਹੁਣ ਲੰਘਾਉਂਦਾ ਉਤੋਂ ਦੀ ਮੇਰੇ। ਹੁਣ ਕਿਉਂ ਰੋਕੀ। ਤੜਕੇ ਦੀਆਂ ਖੜ੍ਹੀਆਂ ਅਸੀਂ ਏਥੇ। ਜਿਹੜਾ ਵੀ ਕੋਈ ਬੱਸ ਲੈ ਕੇ ਆਉਂਦੈ ਰੇਲ ਆਂਗੂੰ ਲੰਘਾ ਕੇ ਲੈ ਜਾਂਦੈ। ਜਦੋਂ ਸਰਕਾਰ ਨੇ ਸਾਨੂੰ ਪਾਸ ਦਿੱਤੇ ਐ ਤਾਂ ਸਾਨੂੰ ਬੱਸਾਂ 'ਤੇ ਚੜ੍ਹਾਉਂਦਿਆਂ ਦਾ ਥੋਡਾ ਢਿੱਡ ਦੁਖਦੈ।"

ਡਰਾਈਵਰ ਬਿਸ਼ਨੀ ਦੀਆਂ ਕਰਾਰੀਆਂ ਜਿਹੀਆਂ ਗੱਲਾਂ ਸੁਣ ਕੇ ਹੱਸਣ ਲੱਗ ਪਿਆ। ਉਹ ਵੀ ਖੁਸ਼ ਦਿਲ ਸੀ। ਉਹ ਬੋਲਿਆ, "ਬੇਬੇ! ਚੜ੍ਹ ਜੋ, ਚੜ੍ਹ ਜੋ। ਹੁਣ ਫੇਰ ਤੁਸੀਂ ਲੇਟ ਕਿਉਂ ਹੁੰਨੇ ਓਂ। ਮੈਨੂੰ ਨੀਂ ਸੀ ਪਤਾ। ਬਈ ਅੱਜ ਮੱਸਿਐ। ਸਾਡੀ ਬੁੜੀ ਤਾਂ ਆਪ ਤਾਈਉਂ ਪਹਿਨ-ਪੱਚਰ ਕੇ ਤਿਆਰੀ ਹੋਈ ਜਾਂਦੀ ਸੀ।"

ਡਰਾਈਵਰ ਦੀ ਗੱਲ ਸੁਣ ਕੇ ਬੱਸ 'ਚ ਬੈਠੀਆਂ ਸਵਾਰੀਆਂ ਖਿੜ-ਖਿੜ ਕਰਕੇ ਹੱਸ ਪਈਆਂ। ਬਿਸ਼ਨੀ ਵੀ ਠਹਾਕਾ ਮਾਰਦੀ ਹੱਸੀ। ਉਹ ਬੱਸ ਦੇ ਦੂਜੇ ਪਾਸੇ ਦੀ ਹੁੰਦੀ ਮੂਹਰਲੀ ਬਾਰੀ ਰਾਹੀਂ ਚੜ੍ਹ ਗਈ। ਹੁਣ ਬੱਸ ਵਿਚ ਵਿਆਹ ਵਾਂਗ ਸਾਰੀਆਂ ਬੁੜੀਆਂ ਹੱਸਦੀਆਂ ਰੌਲਾਂ ਪਾਉਂਦੀਆਂ ਜਾ ਰਹੀਆਂ ਸਨ।

ਮੱਸਿਆ ਨਹਾ ਕੇ ਵਾਪਸ ਮੁੜੀਆਂ ਇਹ ਔਰਤਾਂ ਆਪੋ-ਆਪਣੇ ਘਰ ਖੁਸ਼ੀ-ਖੁਸ਼ੀ ਪਹੁੰਚੀਆਂ। ਬਿਸ਼ਨੀ ਨੇ ਆਪਣੇ ਘਰ ਦੇ ਬੂਹੇ ਦੇ ਜਿੰਦਰਾ ਖੋਲ੍ਹਦੇ ਖ਼ਾਲੀ ਅਤੇ ਭਾਂਅ-ਭਾਂਅ ਕਰਦੇ ਘਰ ਵਲ ਵੇਖਿਆ। ਉਸ ਦੇ ਅੰਦਰੋਂ ਇਕ ਹੌਕਾ ਨਿਕਲਿਆ। ਉਹ ਉਦਾਸ ਹੋਈ ਕੰਧ ਨਾਲ ਪਏ ਗਮਲੇ ਵਿਚ ਕਮਲਾਏ ਹੋਏ ਬੂਟੇ ਨੂੰ ਜੱਗ ਭਰ ਕੇ ਪਾਣੀ ਪਾਉਣ ਲੱਗੀ। ਉਸਦੇ ਮੂੰਹੋਂ ਬੁੜ-ਬੁੜ ਦੀ ਆਵਾਜ਼ ਨਿਕਲੀ। ਉਹ ਆਪਣੀ ਕਿਸਮਤ ਨੂੰ ਕੋਸਣ ਲੱਗੀ, "ਮੇਰਾ ਕਾਹਦਾ ਮੱਸਿਆ ਨਹਾਉਣ ਐ। ਨਾ ਮੈਂ ਰੰਡੀਆਂ 'ਚ ਹਾਂ ਤੇ ਨਾ ਹੀ ਮੈਂ ਸੁਹਾਗਣਾਂ 'ਚ। ਮੈਂ ਉਸ ਦੇ ਕੈਨੇਡਾ ਜਾਣ ਤੋਂ ਪਹਿਲਾਂ ਈ ਮਰ ਜਾਂਦੀ। ਆਹ ਵਿਯੋਗ ਤਾਂ ਨਾ ਝੱਲਣਾ ਪੈਂਦਾ। ਮੱਸਿਆ ਵੀ ਉਨ੍ਹਾਂ ਤੀਮੀਆਂ ਦਾ ਨਹਾਉਣ ਏਂ, ਜਿਨ੍ਹਾਂ ਦੇ ਮਨ 'ਚ ਸ਼ਾਂਤੀ ਐ। ਐਥੇ ਤਾਂ ਬਿਸ਼ਨੀਏ ਤੇਰੇ ਮਨ ਨੂੰ ਤਰਲੋ-ਮੱਛੀ ਲੱਗੀ ਰਹਿੰਦੀ ਐ। ਸੁਰਤੀ ਕਿਤੇ ਹੋਰ ਈ ਡਾਰੀਆਂ ਮਾਰਦੀ ਰਹਿੰਦੀ ਐ। ਰਿੰਪੀ ਵੀ ਭਰਿਆ-ਭੁਕੰਨਿਆ ਘਰ ਛੱਡ ਕੇ ਸ਼ਹਿਰ 'ਚ ਜਾ ਵੱਸੀ। ਚਲੋ ਉਹਨੇ ਤਾਂ ਜ਼ਮਾਨੇ ਨਾਲ ਬਦਲਣਾ ਈ ਸੀ ਭਲਾ। ਪੜ੍ਹੇ ਲਿਖੇ ਸਾਰੇ ਲੋਕ ਈ ਸ਼ਹਿਰਾਂ ਨੂੰ ਭੱਜ ਜਾਂਦੇ ਐ।"

ਐਨੀ ਗੱਲ ਸੋਚਦੀ ਬਿਸ਼ਨੀ ਆਪਣੇ ਨਵੇਂ ਪਾਏ ਕੱਪੜੇ ਸਵਾਤ 'ਚ ਜਾ ਕੇ ਲਾਹੁਣ ਲੱਗੀ। ਉਸਨੇ ਅਜੇ ਆਪਣੇ ਸਿਰ ਤੋਂ ਚੁੰਨੀ ਲਾਹ ਕੇ ਸੰਦੂਕ 'ਤੇ ਹੀ ਰੱਖੀ ਸੀ ਕਿ ਉਸਦੇ ਘਰ ਦੇ ਬਾਹਰਲੇ ਬਾਰ ਦਾ ਭੇੜਿਆ ਹੋਇਆ ਬੂਹਾ ਖੁੱਲ੍ਹਿਆ। ਬੂਹੇ ਦੇ ਸਾਹਮਣੇ ਗਲੀ ਵਿਚ ਇਕ ਕਾਰ ਖੜ੍ਹੀ ਸੀ। ਕਾਰ ਵਿਚੋਂ ਇਕ ਬਜ਼ੁਰਗ ਜਿਹਾ ਸੂਟਡ-ਬੂਟਡ ਆਦਮੀ ਬਾਹਰ ਨਿਕਲਿਆ। ਉਸਨੇ ਘਰ ਦਾ ਸਾਰਾ ਗੇਟ ਖੋਲ੍ਹ ਕੇ ਡਰਾਈਵਰ ਨੂੰ ਕਾਰ ਅੰਦਰ ਕਰਨ ਦਾ ਇਸ਼ਾਰਾ ਕੀਤਾ।

ਬਿਸ਼ਨੀ ਸੰਦੂਕ 'ਤੇ ਪਈ ਚੁੰਨੀ ਨੂੰ ਆਪਣੇ ਸਿਰ 'ਤੇ ਲੈ ਕੇ ਬਾਹਰ ਵਲ ਆਉਂਦੀ ਉਸ ਬੰਦੇ ਨੂੰ ਪਹਿਚਾਨਣ ਦਾ ਯਤਨ ਕਰ ਰਹੀ ਸੀ।

ਬਿਸ਼ਨੀ ਅਜੇ ਸਵਾਤ ਵਿਚੋਂ ਤਿੰਨ ਕਦਮ ਬਾਹਰ ਹੀ ਆਈ ਸੀ ਕਿ ਪਿੱਛੇ ਉਸਨੂੰ ਟੈਲੀਫੋਨ ਦੀ ਘੰਟੀ ਖੜਕਦੀ ਸੁਣਾਈ ਦਿੱਤੀ। ਉਹ ਟੈਲੀਫੋਨ ਵਲ ਤੇਜ਼ ਕਦਮੀਂ ਹੋ ਤੁਰੀ। ਬਿਸ਼ਨੀ ਨੇ ਜਦੋਂ ਫ਼ੋਨ ਆਪਣੇ ਕੰਨਾਂ ਨੂੰ ਲਾਇਆ ਤਾਂ ਉਸਦੇ ਹੈਲੋ ਕਹਿਣ ਤੋਂ ਪਹਿਲਾਂ ਹੀ ਰਿੰਪੀ ਦੀ ਖੁਸ਼ੀ ਭਰੀ ਆਵਾਜ਼ ਉਸਦੇ ਕੰਨੀਂ ਪਈ, "ਮੰਮ ਥੋਨੂੰ ਮੈਂ ਬਹੁਤ ਹੀ ਵੱਡੀ ਖੁਸ਼ੀ ਵਾਲੀ ਗੱਲ ਦੱਸਾਂ ਕਿ ਥੋਡੇ ਜਮਾਈ ਰਾਜੇ ਦਾ ਅਮਰੀਕਾ ਦਾ ਵੀਜ਼ਾ ਲੱਗ ਗਿਐ। ਦੋ-ਚਾਰ ਦਿਨਾਂ 'ਚ ਹੀ ਉਨਾਂ ਦੀ ਫਲਾਈਟ ਹੈ। ਤੁਸੀਂ ਛੇਤੀ ਆ ਜਾਓ।" ਕੁੜੀ ਦੀ ਆਵਾਜ਼ ਚਹਿਕ ਰਹੀ ਸੀ।

ਆਪਣੀ ਧੀ ਦੀ ਗੱਲ ਸੁਣ ਕੇ ਬਿਸ਼ਨੀ ਦੇ ਜਿਵੇਂ ਹੋਸ਼ ਉਡ ਗਏ ਹੋਣ। ਉਸ ਦੇ ਹੱਥ ਵਿਚੋਂ ਰਿਸੀਵਰ ਛੁੱਟ ਗਿਆ ਸੀ। ਉਹ ਬੇਸੁੱਧ ਜਿਹੀ ਹੋਈ ਕੋਲ ਪਏ ਮੰਜੇ 'ਤੇ ਬੈਠ ਗਈ।

ਹੁਣ ਸੂਟਡ-ਬੂਟਡ ਬਜ਼ੁਰਗ ਜਿਹੇ ਆਦਮੀ ਨੇ ਬਿਸ਼ਨੀ ਕੋਲ ਆ ਕੇ ਆਪਣੇ ਕਦਮਾਂ ਦੀ ਆਹਟ ਕੀਤੀ, ਪਰ ਬਿਸ਼ਨੀ ਤਾਂ ਥੱਲੇ ਡਿੱਗੇ ਰਿਸੀਵਰ ਵਲ ਪੱਥਰ ਜਿਹੀਆਂ ਨਜ਼ਰਾਂ ਨਾਲ ਵੇਖ ਰਹੀ ਸੀ।

#

# ਬੰਦਾ ਸਿੰਘ ਬਹਾਦਰ 'ਤੇ ਲੱਗੇ ਦੋਸ਼ਾਂ ਦਾ ਨਿਰਣਾ

ਲਾਲ ਕੱਪੜੇ ਪਹਿਨਣਾ ਆਪਸ ਵਿਚ ਪਏ ਵਿਵਾਦ ਦਾ ਕਾਰਨ ਪਹਿਲਾਂ ਦਾ ਸੀ ਜਾਂ ਇਹ ਗੱਲ ਵਿਵਾਦ ਦੇ ਪੈਦਾ ਹੋਣ ਤੋਂ ਪਿੱਛੋਂ ਉਭਰੀ? ਜੇ ਉਹ ਪਹਿਲਾਂ ਤੋਂ ਹੀ ਲਾਲ ਕੱਪੜੇ ਪਹਿਨਦਾ ਸੀ ਤਾਂ ਖਾਲਸੇ ਨੇ ਪਹਿਲਾਂ ਕਿਉਂ ਇਤਰਾਜ਼ ਨਾ ਕੀਤਾ? ਹੁਣ ਕਿਉਂ ਕੀਤਾ? ਐਨਾ ਲੰਮਾ ਸਮਾਂ ਤੱਤ ਖਾਲਸੇ ਵਾਲੇ ਚੁੱਪ ਕਿਉਂ ਰਹੇ? ਇਸ ਦਾ ਕਾਰਨ ਤਾਂ ਸਿਰਫ ਬੰਦਾ ਸਿੰਘ ਬਹਾਦਰ ਦੀ ਪ੍ਰਭਾਵਸ਼ਾਲੀ ਪ੍ਰਤਿਭਾ ਕਾਰਨ ਕੁਝ ਦੂਜੇ ਸਿੰਘਾਂ ਦੇ ਮਨਾਂ ਵਿਚ ਪੈਦਾ ਹੋਈ ਈਰਖਾ ਸੀ।

ਅਗਲਾ ਦੋਸ਼ ਹੈ ਕਿ ਉਹ ਸਿੱਖ ਰਹਿਤ ਮਰਿਯਾਦਾ ਅਨੁਸਾਰ ਮਾਸ ਨਹੀਂ ਖਾਂਦਾ ਸੀ। ਹਿਰਨੀ ਦੇ ਮਾਰਨ ਵਾਲੀ ਘਟਨਾ ਅਤੇ ਬੱਚਿਆਂ ਦੇ ਤੜਪ ਤੜਪ ਕੇ ਮਰਨ ਦੀ ਘਟਨਾ ਦਾ ਉਸ ਦੇ ਦਿਲ 'ਤੇ ਐਨਾ ਡੂੰਘਾ ਅਸਰ ਹੋਇਆ ਕਿ ਸਿੱਖ ਬਣ ਕੇ ਵੀ ਉਹ ਲੋਕਾਂ ਨੂੰ ਮਾਸ ਖਾਣ ਤੋਂ ਵਰਜਦਾ ਸੀ। ਇਹ ਧਾਰਮਕ ਖਿਆਲ ਕਰਕੇ ਨਹੀਂ ਸਗੋਂ ਇਸ ਘਟਨਾ ਦਾ ਦ੍ਰਿਸ਼ ਉਸ ਦੀਆਂ ਅੱਖਾਂ ਤੋਂ ਦੂਰ ਨਹੀਂ ਸੀ ਹੁੰਦਾ। ਜਿਹੜੇ ਸਿੱਖ ਮਾਸ ਖਾਂਦੇ ਸਨ ਉਹ ਉਨ੍ਹਾਂ ਨਾਲ ਕਦੇ ਨਾਰਾਜ਼ ਨਹੀਂ ਸੀ ਹੋਇਆ। ਲੋਹਗੜ੍ਹ ਤੇ ਗੁਰਦਾਸ ਨੰਗਲ ਦੇ ਘੇਰੇ ਵਿਚ ਬਲਦ, ਘੋੜੇ, ਗਧੇ ਆਦਿ ਜਾਨਵਰ ਮਾਰ ਕੇ ਸਿੱਖਾਂ ਨੇ ਖਾਧੇ, ਓਦੋਂ ਉਹ ਨਾਲ ਹੀ ਸੀ। ਗੁਰਦਾਸ ਨੰਗਲ ਦੀ ਗੜ੍ਹੀ ਵਿਚ ਤੱਤ ਖਾਲਸੇ ਦੇ ਹਮਾਇਤੀਆਂ ਦਾ ਕਹਿਣਾ ਕਿ ਜੇ ਤੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਹੈਂ ਤਾਂ ਮਾਸ ਖਾਹ, ਸਿੱਖ ਧਰਮ ਧਾਰਨ ਕਰਨ ਪਿੱਛੋਂ ਜੇ ਕੋਈ ਮਾਸ ਨਹੀਂ ਖਾਂਦਾ ਤਾਂ ਉਹ ਅਸਿੱਖ ਨਹੀਂ ਬਣ ਜਾਂਦਾ।

ਬੰਦਾ ਸਿੰਘ ਬਹਾਦਰ ਤੇ ਇਹ ਦੋਸ਼ ਵੀ ਲਾਇਆ ਜਾਂਦਾ ਹੈ, 'ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਪਾਤਸ਼ਾਹੀ ਨਹੀਂ ਸੀ ਦਿੱਤੀ, ਖਾਲਸੇ ਦੀ ਖਿਦਮਤ ਦਿੱਤੀ ਸੀ। ਪਰ ਇਸ ਦੇ ਉਲਟ ਬੰਦਾ ਪਾਤਸ਼ਾਹੀ ਤੇ ਦਾਅਵਾ ਰੱਖਦਾ ਸੀ। ਬੰਦਾ ਸਿੰਘ ਬਹਾਦਰ ਨੇ ਆਪਣੇ ਨਾਂ ਨਾਲ ਸ਼ਹਿਨਸ਼ਾਹ, ਪਾਤਸ਼ਾਹ ਰਾਜਾ, ਮਹਾਰਾਜਾ, ਫੌਜਦਾਰ, ਸੂਬੇਦਾਰ ਅਤੇ ਨਵਾਬ ਆਦਿ ਰਾਜ ਸੱਤਾ ਨਾਲ ਜੁੜੇ ਸ਼ਬਦਾਂ ਦੀ ਕਦੇ ਵੀ ਵਰਤੋਂ ਨਹੀਂ ਕੀਤੀ। ਉਸ ਨੇ ਤਾਂ ਕਦੇ ਜਥੇਦਾਰ ਵੀ ਨਹੀਂ ਕਹਾਇਆ। ਉਹ ਤਾਂ ਕੇਵਲ 'ਗੁਰੂ ਦਾ ਬੰਦਾ' ਹੋਣ ਵਿਚ ਹੀ ਮਾਣ ਸਮਝਦਾ ਸੀ। ਜੇ ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜ ਦੀ ਨੀਂਹ ਰੱਖ ਕੇ ਸਿੱਕੇ ਚਲਾਏ ਤਾਂ ਸ਼ਹਿਨਸ਼ਾਹਾਂ ਵਾਂਗ ਸਿੱਕਿਆਂ 'ਤੇ ਆਪਣਾ ਨਾਂ ਨਹੀਂ ਲਿਖਵਾਇਆ। ਆਪਣੇ ਰਾਜ ਦੇ ਸਮੇਂ ਉਸ ਦੀਆਂ ਜਾਰੀ ਕੀਤੀਆਂ ਮੋਹਰਾਂ ਅਤੇ ਸਿੱਕਿਆਂ ਉੱਪਰ ਲਿਖਤਾਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਲਈ ਉਸ ਦੀ ਅਪਾਰ ਸ਼ਰਧਾ ਦੀਆਂ ਜੀਉਂਦੀਆਂ ਜਾਗਦੀਆਂ ਯਾਦਗਾਰਾਂ ਹਨ।

ਅਗਲਾ ਦੋਸ਼ ਹੈ, "ਗੁਰੂ ਸਾਹਿਬ ਦਾ ਹੁਕਮ ਸਰਹੰਦ ਸ਼ਹਿਰ ਨੂੰ ਉਜਾੜਨ ਦਾ ਸੀ ਪਰ ਬੰਦੇ ਨੇ ਸ਼ਹਿਰ ਨੂੰ ਉਜਾੜਨ ਤੋਂ ਰੋਕਿਆ। ਇਸ ਕਰਕੇ ਉਸ ਨੂੰ ਖੁਆਰ ਹੋਣਾ ਪਿਆ।"


ਪ੍ਰਿੰ. ਸਤਿਬੀਰ ਸਿੰਘ ਅਤੇ ਡਾ. ਗੰਡਾ ਸਿੰਘ ਅਨੁਸਾਰ ਤਿੰਨ ਦਿਨਾਂ ਤੱਕ ਚੱਲੀ ਲੁਟਮਾਰ ਤੇ ਕਤਲੋਗਾਰਤ ਤੋਂ ਪਿੱਛੋਂ ਹਿੰਦੂ ਵਸਨੀਕ 'ਤਰਸ ਕਰੋ' ਦੀ ਫਰਿਆਦ ਲੈ ਕੇ ਬੰਦਾ ਸਿੰਘ ਬਹਾਦਰ ਕੋਲ ਆਏ। ਬਾਬਾ ਬੰਦਾ ਸਿੰਘ ਬਹਾਦਰ ਨੇ ਸਖਤੀ ਨਾਲ ਹੁਕਮ ਭੇਜੇ ਕਿ ਲੁੱਟ ਤੇ ਕਤਲੇਆਮ ਬੰਦ ਕੀਤੀ ਜਾਵੇ। ਉਸ ਨੇ ਜਾਨ ਬਖਸ਼ੀ ਕਰ ਦਿੱਤੀ ਅਤੇ ਸ਼ਹਿਰ ਨੂੰ ਉੱਕਾ ਹੀ ਬਰਬਾਦ ਹੋਣ ਤੋਂ ਬਚਾ ਲਿਆ। 'ਤਰਸ ਕਰੋ' ਦੀ ਬੇਨਤੀ ਕਰਨ ਵਾਲੇ ਜ਼ਾਲਮ ਨਹੀਂ ਹੋਣੇ। ਤਿੰਨ ਦਿਨਾਂ ਵਿਚ ਜ਼ਾਲਮਾਂ ਦਾ ਖਾਤਮਾ ਹੋ ਗਿਆ ਹੋਵੇਗਾ। ਸੋ ਬੰਦਾ ਸਿੰਘ ਬਹਾਦਰ ਨੇ ਮਜ਼ਲੂਮਾਂ ਤੇ ਤਰਸ ਕਰਕੇ ਗੁਰੂ ਜੀ ਦੇ ਉਪਦੇਸ਼ਾਂ ਦੀ ਕੋਈ ਉਲੰਘਣਾ ਨਹੀਂ ਕੀਤੀ।

ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸਿੱਖ ਲਹਿਰ ਇਕ ਅਜਿਹੀ ਹਨ੍ਹੇਰੀ ਬਣ ਕੇ ਝੁੱਲੀ ਜਿਸ ਦੇ ਅੱਗੇ ਜ਼ੁਲਮ ਦੇ ਵੱਡੇ ਵੱਡੇ ਗੜ੍ਹ ਕੱਖਾਂ-ਕਾਨਿਆਂ ਵਾਂਗ ਉਡ ਗਏ। ਇਹ ਗੱਲ ਧਿਆਨ ਵਿਚ ਰੱਖੇ ਜਾਣ ਦੀ ਲੋੜ ਹੈ ਕਿ ਇਸ ਲਹਿਰ ਨੇ ਜ਼ੁਲਮ ਤੇ ਜ਼ਾਲਮ ਦਾ ਨਾਸ਼ ਕੀਤਾ ਆਮ ਨਾਗਰਿਕਾਂ ਦਾ ਨਹੀਂ।

ਪਰਾਇਆਂ ਦੀਆਂ ਅੱਖਾਂ ਵਿਚ ਤਾਂ ਕਾਲਾ ਮੋਤੀਆ ਫਿਰਕਾਪ੍ਰਸਤੀ ਦਾ ਉਤਰਨ ਕਰਕੇ ਮੁਸਲਮਾਨਾਂ ਨੂੰ ਉਹ ਲੁਟੇਰਾ, ਹਤਿਆਰਾ ਆਦਿ ਅਤੇ ਹਿੰਦੂਆਂ ਨੂੰ ਹਿੰਦੂ ਕੌਮ ਦੇ ਖੁੱਸੇ ਗੌਰਵ ਨੂੰ ਪੁਨਰਜਾਗਰਤ ਕਰਨ ਵਾਲਾ ਸੂਰਬੀਰ ਲੱਗ ਸਕਦਾ ਹੈ ਪਰ ਜੋ ਅਨਰਥ ਇਸ ਮਹਾਨ ਸੂਰਬੀਰ ਨਾਲ ਤੱਤ ਖਾਲਸੇ ਵਾਲਿਆਂ ਨੇ ਅਤੇ ਫਿਰ ਸਿੱਖ ਲਿਖਾਰੀਆਂ ਨੇ ਕੀਤਾ ਹੈ ਉਹ ਅਸਹਿਣਯੋਗ ਹੈ। ਬੰਦਾ ਸਿੰਘ ਬਹਾਦਰ ਤਾਂ ਉਹ ਜਰਨੈਲ ਸੀ ਜਿਸ ਨੇ ਜ਼ੁਲਮ ਮਧੋਲੀ ਕੌਮ ਨੂੰ ਇਹ ਅਹਿਸਾਸ ਕਰਵਾਇਆ ਕਿ ਜ਼ੁਲਮ ਅਤੇ ਜਬਰ ਨਾਲ ਹਮੇਸ਼ਾਂ ਲਈ ਲੋਕਾਂ ਨੂੰ ਗੁਲਾਮ ਨਹੀਂ ਬਣਾਇਆ ਜਾ ਸਕਦਾ।

***ਬੇਕਰਜ਼ਫੀਲਡ, ਕੈਲੀਫੋਰਨੀਆ।**

# ਜਦੋਂ ਧਰਮਿੰਦਰ ਪੁੱਠਾ-ਸਿੱਧਾ ਨੱਚੇ



ਇਹ ਉਸ ਵੇਲੇ ਦੀ ਗੱਲ ਹੈ, ਜਦੋਂ ਫ਼ਿਲਮ 'ਪ੍ਰਤਿੱਗਿਆ' ਦੀ ਲੋਕੇਸ਼ਨ 'ਤੇ ਡਾਂਸ ਮਾਸਟਰ ਗੋਪੀਕ੍ਰਿਸ਼ਨ ਨੇ ਧਰਮਿੰਦਰ 'ਤੇ ਨ੍ਰਿਤ ਗੀਤ 'ਮੈਂ ਜੱਟ ਪਗਲਾ ਦੀਵਾਨਾ' ਫਿਲਮਾਇਆ ਸੀ। ਸਮੱਸਿਆ ਇਹ ਸੀ ਕਿ ਇਕ ਤਾਂ ਧਰਮਿੰਦਰ ਨੂੰ ਡਾਂਸ ਨਹੀਂ ਕਰਨਾ ਆਉਂਦਾ ਸੀ ਅਤੇ ਦੂਜਾ ਉਨ੍ਹਾਂ ਨੇ ਰਿਹਰਸਲ ਵੀ ਨਹੀਂ ਕੀਤੀ ਸੀ, ਜਦਕਿ ਇਹ ਡਾਂਸ ਭੰਗੜੇ ਦੀ ਸ਼ੈਲੀ 'ਚ ਹੋਣ ਦੇ ਨਾਲ-ਨਾਲ ਬਹੁਤ ਤੇਜ਼ ਰਫਤਾਰ ਵਾਲਾ ਸੀ। ਡਾਂਸ ਮਾਸਟਰ ਸ਼ੂਟਿੰਗ ਵਾਲੇ ਦਿਨ ਸਵੇਰ ਤੋਂ ਹੀ ਲੋਕੇਸ਼ਨ 'ਤੇ ਧਰਮਿੰਦਰ ਨੂੰ 'ਇਕ ਦੋ ਤੀਨ' ਤਾੜੀ ਵਜਾ-ਵਜਾ ਕੇ ਰਿਹਰਸਲ ਕਰਵਾਉਣ 'ਚ ਜੁਟੇ ਸਨ। ਤਿੰਨ ਘੰਟਿਆਂ ਦੀ ਸਖ਼ਤ ਮਿਹਨਤ ਅਤੇ ਅਭਿਆਸ ਪਿਛੋਂ ਗੋਪੀਕ੍ਰਿਸ਼ਨ ਨੇ ਸ਼ਾਟ ਫਿਲਮਾਉਣ ਦਾ ਆਰਡਰ ਦਿੱਤਾ। ਸ਼ਾਟ ਰੈਡੀ ਹੁੰਦਿਆਂ ਹੀ ਡਾਂਸ ਮਾਸਟਰ ਨੇ ਕੈਮਰਾ ਚਾਲੂ ਕਰ ਦਿੱਤਾ। ਸੰਕੇਤ ਮਿਲਦਿਆਂ ਹੀ ਧਰਮਿੰਦਰ ਨੇ ਵੀ ਨੱਚਣਾ ਸ਼ੁਰੂ ਕਰ ਦਿੱਤਾ। ਇਧਰ ਧਰਮਿੰਦਰ ਨੱਚ ਰਹੇ ਸਨ ਅਤੇ ਦੂਰ ਖੜ੍ਹੇ ਗੋਪੀਕ੍ਰਿਸ਼ਨ ਤਾੜੀ ਵਜਾ-ਵਜਾ ਕੇ ਉਨ੍ਹਾਂ ਨੂੰ ਸਟੈਪ ਦੱਸ ਰਹੇ ਸਨ ਪਰ ਧਰਮਿੰਦਰ ਦਾ ਕੋਈ ਵੀ ਸਟੈਪ ਸਹੀ ਨਹੀਂ ਹੋ ਰਿਹਾ ਸੀ।

ਵਾਰ-ਵਾਰ ਰੀਟੇਕ ਹੋਣ ਲੱਗੇ। ਧਰਮਿੰਦਰ ਭਾਵੇਂ ਆਪਣੇ ਵਲੋਂ ਪੂਰੀ ਈਮਾਨਦਾਰੀ ਅਤੇ ਮਿਹਨਤ ਨਾਲ ਕੰਮ ਕਰ ਰਹੇ ਸਨ ਪਰ ਗਲਤ ਸਟੈਪਸ 'ਤੇ ਉਨ੍ਹਾਂ ਦਾ ਕੋਈ ਕੰਟਰੋਲ ਨਹੀਂ ਸੀ। ਅਖੀਰ ਡਾਂਸ ਮਾਸਟਰ ਨੇ ਸ਼ੂਟਿੰਗ ਰੋਕ ਦਿੱਤੀ ਅਤੇ ਫਿਰ ਤੋਂ ਰਿਹਰਸਲ ਸ਼ੁਰੂ ਕਰ ਦਿੱਤੀ। ਧਰਮਿੰਦਰ ਨੇ ਪਸੀਨਾ ਵਹਾਉਂਦਿਆਂ ਫਿਰ ਤੋਂ ਸਹੀ ਸਟੈਪਸ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਇਕ ਘੰਟੇ ਤੱਕ ਇਸੇ ਤਰ੍ਹਾਂ ਹੁੰਦਾ ਰਿਹਾ ਫਿਰ ਕਿਤੇ ਜਾ ਕੇ ਧਰਮਿੰਦਰ ਨੇ ਸਹੀ ਸਟੈਪਸ ਫੜੇ। ਕਾਫੀ ਦੇਰ ਤੱਕ ਅਭਿਅਸ ਕਰਨ ਕਾਰਨ ਧਰਮਿੰਦਰ ਥੱਕ ਕੇ ਚੂਰ-ਚੂਰ ਹੋ ਗਏ ਸਨ। ਇਸੇ ਕਾਰਨ ਉਹ ਕੁਝ ਤਣਾਅ 'ਚ ਵੀ ਸਨ।

ਕਿਸੇ ਤਰ੍ਹਾਂ ਖੁਦ ਨੂੰ ਸਹਿਜ ਕਰਕੇ ਧਰਮਿੰਦਰ ਫਿਰ ਤੋਂ ਸ਼ਾਟ ਲਈ ਕੈਮਰੇ ਦੇ ਸਾਹਮਣੇ ਆ ਕੇ ਖੜ੍ਹੇ ਹੋ ਗਏ। ਡਾਂਸ ਮਾਸਟਰ ਨੇ ਫਿਰ ਤੋਂ ਕੈਮਰਾ ਸੈਟ ਕੀਤਾ। ਸਾਥੀ ਡਾਂਸਰਾਂ ਨੂੰ ਨਿਰਦੇਸ਼ ਦਿੱਤਾ ਅਤੇ ਫਾਈਨਲ ਰਿਹਰਸਲ ਦਾ ਆਰਡਰ ਦਿੱਤਾ। ਇਸ ਰਿਹਰਸਲ ਤੋਂ ਬਾਅਦ ਫਿਰ ਤੋਂ ਸ਼ਾਟ ਫਿਲਮਾਉਣ ਦੀ ਕੋਸ਼ਿਸ਼ ਕੀਤੀ ਗਈ। ਕੈਮਰਾ ਚਾਲੂ ਕਰਦਿਆਂ ਹੀ ਗੀਤ ਵੱਜਣ ਲੱਗਾ ਅਤੇ ਧਰਮਿੰਦਰ ਨੇ ਗਰੁੱਪ ਡਾਂਸਰਾਂ ਨਾਲ ਨੱਚਣਾ ਸ਼ੁਰੂ ਕਰ ਦਿੱਤਾ ਪਰ ਗੜਬੜ ਫਿਰ ਸ਼ੁਰੂ ਹੋ ਗਈ। ਗਰੁੱਪ ਡਾਂਸਰ ਤਾਂ ਠੀਕ ਨੱਚ ਰਹੇ ਸਨ ਪਰ ਧਰਮਿੰਦਰ ਦੇ ਕਦਮ ਅਜੇ ਵੀ ਠੀਕ ਤਾਲ 'ਚ ਨਹੀਂ ਸਨ। ਇਹ ਦੇਖ ਕੇ ਡਾਂਸ ਮਾਸਟਰ ਤਣਾਅ 'ਚ ਆ ਗਿਆ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕਰੇ ਤਾਂ ਕੀ ਕਰੇ?

ਤੰਗ ਆ ਕੇ ਸ਼ੂਟਿੰਗ ਰੋਕ ਦਿੱਤੀ ਗਈ। ਗੋਪੀਕ੍ਰਿਸ਼ਨ ਨੇ ਖਿਝ ਕੇ ਫਿਰ ਰਿਹਰਸਲ ਦਾ ਆਰਡਰ ਦੇ ਦਿੱਤਾ। ਇਸ ਵਾਰ ਰਿਹਰਸਲ ਦਾ ਨਾਂ ਸੁਣਦਿਆਂ ਹੀ ਧਰਮਿੰਦਰ ਨੂੰ ਵੀ ਗੁੱਸਾ ਆ ਗਿਆ ਕਿਉਂਕਿ ਰਿਹਰਸਲ ਕਰ-ਕਰ ਉਨ੍ਹਾਂ ਦੇ ਸਰੀਰ ਦੀ ਹੱਡੀ-ਹੱਡੀ ਦਰਦ ਕਰਨ ਲੱਗੀ ਸੀ। ਇਸ ਲਈ ਧਰਮਿੰਦਰ ਨੇ ਗੋਪੀਕ੍ਰਿਸ਼ਨ ਜੀ ਨੂੰ ਕਿਹਾ, ''ਮਾਸਟਰ ਜੀ, ਜੇਕਰ ਤੁਸੀਂ ਇਸੇ ਤਰ੍ਹਾਂ ਹੀ ਅਭਿਆਸ ਕਰਵਾਉਂਦੇ ਰਹੇ ਤਾਂ ਇਹ ਡਾਂਸ ਕਦੇ ਨਹੀਂ ਫਿਲਮਾਇਆ ਜਾ ਸਕੇਗਾ। ਅਸੀਂ ਬਸ ਰਿਹਰਸਲ ਹੀ ਕਰਦੇ ਰਹਿ ਜਾਵਾਂਗੇ। ਇਸ ਲਈ ਤੁਸੀਂ ਆਪਣੀ ਇਹ 'ਇਕ ਦੋ ਤੀਨ' ਛੱਡੋ ਅਤੇ ਮੈਂ ਆਪਣੇ ਸਟਾਈਲ 'ਚ ਜਿਵੇਂ ਨੱਚਦਾ ਹਾਂ, ਉਸੇ ਤਰ੍ਹਾਂ ਫਿਲਮਾਉਣਾ ਸ਼ੁਰੂ ਕਰੋ।''

ਧਰਮਿੰਦਰ ਦੇ ਇਸ ਸੁਝਾਅ 'ਤੇ ਮਾਸਟਰ ਜੀ ਤਿਆਰ ਨਹੀਂ ਸਨ ਪਰ ਧਰਮਿੰਦਰ ਨੇ ਕਿਸੇ ਤਰ੍ਹਾਂ ਉਨ੍ਹਾਂ ਨੂੰ ਮਨਾ ਲਿਆ। ਇਸ ਤਰ੍ਹਾਂ ਡਾਂਸ ਦੀ ਸ਼ੂਟਿੰਗ ਸ਼ੁਰੂ ਹੋਈ। ਧਰਮਿੰਦਰ ਗਲਤ ਸਟੈਪਸ ਨਾਲ ਹੀ ਨੱਚਦੇ ਰਹੇ ਅਤੇ ਕੈਮਰਾ ਸ਼ਾਟ 'ਤੇ ਸ਼ਾਟ ਫਿਲਮਾਇਆ ਗਿਆ। ਇਹ ਦੇਖ ਕੇ ਡਾਂਸ ਮਾਸਟਰ ਨੇ ਖਿਝਦਿਆਂ ਕਿਹਾ, ''ਇਹ ਡਾਂਸ ਕੋਈ ਵੀ ਪਸੰਦ ਨਹੀਂ ਕਰੇਗਾ ਪਰ ਧਰਮਿੰਦਰ ਨੇ ਮਾਸਟਰ ਜੀ ਦੀ ਇਕ ਨਾ ਸੁਣੀ ਅਤੇ ਡਾਂਸ ਦੀ ਸ਼ੂਟਿੰਗ ਪੂਰੀ ਕਰਵਾਈ।

ਖੈਰ, ਜਦੋਂ ਫ਼ਿਲਮ 'ਪ੍ਰਤਿੱਗਿਆ' ਪ੍ਰਦਰਸ਼ਿਤ ਹੋਈ ਤਾਂ ਯੂਨਿਟ ਦੇ ਨਾਲ ਡਾਂਸ ਮਾਸਟਰ ਵੀ ਹੈਰਾਨ ਸਨ ਕਿਉਂਕਿ ਧਰਮਿੰਦਰ ਦੇ ਗਲਤ ਕਦਮਾਂ ਅਤੇ ਪੁੱਠੇ-ਸਿੱਧੇ ਡਾਂਸ ਨੂੰ ਹੀ ਦਰਸ਼ਕਾਂ ਨੇ ਸਭ ਤੋਂ ਵਧੇਰੇ ਪਸੰਦ ਕੀਤਾ ਸੀ। ਇਹ ਡਾਂਸ ਪੂਰੇ ਦੇਸ਼ 'ਚ ਸੁਪਰਹਿੱਟ ਸਿੱਧ ਹੋਇਆ ਸੀ।

**ਅਰੁਣਾ ਈਰਾਨੀ**

ਆਪਣੇ ਸਮੇਂ 'ਚ ਬਾਲੀਵੁੱਡ ਦੀਆਂ ਕੁਝ ਸਭ ਤੋਂ ਬੋਲਡ ਅਭਿਨੇਤਰੀਆਂ 'ਚੋਂ ਇਕ ਅਰੁਣਾ ਈਰਾਨੀ ਨੇ ਉਨ੍ਹਾਂ ਨੂੰ ਆਫਰ ਕੀਤੇ ਗਏ ਕਿਸੇ ਵੀ ਕਿਸਮ ਦੇ ਕਿਰਦਾਰ ਨੂੰ ਨਿਭਾਉਣ 'ਚ ਕਦੇ ਝਿਜਕ ਨਹੀਂ ਦਿਖਾਈ। ਅਦਾਕਾਰੀ ਦੇ ਨਾਲ-ਨਾਲ ਲੱਗਭਗ ਹਰ ਸ਼ੈਲੀ ਦਾ ਨ੍ਰਿਤ ਕਰਨ 'ਚ ਵੀ ਅਰੁਣਾ ਨੂੰ ਮੁਹਾਰਤ ਹਾਸਲ ਸੀ।

ਅਰੁਣਾ ਈਰਾਨੀ ਨਿਰਦੇਸ਼ਕ ਇੰਦਰ ਕੁਮਾਰ ਦੀ ਭੈਣ ਹੈ। ਉਨ੍ਹਾਂ ਨੂੰ ਬਚਪਨ ਤੋਂ ਹੀ ਫ਼ਿਲਮਾਂ ਨਾਲ ਲਗਾਅ ਸੀ। ਉਨ੍ਹਾਂ ਨੇ 9 ਸਾਲ ਦੀ ਉਮਰ 'ਚ ਸੁਪਰਹਿੱਟ ਫ਼ਿਲਮ 'ਗੰਗਾ ਜਮੁਨਾ' 'ਚ ਬਾਲ ਕਲਾਕਾਰ ਵਜੋਂ ਅਦਾਕਾਰੀ ਕੀਤੀ। ਇਸ ਪਿਛੋਂ 70 ਦੇ ਦਹਾਕੇ 'ਚ 'ਜਹਾਂਆਰਾ', 'ਫਰਜ਼', 'ਉਪਕਾਰ', 'ਆਇਆ ਸਾਵਨ ਝੂਮ ਕੇ' ਵਰਗੀਆਂ ਫ਼ਿਲਮਾਂ 'ਚ ਕੁਝ ਛੋਟੇ ਕਿਰਦਾਰ ਅਤੇ ਮਹਿਮੂਦ ਨਾਲ 'ਔਲਾਦ', 'ਹਮਜੋਲੀ' ਅਤੇ 'ਨਯਾ ਜ਼ਮਾਨਾ' 'ਚ ਜੋੜੀ ਬਣਾਈ ਪਰ ਉਨ੍ਹਾਂ ਨੂੰ ਪ੍ਰਸਿੱਧੀ ਮਿਲੀ 'ਕਾਰਵਾਂ' ਤੋਂ।

ਉਦੋਂ ਤੱਕ ਮਹਿਮੂਦ ਨਾਲ ਉਨ੍ਹਾਂ ਦੇ ਨੇੜਲੇ ਰਿਸ਼ਤੇ ਬਣ ਚੁੱਕੇ ਸਨ ਅਤੇ ਉਨ੍ਹਾਂ ਨੇ ਆਪਣੇ ਕੈਰੀਅਰ 'ਤੇ ਧਿਆਨ ਦੇਣਾ ਘੱਟ ਕਰ ਦਿੱਤਾ। ਉਨ੍ਹਾਂ ਦੇ ਇਸ ਰਿਸ਼ਤੇ ਨੇ ਹੀਰੋਇਨ ਦੇ ਰੋਲ ਮਿਲਣ ਦੀਆਂ ਉਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਵੀ ਘੱਟ ਕਰ ਦਿੱਤਾ। 'ਕਾਰਵਾਂ' ਨੇ ਉਨ੍ਹਾਂ ਨੂੰ ਦਰਸ਼ਕਾਂ ਵਿਚਕਾਰ ਪਛਾਣ ਤਾਂ ਦਿਵਾਈ ਪਰ ਇਸ 'ਚ ਬਣੀ ਵੈਂਪ ਵਾਲੀ ਇਮੇਜ ਤੋਂ ਉਹ ਬਾਹਰ ਨਾ ਨਿਕਲ ਸਕੀ। ਦੂਜੇ ਪਾਸੇ ਮਹਿਮੂਦ ਨੇ ਉਨ੍ਹਾਂ ਨੂੰ 'ਬਾਂਬੇ ਟੂ ਗੋਆ', 'ਗਰਮ ਮਸਾਲਾ' ਅਤੇ 'ਦੋ ਫੂਲ' ਵਰਗੀਆਂ ਆਪਣੀਆਂ ਫ਼ਿਲਮਾਂ 'ਚ ਅਮਿਤਾਭ ਬੱਚਨ ਅਤੇ ਵਿਨੋਦ ਮਹਿਰਾ ਵਰਗੇ ਅਭਿਨੇਤਾਵਾਂ ਨਾਲ ਭੂਮਿਕਾਵਾਂ ਦਿੱਤੀਆਂ ਪਰ ਅਰੁਣਾ ਨੂੰ ਇਨ੍ਹਾਂ ਤੋਂ ਬਹੁਤਾ ਲਾਭ ਨਾ ਹੋ ਸਕਿਆ ਅਤੇ ਨਾ ਹੀ ਮਹਿਮੂਦ ਨਾਲ ਉਨ੍ਹਾਂ ਦਾ ਰਿਸ਼ਤਾ ਪ੍ਰਵਾਨ ਚੜ੍ਹ ਸਕਿਆ। ਬਾਅਦ 'ਚ ਉਨ੍ਹਾਂ ਨੇ ਨਿਰਦੇਸ਼ਕ ਕੁੱਕੂ ਕੋਹਲੀ ਨਾਲ ਵਿਆਹ ਕਰ ਲਿਆ। ਤ੍ਰਾਸਦੀ ਇਹ ਰਹੀ ਕਿ ਜਿਨ੍ਹਾਂ ਨਵੇਂ ਅਭਿਨੇਤਾ-ਅਭਿਨੇਤਰੀਆਂ ਨਾਲ ਅਰੁਣਾ ਨੇ ਅਦਾਕਾਰੀ ਕੀਤੀ, ਉਹ ਮਾਇਆਨਗਰੀ ਦੇ ਵੱਡੇ ਨਾਵਾਂ 'ਚ ਸ਼ਾਮਲ ਹੋ ਗਏ, ਜਿਨ੍ਹਾਂ 'ਚ ਜਤਿੰਦਰ, ਰਿਸ਼ੀ ਕਪੂਰ ਅਤੇ ਡਿੰਪਲ ਕਪਾਡੀਆ, ਜੈ ਪ੍ਰਦਾ, ਕੁਮਾਰ ਗੌਰਵ ਅਤੇ ਸੰਜੇ ਦੱਤ ਸ਼ਾਮਲ ਹਨ।

ਮਾਇਆਨਗਰੀ 'ਚ ਹੀਰੋਇਨ ਬਣਨ ਦਾ ਉਨ੍ਹਾਂ ਦਾ ਸੁਪਨਾ ਪੂਰਾ ਨਾ ਹੋ ਸਕਿਆ ਪਰ ਉਹ ਖਾਸ ਅਦਾਕਾਰੀ ਅਤੇ ਨ੍ਰਿਤ ਰਾਹੀਂ ਮਾਇਆ ਨਗਰੀ 'ਚ ਆਪਣੇ ਲਈ ਇਕ ਖਾਸ ਸਥਾਨ ਅਤੇ ਲੋਕਾਂ ਦੇ ਦਿਲਾਂ 'ਚ ਵੱਖਰੀ ਇਮੇਜ ਕਾਇਮ ਕਰਨ 'ਚ ਸਫਲ ਰਹੀ। ਇਹੀ ਕਾਰਨ ਹੈ ਕਿ ਮਾਇਆ ਨਗਰੀ ਦੀ ਵੱਡੀ ਤੋਂ ਵੱਡੀ ਹੀਰੋਇਨ ਨਾਲੋਂ ਵੀ ਕਿਤੇ ਵਧੇਰੇ ਲੰਬਾ ਫ਼ਿਲਮੀ ਕੈਰੀਅਰ ਉਨ੍ਹਾਂ ਦਾ ਰਿਹਾ ਅਤੇ ਅੱਜ ਵੀ ਵੱਖ-ਵੱਖ ਰੂਪਾਂ 'ਚ ਉਹ ਫ਼ਿਲਮਾਂ ਨਾਲ ਜੁੜੇ ਹਨ।

ਅਰੁਣਾ ਈਰਾਨੀ ਦੀਆਂ ਹੋਰ ਯਾਦਗਾਰੀ ਫ਼ਿਲਮਾਂ 'ਚੋਂ 'ਰੋਟੀ ਕੱਪੜਾ ਔਰ ਮਕਾਨ', 'ਖੇਲ ਖੇਲ ਮੇਂ', 'ਲੈਲਾ ਮਜਨੂੰ', 'ਕੁਰਬਾਨੀ', 'ਕੁਦਰਤ' ਅਤੇ 'ਪੇਟ ਪਿਆਰ ਔਰ ਪਾਪ' ਸ਼ਾਮਲ ਹਨ, ਜਿਸ ਲਈ ਉਨ੍ਹਾਂ ਨੂੰ 1984 'ਚ ਫ਼ਿਲਮ ਫੇਅਰ ਦੇ ਬੈਸਟ ਸਪੋਰਟਿੰਗ ਐਕਟ੍ਰੈਸ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਸੀ।

1980 ਦੇ ਦਹਾਕੇ ਦੇ ਅਖੀਰ ਅਤੇ 1990 ਦੇ ਦਹਾਕੇ 'ਚ ਅਰੁਣਾ ਨੇ ਖ਼ੁਦ ਨੂੰ ਮਾਂ ਦੇ ਕਿਰਦਾਰਾਂ 'ਚ ਢਾਲ ਲਿਆ। ਉਸ ਵੇਲੇ ਦੀਆਂ ਉਨ੍ਹਾਂ ਦੀਆਂ ਸਭ ਤੋਂ ਸਫ਼ਲ ਫ਼ਿਲਮਾਂ 'ਚ 'ਬੇਟਾ' ਸ਼ਾਮਲ ਹੈ, ਜਿਸ ਦੇ ਲਈ ਉਨ੍ਹਾਂ ਨੂੰ ਬੈਸਟ ਸਪੋਰਟਿੰਗ ਐਕਟ੍ਰੈਸ ਦਾ ਦੂਜਾ ਫ਼ਿਲਮ ਫੇਅਰ ਐਵਾਰਡ ਮਿਲਿਆ। ਉਨ੍ਹਾਂ ਨੇ ਕੁਝ ਗੁਜਰਾਤੀ ਫ਼ਿਲਮਾਂ 'ਚ ਹੀਰੋਇਨ ਦੇ ਕਿਰਦਾਰ ਵੀ ਕੀਤੇ। ਅੱਜ ਵੀ ਫ਼ਿਲਮਾਂ 'ਚ ਅਰੁਣਾ ਇਰਾਨੀ ਦੀ ਅਦਾਕਾਰੀ ਜਾਰੀ ਹੈ। ਇਸ ਤੋਂ ਇਲਾਵਾ ਉਹ ਛੋਟੇ ਪਰਦੇ 'ਤੇ ਵੀ ਲੜੀਵਾਰਾਂ 'ਚ ਅਦਾਕਾਰੀ ਅਤੇ ਨਿਰਮਾਣ 'ਚ ਹੱਥ ਅਜ਼ਮਾ ਰਹੀ ਹੈ।

## ਕੈਟਰੀਨਾ ਨੂੰ ਚਾਹੀਦੈ ਚਾਇਨੀਜ਼ ਥੈਰੇਪਿਸਟ



ਪਿਛਲੇ ਦਿਨੀਂ ਕੈਟਰੀਨਾ ਕੈਫ ਨੇ ਬੈਂਕਾਕ 'ਚ ਇਕ ਸੁੰਦਰਤਾ ਉਤਪਾਦ ਲਈ ਵਿਗਿਆਪਨ ਦੀ ਸ਼ੂਟਿੰਗ ਕੀਤੀ। ਉਥੇ ਇਕ ਚਾਇਨੀਜ਼ ਮੇਕਅੱਪ ਨੇ ਕੈਟਰੀਨਾ ਦੇ ਮੇਕਅੱਪ ਕੀਤਾ, ਜਿਸ ਨੂੰ ਖਾਸ ਤੌਰ 'ਤੇ ਹਾਂਗਕਾਂਗ ਤੋਂ ਉਥੇ ਬੁਲਾਇਆ ਗਿਆ ਸੀ। ਉਸ ਔਰਤ ਨੇ ਨਾ ਸਿਰਫ ਸ਼ੂਟ ਲਈ ਕੈਟਰੀਨਾ ਦਾ ਵਧੀਆ ਮੇਕਅੱਪ ਕੀਤਾ, ਨਾਲ ਹੀ ਉਸ ਨੇ ਕੈਟਰੀਨਾ ਨੂੰ ਕੁਝ ਸਪੈਸ਼ਲ ਐਕਿਊਪ੍ਰੈਸ਼ਰ ਟ੍ਰੀਟਮੈਂਟ ਵੀ ਦਿੱਤਾ। ਇਸ ਖਾਸ ਟ੍ਰੀਟਮੈਂਟ ਨੇ ਕੈਟਰੀਨਾ ਦਾ ਸਾਰਾ ਤਣਾਅ ਚੁਟਕੀਆਂ 'ਚ ਦੂਰ ਕਰ ਦਿੱਤਾ ਅਤੇ ਸਾਰਾ ਦਿਨ ਚੱਲੀ ਸ਼ੂਟਿੰਗ ਕੀ ਥਕਾਵਟ ਵੀ ਝੱਟ ਗਾਇਬ ਹੋ ਗਈ। ਸ਼ੂਟਿੰਗ 'ਤੇ ਮੌਜੂਦ ਬਾਕੀ ਲੋਕਾਂ ਦਾ ਵੀ ਦਾਅਵਾ ਸੀ ਕਿ ਪਿਛਲੇ ਕਾਫੀ ਸਮੇਂ ਤੋਂ ਬਾਅਦ ਕੈਟਰੀਨਾ ਨੂੰ ਉਨ੍ਹਾਂ ਨੇ ਇੰਨੀ ਖੁਸ਼ ਅਤੇ ਉਸ ਦੇ ਚਿਹਰੇ 'ਤੇ ਇੰਨੀ ਮੁਸਕਰਾਹਟ ਦੇਖੀ। ਹੁਣ ਕੈਟਰੀਨਾ ਦੇ ਨਜ਼ਦੀਕੀਆਂ ਨੇ ਉਸ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੇ ਲਈ ਕਿਸੇ ਨਿੱਜੀ ਚਾਇਨੀਜ਼ ਥੈਰੇਪਿਸਟ ਦੀ ਭਾਲ ਕਰ ਲਵੇ ਤਾਂ ਕਿ ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਕਿਉਂ ਨਾ ਹੋਵੇ, ਉਸਦੀ ਥਕਾਵਟ ਅਤੇ ਤਣਾਅ ਝੱਟ ਦੂਰ ਹੋ ਜਾਣ।

## ਛਿੱਕਾਂ ਤੋਂ ਬੇਹਾਲ ਪ੍ਰਿਯੰਕਾ ਚੋਪੜਾ

ਬਾਲੀਵੁੱਡ ਦੀਆਂ ਮੌਜੂਦਾ ਸਫਲ ਅਭਿਨੇਤਰੀਆਂ 'ਚੋਂ ਇਕ ਪ੍ਰਿਯੰਕਾ ਚੋਪੜਾ ਦੀ ਅਦਾਕਾਰੀ ਨੂੰ ਲੈ ਕੇ ਸੰਜੀਦਗੀ ਲਈ ਅਕਸਰ ਤਾਰੀਫ ਸੁਣਨ ਨੂੰ ਮਿਲ ਜਾਂਦੀ ਹੈ। ਇਸ ਦਾ ਇਕ ਹੋਰ ਸਬੂਤ ਹੁਣੇ ਜਿਹੇ ਹੀ ਪ੍ਰਿਯੰਕਾ ਦੀ ਇਕ ਫ਼ਿਲਮ ਦੀ ਸ਼ੂਟਿੰਗ 'ਤੇ ਮਿਲਿਆ। ਵਿਸ਼ਾਲ ਭਾਰਦਵਾਜ ਦੀ ਫ਼ਿਲਮ 'ਸਾਤ ਖੂਨ ਮਾਫ' ਦੀ ਸ਼ੂਟਿੰਗ 'ਤੇ ਪ੍ਰਿਯੰਕਾ ਦੀਆਂ ਛਿੱਕਾਂ ਰੁਕਣ ਦਾ ਨਾਂ ਹੀ ਨਹੀਂ ਲੈ ਰਹੀਆਂ ਸਨ। ਉਦੋਂ ਹੀ ਉਸ ਨੂੰ ਅਹਿਸਾਸ ਹੋਇਆ ਕਿ ਇਸ ਦਾ ਕਾਰਨ ਧੂੜ ਭਰੀ ਸ਼ੂਟਿੰਗ ਵਾਲਾ ਥਾਂ ਸੀ ਕਿਉਂਕਿ ਉਸ ਨੂੰ ਧੂੜ ਤੋਂ ਅਲਰਜੀ ਹੈ। ਅਸਲ 'ਚ ਇਸ ਫ਼ਿਲਮ ਦੀ ਸ਼ੂਟਿੰਗ ਕਸ਼ਮੀਰ 'ਚ ਇਕ ਬਹੁਤ ਹੀ ਜ਼ਿਆਦਾ ਧੂੜ ਭਰੀ ਥਾਂ 'ਤੇ ਹੋ ਰਹੀ ਸੀ। ਵਾਰ-ਵਾਰ ਆ ਰਹੀਆਂ ਛਿੱਕਾਂ ਨਾਲ ਤਕਲੀਫ ਦੇ ਬਾਵਜੂਦ ਪ੍ਰਿਯੰਕਾ ਨੇ ਬਿਨਾਂ ਕੋਈ ਸ਼ਿਕਾਇਤ ਕੀਤਿਆਂ ਸ਼ੂਟਿੰਗ ਜਾਰੀ ਰੱਖੀ। ਪ੍ਰਿਯੰਕਾ ਨੂੰ ਪਹਿਲਾਂ ਵੀ ਧੂੜ ਕਾਰਨ ਛਿੱਕਾਂ ਦਾ ਸਾਹਮਣਾ ਕਰਨਾ ਪੈ ਚੁੱਕਾ ਸੀ, ਇਸ ਲਈ ਉਸਨੇ ਤੁਰੰਤ ਜ਼ਰੂਰੀ ਸਾਵਧਾਨੀ ਵਰਤ ਲਈ ਪਰ ਉਸ ਨੇ ਆਪਣੀ ਅਲਰਜੀ ਬਾਰੇ ਨਿਰਦੇਸ਼ਕ ਨੂੰ ਨਹੀਂ ਦੱਸਿਆ। ਸਭ ਨੂੰ ਲੱਗਾ ਕਿ ਉਸ ਦੀਆਂ ਛਿੱਕਾਂ ਦਾ ਕਾਰਨ ਕਸ਼ਮੀਰ ਦੀ ਠੰਡ ਹੈ। ਪੈਕਅੱਪ ਤੋਂ ਬਾਅਦ ਹੋਟਲ ਪਹੁੰਚਣ 'ਤੇ ਪ੍ਰਿਯੰਕਾ ਨੂੰ ਕੁਝ ਆਰਾਮ ਮਿਲਿਆ। ਇਸ ਬਾਰੇ ਪੁੱਛਣ 'ਤੇ ਪ੍ਰਿਯੰਕਾ ਦਾ ਨਿਮਰਤਾ ਭਰਿਆ ਜਵਾਬ ਮਿਲਿਆ ਕਿ ਇਹ ਕੋਈ ਵੱਡੀ ਗੱਲ ਨਹੀਂ ਹੈ। ਫ਼ਿਲਮ ਲਈ ਇੰਨਾ ਤਾਂ ਕਰਨਾ ਹੀ ਪੈਂਦਾ ਹੈ।



## ਪਰੌਂਠੇ ਵਾਲੀ ਗਲੀ ਜਾਣਾ ਨਹੀਂ ਭੁੱਲਦੀ ਵਿਦਿਆ ਬਾਲਨ



ਪਿਛਲੇ ਦਿਨੀਂ ਵਿੱਦਿਆ ਬਾਲਨ ਇਕ ਲਗਜ਼ਰੀ ਮੈਗਜ਼ੀਨ ਦੇ ਕਵਰ ਦੀ ਘੁੰਡ ਚੁਕਾਈ ਦੇ ਸਿਲਸਿਲੇ 'ਚ ਦਿੱਲੀ ਆਈ ਸੀ। ਇਸ ਮੈਗਜ਼ੀਨ ਦੇ ਕਵਰ 'ਤੇ ਵਿੱਦਿਆ ਦੀ ਫੋਟੋ ਸੀ, ਜੋ ਕੇਰਲ 'ਚ ਸ਼ੂਟ ਕੀਤੀ ਗਈ ਸੀ। ਕੇਰਲ 'ਚ ਫੋਟੋ ਸ਼ੂਟ ਦੇ ਤਜਰਬੇ ਬਾਰੇ ਵਿੱਦਿਆ ਨੇ ਕਿਹਾ, ''ਮੈਂ ਕੇਰਲ ਵਾਪਸ ਜਾ ਕੇ ਬਹੁਤ ਉਤਸ਼ਾਹਤ ਸੀ। ਕੇਰਲ ਇਕ ਅਣਛੋਹੀ ਜਗ੍ਹਾ ਹੈ ਅਤੇ ਇਸ ਨੇ ਆਪਣੀ ਹੀ ਪੁਰਾਣੀ ਸ਼ੁੱਧਤਾ ਕਾਇਮ ਰੱਖੀ ਹੈ।'' ਉਂਜ ਵਿੱਦਿਆ ਨੂੰ ਦਿੱਲੀ ਵੀ ਬਹੁਤ ਪਸੰਦ ਹੈ। ਉਸ ਨੇ ਦੱਸਿਆ ਕਿ ਉਹ ਪੁਰਾਣੀ ਦਿੱਲੀ ਦੇ ਬਿਜ਼ੀ ਇਲਾਕੇ ਚਾਂਦਨੀ ਚੌਕ ਦੀ ਪ੍ਰਸਿੱਧ ਪਰੌਂਠੇ ਵਾਲੀ ਗਲੀ 'ਚ ਜਾਣ ਦੀ ਇੱਛਾ ਰੱਖਦੀ ਹੈ। ਉਸ ਦਾ ਕਹਿਣਾ ਸੀ ਕਿ ਹੋ ਸਕਿਆ ਤਾਂ ਉਹ ਮੁੰਬਈ ਪਰਤਣ ਤੋਂ ਪਹਿਲਾਂ ਉਥੇ ਜ਼ਰੂਰ ਜਾਵੇਗੀ। ਵਿੱਦਿਆ ਨੇ ਅੱਗੇ ਕਿਹਾ, ''ਮੈਂ ਦਿੱਲੀ 'ਚ ਆਪਣੀਆਂ ਫ਼ਿਲਮਾਂ ਦੀ ਸ਼ੂਟਿੰਗ 'ਚ ਬਹੁਤ ਬਿਜ਼ੀ ਹਾਂ ਪਰ ਮੈਂ ਪੁਰਾਣੀ ਦਿੱਲੀ ਦੇ ਚਾਂਦਨੀ ਚੌਕ ਦੀਆਂ ਭੀੜੀਆਂ ਗਲੀਆਂ ਦੀ ਸੈਰ ਅਤੇ ਉਥੇ ਮਿਲਣ ਵਾਲੇ ਲਜ਼ੀਜ਼ ਪਰੌਂਠੇ ਖਾਣਾ ਚਾਹੁੰਦੀ ਹਾਂ ਜਿਨ੍ਹਾਂ ਨੇ ਇਸ ਜਗ੍ਹਾ ਨੂੰ ਖਾਸ ਪ੍ਰਸਿੱਧ ਬਣਾ ਦਿੱਤਾ ਹੈ।'' ਵਿੱਦਿਆ ਦੀ ਇਕ ਖ਼ੂਬੀ ਇਹ ਹੈ ਕਿ ਉਹ ਹਿੰਦੀ ਦੀ ਡਾਈ ਹਾਰਡ ਫੈਨ ਹੈ। ਉਹ ਵਧ ਤੋਂ ਵਧ ਹਿੰਦੀ 'ਚ ਹੀ ਗੱਲ ਕਰਨ ਦੀ ਕੋਸ਼ਿਸ਼ ਕਰਦੀ ਹੈ, ਜਿਸ 'ਚ ਅਕਸਰ ਉਰਦੂ ਦੀ ਝਲਕ ਵੀ ਦੇਖਣ ਨੂੰ ਮਿਲ ਜਾਂਦੀ ਹੈ। ਉਸ ਦਾ ਕਹਿਣੈ ਕਿ ਉਸ ਨੂੰ ਹਿੰਦੀ ਨਾਲ ਪਿਆਰ ਹੈ।

# San Jose Vaisakhi Mela 2010

SATURDAY, May 8th, 9am To 7pm

FREE PARKING




## Our Sponsors



ਜਸਵੰਤ ਸਿੰਘ ਸ਼ਾਦ

**Jasbir S. Thandi-Global Hawk Insurance, Dublin chevrolet, Cadilac- Inder s. Dosanjh, Raj Bhanot-Sunnyvale Bay Hindu Temple, H. S. Mangat, DDS, Pritam S. Grewal-Dev S. Grewal, Bhupinder S. Dhillon, Surjeet S. Sohal, Sukhdev S. Bainiwal, Ravinder S. Bainiwal, Jasvinder S. Sohal, Satwinder S Saran, Kulwinder S Saran,Tandoor Indian Resturant, Indian Summer Resturant, American Merchant-K. S. Sandhu, Pritam S. Grewal-Lil Grocers, Dr. D.. Shoker, DDS, Gursharan S. Sekhon**

Jasvir S. Pawar- Metro Taxi Cabcheers Liquor- Surinder pal Singh PablaFourway Trucking INC- Santokh S. TakharDuabba Singh Insurance-Gurcharan S. MannYellow checker cabGurpreet S. DhillonGurbax S. DhillonHardev S. TakharManjeet S. SandhuSukhdip S. GrewalArman Auto RepairCentral USA Express- Ashok KumarJernail Singh & Karnail SinghSurinder S. PablaGurbinder S. MaviDeepinder S. SaraoRaja SweetsCharan & Kuldip S. BhandalRagbir Singh-India PalaceLakhbir & Balhar S. Pooni-Milpitas CabGurmit S. GillJason S. GillJasbir S. SidhuJaswant S. SaranMohinder & Satnam S. TakharButa S. GrewalSurjeet & Kulwinder S. BainsJasbir Singh & Hanif BoharaKirpal S. AtwalManraj & Amandeep S. NattDarshan S. AujlaBalwant s. BainsJewel of India, Inc. Mehnga S. RajasansiSohan S. DhanotaGurpreet S. Bhuttar-Mt. Mike PizzaJasbir S.TakharSizzling Kabob HouseBaljinder S. Keilly-Bay AirHarinder S. LidherNettu S. KahlonSukhwant S. MoorAB TruckingSurinder Singh-Ron's LiqSatbir K. Kahlon,DMDCharanpreet & Harman, Inc.Kamaljit S. KhanguraMission BPVijay KumarGurjant S. SanghaGeonet RealtyPunjab TravelPannu H. Singh6 To Late, Inc.DJ Music & GiftSital SinghKash FabricsMt. Mike Pizza-Jaspreet SinghJaswant S. KangParminder S. KahlonJasbir & Balbir S. BrachBaljit Singh-New India CaféSarbjot S. ToorJatinder S. GillHarbhajan S. JohalNarinderpal SinghDr. Gurinderpal SinghGurdev S. KalsiSatinder S. RandhawaAmarjit Singh - Kwikee MartSawaddi NewsKam GillRavindernath Sharma-BonFairRanjinder S. MangerSurinder S. PurewalHarparksh S. DhillonSatpal S. Sidhu

**ਮੇਜ਼ਬਾਨ**
ਜਸਵੰਤ ਸਿੰਘ ਸ਼ਾਦ
ਅਤੇ ਸਤਵਿੰਦਰ ਸਰਾਂ

**Santa Clara County Fairgrounds**
**344 Tully Road, San Jose CA. 95111**

**For Merchant & Food Booths or**
**Gen. Info. Call: 408-391-7013**
**lgsohal@yahoo.com**

**Bay Area Cultural & Sports Association**
**-BRINGING OUR COMMUNITY TOGETHER-**
www.bayareaculturalandsports.com



ਦਿਲ ਪੰਜਾਬੀ...
ਡਿਸ਼ ਪੰਜਾਬੀ...
JANTA DI AWAZ
Punjabi Pack now includes
gPunjab
the news channel - no price increase!
PUNJABI PACK $19.99/mo.
LOCAL CHANNELS $9.99/mo.
jus punjabi
jus one
Punjabi
gPunjab
abc
CBS
NBC
FOX
CW
(where available)
PBS
= $29.98/mo
Get Punjabi Pack with American Local channels and receive
- No equipment to buy
- Free Activation (with Agreement)
- Free DVR Upgrade ($6/mo. DVR Service fee applies)
- No Additional Service Access fee
Subscribe Today
1-888-242-2276
dish NETWORK
INTERNATIONAL TV
Digital Home Advantage offer requires 24-month commitment and credit qualification. If service is terminated before the end of commitment, a cancellation fee of $17.50/month remaining will apply. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees will apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels only available in certain areas. Offer is subject to the terms of applicable Promotional and Residential Customer Agreements. Additional restrictions and fees may apply. First-time DISH Network customers only. Offer ends 5/31/10. © 2010, DISH Network L.L.C. All rights reserved.